
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਦੇਸ਼ ਦੁਆਬਾ ਦਾ 9ਵੇਂ ਵਰ੍ਹੇ ਦਾ ਛੇਵਾਂ ਅੰਕ

ਹਫਤਾਵਾਰੀ

# ਦੇਸ਼ ਦੁਆਬਾ

VOL - 9 ISSUE - 6

May 20, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com




ਚੀਨ ਤੋਂ ਅਮਰੀਕੀ ਕੰਪਨੀਆਂ ਨੂੰ ਵਾਪਸ ਲਿਆਉਣ ਲਈ ਸੰਸਦ ਵਿਚ ਬਿਲ ਪੇਸ਼
(ਰਿਪੋਰਟ ਦੇਖੋ ਸਫਾ 4 'ਤੇ)



ਪਲੈਟੋ ਦੀ ਫਿਲਾਸਫੀ, ਗੁਰਮਤਿ ਤੇ ਅਜੋਕਾ ਸਾਮਰਾਜਵਾਦ
(ਦੇਖੋ ਸਫਾ 22-23 'ਤੇ)



ਵਰਲਡ ਵਾਈਡ ਬਸਪਾ ਸੁਪੋਟਰਾਂ ਵਲੋਂ ਆਨਲਾਈਨ ਮਨਾਈ ਗਈ ਬੁੱਧ ਪੂਰਨਿਮਾ
(ਰਿਪੋਰਟ ਦੇਖੋ ਸਫਾ 13 'ਤੇ)

# ਅਮਰੀਕਾ 'ਚ ਘੱਟਣ ਲੱਗ ਪਏ ਹਨ ਕੋਰੋਨਾ ਦੇ ਮਾਮਲੇ- ਟਰੰਪ

ਵਾਸ਼ਿੰਗਟਨ (ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਦੇਸ਼ ਵਿਚ ਕੋਰੋਨਾ ਦੇ ਮਾਮਲਿਆਂ 'ਚ ਜ਼ਿਕਰਯੋਗ ਕਮੀ ਆਈ ਹੈ। ਟਰੰਪ ਨੇ ਟਵਿੱਟਰ 'ਤੇ ਲਿਖਿਆ, 'ਪੂਰੇ ਅਮਰੀਕਾ 'ਚ ਕੋਰੋਨਾ ਮਾਮਲਿਆਂ ਦੀ ਗਿਣਤੀ 'ਚ ਕਮੀ ਆਈ ਹੈ। ਹਾਲਾਂਕਿ ਕੁਝ ਇਲਾਕਿਆਂ 'ਚ ਮਰੀਜ਼ਾਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਘੱਟ ਨਹੀਂ ਹੋ ਰਹੀ ਹੈ ਪ੍ਰੰਤੂ ਵਾਸਤਵ ਵਿਚ ਇਹ ਇਕ ਸੁਖਦ ਖ਼ਬਰ ਹੈ।



ਅਮਰੀਕਾ ਵਿਚ ਹੁਣ ਤਕ ਕੋ-ਰੋਨਾ ਇਨਫੈਕਸ਼ਨ ਦੇ 15,28,179 ਤੋਂ ਵੱਧ ਮਾਮਲੇ ਸਾਹਮਣੇ ਆ ਚੁੱਕੇ ਹਨ ਜਦਕਿ ਬਿਮਾਰੀ ਨਾਲ ਜਾਨ ਗੁਆਉਣ ਵਾਲਿਆਂ ਦੀ ਗਿਣਤੀ 90,988 'ਤੇ ਪੁੱਜ ਗਈ ਹੈ। ਅਪ੍ਰੈਲ 'ਚ ਅਮਰੀਕਾ 'ਚ ਹਰ ਰੋਜ਼ ਇਨ-ਫੈਕਸ਼ਨ ਦੇ 36 ਹਜ਼ਾਰ ਮਾਮਲੇ ਸਾਹਮਣੇ ਆ ਰਹੇ ਸਨ ਜਿਸ ਵਿਚ ਹੁਣ ਕਾਫ਼ੀ ਕਮੀ ਆਈ ਹੈ। ਪੂਰੀ ਦੁਨੀਆ 'ਚ ਕੋਰੋਨਾ ਤੋਂ ਪ੍ਰਭਾਵਿਤ ਹੋਣ ਵਾਲਿਆਂ ਦੀ ਗੱਲ ਕਰੀਏ ਤਾਂ 48 ਲੱਖ ਤੋਂ ਜ਼ਿਆਦਾ ਲੋਕ ਜਿੱਥੇ ਇਸ ਦੀ ਲਪੇਟ ਵਿਚ ਆ ਚੁੱਕੇ ਹਨ ਉੱਥੇ ਤਿੰਨ ਲੱਖ 17 ਹਜ਼ਾਰ ਲੋਕ ਹੁਣ ਤਕ ਆਪਣੀ ਜਾਨ ਗੁਆ ਚੁੱਕੇ ਹਨ।

**ਵਿਸ਼ਵ ਸਿਹਤ ਸੰਗਠਨ ਚੀਨ ਦੀ 'ਕਠਪੁਤਲੀ': ਟਰੰਪ**

ਰਾਸ਼ਟਰਪਤੀ ਡੋਨਲਡ ਟਰੰਪ ਨੇ ਵਿਸ਼ਵ ਸਿਹਤ ਸੰਗਠਨ 'ਤੇ ਇਕ ਵਾਰ ਮੁੜ ਹਮਲਾ ਬੋਲਿਆ ਅਤੇ ਕਿਹਾ ਕਿ ਸੰਯੁਕਤ ਰਾਸ਼ਟਰ ਦੀ ਇਹ ਸੰਸਥਾ ਚੀਨ ਦੇ ਹੱਥ ਦੀ 'ਕਠਪੁਤਲੀ' ਹੈ। ਟਰੰਪ ਨੇ ਦਾਅਵਾ ਕੀਤਾ ਕਿ ਜੇ ਉਨ੍ਹਾਂ ਨੇ ਚੀਨ ਯਾਤਰਾ 'ਤੇ ਰੋਕ ਨਾ ਲਗਾਈ ਹੁੰਦੀ ਤਾਂ ਕਰੋਨਾ ਵਾਇਰਸ ਕਾਰਨ ਮੁਲਕ ਵਿੱਚ ਵੱਡੀ ਗਿਣਤੀ ਲੋਕਾਂ ਦੀ ਮੌਤ ਹੁੰਦੀ। ਉਨ੍ਹਾਂ ਕਿਹਾ ਕਿ ਵਿਸ਼ਵ ਸਿਹਤ ਸੰਗਠਨ ਜਨਵਰੀ ਦੇ ਅਖੀਰ ਵਿੱਚ ਚੀਨ ਯਾਤਰਾ 'ਤੇ ਰੋਕ ਲਾਏ ਜਾਣ ਦੇ ਖ਼ਿਲਾਫ਼ ਸੀ। ਉਨ੍ਹਾਂ ਇਸ ਦੇ ਨਾਲ ਹੀ ਕਿਹਾ ਕਿ ਉਹ ਕਰੋਨਾ ਤੋਂ ਬਚਣ ਲਈ ਡੇਢ ਹਫ਼ਤੇ ਤੋਂ ਮਲੇਰੀਆ ਦੀ ਦਵਾਈ (ਹਾਈਡਰੋਕਸੀਕ-ਲੋਰੀਕੁਈਨ) ਲੈ ਰਹੇ ਹਨ।

**ਵੁਹਾਨ 'ਚ ਮਰੀਜ਼ਾਂ ਦੀ ਗਿਣਤੀ ਸਭ ਤੋਂ ਵੱਧ**

ਚੀਨ ਵਿਚ ਇਨਫੈਕਸ਼ਨ ਦੇ 25 ਨਵੇਂ ਮਾਮਲੇ ਸਾਹਮਣੇ ਆਏ ਹਨ। ਸੱਤ ਮਾਮਲੇ ਜਿੱਥੇ ਘਰੇਲੂ ਇਨਫੈਕਸ਼ਨ ਨਾਲ ਜੁੜੇ ਹਨ ਉੱਥੇ 18 ਮਰੀਜ਼ ਅਜਿਹੇ ਹਨ ਜਿਨ੍ਹਾਂ 'ਚ ਫਿਲਹਾਲ ਲੱਛਣ ਨਹੀਂ ਦਿਖਾਈ ਦੇ ਰਹੇ ਹਨ। ਬਿਨਾਂ ਲੱਛਣ ਵਾਲੇ 14 ਮਰੀਜ਼ ਇਕੱਲੇ ਮਹਾਮਾਰੀ ਦੇ ਕੇਂਦਰ ਰਹੇ ਵੁਹਾਨ

(ਬਾਕੀ ਅਗਲੇ ਸਫੇ 'ਤੇ)

# ਹਮੇਸ਼ਾ ਲਈ ਵਰਕ ਫਰਾਮ ਹੋਮ ਸਿਹਤ ਲਈ ਠੀਕ ਨਹੀ ਰਹੇਗਾ

**ਸੈਨ ਫ੍ਰਾਂਸਿਸਕੋ (ਬਿਊਰੋ)-** ਟਵਿੱਟਰ ਵਰਗੀਆਂ ਚੋਟੀਆਂ ਦੀਆਂ ਕੰਪਨੀਆਂ ਆਪਣੇ ਮੁਲਾਜ਼ਮਾਂ ਲਈ ਵਰਕ ਫਰਾਮ ਹੋਮ 'ਤੇ ਜ਼ੋਰ ਦੇ ਰਹੀਆਂ ਹਨ। ਅਜਿਹੇ 'ਚ ਮਾਈਕ੍ਰੋਸਾਫਟ ਦੇ ਸੀਈਓ ਸਤਿਆ ਨਡੇਲਾ ਨੇ ਇਹ ਚਿਤਾਵਨੀ ਦਿੱਤੀ ਹੈ ਕਿ ਇਹ ਮੁਲਾਜ਼ਮਾਂ ਦੀ ਮਾਨਸਿਕ ਸਿਹਤ ਲਈ ਖਤਰਨਾਕ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਹਮੇਸ਼ਾ ਲਈ ਘਰ 'ਚ ਰਹਿ ਕੇ ਕੰਮ (ਵਰਕ ਫਰਾਮ ਹੋਮ) ਕਰਨਾ ਨਾਲ ਮੁਲਾਜ਼ਮਾਂ ਦੀ ਸਮਾਜਿਕ ਤੇ ਮਾਨਸਿਕ ਸਿਹਤ ਦੇ ਲਿਹਾਜ਼ ਨਾਲ ਗੰਭੀਰ ਨਤੀਜੇ ਸਾਹਮਣੇ ਆ ਸਕਦੇ ਹਨ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਵਰਚੁਅਲ ਵੀਡੀਓ ਕਾਲ ਆਹਮੋ-ਸਾਹਮਣੇ ਬੈਠ ਕੇ ਹੋਣ ਵਾਲੀਆਂ ਬੈਠਕਾਂ ਦੀ ਥਾਂ ਨਹੀਂ ਲੈ ਸਕਦੀ।



ਨਿਊਯਾਰਕ ਟਾਈਮਜ਼ ਅਖਬਾਰ ਨੂੰ ਦਿੱਤੀ ਇੰਟਰਵਿਊ 'ਚ ਭਾਰਤੀ ਮੂਲ ਦੇ ਨਡੇਲਾ ਨੇ ਕਿਹਾ, 'ਮੌਜੂਦਾ ਹਾਲਾਤ 'ਚ ਅਸੀਂ ਇਕ ਉਲਝਣ ਨੂੰ ਹੱਲ ਕਰਨ ਦੀ ਕੋਸ਼ਿਸ਼ 'ਚ ਨਵੀਂ ਸਮੱਸਿਆ ਦਾ ਸਾਹਮਣਾ ਕਰ ਰਹੇ ਹਾਂ।' ਉਨ੍ਹਾਂ ਨੇ ਪੁੱਛਿਆ, ਜ਼ਿਆਦਾ ਕੰਮ ਜਾਂ ਪਰੇਸ਼ਾਨੀ ਦਾ ਬੋਝ ਕਿਸ ਤਰ੍ਹਾਂ ਦਾ ਹੁੰਦਾ ਹੈ? ਮਾਨਸਿਕ ਸਿਹਤ ਕਿਸ ਤਰ੍ਹਾਂ ਦੀ ਹੋ ਸਕਦੀ ਹੈ? ਅਜਿਹੇ 'ਚ ਫਿਰਕਿਆਂ ਦਾ ਕਿਵੇਂ ਦਾ ਸਰੂਪ ਹੋਵੇ ਤੇ ਸੰਪਰਕ ਕਿਵੇਂ ਦਾ ਹੋਵੇ?

ਨਡੇਲਾ ਨੇ ਕਿਹਾ, 'ਮੈਨੂੰ ਲੱਗਦਾ ਹੈ ਕਿ ਮੌਜੂਦਾ ਹਾਲਾਤ 'ਚ ਦਫਤਰ ਤੋਂ ਦੂਰ ਰਹਿ ਕੇ ਕੰਮ ਕਰਨ ਨਾਲ ਅਸੀਂ ਉਹ ਸਾਰੀ ਸਮਾਜਿਕ ਪੂੰਜੀ ਨੂੰ ਗੁਆ ਰਹੇ ਹਾਂ, ਜਿਹੜੀ ਅਸੀਂ ਸਾਧਾਰਨ ਸਥਿਤੀ 'ਚ ਜਮ੍ਹਾਂ ਕੀਤੀ ਸੀ। ਉਨ੍ਹਾਂ ਦਾ ਇਹ ਬਿਆਨ ਟਵਿੱਟਰ ਦੇ ਉਸ ਕਦਮ ਤੋਂ ਬਾਅਦ ਸਾਹਮਣੇ ਆਇਆ ਹੈ, ਜਿਸ ਵਿਚ ਉਸ ਨੇ ਆਪਣੇ ਸਟਾਫ ਨੂੰ ਹਮੇਸ਼ਾ ਲਈ ਘਰੋਂ ਕੰਮ ਕਰਨ ਦਾ ਬਦਲ ਦਿੱਤਾ ਹੈ। ਟਵਿੱਟਰ ਦੇ ਮੁਲਾਜ਼ਮ ਮਹਾਮਾਰੀ ਖਤਮ ਹੋਣ ਤੋਂ ਬਾਅਦ ਵੀ ਘਰੋਂ ਕੰਮ ਕਰ ਸਕਣਗੇ। ਫੇਸਬੁੱਕ ਤੇ ਅਲਫਾਬੈਟ (ਗੂਗਲ) ਨੇ ਵੀ ਆਪਣੇ ਮੁਲਾਜ਼ਮਾਂ ਨੂੰ ਸਾਲ ਦੇ ਅੰਤ ਤਕ ਘਰੋਂ ਕੰਮ ਕਰਨ ਲਈ ਕਿਹਾ ਹੈ। ਜਦਕਿ ਟੈੱਕ ਕੰਪਨੀ ਮਾਈਕ੍ਰੋਸਾਫਟ ਘਰੋਂ ਕੰਮ ਕਰਨ ਦੀ ਆਪਣੀ ਨੀਤੀ ਅਕਤੂਬਰ ਤਕ ਜਾਰੀ ਰੱਖੇਗੀ।


Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM




GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com



BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823




MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



INDIA BAZAAR




INDIAN, PAKISTANI | FIJJIAN GROCERIES

WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

# ਅਮਰੀਕਾ ’ਚ 8 ਲੋਕਾਂ ’ਤੇ ਸਫ਼ਲ ਰਿਹਾ ਕੋਰੋਨਾ ਵਾਇਰਸ ਦਾ ਟੀਕਾ

**ਨਵੀਂ ਦਿੱਲੀ–** ਭਾਰਤ ’ਚ ਕੋਰੋਨਾ ਵਾਇਰਸ ਦੇ ਮਰੀਜ਼ਾਂ ਦੀ ਗਿਣਤੀ 1 ਲੱਖ ਤੋਂ ਪਾਰ ਹੋ ਗਈ ਹੈ। ਬਾਕੀ ਦੇਸ਼ ਵੀ ਇਸ ਮਹਾਮਾਰੀ ਨਾਲ ਜੂਝ ਰਹੇ ਹਨ। ਇਸ ਦੌਰਾਨ ਅਮਰੀਕਾ ਤੋਂ ਚੰਗੀ ਖ਼ਬਰ ਹੈ। ਜਾਣਕਾਰੀ ਮੁਤਾਬਿਕ ਇੱਥੇ ਪਹਿਲੇ ਪੜਾਅ ’ਚ ਕੋਵਿਡ-19 ਵੈਕਸੀਨ ਦਾ ਟ੍ਰਾਇਲ ਕਰਦੇ ਹੋਏ ਜਿਨ੍ਹਾਂ 8 ਲੋਕਾਂ ਨੂੰ ਟੀਕੇ ਲਗਾਏ ਗਏ ਸਨ, ਉਨ੍ਹਾਂ ਵਿਚ ਪ੍ਰਯੋਗ ਸਫ਼ਲ ਰਿਹਾ ਹੈ। ਇਸ ਦੇ ਨਾਲ ਹੀ ਹੁਣ ਦੂਸਰੇ ਪੜਾਅ ਦੇ ਟ੍ਰਾਇਲ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਇਹ ਦਾਅਵਾ ਅਮਰੀਕਾ ਦੀ ਜੈਵ ਤਕਨੀਕੀ ਕੰਪਨੀ ਮੌਡਰਨਾ ਨੇ ਕੀਤਾ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਲੋਕਾਂ ’ਚ ਟੀਕੇ ਦੇ ਸ਼ੁਰੂਆਤੀ ਪ੍ਰੀਖਣ ਦੇ ਨਤੀਜੇ ਉਮੀਦ ਮੁਤਾਬਿਕ ਰਹੇ ਹਨ।



**ਮਾਰਚ ਮਹੀਨੇ ਲਗਾਏ ਸੀ ਟੀਕੇ**

ਮੌਡਰਨਾ ਕੰਪਨੀ ਦੇ ਵਿਗਿਆਨੀਆਂ ਦਾ ਕਹਿਣਾ ਹੈ ਕਿ 8 ਲੋਕਾਂ ’ਤੇ ਉਨ੍ਹਾਂ ਦੀ ਇੱਛਾ ਮੁਤਾਬਿਕ ਇਹ ਪ੍ਰਯੋਗ ਕੀਤਾ ਗਿਆ ਸੀ। ਮਾਰਚ ਮਹੀਨੇ ਟੀਕੇ ਲਗਾਏ ਗਏ ਸਨ, ਜਿਨ੍ਹਾਂ ਦਾ ਪੁਖ਼ਤਾ ਨਤੀਜਾ ਹੁਣ ਪ੍ਰਾਪਤ ਹੋਇਆ ਹੈ। ਸਾਰਿਆਂ ਨੂੰ ਦੋ-ਦੋ ਖ਼ੁਰਾਕਾਂ ਦਿੱਤੀਆਂ ਗਈਆਂ ਸਨ। ਟੀਕੇ ਨੂੰ ਅਧਿਕਾਰਤ ਰੂਪ ’ਚ ਲਾਂਚ ਕਰਨ ਤੇ ਬਾਜ਼ਾਰ ’ਚ ਉਤਾਰਨ ਤੋਂ ਪਹਿਲਾਂ ਕੁਝ ਹੋਰ ਟ੍ਰਾਇਲ ਦੀ ਜ਼ਰੂਰਤ ਹੈ ਜਿਸ ਦੇ ਲਈ ਇਜਾਜ਼ਤ ਮਿਲ ਗਈ ਹੈ।

**ਇੰਝ ਹੋਇਆ ਟੈਸਟ, ਐਂਟੀਬਾਡੀਜ਼ ਅਹਿਮ**

ਟੀਕੇ ਲਗਾਉਣ ਤੋਂ ਬਾਅਦ ਮਰੀਜ਼ ਦੇ ਸਰੀਰ ’ਚ ਐਂਟੀਬਾਡੀਜ਼ ਦਾ ਨਿਰਮਾਣ ਹੋਇਆ। ਇਸ ਐਂਟੀਬਡੀਜ਼ ਨੂੰ ਪ੍ਰਯੋਗਸ਼ਾਲਾ ’ਚ ਕੋਰੋਨਾ ਵਾਇਰਸ ਖ਼ਿਲਾਫ਼ ਪਰਖਿਆ ਗਿਆ ਜਿਸ ਦਾ ਨਤੀਜਾ ਸਕਾਰਾਤਮਕ ਰਿਹਾ, ਯਾਨੀ ਇਹ ਐਂਟੀਬਾਡੀਜ਼ ਕੋਰੋਨਾ ਵਾਇਰਸ ਨੂੰ ਰੋਕਣ ’ਚ ਸਫ਼ਲ ਰਹੇ। ਇਹ ਐਂਟੀਬਾਡੀਜ਼ ਠੀਕ ਉਸੇ ਤਰ੍ਹਾਂ ਦੇ ਹਨ ਜਿਹੜੇ ਕੋਰੋਨਾ ਇਨਫੈਕਸ਼ਨ ਤੋਂ ਬਾਅਦ ਠੀਕ ਹੋਏ ਮਰੀਜ਼ਾਂ ਦੇ ਸਰੀਰ ’ਚ ਪਾਏ ਗਏ। ਕੁੱਲ ਮਿਲਾ ਕੇ ਇਨਸਾਨ ਹੁਣ ਟੀਕੇ ਰਾਹੀਂ ਸਰੀਰ ’ਚ ਐਂਟੀਬਾਡੀਜ਼ ਬਣਾਉਣ ਨੇੜੇ ਪਹੁੰਚ ਗਿਆ ਹੈ। ਇਹ ਐਂਟੀਬਾਡੀਜ਼ ਬਣਦਿਆਂ ਹੀ ਕੋਰੋਨਾ ਵਾਇਰਸ ਖ਼ਤਮ ਹੋ ਜਾਵੇਗਾ ਤੇ ਮੁੜ ਹਮਲਾ ਨਹੀਂ ਕਰ ਸਕੇਗਾ।

# ਕੋਰੋਨਾ ਤੋਂ ਬਚਾਅ ਲਈ ਟਰੰਪ ਲੈ ਰਹੇ ਨੇ ਹਾਈਡ੍ਰੋਕਸੀਕਲੋਰੋਕੁਈਨ

**ਵਾਸ਼ਿੰਗਟਨ–** ਕੋਰੋਨਾ ਦੇ ਕਹਿਰ ਤੋਂ ਬਚਣ ਲਈ ਅਮਰੀਕੀ ਰਾਸ਼ਟਰ-ਪਤੀ ਡੋਨਾਲਡ ਟਰੰਪ ਡੇਢ ਹਫਤੇ ਤੋਂ ਮਲੇਰੀਆ ਰੋਕੂ ਦਵਾਈ ਹਾਈਡ੍ਰੋਕਸੀ ਕਲੋਰੋਕੁਈਨ ਨਿਯਮਤ ਤੌਰ ’ਤੇ ਲੈ ਰਹੇ ਹਨ। ਇਹ ਜਾਣਕਾਰੀ ਖ਼ੁਦ ਦਿੱਤੀ ਹੈ। ਦੱਸਣਯੋਗ ਹੈ ਕਿ ਹਾਲੇ ਤਕ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਕੋਰੋਨਾ ਦੇ ਇਲਾਜ ’ਚ ਹਾਈਡ੍ਰੋਕਸੀ ਕਲੋਰੋਕੁਈਨ ਕਿਸੇ ਤਰ੍ਹਾਂ ਨਾਲ ਲਾਹੇਵੰਦ ਹੈ। ਅਮਰੀਕਾ ਦੇ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (ਐੱਫਡੀਏ) ਨੇ ਇਸ ਦਵਾਈ ਦੇ ਸਾਈਡ ਇਫੈਕਟ ਵੀ ਦੱਸੇ ਹਨ ਤੇ ਕਿਹਾ ਹੈ ਕਿ ਇਸਦੇ ਜ਼ਿਆਦਾ ਇਸਤੇਮਾਲ ਨਾਲ ਦਿਲ ਨਾਲ ਜੁੜੀਆਂ ਬਿਮਾਰੀਆਂ ਦਾ ਖਤਰਾ ਹੋ ਸਕਦਾ ਹੈ। ਉਸਨੇ ਇਹ ਵੀ ਕਿਹਾ ਕਿ ਕੋਰੋਨਾ ਲਈ ਇਹ ਦਵਾਈ ਸਹੀ ਇਲਾਜ ਨਹੀਂ ਹੈ। ਸੋਮਵਾਰ ਨੂੰ ਰੈਸਟੋਰੈਂਟ ਸਨਅਤਕਾਰਾਂ ਦੀ ਇਕ ਬੈਠਕ ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਕਿਹਾ ਕਿ ਵ੍ਹਾਈਟ ਹਾਊਸ ਦੇ ਡਾਕਟਰਾਂ ਤੋਂ ਸਲਾਹ ਲੈਣ ਦੇ ਬਾਅਦ ਉਨ੍ਹਾਂ ਇਹ ਦਵਾਈ ਲੈਣੀ ਸ਼ੁਰੂ ਕੀਤੀ ਹੈ। ਰਾਸ਼ਟਰਪਤੀ ਨੇ ਕਿਹਾ ਕਿ ਮੈਨੂੰ ਕੋਰੋਨਾ ਨਾਲ ਜੁੜੇ ਕੋਈ ਲੱਛਣ ਨਹੀਂ ਹਨ, ਪਰ ਮੈਂ ਪਿਛਲੇ ਡੇਢ ਹਫਤੇ ਤੋਂ ਇਹ ਦਵਾਈ ਲੈ ਰਿਹਾ ਹਾਂ। ਟਰੰਪ ਨੇ ਕਿਹਾ ਕਿ ਮੈਂ ਵ੍ਹਾਈਟ ਹਾਊਸ ਦੇ ਡਾਕਟਰਾਂ ਤੋਂ ਪੁੱਛਿਆ ਕਿ ਤੁਹਾਡੀ ਇਸ ਦਵਾਈ ਦੇ ਬਾਰੇ ਕੀ ਸਲਾਹ ਹੈ? ਇਸ ’ਤੇ ਉਨ੍ਹਾਂ ਜਵਾਬ ਦਿੱਤਾ ਕਿ ਜੇਕਰ ਤੁਸੀਂ ਦਵਾਈ ਲੈਣਾ ਚਾਹੁੰਦੇ ਹੋ ਤਾਂ ਲੈ ਸਕਦੇ ਹੋ। ਇਸ ’ਤੇ ਮੈਂ ਕਿਹਾ ਕਿ ਮੈਂ ਇਹ ਦਵਾਈ ਲੈਣਾ ਚਾਹੁੰਦਾ ਹਾਂ। ਟਰੰਪ ਨੇ ਕਿਹਾ ਕਿ ਮੈਂ ਹਰ ਰੋਜ਼ ਹਾਈਡ੍ਰੋਕਸੀਕਲੋਰੋਕੁਈਨ ਦੀ ਇਕ ਗੋ.ਲੀ ਲੈ ਰਿਹਾ ਹਾਂ। ਕੁਝ ਸਮੇਂ ਬਾਅਦ ਮੈਂ ਇਸਨੂੰ ਬੰਦ ਕਰ ਦੇਵਾਂਗਾ। ਮੇਰੀ ਇੱਛਾ ਹੈ ਕਿ ਕੋਰੋਨਾ ਦੇ ਇਲਾਜ ਲਈ ਕੋਈ ਦਵਾਈ ਜਾਂ ਵੈਕਸੀਨ ਆਏ। ਉਮੀਦ ਹੈ ਕਿ ਅਜਿਹਾ ਛੇਤੀ ਹੀ ਹੋਵੇਗਾ। ਟਰੰਪ ਨੇ ਇਹ ਵੀ ਕਿਹਾ ਕਿ ਫਰੰਟਲਾਈਨ ’ਤੇ ਕੰਮ ਕਰਨ ਵਾਲੇ ਬਹੁਤ ਸਾਰੇ ਸਿਹਤ ਮੁਲਾਜ਼ਮ ਵੀ ਇਸ ਦਵਾਈ ਨੂੰ ਲੈ ਰਹੇ ਹਨ।



**ਰਾਸ਼ਟਰਪਤੀ ਪੂਰੀ ਤਰ੍ਹਾਂ ਸਿਹਤਯਾਬ**

ਟਰੰਪ ਦੇ ਦਵਾਈ ਲੈਣ ਦੀ ਗੱਲ ਕਬੂਲਣ ਤੋਂ ਬਾਅਦ ਵ੍ਹਾਈਟ ਹਾਊਸ ਦੇ ਡਾਕਟਰ ਨੇ ਕਿਹਾ ਕਿ ਰਾਸ਼ਟਰਪਤੀ ਪੂਰੀ ਤਰ੍ਹਾਂ ਸਿਹਤਮੰਦ ਹਨ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕਾਇਲੇ ਮੈਕਨੀ ਨੇ ਕਿਹਾ ਕਿ ਰਾਸ਼ਟਰਪਤੀ ਪੂਰੀ ਤਰ੍ਹਾਂ ਸਿਹਤਮੰਦ ਹਨ ਤੇ ਉਨ੍ਹਾਂ ’ਚ ਕੋਰੋਨਾ ਨਾਲ ਜੁੜੇ ਕਿਸੇ ਤਰ੍ਹਾਂ ਦੇ ਲੱਛਣ ਨਹੀਂ ਹਨ। ਉਨ੍ਹਾਂ ਦਾ ਹਰ ਰੋਜ਼ ਕੋਰੋਨਾ ਟੈਸਟ ਕੀਤਾ ਜਾ ਰਿਹਾ ਹੈ ਤੇ ਹਾਲੇ ਤਕ ਸਾਰੇ ਟੈਸਟ ਨੈਗੇਟਿਵ ਆਏ ਹਨ। ਦੱਸਣਯੋਗ ਹੈ ਕਿ ਦੋ ਹਫਤੇ ਪਹਿਲਾਂ ਰਾਸ਼ਟਰਪਤੀ ਦੇ ਸਟਾਫ ਨਾਲ ਜੁੜੇ ਇਕ ਵਿਅਕਤੀ ਦਾ ਕੋਰੋਨਾ ਟੈਸਟ ਪਾਜ਼ੇਟਿਵ ਆਇਆ ਸੀ।

**ਵਿਰੋਧੀ ਧਿਰਾਂ ਨੇ ਘੇਰਿਆ**

ਕੋਰੋਨਾ ਮਹਾਮਾਰੀ ਨਾਲ ਨਜਿੱਠਣ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਐਂਟੀ-ਮਲੇਰੀਆ ਦਵਾਈ ਹਾਈਡਰੋਕਸ ਕਲੋਰੋਕਿਨ ਦੀ ਵਕਾਲਤ ਕਰਨ ਨੂੰ ਲੈ ਕੇ ਸਦਨ ਦੀ ਸਪੀਕਰ ਨੈਨਸੀ ਪੇਲੋਸੀ ਸੋਮਵਾਰ ਨੂੰ ਉਨ੍ਹਾਂ ਦੀ ਨਿੰਦਾ ਕੀਤੀ ਹੈ। ਨੈਨਸੀ ਨੇ ਕਿਹਾ ਕਿ ਟਰੰਪ ਦੀ ਦਲੀਲ ਬੇਬੁਨਿਆਦ ਹੈ। ਵਿਗਿਆਨੀਆਂ ਨੇ ਇਸ ਤੱਥ ਨੂੰ ਨਾਕਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵਿਗਿਆਨੀ ਦਾਅਵਾ ਕਰਦੇ ਹਨ ਕਿ ਇਹ ਦਵਾਈ ਲੈਣ ਨਾਲ ਸਿਹਤ ’ਤੇ ਮਾੜੇ ਪ੍ਰਭਾਵ ਹੋ ਸਕਦੇ ਹਨ। ਉਨ੍ਹਾਂ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਰਾਸ਼ਟਰਪਤੀ ਟਰੰਪ ਨੇ ਦਾਅਵਾ ਕੀਤਾ ਸੀ ਕਿ ਉਹ ਲਗਾਤਾਰ ਕੋਰੋਨਾ ਦੀ ਲਾਗ ਨੂੰ ਰੋਕਣ ਲਈ ਇਕ ਹਫ਼ਤੇ ਤੋਂ ਹਾਈਡ੍ਰੋਕਸਾਈਡ ਕਲੋਰੋਕਿਨ ਦੀ ਵਰਤੋਂ ਕਰ ਰਹੇ ਹਨ।

# ਟਰੰਪ ਪ੍ਰਸ਼ਾਸਨ ਨੇ ਸਰਹੱਦੀ ਪਾਬੰਦੀਆਂ ਅਣਮਿੱਥੇ ਸਮੇਂ ਲਈ ਵਧਾਈਆਂ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)- ਨਿਰੰਤਰ ਫੈਲ ਰਹੀ ਕੋਵਿਡ-19 ਉਪਰ ਚਿੰਤਾ ਪ੍ਰਗਟ ਕਰਦਿਆਂ ਟਰੰਪ ਪ੍ਰਸ਼ਾਸਨ ਨੇ ਬਿਮਾਰੀਆਂ ’ਤੇ ਨਿਯੰਤਰਣ ਤੇ ਰੋਕਥਾਮ ਬਾਰੇ ਕੇਂਦਰ (ਸੀ.ਡੀ.ਸੀ) ਦੇ ਸਰਹੱਦੀ ਪਾਬੰਦੀਆਂ ਬਾਰੇ ਹੁਕਮ ਦੀ ਮਿਆਦ ਨੂੰ ਅਣਮਿਥੇ ਸਮੇਂ ਲਈ ਵਧਾ ਦਿੱਤਾ ਹੈ। ਇਸ ਹੁਕਮ ਤਹਿਤ ਸਰਹੱਦ ਉਪਰ ਤਾਇਨਾਤ ਸੰਘੀ ਅਧਿਕਾਰੀ ਅਮਰੀਕਾ ਵਿਚ ਦਾਖਲ ਹੁੰਦੇ ਅਣਅਧਿਕਾਰਤ ਲੋਕਾਂ ਨੂੰ ਫੌਰੀ ਉਨਾਂ ਦੇ ਮੂਲ ਦੇਸ਼ ਵੱਲ ਵਾਪਿਸ ਭੇਜ ਰਹੇ ਹਨ। ਸੀ.ਡੀ.ਸੀ ਦੇ ਡਾਇਰੈਕਟਰ ਰਾਬਰਟ ਰੈਡਫੀਲਡ ਨੇ ਆਪਣੇ ਹੁਕਮ ਵਿਚ ਲਿਖਿਆ ਹੈ ਕਿ ਉਸ ਸਮੇ ਜਦੋਂ ਕੋਰੋਨਾਵਾਇਰਸ ਵਿਰੁੱਧ ਸਾਡੀਆਂ ਕੋਸ਼ਿਸ਼ਾਂ ਜਾਰੀ ਹਨ ਤੇ ਅਸਰਦਾਇਕ ਹਨ, ਅਜਿਹੇ ਵਿਚ ਬਾਹਰਲੇ ਦੇਸ਼ਾਂ ਦੇ ਲੋਕਾਂ ਨੂੰ ਅੰਦਰ ਆਉਣ ਦੀ ਇਜਾਜਤ ਦੇਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਘਟਾਕੇ ਨਹੀਂ ਵੇਖਿਆ ਜਾ ਸਕਦਾ। ਬਾਹਰੋਂ ਆਉਣ ਵਾਲੇ ਲੋਕਾਂ ਕਾਰਨ ਖਤਰਨਾਕ ਨਤੀਜੇ ਨਿਕਲ ਸਕਦੇ ਹਨ। ਸੀ.ਡੀ.ਸੀ ਦੇ ਅਗਲੇ ਹੁਕਮਾਂ ਤੱਕ ਇਹ ਨਿ-ਰਦੇਸ਼ ਲਾਗੂ ਰਹਿਣਗੇ। ਸੀ. ਡੀ. ਸੀ ਨੇ ਕਿਹਾ ਹੈ ਕਿ ਉਸ ਦੀ ਇਨਾਂ ਹੁਕਮਾਂ ਉਪਰ ਹਰੇਕ 30 ਦਿਨਾਂ ਬਾਅਦ ਨਜਰਸਾਨੀ ਕਰਨ ਦੀ ਯੋਜਨਾ ਹੈ।

**1552 ਹੋਰ ਮੌਤਾਂ** ਅਮਰੀਕਾ ਵਿਚ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾਵਾਇਰਸ ਕਾਰਨ 1552 ਹੋਰ ਮਰੀਜ ਦਮ ਤੋੜ ਗਏ ਹਨ। ਮੌਤਾਂ ਦੀ ਕੁਲ ਗਿਣਤੀ 93533 ਹੋ ਗਈ ਹੈ ਜਦ ਕਿ 20289 ਨਵੇਂ ਮਰੀਜ ਹਸਪਤਾਲਾਂ ਵਿਚ ਦਾਖਲ ਹੋਏ ਹਨ। ਇਸ ਤਰਾਂ ਪੀੜਤ ਮਰੀਜਾਂ ਦੀ ਗਿਣਤੀ 15,70,583 ਹੋ ਗਈ ਹੈ। 4797 ਹੋਰ ਮਰੀਜ ਠੀਕ ਹੋਏ ਹਨ ਜਿਨਾਂ ਨੂੰ ਘਰਾਂ ਵਿਚ ਭੇਜ ਦਿੱਤਾ ਗਿਆ ਹੈ। ਹੁਣ ਤੱਕ 3,61,180 ਮਰੀਜ ਠੀਕ ਹੋ ਚੁੱਕੇ ਹਨ। ਲੋਕਾਂ ਦੇ ਸਿਹਤਮੰਦ ਹੋਣ ਦੀ ਦਰ 79% ਹੈ। ਇਕੱਲੇ ਨਿਊਯਾਰਕ ਵਿਚ ਹੁਣ ਤੱਕ 28648 ਅਮਰੀਕੀਆਂ ਦੀ ਕੋਰੋਨਾਵਾਇਰਸ ਕਾਰਨ ਮੌਤ ਹੋ ਚੁੱਕੀ ਹੈ। ਮੌਤਾਂ ਦੇ ਮਾਮਲੇ ਵਿਚ ਦੂਸਰਾ ਸਥਾਨ ਨਿਊਜਰਸੀ ਦਾ ਹੈ ਜਿਥੇ 10591 ਮੌਤਾਂ ਹੋ ਚੁੱਕੀਆਂ ਹਨ।

**ਹਾਈਡਰੌਕਸੀਕਲੋਰੋਕੁਈਨ ਦੀ ਵਰਤੋਂ ਵਿਰੁੱਧ ਚਿਤਾਵਨੀ**

ਰਾਸ਼ਟਰਪਤੀ ਟਰੰਪ ਵੱਲੋਂ ਕੋਰੋਨਾ ਵਾਇਰਸ ਤੋਂ ਬਚਾਅ ਲਈ ਗੈਰ ਪ੍ਰਵਾਨਤ ਹਾਈਡਰੌਕਸੀਕਲੋਰੋਕੁਈਨ ਦਵਾਈ ਲੈਣ ਦੇ ਬਿਆਨ ਉਪਰੰਤ ਡਾਕਟਰਾਂ, ਪੱਤਰਕਾਰਾਂ ਤੇ ਰਾਜਸੀ ਆਗੂਆਂ ਨੇ ਹਾਈਡਰੌਕਸੀਕਲੋਰੋਕੁਈਨ ਦੀ ਵਰਤੋਂ ਵਿਰੁੱਧ ਚਿਤਾਵਨੀ ਦਿੱਤੀ ਹੈ।

ਫੌਕਸ ਨਿਊਜ ਐਂਕਰ ਨੀਲ ਕੈਵੂਟੋ ਰਾਸ਼ਟਰਪਤੀ ਵੱਲੋਂ ਦਿੱਤੇ ਬਿਆਨ ਤੋਂ ਹੈਰਾਨ ਹਨ। ਉਨਾਂ ਨੇ ਹਾਈਡਰੌਕਸੀਕਲੋਰੋਕੁਈਨ ਦੀ ਵਰਤੋਂ ਵਿਰੁੱਧ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਇਸ ਦੇ ਖਾਣ ਨਾਲ ਮਾੜੇ ਸਿਹਤ ਹਾਲਾਤ ਵਿਚ ਰਹਿ ਰਹੇ ਲੋਕਾਂ ਦੀ ਮੌਤ ਹੋ ਸਕਦੀ ਹੈ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORA-TION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

## ਪਹਿਲੀ ਜੂਨ ਤੋਂ ਚੱਲਣਗੀਆਂ 200 ਨਾਨ- ਏਸੀ ਰੇਲਗੱਡੀਆਂ

**ਨਵੀਂ ਦਿੱਲੀ–** ਰੇਲ ਮੰਤਰੀ ਪੀਯੂਸ਼ ਗੋਇਲ ਨੇ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ ਭਾਰਤੀ ਰੇਲ ਪਹਿਲੀ ਜੂਨ ਤੋਂ ਟਾਈਮਟੇਬਲ ਅਨੁਸਾਰ ਰੋਜ਼ਾਨਾ 200 ਨਾਨ ਏਸੀ ਰੇਲਗੱਡੀਆਂ ਚਲਾਏਗਾ ਜਿਸ ਦੀ ਆਨਲਾਈਨ ਬੁਕਿੰਗ ਜਲਦੀ ਹੀ ਸ਼ੁਰੂ ਹੋਵੇਗੀ। ਇਸ ਦਾ ਆਪ੍ਰੇਸ਼ਨ ਟਾਈਮ ਟੇਬਲ ਦੇ ਹਿਸਾਬ ਨਾਲ ਹੋਵੇਗਾ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਰੇਲਗੱਡੀਆਂ 'ਚ ਵੇਟਿੰਗ ਲਿਸਟ ਟਿਕਟ ਵੀ ਮਿਲ ਸਕਦੇ ਹਨ, ਪਰ ਤੁਰੰਤ ਜਾਂ ਪ੍ਰੀਮ-ਇਅਮ ਤਤਕਾਲ ਵਰਗਾ ਪ੍ਰਬੰਧ ਨਹੀਂ ਹੋਵੇਗਾ। ਇਨ੍ਹਾਂ ਰੇਲਗੱਡੀਆਂ ਦੀ ਬੁਕਿੰਗ ਵੀ ਆਈਆਰਸੀਟੀਸੀ ਦੀ ਵੈੱਬਸਾਈਟ ਦੇ ਜ਼ਰੀਏ ਹੀ ਹੋਵੇਗੀ। ਬੁਕਿੰਗ ਕਿਸ ਦਿਨ ਤੋਂ ਸ਼ੁਰੂ ਹੋਵੇਗਾ। ਇਸ ਦਾ ਐਲਾਨ ਜਲਦੀ ਕੀਤਾ ਜਾਵੇਗਾ।

ਉਥੇ, ਰੇਲ ਮੰਤਰਾਲੇ ਨੇ ਟਵੀਟ ਕੀਤਾ ਕਿ ਰਾਜ ਸਰਕਾਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੋ ਮਜ਼ਦੂਰ ਰਸਤੇ 'ਚ ਹਨ ਉਨ੍ਹਾਂ ਨੂੰ ਰਾਜ ਸਰਕਾਰਾਂ ਮੇਨ ਲਾਈਨ ਦੇ ਰੇਲਵੇ ਸਟੇਸ਼ਨਾਂ ਨੇੜੇ ਰਜਿਸਟਰਡ ਕਰਨ ਅਤੇ ਇਸ ਦੀ ਸੂਚੀ ਰੇਲਵੇ ਨੂੰ ਦੇਣ, ਜਿਸ ਨਾਲ ਕਿ ਮਜ਼ਦੂਰ ਸਪੈਸ਼ਲ ਰੇਲਗੱਡੀ ਰਾਹੀਂ ਉਨ੍ਹਾਂ ਨੂੰ ਉਨ੍ਹਾਂ ਦੀ ਮੰਜ਼ਲ ਤਕ ਪਹੁੰਚਾਇਆ ਜਾ ਸਕੇ।

## ਚੀਨ ਤੋਂ ਅਮਰੀਕੀ ਕੰਪਨੀਆਂ ਨੂੰ ਵਾਪਸ ਲਿਆਉਣ ਲਈ ਸੰਸਦ ਵਿਚ ਬਿਲ ਪੇਸ਼

**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਕੰਪਨੀਆਂ ਨੂੰ ਆਪਣੇ ਨਿਰਮਾਣ ਯੂਨਿਟਾਂ ਨੂੰ ਚੀਨ ਤੋਂ ਅਮਰੀਕਾ ਲਿਆਉਣ ਵਿਚ ਸਹਾਇਤਾ ਲਈ ਇਕ ਪ੍ਰਭਾਵਸ਼ਾਲੀ ਸੰਸਦ ਮੈਂਬਰ ਨੇ ਸੰਸਦ ਵਿਚ ਇਕ ਬਿੱਲ ਪੇਸ਼ ਕੀਤਾ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਕੋਰੋਨਾ ਮਹਾਮਾਰੀ ਦੇ ਕਾਰਨ ਆਉਣ ਵਾਲੇ ਦਿਨਾਂ ਵਿਚ ਵੱਡੀ ਗਿਣਤੀ ਵਿਚ ਅਮਰੀਕੀ ਕੰਪਨੀਆਂ ਚੀਨ ਤੋਂ ਆਪਣਾ ਕੰਮ ਕਾਜ ਸਮੇਟ ਸਕਦੀਆਂ ਹਨ। ਇਸ ਤੋਂ ਪਹਿਲਾਂ ਜਾਪਾਨ ਵੀ ਕੁਝ ਇਸ ਤਰ੍ਹਾਂ ਦੇ ਸੰਕੇਤ ਦੇ ਚੁੱਕਾ ਹੈ। ਚੀਨ ਦੇ ਵੁਹਾਨ ਤੋਂ ਪੈਦਾ ਹੋਏ ਇਸ ਵਾਇਰਸ ਤੋਂ ਅਮਰੀਕਾ ਸਭ ਤੋਂ ਵੱਧ ਪ੍ਰਭਾਵਤ ਹੈ। ਹੁਣ ਤੱਕ, ਜਿਥੇ 90 ਹਜ਼ਾਰ ਤੋਂ ਵੱਧ ਲੋਕਾਂ



ਦੀ ਮੌਤ ਹੋ ਚੁੱਕੀ ਹੈ। ਉਥੇ ਹੀ 15 ਲੱਖ ਤੋਂ ਵੱਧ ਲੋਕ ਸੰਕਰਮਿਤ ਹਨ। ਅਮਰੀਕੀ ਸੰਸਦ ਮੈਂਬਰ ਮਾਰਕ ਗ੍ਰੀਨ ਵਲੋਂ ਪੇਸ਼ ਕੀਤੇ ਗਏ ਬਿੱਲ 'ਦਿ ਬ੍ਰਿੰਗ ਅਮੇਰਿਕਨ ਕੰਪਨੀ ਹੋਮ ਐਕਟ' ਵਿਚ ਇਨ੍ਹਾਂ ਕੰਪਨੀਆਂ ਨੂੰ ਵਾਪਸ ਲਗਾਉਣ ਦੀ ਪੂਰੀ ਲਾਗਤ ਅਤੇ ਚੀਨ ਤੋਂ ਆਉਣ ਵਾਲੀਆਂ ਵਸਤਾਂ ਦੀ ਦਰਾਮਦ 'ਤੇ ਮੁੜ ਡਿਊਟੀਆਂ ਦੀ ਪੂਰਾ ਭਾਰ ਚੁੱਕਣ ਲਈ ਕਿਹਾ ਗਿਆ ਹੈ।

ਜ਼ਿਕਰਯੋਗ ਹੈ ਕਿ ਅਮਰੀਕਾ ਕਈ ਵਾਰ ਚੀਨ ਉਤੇ ਦੋਸ਼ ਲਗਾ ਚੁੱਕਾ ਹੈ ਕਿ ਕੋਰੋਨਾ ਵਾਇਰਸ ਸੰਕਰਮਣ ਨੂੰ ਲੈ ਕੇ ਉਸਨੇ ਪੂਰੇ ਵਿਸ਼ਵ ਨੂੰ ਹਨ੍ਹੇਰੇ ਵਿਚ ਰੱਖਿਆ ਹੈ। ਇਸ ਵਜ੍ਹਾ ਨਾਲ ਸੰਕਰਮਣ ਪੂਰੀ ਦੁਨੀਆਂ ਵਿਚ ਫੈਲ ਗਿਆ। ਹਲਾਂਕਿ ਚੀਨ ਆਪਣੇ ਉਪਰ ਲੱਗਣ ਵਾਲੇ ਦੋਸ਼ਾਂ ਨੂੰ ਨਕਾਰਦਾ ਰਿਹਾ ਹੈ।

## ਮਾਨਸਿਕ ਸਮੱਸਿਆਵਾਂ ਵੀ ਦੇ ਸਕਦਾ ਹੈ ਕੋਵਿਡ-19

**ਲੰਡਨ–** ਦੁਨੀਆ ਭਰ 'ਚ ਮਹਾਮਾਰੀ ਬਣ ਚੁੱਕੇ ਕੋਰੋਨਾ ਵਾਇਰਸ (ਕੋਵਿਡ-19) ਕਾਰਨ ਸਿਹਤ ਸਬੰਧੀ ਦੂਜੀਆਂ ਕਈ ਗੰਭੀਰ ਸਮੱਸਿਆਵਾਂ ਦਾ ਵੀ ਖ਼ਤਰਾ ਵਧ ਗਿਆ ਹੈ।

ਹੁਣ ਇਕ ਨਵੇਂ ਅਧਿਐਨ 'ਚ ਦੇਖਿਆ ਗਿਆ ਹੈ ਕਿ ਇਸ ਖ਼ਤਰਨਾਕ ਵਾਇਰਸ ਦੇ ਇਨਫੈਕਸ਼ਨ ਕਾਰਨ ਪੋਸਟ-ਟ੍ਰਾਮੈਟਿਕ ਸਟ੍ਰੈਸ ਡਿਸਾਰਡਰ (ਪੀਟੀਐਸਡੀ) ਤੇ ਡਿਲੀਰੀਅਮ ਵਰਗੀਆਂ ਮਾਨਸਿਕ ਸਮੱਸਿਆਵਾਂ ਵੀ ਹੋ ਸਕਦੀਆਂ ਹਨ। ਡਿਪ੍ਰੈਸ਼ਨ ਤੋਂ ਕਾਹਲ ਦਾ ਵੀ ਖ਼ਤਰਾ ਪਾਇਆ ਗਿਆ ਹੈ। ਪੀ ਟੀ ਐੱਸ ਡੀ ਸਮੱਸਿਆ ਕਿਸੇ ਖ਼ਤਰਨਾਕ ਘਟਨਾ ਕਾਰਨ ਪੈਦਾ ਹੁੰਦੀ ਹੈ। ਇਸ 'ਚ ਪੀੜਤ ਵਿਅਕਤੀ ਨੂੰ ਬੁਰੇ ਸੁਪਨੇ ਆਉਂਦੇ ਹਨ। ਜਦਕਿ ਡਿਲੀਰੀਅਮ ਤੋਂ ਪੀੜਤ ਵਿਅਕਤੀ ਉਲਝਣ 'ਚ ਰਹਿੰਦਾ ਹੈ। ਉਸ ਨੂੰ ਸੋਚਣ ਤੇ ਸਮਝਣ 'ਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਲੈਂਸੇਟ ਮਨੋਵਿਗਿਆਨ ਪਤ੍ਰਿਕਾ 'ਚ ਪ੍ਰਕਾਸ਼ਿਤ ਅਧਿਐਨ ਮੁਤਾਬਕ ਇਹ ਨਤੀਜਾ ਕੋਰੋਨਾ ਵਾਇਰਸ ਕਾਰਨ ਹਸਪਤਾਲਾਂ 'ਚ ਦਾਖ਼ਲ ਹੋਣ ਵਾਲੇ ਲੋਕਾਂ 'ਤੇ ਘੱਟ ਤੇ ਲੰਬੇ ਸਮੇਂ ਤਕ ਕੀਤੇ ਗਏ ਅਧਿਐਨਾਂ ਦੇ ਆਧਾਰ 'ਤੇ ਕੱਢਿਆ ਗਿਆ ਹੈ। ਬਰਤਾਨੀਆ ਦੀ ਯੂਨੀਵਰਸਿਟੀ ਕਾਲਜ ਲੰਡਨ ਦੇ ਅਧਿਐਨ ਕਰਤਾਵਾਂ ਨੇ ਦੇਖਿਆ ਕਿ ਕੋਵਿਡ-19 ਦੇ ਇਨਫੈਕਸ਼ਨ ਨਾਲ ਹਸਪਤਾਲ 'ਚ ਦਾਖ਼ਲ ਹੋਣ ਵਾਲਾ ਹਰ ਚੌਥਾ ਵਿਅਕਤੀ ਬਿਮਾਰੀ ਦੌਰਾਨ ਡਿਲੀਰੀਅਸ ਦੀ ਚਪੇਟ 'ਚ ਆ ਸਕਦਾ ਹੈ। ਇਸ ਕਾਰਨ ਹਸਪਤਾਲ 'ਚ ਲੰਬੇ ਸਮਾਂ ਰਹਿਣ ਜਾਂ ਮੌਤ ਦਾ ਖ਼ਤਰਾ ਵਧ ਸਕਦਾ ਹੈ। ਹਾਲਾਂਕਿ ਕੋਰੋਨਾ ਤੋਂ ਉਭਰਨ ਤੋਂ ਬਾਅਦ ਦੇ ਅਸਰ ਅਜੇ ਪਤਾ ਨਹੀਂ ਹਨ।

## ਅਮਰੀਕਾ ਦੇ ਸਿਹਤ ਸਕੱਤਰ ਨੇ ਅਰਥ ਵਿਵਸਥਾ ਮੁੜ ਖੋਲਣ ਦੀ ਕੀਤੀ ਵਕਾਲਤ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾਵਾਇਰਸ ਨਾਲ ਪੀੜਤ 820 ਹੋਰ ਮਰੀਜ ਦਮ ਤੋੜ ਗਏ ਹਨ ਤੇ ਮੌਤਾਂ ਦੀ ਕੁਲ ਗਿਣਤੀ 90978 ਹੋ ਗਈ ਹੈ। ਹਾਲਾਂ ਕਿ ਨਵੀਆਂ ਮੌਤਾਂ ਦੀ ਗਿਣਤੀ ਵੀ ਕਾਫੀ ਹੈ ਪਰ ਪਿਛਲੇ ਇਕ ਮਹੀਨੇ ਦੇ ਵੀ ਵਧ ਸਮੇਂ ਵਿਚ ਇਹ ਸਭ ਤੋਂ ਘਟ ਮੌਤਾਂ ਹੋਈਆਂ ਹਨ। 19891 ਨਵੇਂ ਮਰੀਜ ਹਸਪਤਾਲਾਂ ਵਿਚ ਦਾਖਲ ਕੀਤੇ ਗਏ ਹਨ ਜਿਨਾਂ ਨਾਲ ਪੀੜਤਾਂ ਦੀ ਕੁਲ ਗਿਣਤੀ 15,27,664 ਹੋ ਗਈ ਹੈ। 3,46,389 ਮਰੀਜ ਠੀਕ ਹੋ ਕੇ ਘਰਾਂ ਨੂੰ ਪਰਤ ਗਏ ਹਨ।

**ਅਰਥਵਿਵਸਥਾ ਖੋਲਣ ਦੀ ਵਕਾਲਤ**

ਸਿਹਤ ਤੇ ਮਨੁੱਖੀ ਸੇਵਾਵਾਂ ਬਾਰੇ ਸਕੱਤਰ ਅਲੈਕਸ ਅਜ਼ਰ ਨੇ ਵੱਡੀ ਪੱਧਰ ਉਪਰ ਟੈਸਟਿੰਗ ਸਮੇਤ ਅਰਥਵਿਵਸਥਾ ਮੁੜ ਖੋਲਣ ਦੀ ਵਕਾਲਤ ਕਰਦਿਆਂ ਕਿਹਾ ਹੈ ਕਿ ਹਰ ਚੀਜ ਵੈਕਸੀਨ ਉਪਰ ਨਿਰਭਰ ਨਹੀਂ ਕਰਦੀ। ਉਨਾਂ ਕਿਹਾ ਕਿ ਤਕਰੀਬਨ ਅੱਧੀਆਂ ਕਾਉਂਟੀਆਂ ਵਿਚ ਇਕ ਵੀ ਮੌਤ ਨਹੀਂ ਹੋਈ ਤੇ ਕੋਰੋਨਾਵਾਇਰਸ ਦੇ ਪੁਸ਼ਟੀ ਹੋਏ ਮਾਮਲਿਆਂ ਵਿਚੋਂ 60% ਕੇਵਲ 2% ਕਾਉਂਟੀਆਂ ਵਿਚ ਹਨ। ਕੁਝ ਰਾਜਾਂ ਜਿਥੇ ਅਰਥਵਿਵਸਥਾ ਪੂਰੀ ਤਰਾਂ ਖੋਲ ਦਿਤੀ ਗਈ ਹੈ ਵਿਚੋਂ ਬਾਰਾਂ, ਰੈਸਟੋਰੈਂਟਾਂ ਤੇ ਹੋਰ ਜਨਤਿਕ ਥਾਵਾਂ ਉਪਰ ਲੋਕਾਂ ਦੀ ਭੀੜ ਦੀਆਂ ਆ ਰਹੀਆਂ ਤਸਵੀਰਾਂ ਬਾਰੇ ਸਕੱਤਰ ਨੇ ਕਿਹਾ ਕਿ ਲੋਕ ਜੋ ਕਰ ਰਹੇ ਹਨ ਇਹ ਗੈਰ-ਜਿੰਮੇਵਾਰਾਨਾ ਹਰਕਤ ਹੈ। ਇਸ ਤੋਂ ਬਚਿਆ ਜਾਣਾ ਚਾਹੀਦਾ ਹੈ।

**ਰਾਸ਼ਟਰਪਤੀ ਦੇ ਸਲਾਹਕਾਰ ਵੱਲੋਂ ਸੀ.ਡੀ.ਸੀ ਦੀ ਸਖਤ ਨਿੰਦਾ**

ਰਾਸ਼ਟਰਪਤੀ ਡੋਨਾਲਡ ਟਰੰਪ ਦੇ ਚੋਟੀ ਦੇ ਵਪਾਰ ਸਲਾਹਕਾਰ ਪੀਟਰ ਨਵਾਰੋ ਨੇ ਬਿਮਾਰੀਆਂ 'ਤੇ ਨਿਯੰਤਰਣ ਤੇ ਰੋਕਥਾਮ ਬਾਰੇ ਕੇਂਦਰ (ਸੀ.ਡੀ.ਸੀ) ਦੀ ਸਖਤ ਅਲੋਚਨਾ ਕੀਤੀ ਹੈ ਤੇ ਕੋਰੋਨਾਵਾਇਰਸ ਮਹਾਮਾਰੀ ਨਾਲ ਨਜਿੱਠਣ ਲਈ ਵਾਈਟ ਹਾਉਸ ਵੱਲੋਂ ਕੀਤੇ ਯਤਨਾਂ ਨੂੰ ਉਚਿੱਤ ਕਰਾਰ ਦਿੱਤਾ ਹੈ। ਗੱਲਬਾਤ ਦੌਰਾਨ ਜਦੋਂ



ਪੱਤਰਕਾਰਾਂ ਨੇ ਪੀਟਰ ਨਵਾਰੋ ਨੂੰ ਪੁੱਛਿਆ ਕਿ ਪ੍ਰਸਾਸ਼ਨ ਵੱਲੋਂ ਮੁੜ ਖੋਲਣ ਬਾਰੇ ਜਾਰੀ ਦਿਸ਼ਾ ਨਿਰਦੇਸ਼ਾਂ ਵਿਚ ਵੱਡੀ ਪੱਧਰ 'ਤੇ ਢਿੱਲ ਦੇਣ ਤੋਂ ਬਾਅਦ ਵੀ ਕੀ ਰਾਸ਼ਟਰਪਤੀ ਦਾ ਸੀ. ਡੀ. ਸੀ ਵਿਚ ਭਰੋਸਾ ਹੈ ਤਾਂ ਉਨਾਂ ਨੇ ਸੀ.ਡੀ.ਸੀ ਵੱਲੋਂ ਆਰੰਭਕ ਪੱਧਰ 'ਤੇ ਵਾਇਰਸ ਦੇ ਟੈਸਟ ਪ੍ਰਤੀ ਅਪਨਾਏ ਰਵਈਏ ਵੱਲ ਉਂਗਲ ਉਠਾਉਂਦਿਆਂ ਕਿਹਾ ਕਿ ਉਸ ਦੀ ਟੈਸਟਿੰਗ ਪਹੁੰਚ ਨੇ ਦੇਸ਼ ਦਾ ਬਹੁਤ ਨੁਕਸਾਨ ਕੀਤਾ ਹੈ। ਉਸ ਨੇ ਟੈਸਟਿੰਗ ਕੇਵਲ ਨੌਕਰਸ਼ਾਹੀ ਤੱਕ ਸੀਮਿਤ ਰਖੀ, ਉਹ ਵੀ ਬਹੁਤ ਖਰਾਬ ਸੀ ਜਿਸ ਨੇ ਸਾਨੂੰ ਪਿੱਛੇ ਵੱਲ ਧੱਕ ਦਿੱਤਾ। ਨਵਾਰੋ ਨੇ ਕਿਹਾ ਕਿ ਜਦੋਂ ਲਾਕਡਾਊਨ ਖਤਮ ਕਰਨ ਲਈ ਦਿਸ਼ਾ ਨਿਰਦੇਸ਼ ਜਾਰੀ ਕਰਨ ਦਾ ਸਮਾਂ ਆਇਆ ਤਾਂ ਓਦੋਂ ਵੀ ਸੀ.ਡੀ.ਸੀ ਦੀ ਪਹੁੰਚ ਠੀਕ ਨਹੀਂ ਰਹੀ। ਉਨਾਂ ਕਿਹਾ ਕਿ ਲਾਕਡਾਉਨ ਦਾ ਮਕਸਦ ਬਿਮਾਰੀ ਨੂੰ ਫੈਲਣ ਤੋਂ ਰੋਕਣਾ ਸੀ ਤੇ ਅਮਰੀਕੀ ਲੋਕਾਂ ਲਈ ਅਹਿਮ ਗੱਲ ਇਹ ਹੈ ਕਿ ਅਰਥਵਿਵਸਥਾ ਖੋਲਣਾ 'ਜਿੰਦਗੀ ਬਨਾਮ ਨੌਕਰੀਆਂ' ਦਾ ਸਵਾਲ ਨਹੀਂ ਹੈ। ਉਨਾਂ ਕਿਹਾ ਕਿ ਲਾਕਡਾਉਨ ਕਾਰਨ ਵਧੀਆਂ ਆਰਥਕ ਮੁਸ਼ਕਿਲਾਂ ਦੇ ਸਿੱਟੇ ਵਜੋਂ ਕੋਰੋਨਾ ਦੀ ਤੁਲਨਾ ਵਿਚ ਜਿਆਦਾ ਜਾਨਾਂ ਜਾਣ ਦਾ ਖਤਰਾ ਪੈਦਾ ਹੋ ਗਿਆ ਹੈ। ਇਥੇ ਵਰਣਨਯੋਗ ਹੈ ਕਿ ਸੀ.ਡੀ.ਸੀ ਨੇ ਅਰਥ ਵਿਵਸਥਾ ਮੁੜ ਖੋਲਣ ਲਈ ਜਲਦਬਾਜੀ ਨਾ ਕਰਨ ਲਈ ਕਿਹਾ ਸੀ।

## ਪੰਜਾਬ 'ਚ ਅੱਜ ਤੋਂ ਸੜਕਾਂ 'ਤੇ ਦੌੜਨ ਲੱਗੀਆਂ ਸਰਕਾਰੀ ਬੱਸਾਂ

ਪਟਿਆਲਾ (ਬਿਊਰੋ)– ਸੂਬੇ ਵਿਚ ਸਰਕਾਰੀ ਬੱਸ ਸੇਵਾ ਬੁੱਧਵਾਰ ਸਵੇਰੇ ਸੱਤ ਵਜੇ ਤੋਂ ਸ਼ੁਰੂ ਹੋ ਗਈਆਂ। ਸ਼ਾਮ ਸੱਤ ਵਜੇ ਤੋਂ ਬਾਅਦ ਕੋਈ ਬੱਸ ਨਹੀਂ ਚੱਲੇਗੀ। ਪ੍ਰਾਈਵੇਟ ਬੱਸਾਂ ਨੂੰ ਚਲਾਉਣ ਦੀ ਅਜੇ ਇਜਾਜ਼ਤ ਨਹੀਂ ਦਿੱਤੀ ਗਈ। ਇਸ 'ਤੇ ਫ਼ੈਸਲਾ ਕੈਪਟਨ ਅਮਰਿੰਦਰ ਸਿੰਘ ਲੈਣਗੇ।

ਸਰੀਰਕ ਦੂਰੀ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਬੱਸਾਂ ਵਿਚ ਸਮਰੱਥਾ ਤੋਂ ਅੱਧੇ ਯਾਤਰੀ ਹੀ ਬਿਠਾਉਣ ਦਾ ਫ਼ੈਸਲਾ ਲਿਆ ਹੈ। ਯਾਤਰੀਆਂ ਦੀ ਗਿਣਤੀ ਘਟਾਏ ਜਾਣ ਨਾਲ ਸਰਕਾਰ 'ਤੇ ਆਰਥਿਕ ਬੋਝ ਪੈਣਾ ਸੁਭਾਵਿਕ ਹੈ ਇਸ ਲਈ ਟਰਾਂਸਪੋਰਟ ਵਿਭਾਗ ਨੇ ਮੁੱਖ ਮੰਤਰੀ ਦੇ ਸਾਹਮਣੇ ਬੱਸਾਂ ਦਾ ਕਿਰਾਇਆ ਵਧਾਉਣ ਦੀ ਤਜਵੀਜ਼ ਪੇਸ਼ ਕੀਤੀ ਹੈ। ਟਰਾਂਸਪੋਰਟ ਮੰਤਰੀ ਰਜ਼ੀਆ ਸੁਲਤਾਨਾ ਨੇ ਦੱਸਿਆ ਕਿ ਕਿਰਾਇਆ ਵਧਾਉਣ ਦਾ ਫ਼ੈਸਲਾ ਮੁੱਖ ਮੰਤਰੀ 'ਤੇ ਛੱਡ ਦਿੱਤਾ ਗਿਆ ਹੈ। ਕਿਰਾਇਆ ਵਧਾਉਣਾ ਹੈ ਜਾਂ ਨਹੀਂ ਜਾਂ ਕਿੰਨਾ ਵਧਾਉਣਾ ਹੈ ਇਹ ਫ਼ੈਸਲਾ ਮੁੱਖ ਮੰਤਰੀ ਹੀ ਕਰਨਗੇ। ਜ਼ਿਕਰਯੋਗ ਹੈ ਕਿ ਗੁਆਂਢੀ ਸੂਬੇ ਹਰਿਆਣੇ ਨੇ ਵੀ 15 ਪੈਸੇ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਕਿਰਾਇਆ ਵਧਾ ਦਿੱਤਾ ਹੈ। ਮੌਜੂਦਾ ਸਮੇਂ ਪੰਜਾਬ ਵਿਚ 1.16 ਰੁਪਏ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਕਿਰਾਇਆ ਵਸੂਲ ਕੀਤਾ ਜਾ ਰਿਹਾ ਹੈ।

**ਪੀ ਆਰਟੀ ਸੀ ਵੱਲੋਂ ਤਿਆਰੀਆਂ–** ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਪਟਿਆਲਾ, ਚੰਡੀਗੜ੍ਹ, ਸੰਗਰੂਰ, ਬੁਢਲਾਡਾ, ਬਠਿੰਡਾ, ਲੁਧਿਆਣਾ, ਫ਼ਰੀਦਕੋਟ, ਕਪੂਰਥਲਾ ਤੇ ਬਰਨਾਲਾ ਡਿਪੂ ਨੇ ਕੱਲ੍ਹ ਬੁੱਧਵਾਰ ਤੋਂ ਬੱਸਾਂ ਚਲਾਉਣ ਦੀਆਂ ਤਿਆਰੀਆਂ ਕਰ ਲਈਆਂ ਹਨ। ਪੀ ਆਰ ਟੀ ਸੀ ਵੱਲੋਂ ਪੰਜਾਬ ਦੇ 80 ਰੂਟਾਂ ਦੀ ਸੂਚੀ ਜਾਰੀ ਕੀਤੀ ਗਈ ਹੈ ਜਿਨ੍ਹਾਂ ਵਿਚ ਪਟਿਆਲਾ ਡਿਪੂ ਦੇ 16, ਚੰਡੀਗੜ੍ਹ ਡਿਪੂ ਦੇ 6, ਸੰਗਰੂਰ ਡਿਪੂ ਦੇ 11, ਬਰਨਾਲਾ ਡਿਪੂ ਦੇ 7, ਬਠਿੰਡਾ ਡਿਪੂ ਦੇ 9, ਫ਼ਰੀਦਕੋਟ ਡਿਪੂ ਦੇ 6, ਬੁਢਲਾਡਾ ਦੇ 10, ਲੁਧਿਆਣਾ ਦੇ 9 ਤੇ ਕਪੂਰਥਲਾ ਡਿਪੂ ਦੇ 6 ਰੂਟਾਂ ਨੂੰ ਸ਼ਾਮਲ ਕੀਤਾ ਗਿਆ ਹੈ।





**ਬੱਸਾਂ ਚਲਾਉਣ ਲਈ ਇਹ ਸ਼ਰਤਾਂ ਹੋਣਗੀਆਂ ਲਾਗੂ**

-ਬੱਸ ਤੈਅ ਬੱਸ ਅੱਡੇ ਤੋਂ ਚੱਲ ਕੇ ਤੈਅ ਸ਼ਹਿਰ ਵਿਚ ਹੀ ਰੁਕੇਗੀ ਤੇ ਇਸ ਦੌਰਾਨ ਰਾਹ ਦੀ ਕੋਈ ਸਵਾਰੀ ਨਹੀਂ ਚੜ੍ਹਾਈ ਜਾਵੇਗੀ।

-ਸਵਾਰੀਆਂ ਦੀਆਂ ਟਿਕਟਾਂ ਐਡਵਾਂਸ ਬੁਕਿੰਗ ਏਜੰਟ ਵੱਲੋਂ ਜਾਂ ਕੰਡਕਟਰ ਵੱਲੋਂ ਬੱਸ ਅੱਡਿਆਂ 'ਤੇ ਹੀ ਕੱਟੀਆਂ ਜਾਣਗੀਆਂ। ਮੁਫ਼ਤ ਜਾਂ ਰਿਆਇਤੀ ਦਰਾਂ 'ਤੇ ਸਫ਼ਰ ਕਰਨ ਵਾਲੇ ਯਾਤਰੀਆਂ ਦਾ ਇੰਦਰਾਜ ਵੀ ਮੌਕੇ 'ਤੇ ਅੱਸ ਅੱਡੇ ਵਿਚ ਹੀ ਹੋਵੇਗਾ।

-ਟਿਕਟ ਕੱਟਣ ਵਾਲਾ ਟਿਕਟ ਕੱਟਣ ਤੋਂ ਪਹਿਲਾਂ ਤੇ ਬਾਅਦ ਵਿਚ ਸਾਬਣ ਤੇ ਪਾਣੀ ਨਾਲ ਹੱਥ ਧੋਵੇਗਾ।

ਕਿਸੇ ਵੀ ਸੂਰਤ 'ਚ ਬੱਸ 'ਚ ਬੈਠਣ ਦੀ ਸਮਰੱਥਾ ਅਨੁਸਾਰ 50 ਫ਼ੀਸਦੀ ਸੀਟਾਂ ਤੋਂ ਵੱਧ ਸਵਾਰੀ ਨਹੀਂ ਬਿਠਾਈ ਜਾਵੇਗੀ।

- ਟਿਕਟ ਕੱਟਣ ਤੇ ਬੈਠਣ ਸਮੇਂ ਸਮਾਜਿਕ ਦੂਰੀ ਦਾ ਖ਼ਾਸ ਧਿਆਨ ਰੱਖਿਆ ਜਾਵੇਗਾ।

-ਸਵਾਰੀਆਂ ਲਈ ਮਾਸਕ ਪਹਿਨਣਾ ਵੀ ਜ਼ਰੂਰੀ ਹੋਵੇਗਾ। ਮਾਸਕ ਤੋਂ ਬਿਨਾਂ ਬੱਸ ਵਿਚ ਜਾਣ ਦੀ ਮਨਜ਼ੂਰੀ ਨਹੀਂ ਦਿੱਤੀ ਜਾਵੇਗੀ।

-ਬੱਸ ਨੂੰ ਸੈਨੇਟਾਈਜ਼ ਕਰਨਾ ਵੀ ਲਾਜ਼ਮੀ ਹੋਵੇਗਾ।

-ਬੱਸ ਵਿਚ ਮੌਜੂਦ ਡਰਾਈਵਰ ਤੇ ਕੰਡਕਟਰ ਮਾਸਕ ਤੇ ਦਸਤਾਨੇ ਪਾਉਣੇ ਯਕੀਨੀ ਬਣਾਉਣਗੇ।

-ਡਰਾਈਵਰ ਦੇ ਕੈਬਿਨ ਤੇ ਸਵਾਰੀਆਂ ਵਿਚਕਾਰ ਸ਼ੀਸ਼ਾ ਜਾਂ ਪਲਾਸਟਿਕ ਦੀ ਸ਼ੀਟ ਲਾਈ ਜਾਵੇਗੀ।

## ਅਮਰੀਕਾ 'ਚ ਘੱਟਣ ਲੱਗ ਪਏ ਹਨ ਕੋਰੋਨਾ ਦੇ ਮਾਮਲੇ- ਟਰੰਪ

(ਸਫਾ 1 ਦੀ ਬਾਕੀ)

'ਚ ਮਿਲੇ ਹਨ। ਵੁਹਾਨ ਵਿਚ ਬਿਨਾਂ ਲੱਛਣ ਵਾਲੇ 337 ਮਰੀਜ਼ ਹਨ ਜੋ ਦੇਸ਼ ਵਿਚ ਸਭ ਤੋਂ ਵੱਧ ਹਨ। ਜਿਲੀਨ ਸੂਬੇ ਵਿਚ ਦੋ ਮਰੀਜ਼ ਮਿਲੇ ਹਨ ਜਦਕਿ ਸ਼ੰਘਾਈ 'ਚ ਇਕ ਮਰੀਜ਼ ਦੀ ਪੁਸ਼ਟੀ ਕੀਤੀ ਗਈ ਹੈ। ਉਧਰ, ਵੁਹਾਨ ਵਿਚ ਸਾਰੇ ਲੋਕਾਂ ਦਾ ਕੋਰੋਨਾ ਟੈਸਟ ਕਰਵਾਏ ਜਾਣ ਦੀ ਮੁਹਿੰਮ ਤਹਿਤ ਐਤਵਾਰ ਨੂੰ 3,35,887 ਲੋਕਾਂ ਦੇ ਟੈਸਟ ਕੀਤੇ ਗਏ। ਇਕ ਦਿਨ ਪਹਿਲੇ 1,22,675 ਲੋਕਾਂ ਦਾ ਕੋਰੋਨਾ ਟੈਸਟ ਕੀਤਾ ਗਿਆ ਸੀ।

**ਪੁਤਿਨ ਨੇ ਚਿੰਤਾ ਪ੍ਰਗਟਾਈ**

ਰੂਸ ਦੇ ਦੱਖਣੀ ਖੇਤਰ ਦਾਜੇਸਤਾਨ 'ਚ ਕੋਰੋਨਾ ਦੇ ਮਾਮਲਿਆਂ ਨੂੰ ਲੈ ਕੇ ਰੂਸ ਦੇ ਰਾਸ਼ਟਰਪਤੀ ਪੁਤਿਨ ਨੇ ਸੋਮਵਾਰ ਨੂੰ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਦਾਜੇਸਤਾਨ ਦੇ ਕੈਸਪੀਅਨ ਸਾਗਰ ਖੇਤਰ ਵਿਚ 3,460 ਨਵੇਂ ਮਾਮਲੇ ਸਾਹਮਣੇ ਆਏ ਹਨ ਅਤੇ 29 ਲੋਕਾਂ ਦੀ ਮੌਤ ਹੋਈ ਹੈ। ਹਾਲਾਂਕਿ ਰੂਸੀ ਮੀਡੀਆ ਨੇ ਕੋਰੋਨਾ ਪ੍ਰਭਾਵਿਤ ਲੋਕਾਂ ਦੀ ਗਿਣਤੀ ਹੋਰ ਜ਼ਿਆਦਾ ਹੋਣ ਦੀ ਗੱਲ ਕਹੀ ਹੈ। ਉਧਰ, ਰੂਸ ਦੇ ਰੱਖਿਆ ਮੰਤਰਾਲੇ ਨੇ ਸਾਇਬੇਰੀਆ ਦੀਆਂ ਸੋਨੇ ਦੀਆਂ ਖਾਣਾਂ 'ਚ ਕੰਮ ਕਰਨ ਵਾਲੇ ਮੁਲਾਜ਼ਮਾਂ ਦੇ ਇਲਾਜ ਲਈ ਅਸਥਾਈ ਹਸਪਤਾਲ ਬਣਾਇਆ ਹੈ।

**ਸੁੰਘਣ ਅਤੇ ਸਵਾਦ ਖ਼ਤਮ ਹੋਣਾ ਕਰੋਨਾ ਦਾ ਲੱਛਣ**

ਬ੍ਰਿਟੇਨ 'ਚ ਹੁਣ ਤਕ ਕੋਰੋਨਾ ਦੇ ਲੱਛਣਾਂ 'ਚ ਬੁਖਾਰ ਅਤੇ ਕਫ ਸ਼ਾਮਲ ਸੀ ਪ੍ਰੰਤੂ ਐਤਵਾਰ ਨੂੰ ਇਸ ਵਿਚ ਸੁੰਘਣ ਅਤੇ ਸਵਾਦ ਦੀ ਸਮਰੱਥਾ ਖ਼ਤਮ ਹੋਣ ਨੂੰ ਜੋੜ ਦਿੱਤਾ ਗਿਆ ਹੈ। ਸਿਹਤ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਨ੍ਹਾਂ ਨਵੇਂ ਲੱਛਣਾਂ ਨਾਲ ਕੋਰੋਨਾ ਮਰੀਜ਼ਾਂ ਦੀ ਗਿਣਤੀ ਵਿਚ ਦੋ ਫ਼ੀਸਦੀ ਦਾ ਵਾਧਾ ਹੋ ਸਕਦਾ ਹੈ। ਉਧਰ, ਬ੍ਰਿਟੇਨ ਦੇ ਵਣਜ ਮੰਤਰੀ ਆਲੋਕ ਸ਼ਰਮਾ ਨੇ ਕਿਹਾ ਹੈ ਕਿ ਦੇਸ਼ ਹੁਣ ਲਾਕਡਾਊਨ ਤੋਂ ਛੋਟ ਦੇ ਅਗਲੇ ਪੜਾਅ ਦੀ ਸਥਿਤੀ 'ਚ ਪੁੱਜ ਗਿਆ ਹੈ। ਭਾਰਤੀ ਮੂਲ ਦੇ ਮੰਤਰੀ ਨੇ ਕਿਹਾ ਕਿ ਲਾਕਡਾਊਨ ਦੌਰਾਨ ਅਸੀਂ ਲੈਵਲ ਚਾਰ ਵਿਚ ਸੀ ਪ੍ਰੰਤੂ ਹੁਣ ਤੁਹਾਡੇ ਸਾਰਿਆਂ ਦੇ ਯਤਨ ਨਾਲ ਅਸੀਂ ਇਨਫੈਕਸ਼ਨ ਦੇ ਪੱਧਰ ਨੂੰ ਘੱਟ ਕਰਨ 'ਚ ਕਾਮਯਾਬ ਰਹੇ ਹਾਂ। ਹੁਣ ਅਸੀਂ ਲੈਵਲ ਤਿੰਨ ਵੱਲ ਵੱਧ ਰਹੇ ਹਾਂ।

**ਹੰਗਰੀ ਅਤੇ ਸਲੋਵੇਨੀਆ ਸਰਹੱਦਾਂ ਖੋਲ੍ਹੀਆਂ**

ਹੰਗਰੀ ਅਤੇ ਸਲੋਵੇਨੀਆ ਇਕ ਜੂਨ ਤੋਂ ਆਪਣੀਆਂ ਸਰਹੱਦਾਂ ਖੋਲ੍ਹਣ ਨੂੰ ਰਾਜ਼ੀ ਹੋ ਗਏ ਹਨ। ਇਹ ਜਾਣਕਾਰੀ ਹੰਗਰੀ ਦੇ ਵਿਦੇਸ਼ ਮੰਤਰੀ ਨੇ ਆਪਣੇ ਫੇਸਬੁੱਕ ਪੇਜ 'ਤੇ ਦਿੱਤੀ। ਉਨ੍ਹਾਂ ਕਿਹਾ ਕਿ ਬਿਨਾਂ ਅੰਤਰਰਾਸ਼ਟਰੀ ਸਹਿਯੋਗ ਦੇ ਅਰਥ-ਵਿਵਸਥਾ 'ਚ ਤੇਜ਼ੀ ਨਹੀਂ ਲਿਆਈ ਜਾ ਸਕਦੀ ਹੈ। ਯੂਰਪੀ ਯੂਨੀਅਨ ਦੇ ਮੈਂਬਰ ਦੋਵਾਂ ਦੇਸ਼ਾਂ ਵਿਚਕਾਰ 2.5 ਅਰਬ ਯੂਰੋ (20 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ) ਦਾ ਵਪਾਰ ਹੁੰਦਾ ਹੈ। ਉਧਰ, ਲਾਕਡਾਊਨ ਤੋਂ ਛੋਟ ਦੇ ਅਗਲੇ ਪੜਾਅ ਵਿਚ ਸੋਮਵਾਰ ਤੋਂ ਇਟਲੀ ਅਤੇ ਵੈਟੀਕਨ 'ਚ ਗਿਰਜਾਘਰ ਖੁੱਲ੍ਹ ਗਏ। ਸੇਂਟ ਪੀਟਰਜ਼ ਬੇਸੀਲਿਆ 'ਚ ਨਾ ਕੇਵਲ ਪੋਪ ਫਰਾਂਸਿਸ ਨੇ ਸਵੇਰ ਦੀ ਪ੍ਰਾਰਥਨਾ ਵਿਚ ਹਿੱਸਾ ਲਿਆ ਸਗੋਂ ਪੋਪ ਜੋਹਨ ਪਾਲ ਦੂਜੇ ਦਾ ਜਨਮ ਦਿਨ ਵੀ ਮਨਾਇਆ। ਡੈਨਮਾਰਕ 'ਚ ਸੋਮਵਾਰ ਤੋਂ ਕੈਫ਼ੇ ਅਤੇ ਰੈਸਤਰਾਂ ਵੀ ਖੁੱਲ੍ਹ ਗਏ ਹਨ। ਡੈਨਮਾਰਕ ਯੂਰਪ ਮਹਾਦੀਪ ਦਾ ਪਹਿਲਾ ਅਜਿਹਾ ਦੇਸ਼ ਸੀ ਜਿਸ ਨੇ ਪਿਛਲੇ ਮਹੀਨੇ ਹੀ ਸਕੂਲ, ਡੇ-ਕੇਅਰ ਸੈਂਟਰ ਅਤੇ ਛੋਟੇ ਕੰਮ ਧੰਦਿਆਂ ਨੂੰ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ ਸੀ।

**ਚੀਨ ਰਾਜਦੂਤ ਦੀ ਮੌਤ ਦੀ ਜਾਂਚ ਲਈ ਟੀਮ ਭੇਜੇਗਾ**

ਇਜ਼ਰਾਈਲ ਸਥਿਤ ਆਪਣੇ ਘਰ 'ਚ ਮ੍ਰਿਤਕ ਮਿਲੇ ਚੀਨੀ ਰਾਜਦੂਤ ਡੂ ਵੇਈ ਦੀ ਮੌਤ ਦੀ ਜਾਂਚ ਲਈ ਚੀਨ ਇਕ ਵਿਸ਼ੇਸ਼ ਟੀਮ ਭੇਜੇਗਾ। ਸਥਾਨਕ ਮੀਡੀਆ ਅਨੁਸਾਰ ਟੀਮ ਸੁਤੰਤਰ ਰੂਪ ਨਾਲ ਜਾਂਚ ਕਰਨ ਦੇ ਨਾਲ ਹੀ ਅੰਤਿਮ ਸਸਕਾਰ ਲਈ ਉਨ੍ਹਾਂ ਦੀ ਦੇਹ ਨੂੰ ਚੀਨ ਲੈ ਕੇ ਜਾਣ ਦਾ ਵੀ ਪ੍ਰਬੰਧ ਕਰੇਗੀ। ਟੀਮ 'ਚ ਪਰਿਵਾਰ ਦੇ ਮੈਂਬਰ ਵੀ ਸ਼ਾਮਲ ਹੋਣਗੇ।

# ਇਸ ਸਾਲ ਦੇ ਅੰਤ ਤੱਕ ਤਿਆਰ ਹੋ ਸਕਦੀ ਹੈ ਕੋਰੋਨਾਵਾਇਰਸ ਵੈਕਸੀਨ- ਟਰੰਪ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)-** ਰਾਸ਼ਟਰਪਤੀ ਡੋਨਾਲਡ ਟਰੰਪ ਨੇ 'ਆਪਰੇਸ਼ਨ ਰੈਪ ਸਪੀਡ' ਦਾ ਐਲਾਨ ਕੀਤਾ ਹੈ ਜਿਸ ਤਹਿਤ ਕੋਰੋਨਾਵਾਇਰਸ ਵੈਕਸੀਨ ਦੀ ਖੋਜ਼ ਲਈ ਯਤਨ ਤੇਜ ਕੀਤੇ ਜਾਣਗੇ। ਉਨਾਂ ਕਿਹਾ ਕਿ ਜਨਵਰੀ ਆਉਣ ਤੱਕ ਸਾਡੇ ਕੋਲ ਕੋਰੋਨਾਵਾਇਰਸ ਵੈਕਸੀਨ ਹੋ ਸਕਦੀ ਹੈ। ਵਾਈਟ ਹਾਊਸ ਰੋਜ ਗਾਰਡਨ ਵਿਖੇ ਬੋਲਦਿਆਂ ਰਾਸ਼ਟਰਪਤੀ ਨੇ ਕਿਹਾ ਕਿ ' ਆਪਰੇਸ਼ਨ ਰੈਪ ਸਪੀਡ' ਦਾ ਅਰਥ ਹੈ ਵੱਡੇ ਪੱਧਰ 'ਤੇ ਤੇਜੀ ਨਾਲ ਯਤਨ। ਇਕ ਵਿਆਪਕ ਵਿਗਿਆਨਕ, ਸਨਅਤੀ ਤੇ ਤਰਕਸੰਗਤ ਕੋਸ਼ਿਸ਼ ਜੋ ਕਿ ਮੈਨਹਟਨ ਪ੍ਰਾਜੈਕਟ ਤੋਂ ਬਾਅਦ ਲੋਕਾਂ ਨੇ ਦੇਖੀ ਨਹੀਂ ਹੈ। ਉਨਾਂ ਕਿਹਾ ਕਿ ਸਾਡੇ ਲਈ ਇਹ ਮਾਣ ਵਾਲੀ ਗੱਲ ਹੋਵੇਗੀ ਜੇਕਰ ਅਸੀਂ ਇਸ ਸਾਲ ਦੇ ਖਤਮ ਹੋਣ ਤੋਂ ਪਹਿਲਾਂ ਵੈਕਸੀਨ ਤਿਆਰ ਕਰ ਲਈਏ। ਮੇਰਾ ਵਿਚਾਰ ਹੈ ਕਿ ਬਹੁਤ ਛੇਤੀ ਸਾਨੂੰ ਚੰਗੇ ਨਤੀਜੇ ਵੇਖਣ ਨੂੰ ਮਿਲਣਗੇ।

### 1680 ਹੋਰ ਮੌਤਾਂ

ਪਿਛਲੇ 24 ਘੰਟਿਆਂ ਦੌਰਾਨ 1680 ਹੋਰ ਮੌਤਾਂ ਹੋਣ ਨਾਲ ਅਮਰੀਕਾ ਵਿਚ ਕੋਰੋਨਾ ਵਾਇਰਸ ਨਾਲ ਮਰਨ ਵਾਲਿਆਂ ਦੀ ਗਿਣਤੀ 88507 ਹੋ ਗਈ ਹੈ। ਨਵੇਂ ਮਰੀਜ ਆਉਣ ਦੀ ਰਫਤਾਰ ਪਹਿਲਾਂ ਵਾਂਗ ਜਾਰੀ ਹੈ ਤੇ 26692 ਨਵੇਂ ਮਰੀਜ ਹਸਪਤਾਲਾਂ ਵਿਚ ਦਾਖਲ ਕੀਤੇ ਗਏ ਹਨ। ਮਰੀਜ਼ਾਂ ਦੀ ਕੁਲ ਗਿਣਤੀ 14,84,285 ਹੋ ਗਈ ਹੈ। ਪਿਛਲੇ 24 ਘੰਟਿਆਂ ਦੌਰਾਨ 8215 ਮਰੀਜ ਠੀਕ ਹੋਏ ਹਨ। ਹੁਣ ਤੱਕ 3,26,242 ਮਰੀਜ ਠੀਕ ਹੋ ਕੇ ਆਪਣੇ ਘਰਾਂ ਨੂੰ ਜਾ



ਚੁੱਕੇ ਹਨ।

### ਪੈਨੀ ਹੋਈ ਦਿਵਾਲੀਆ

ਲੰਬੇ ਸਮੇਂ ਤੋਂ ਘਟ ਰਹੀ ਵਿਕਰੀ ਤੇ ਉਪਰੋਂ ਪਈ ਕੋਰੋਨਾਵ-ਾਇਰਸ ਦੀ ਮਾਰ ਕਾਰਨ ਵੱਡੀ ਕਾਰੋਬਾਰੀ ਕੰਪਨ ਜੇ.ਸੀ ਪੈਨੀ ਨੇ ਆਪਣੇ ਆਪ ਨੂੰ ਦਿਵਾਲੀਆ ਐਲਾਨ ਦਿਤਾ ਹੈ ਤੇ ਉਸ ਦੀ ਸੰਕਟ ਵਿਚੋਂ ਨਿਕਲਣ ਲਈ ਆਪਣੇ ਕਈ ਸਟੋਰ ਪੱਕੇ ਤੌਰ 'ਤੇ ਬੰਦ ਕਰਨ ਦੀ ਯੋਜਨਾ ਹੈ। ਰੀਅਲ ਇਸਟੇਟ ਦੇ ਅੰਕੜਾ ਸੂਤਰ 'ਕੋਸਟਾਰ ਪੋਰਟ-ਫੋਲੀਓ ਸਟਰੈਟਜ਼ੀ' ਅਨੁਸਾਰ 2019 ਦੇ ਅੰਤ 'ਤੇ ਜੇ. ਸੀ ਪੈਨੀ ਦੇ ਪ੍ਰਚੂਨ ਦੇ 845 ਸਟੋਰ ਸਨ। ਕੰਪਨੀ ਨੇ ਕਿਹਾ ਹੈ ਲੱਗਦਾ ਹੈ ਕਿ ਕੁਝ ਵੀ ਕਾਰਗਰ ਸਾਬਤ ਨਹੀਂ ਹੋ ਰਿਹਾ। ਪਿਛਲੇ ਸਾਲਾਂ ਦੌਰਾਨ ਕੰਪਨੀ ਨੂੰ 4.45 ਅਰਬ ਡਾਲਰ ਦਾ ਨੁਕਸਾਨ ਹੋਇਆ ਹੈ ਤੇ ਹੁਣ ਰਹਿੰਦੀ ਖੂੰਹਦੀ ਕਸਰ ਕੋਰੋਨਾਵਾਇਰਸ ਨੇ ਕੱਢ ਦਿੱਤੀ ਹੈ।

### ਮਾਸਕ ਸਰੀਰ ਦਾ ਹਿੱਸਾ ਬਣੇ

ਬਹੁਤ ਸਾਰੇ ਅਮਰੀਕੀਆਂ ਲਈ ਮਾਸਕ ਉਨਾਂ ਦੇ ਸਰੀਰ ਦਾ ਹਿੱਸਾ ਬਣ ਗਿਆ ਹੈ ਹਾਲਾਂ ਕਿ ਕੁਝ ਰਾਜਾਂ ਨੇ ਲੋਕਾਂ ਨੂੰ ਕਿਹਾ ਹੈ ਕਿ ਮਾਸਕ ਉਸ ਸਮੇਂ ਹੀ ਪਹਿਨਿਆ ਜਾਵੇ ਜਦੋਂ ਉਨਾਂ ਲਈ ਸਮਾਜਿਕ ਦੂਰੀ ਬਣਾਕੇ ਰਖਣੀ ਮੁਸ਼ਕਿਲ ਹੋਵੇ। ਇਕੱਲੇ ਦੁਕੱਲੇ ਨੂੰ ਮਾਸਕ ਪਹਿਨਣ ਦੀ ਲੋੜ ਨਹੀਂ ਹੈ। ਕੰਪ-ਨੀਆਂ ਵੱਖ ਵੱਖ ਡਿਜ਼ਾਈਨਾਂ ਵਾਲੇ ਮਾਸਕ ਤਿਆਰ ਕਰਨ ਵਿਚ ਲੱਗੀਆਂ ਹੋਈਆਂ ਹਨ। ਕਈ ਲੋਕ ਆਪਣੇ ਪਰਿਵਾਰਕ ਮੈਂਬਰਾਂ ਲਈ ਘਰਾਂ ਵਿਚ ਹੀ ਮਾਸਕ ਬਣਾ ਰਹੇ ਹਨ ਤੇ ਕੁਝ ਕੰਪਨੀਆਂ ਵੀ ਲੋਕਾਂ ਨੂੰ ਮੁਫ਼ਤ ਮਾਸਕ ਦੇ ਰਹੀਆਂ ਹਨ। ਡਿਜ਼ਨੀ ਨੇ 10 ਲੱਖ ਮਾਸਕ ਲੋੜਵੰਦ ਪਰਿਵਾਰਾਂ ਤੇ ਬੱਚਿਆਂ ਨੂੰ ਵੰਡੇ ਹਨ।

# ਵਿਸਕਾਨਸਨ ਸੁਪਰੀਮ ਕੋਰਟ ਵੱਲੋਂ ਸਟੇਅ ਐਟ ਹੋਮ ਦੇ ਹੁਕਮ ਰੱਦ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)—** ਵਿਸਕਾਨਸਨ ਸੁਪਰੀਮ ਕੋਰਟ ਵੱਲੋਂ ਕੋਰੋਨਾਵਾਇਰਸ ਮਹਾਮਾਰੀ ਨੂੰ ਫੈਲਣ ਤੋਂ ਰੋਕਣ ਲਈ ਰਾਜ ਵੱਲੋਂ ਜਾਰੀ ਸਟੇਅ ਐਟ ਹੋਮ ਆਦੇਸ਼ਾਂ ਨੂੰ ਰੱਦ ਕਰ ਦਿੱਤਾ ਹੈ। ਇਸ ਫੈਸਲੇ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਦੀ ਜਿੱਤ ਕਰਾਰ ਦਿੰਦਿਆਂ ਕਿਹਾ ਹੈ ਕਿ ਲੋਕ ਆਪਣੀ ਜਿੰਦਗੀ ਜੀਣਾ ਚਹੁੰਦੇ ਹਨ।

ਡੈਮੋਕਰੈਟਿਕ ਆਗੂ ਵਿਸਕਾਨਸਨ ਦੇ ਗਵਰਨਰ ਟੋਨੀ ਐਵਰਜ ਨੇ ਕਿਹਾ ਹੈ ਕਿ ਅਦਾਲਤ ਦਾ ਨਿਰਨਾ ਲੋਕਾਂ ਦੀ ਸਿਹਤ ਨੂੰ ਗੰਭੀਰ ਜੋਖ਼ਮ ਵਿਚ ਪਾ ਸਕਦਾ ਹੈ। ਦੇਸ਼ ਦੇ ਚੋਟੀ ਦੇ ਸਿਹਤ ਮਾਹਿਰ ਡਾ ਐਨਥਨੀ ਫੌਕੀ ਨੇ ਕਿਹਾ ਹੈ ਕਿ ਲਾਕਡਾਊਨ ਬਹੁਤ ਸਾਰੀਆਂ ਜਾਨਾਂ ਬਚਾਉਣ ਵਿਚ ਸਫਲ ਹੋਇਆ ਹੈ ਜੇਕਰ ਪਾਬੰਦੀਆਂ ਨੂੰ ਕਾਹਲ 'ਚ ਹਟਾ ਲਿਆ ਗਿਆ ਤਾਂ ਮੌਤਾਂ ਬਹੁਤ ਜਿਆਦਾ ਹੋ ਸਕਦੀਆਂ ਹਨ।

### 2100 ਤੋਂ ਵਧ ਹੋਰ ਮੌਤਾਂ

ਅਮਰੀਕਾ ਵਿਚ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾਵਾਇਰਸ ਨੇ 2154 ਹੋਰ ਮਰੀਜ਼ਾਂ ਦੀ ਜਾਨ ਲੈ ਲਈ ਹੈ। ਇਸ ਤਰਾਂ ਹੁਣ ਤੱਕ 86912 ਹੋਰ ਅਮਰੀਕੀ ਦਮ ਤੋੜ ਚੁੱਕੇ ਹਨ। ਪੀੜਤ ਮਰੀਜ਼ਾਂ ਦੀ ਗਿਣਤੀ 14,57,593 ਹੋ ਗਈ ਹੈ ਜਦ ਕਿ 3,18,027 ਅਮਰੀਕੀ ਸਿਹਤਯਾਬ ਹੋ ਕੇ ਘਰਾਂ ਨੂੰ ਪਰਤ ਗਏ ਹਨ। ਸਿਹਤਯਾਬ ਹੋਣ ਦੀ ਦਰ ਵਿਚ ਸੁਧਾਰ ਹੋਇਆ ਹੈ। 4,04,939 ਮਰੀਜ਼ਾਂ ਵਿਚੋਂ 79% ਸਿਹਤਯਾਬ ਹੋਏ ਹਨ ਤੇ 21% ਦੀ ਮੌਤ ਹੋਈ ਹੈ। ਸਭ ਤੋਂ ਵਧ ਪ੍ਰਭਾਵਿਤ ਰਾਜ ਨਿਊਯਾਰਕ ਵਿਚ ਮੌਤਾਂ ਦੀ ਗਿਣਤੀ 27426 ਹੋ ਗਈ ਹੈ। ਮੌਤਾਂ ਦੇ ਮਾਮਲੇ ਵਿਚ ਨਿਊਜਰਸੀ ਦੂਸਰੇ ਸਥਾਨ 'ਤੇ ਹੈ ਜਿਥੇ 9946 ਮਰੀਜ਼ ਮੌਤ ਦੇ ਮੂੰਹ ਵਿਚ ਜਾ ਪਏ ਹਨ।

### ਟਰੰਪ ਵੱਲੋਂ ਫੈਕਟਰੀ ਦਾ ਦੌਰਾ

ਰਾਸ਼ਟਰਪਤੀ ਟਰੰਪ ਨੇ ਪੈਨਸਿਲਵੇਨੀਆ ਦੀ ਓਨਜ ਐਂਡ ਮਾਈਨਰ ਇੱਕ ਨਾਮੀ ਫੈਕਟਰੀ ਦਾ ਦੌਰਾ ਕੀਤਾ। ਉਨਾਂ ਨੇ ਫੈਕਟਰੀ ਮਾਲਕਾਂ ਤੇ ਮੁਲਾਜਮਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੈਨਸਿਲਵੇਨੀਆ ਦੇ ਗਵਰਨਰ ਉਪਰ ਅਰਥਵਿਵਸਥਾ ਖੋਲਣ ਲਈ ਜੋਰ ਪਾਉਣਾ ਪਵੇਗਾ। ਉਨਾਂ ਕਿਹਾ ਕਿ ਪੈਨਸਿਲਵੇਨੀਆ ਕੋਰੋਨਾਵਾਇਰਸ ਤੋਂ ਬਹੁਤ ਘਟ ਪ੍ਰਭਾਵਿਤ ਹੋਇਆ ਹੈ ਤੇ ਗਵਰਨਰ ਇਸ ਨੂੰ ਬੰਦ ਰਖਣਾ ਚਹੁੰਦੇ ਹਨ ਪਰੰਤੂ ਤੁਸੀ ਅਜਿਹਾ ਨਹੀਂ ਕਰ ਸਕਦੇ। ਇਸ ਫੈਕਟਰੀ ਵਿਚ ਮਾਸਕ, ਦਸਤਾਨੇ ਤੇ ਸਰਜੀਕਲ ਗਾਊਨ ਤਿਆਰ ਹੁੰਦੇ ਹਨ। ਆਪਣੇ ਦੌਰੇ ਦੌਰਾਨ ਟਰੰਪ ਬਿਨਾਂ ਮਾਸਕ ਹੀ ਨਜਰ ਆਏ ਜਦ ਕਿ ਉਨਾਂ ਦੇ ਨਾਲ ਗਏ ਅਧਿਕਾਰੀਆਂ ਤੇ ਮੁਲਾਜ਼ਮਾਂ ਨੇ ਮਾਸਕ ਪਾਏ ਹੋਏ ਸਨ।

### ਕਾਰੋਬਾਰੀਆਂ ਲਈ ਨਵੇਂ ਦਿਸ਼ਾ ਨਿਰਦੇਸ਼

ਲਾਗ ਦੀਆਂ ਬਿਮਾਰੀਆਂ ਬਾਰੇ ਚੋਟੀ ਦੇ ਮਾਹਿਰਾਂ ਨੇ ਕੋਰੋਨਾਵਾਇਰਸ ਮਹਾਮਾਰੀ ਦੌਰਾਨ ਕਾਰੋਬਾਰ ਤੇ ਸਕੂਲ ਖੋਲਣ ਸਬੰਧੀ ਨਵੇਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ ਜਿਨਾਂ ਵਿਚ ਇਕ ਵਾਰ ਫਿਰ 'ਸੋਸ਼ਲ ਡਿਸਟੈਂਸ' ਰਖਣ ਉਪਰ ਜੋਰ ਦਿੱਤਾ ਗਿਆ ਹੈ। ਉਦਾਹਰਣ ਵਜੋਂ ਰੈਸਟੋਰੈਂਟ ਮਾਲਕਾਂ ਨੂੰ ਪੁੱਛਿਆ ਗਿਆ ਹੈ ਕਿ ਕੀ ਉਹ ਗਾਹਕਾਂ ਵਿਚਾਲੇ ਦੂਰੀ ਰਖਣ ਤੇ ਮੁਲਾਜ਼ਮਾਂ ਲਈ ਛੁੱਟੀਆਂ ਦੇ ਮਾਮਲੇ ਵਿਚ ਨਰਮ ਰੁਖ ਅਪਣਾਉਣ ਲਈ ਤਿਆਰ ਹਨ। ਜੇਕਰ ਉਹ ਅਜਿਹਾ ਕਰ ਸਕਦੇ ਤਾਂ ਉਹ ਆਪਣੇ ਰੈਸਟੋਰੈਂਟ ਖੋਲ ਸਕਦੇ ਹਨ। ਏਜੰਸੀ ਨੇ ਇਹ ਦਿਸ਼ਾ-ਨਿਰਦੇਸ਼ ਆਪਣੀ ਵੈਬ ਸਾਈਟ ਉਪਰ ਵੀ ਪਾ ਦਿੱਤੇ ਹਨ।

# ਅਫ਼ਗਾਨ ਸਿੱਖਾਂ ਦੀ ਬਾਂਹ ਫੜ੍ਹੇ ਭਾਰਤ ਸਰਕਾਰ: ਭੁਪਿੰਦਰ ਸਿੰਘ ਖ਼ਾਲਸਾ

**ਕੈਨਟਨ (ਮਿਚੀਗਨ)-** ਭੁਪਿੰਦਰ ਸਿੰਘ ਖ਼ਾਲਸਾ, ਸੀਨੀਅਰ ਅਕਾਲੀ ਲੀਡਰ (ਯੂ ਐਸ ਏ) ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਭਾਰਤ ਸਰਕਾਰ ਵੱਲੋਂ ਹਾਲ ਹੀ ਵਿੱਚ ਪਾਸ ਕੀਤੇ ਗਏ ਸੀ ਏ ਏ ਕਾਨੂੰਨ ਅਧੀਨ ਅਫ਼ਗਾਨਿਸਤਾਨ ਵਿਚਲੇ ਸਿੱਖਾਂ ਨੂੰ ਭਾਰਤ ਆਉਣ ਲਈ ਵੀਜ਼ੇ ਦਿੱਤੇ ਜਾਣ ਅਤੇ ਉਨ੍ਹਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕੀਤਾ ਜਾਵੇ। ਪ੍ਰੈਸ ਨੂੰ ਜਾਰੀ ਇੱਕ ਬਿਆਨ ਵਿੱਚ ਖ਼ਾਲਸਾ ਨੇ ਕਿਹਾ ਕਿ



ਅਫ਼ਗਾਨਿਸਤਾਨ ਵਿੱਚ 200 ਸਾਲ ਤੋਂ ਸਿੱਖ ਰਹਿੰਦੇ ਆ ਰਹੇ ਹਨ। ਰੂਸੀ ਹਮਲੇ ਤੋਂ ਪਹਿਲਾਂ ਹਿੰਦੂ ਤੇ ਸਿੱਖਾਂ ਦੀ ਅਫ਼ਗਾਨਿਸਤਾਨ ਵਿੱਚ ਆਬਾਦੀ ਇੱਕ ਲੱਖ ਦੇ ਕਰੀਬ ਸੀ। ਹਾਲਾਤ ਖਰਾਬ ਹੋਣ ਕਰਕੇ 1992 ਵਿੱਚ 15 ਹਜ਼ਾਰ ਹਿੰਦੂ ਤੇ ਸਿੱਖ ਪਰਿਵਾਰ ਭਾਰਤ ਆ ਗਏ ਤੇ ਪਿੱਛੇ 3 ਹਜ਼ਾਰ ਦੇ ਕਰੀਬ ਹਿੰਦੂ ਸਿੱਖ ਕਾਬਲ ਰਹਿ ਗਏ। 2012 ਵਿੱਚ ਹਾਲਾਤ ਬਹੁਤ ਖ਼ਰਾਬ ਹੋ ਗਏ। ਤਾਲੇਬਾਨ ਨੇ ਹਿੰਦੂ ਸਿੱਖਾਂ 'ਤੇ ਸਰਕਾਰੀ ਨੌਕਰੀਆਂ ਕਰਨ 'ਤੇ ਪਾਬੰਦੀ ਲਾ ਦਿੱਤੀ।ਉਨ੍ਹਾਂ ਨੂੰ ਆਪਣੀ ਵੱਖਰੀ ਪਛਾਣ ਦਰਸਾਉਣ ਲਈ ਹੱਥਾਂ ਵਿੱਚ ਪੀਲੇ ਬੈਂਡ ਬੰਨਣ ਤੇ ਕਾਰੋਬਾਰੀ ਸਥਾਨਾਂ 'ਤੇ ਪੀਲੇ ਝੰਡੇ ਲਹਿਰਾਉਣ ਦੇ ਹੁਕਮ ਦਿੱਤੇ ਗਏ। ਇਸ ਉਨ੍ਹਾਂ ਉਨ੍ਹਾਂ ਦੀਆਂ ਜਾਇਦਾਦਾਂ 'ਤੇ ਕਬਜ਼ੇ ਹੋ ਰਹੇ ਹਨ। ਉਨ੍ਹਾਂ ਨੂੰ ਸਸਕਾਰ ਕਰਨ ਵਿਚ ਵੀ ਪੁਲੀਸ ਦੀ ਮਦਦ ਲੈਣੀ ਪੈਂਦੀ ਹੈ। ਉਹ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਕਾਬਲ ਵਿੱਚ 7 ਗੁਰਦੁਆਰੇ ਸਨ ਪਰ ਹੁਣ ਕੇਵਲ ਇੱਕ ਗੁਰਦੁਆਰਾ ਰਹਿ ਗਿਆ। ਇਸ ਸਮੇਂ 600 ਦੇ ਕਰੀਬ ਸਿੱਖ ਕਾਬਲ ਵਿੱਚ ਫਸੇ ਹੋਏ ਹਨ ਜਿਨ੍ਹਾਂ ਨੂੰ ਫੌ ਰੀ ਕੱਢਣ ਦੀ ਲੋੜ ਹੈ।







ਦੇਸ਼ ਦੁਆਬਾ

# ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖ਼ਾਸ ਨੁਕਤੇ ਦੇ ਉੱ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇੱਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿੱਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਹਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇੱਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ।।

ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ।। ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਿਲ ਕਰਨ ਦਾ ਸਿਧਾਂਤ ਆਪਣੇ ਆਪ ਵਿੱਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ ਪਾਤ ਸਿਧਾਂਤ ਨੇ ਭਾਰਤ ਦੇ ਮੂਲਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿੱਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਨ੍ਹਾਂ ਦੇ ਅਪਰਾਧ ਤੋਂ ਅਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿੱਚ ਉਨ੍ਹਾਂ ਦਾ ਯੋਗਦਾਨ ਹਾਸਿਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜ਼ਾਤ ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇੱਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ।। ਜੋ ਹਮ ਸਹਰੀ ਸੋ ਮੀਤ ਹਮਾਰਾ।। ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿੱਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਨਾਉਂਦਾ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਨਾ ਲਿਆ ਹੈ। ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿੱਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਨਾਇਆ, ਜਿਸ ਵਿੱਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਨ੍ਹਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਨਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਨੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ। ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਰਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ।

**– ਪ੍ਰੇਮ ਕੁਮਾਰ ਚੁੰਬਰ**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

ਲੜੀ ਨੰਬਰ-135

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਚਉਬੋਲੇ ਤੇ ਹੋਰ ਕਾਵਿ-ਰੂਪ ਜੋ "ਸ਼ਬਦ ਗੁਰੂ ਗ੍ਰੰਥ" ਵਿਖੇ ਆਏ



ਅਵਤਾਰ ਸਿੰਘ ਮਿਸ਼ਨਰੀ
510-432-5827

**ਰੱਬੀ ਭਗਤਾਂ ਤੇ ਸਿੱਖ ਗੁਰੂ ਸਾਹਿਬਾਨਾਂ ਨੇ ਲੋਕ-ਧਾਰਨਾ ਦੇ ਆਦਰਸ਼ 'ਤੇ ਵੰਨ-ਸੁਵੰਨੇ ਰੂਹਾਨੀ ਗੀਤਾਂ-ਰਾਗਾਂ ਆਦਿਕ ਦੀ ਰਚਨਾ ਕੀਤੀ। ਲੋਕ-ਕਾਵਿ ਦੇ ਜੋ ਰੂਪ ਅਪਣਾਏ ਗਏ ਉਨ੍ਹਾਂ ਬਾਰੇ ਜਾਣਕਾਰੀ-**

**ਅਲਾਹਣੀ**-ਇਹ ਸਰੀਰਕ ਤੌਰ ਤੇ ਮਰ ਚੁੱਕੇ ਪ੍ਰਾਣੀ ਦੀ ਯਾਦ 'ਚ ਸ਼ਲਾਘਾ ਦਾ ਸ਼ੋਕਮਈ ਗੀਤ ਹੈ। ਵਿਛੜੇ ਸਨੇਹੀ ਦੀ ਯਾਦ ਵਿੱਚ ਪਾਏ ਵੈਣਾਂ ਰਾਹੀਂ ਵਿਅੰਗਮਾਈ ਉਪਦੇਸ਼ ਹੈ। ਗੁਰੂ ਨਾਨਕ ਸਾਹਿਬ ਨੇ ਵਡਹੰਸ ਰਾਗ ਵਿੱਚ ਇਸ ਲੋਕ-ਧਾਰਨਾ ਦੇ ਆਧਾਰ 'ਤੇ ਸੰਸਾਰ ਦੀ ਨਾਸ਼ਵਾਨਤਾ ਦਰਸਾਉਂਦਿਆਂ ਬੜੇ ਹੀ ਦਰਦਨਾਕ ਜਜ਼ਬਿਆਂ ਦਾ ਜ਼ਿਕਰ 'ਅਲਾਹਣੀਆਂ' ਰਾਹੀਂ ਗੁਰਬਾਣੀ 'ਚ ਅੰਕਿਤ ਕੀਤਾ ਹੈ। ਆਰਤੀ-ਬਾਹਮਣੀ ਆਰਤੀ ਦੇ ਦਿਖਾਵੇ ਵਾਲੇ ਕਰਮਕਾਂਡ ਲਈ ਗਾਈ ਜਾਂਦੀ ਤੇ ਇਸ ਵਿੱਚ ਪੂਜਨੀਕ ਇਸ਼ਟ ਤੋਂ ਵਾਰਨੇ ਜਾਇਆ ਜਾਂਦਾ ਹੈ। ਰੱਬੀ ਭਗਤਾਂ ਭਗਤ ਕਬੀਰ, ਰਵਿਦਾਸ, ਸੈਣ ਜੀ ਆਦਿਕ ਤੇ ਗੁਰੂ ਨਾਨਕ ਸਾਹਿਬ ਨੇ ਵੀ ਇਸੇ ਲੈਅ ਵਿੱਚ ਕੁਝ ਸ਼ਬਦ ਉਚਾਰਨ ਕੀਤੇ ਜੋ "ਸ਼ਬਦ ਗੁਰੂ ਗ੍ਰੰਥ" ਵਿਖੇ ਆਰਤੀ ਸਿਰਲੇਖ ਅਧੀਨ ਅੰਕਿਤ ਹਨ। ਅੰਜੁਲੀ-ਇਹ ਬੇਨਤੀ ਦੇ ਬੋਲਾਂ ਦਾ ਗੀਤ ਜੋ "ਸ਼ਬਦ ਗੁਰੂ ਗ੍ਰੰਥ ਸਾਹਿਬ" ਵਿਖੇ ਮਾਰੂ ਰਾਗ ਵਿੱਚ ਦਰਜ ਹੈ। ਸਦੁ-ਇਹ ਲੰਮੀ ਹੇਕ ਨਾਲ ਗਾਇਆ ਜਾਣ ਵਾਲਾ ਪੇਂਡੂ ਗੀਤ ਹੈ। ਬਾਬਾ ਸੁੰਦਰ ਜੀ ਨੇ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਉਪ੍ਰੰਤ ਰਾਮਕਲੀ ਰਾਗ ਵਿੱਚ ਇਹ ਉਪਦੇਸ਼ ਦਿੱਤਾ। ਸੋਹਿਲਾ-ਇਹ ਖੁਸ਼ੀ ਦਾ ਗੀਤ ਹੈ। ਹਿੰਦੀ ਵਿੱਚ ਇਸ ਦਾ ਨਾਮ 'ਸੋਹਰ' ਪ੍ਰਸਿੱਧੈ ਜੋ ਜਨਮ-ਉਤਸਵ ਤੇ ਗਾਇਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੀ ਇਹ ਬਾਣੀ ਗਉੜੀ ਰਾਗ ਵਿੱਚ ਦਰਜ ਹੈ। ਕਰਹਲੇ-ਕਰਹਲਾ ਨੂੰ ਊਠ ਕਹਿੰਦੇ ਹਨ। ਪੁਰਾਣੇ ਜ਼ਮਾਨੇ ਵਿੱਚ ਵਪਾਰ ਲਈ ਊਠਾਂ 'ਤੇ ਸਮਾਨ ਆਦਿ ਲੱਦ ਕੇ ਵੱਖ-ਵੱਖ ਦੇਸ਼ਾਂ ਦਾ ਰਟਨ ਕੀਤਾ ਤੇ "ਕਰਹਲਾ ਧਾਰਨਾ" 'ਚ ਗੀਤ ਗਾਏ ਜਾਂਦੇ ਸਨ। ਇਸੇ ਭਾਵ ਨੂੰ ਲੈ ਕੇ ਮਾਇਆ ਵਿੱਚ ਭਟਕ ਰਹੇ ਜੀਵ ਨੂੰ ਉਪਦੇਸ਼ ਕਰਦੇ ਗਉੜੀ ਰਾਗ ਵਿੱਚ ਗੁਰੂ ਰਾਮ ਦਾਸ ਸਾਹਿਬ ਨੇ ਊਠ ਨਾਲ ਤੁਲਨਾ ਕਰਦੇ ਸੋਹਿਲੇ ਦੀ ਧਾਰਨਾ 'ਤੇ ਦੋ ਸ਼ਬਦ ਉਚਾਰਨ ਕੀਤੇ ਜੋ "ਸ਼ਬਦ ਗੁਰੂ ਗ੍ਰੰਥ ਗ੍ਰੰਥ" ਵਿਖੇ ਦਰਜ ਹਨ। ਕਾਫ਼ੀ-ਇਹ ਸੂਫੀ ਰਾਗ ਤੇ ਸੂਫ਼ੀਆਂ ਦਾ ਪ੍ਰੇਮ-ਗੀਤ ਹੈ। ਇਸ ਨੂੰ ਕਵਾਲ ਗਾਇਕ ਮਹਿਫਲਾਂ ਵਿੱਚ ਗਾਉਂਦੇ ਅਤੇ ਪੰਜਾਬ ਵਿੱਚ ਇਹ ਧੁਨ ਕਾਫ਼ੀ ਪ੍ਰਸਿੱਧ ਰਹੀ ਹੈ। ਇਸ ਸੂਫੀ ਰਾਗ ਨੂੰ ਗੁਰੂ ਨਾਨਕ ਸਾਹਿਬ, ਗੁਰੂ ਅਮਰਦਾਸ ਸਾਹਿਬ, ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਸਾ, ਤਿਲੰਗ, ਸੂਹੀ ਤੇ ਮਾਰੂ ਰਾਗ ਵਿੱਚ ਗਾਇਆ ਹੈ। ਘੋੜੀਆਂ-ਵਿਆਹ ਸਮੇਂ ਜਦ ਲਾੜ੍ਹਾ, ਘੋੜੀ ਚੜ੍ਹਦੈ ਤਾਂ ਭੈਣਾਂ, ਜੋ ਖੁਸ਼ੀ ਦੇ ਗੀਤ ਗਾਉਂਦੀਆਂ ਉਨ੍ਹਾਂ ਨੂੰ 'ਘੋੜੀਆਂ' ਕਿਹਾ ਜਾਂਦਾ ਹੈ। ਇਸ ਲੈਅ 'ਤੇ ਵਡਹੰਸ ਰਾਗ ਵਿੱਚ ਗੁਰੂ ਰਾਮਦਾਸ ਜੀ ਨੇ ਦੋ ਸ਼ਬਦ ਉਚਾਰਨ ਕੀਤੇ ਹਨ। ਚਉਬੋਲੇ-ਚਉਬੋਲੇ ਭਾਵੇਂ ਇੱਕ-ਮਾਤ੍ਰਿਕ ਛੰਦ ਦਾ ਵੀ ਨਾਂ ਹੈ ਪਰ ਉਸ ਦਾ ਵਜ਼ਨ "ਸ਼ਬਦ ਗੁਰੂ ਗ੍ਰੰਥ" ਵਿੱਚ ਦਰਜ ਅੰਕ ੧੩੫੩ ਉੱਪਰ ਪੰਚਮ ਪਾਤਸ਼ਾਹ ਦੇ ਉਨ੍ਹਾਂ ੧੧ ਸਲੋਕਾਂ ਉੱਤੇ ਨਹੀਂ ਢੁੱਕਦਾ ਜਿਨ੍ਹਾਂ ਦਾ ਸਿਰਲੇਖ "ਚਉਬੋਲੇ" ਹੈ। ਕੁਝ ਸਿੱਖ ਵਿਦਵਾਨ ਇਹ ਵੀ ਵਿਆਖਦੇ ਹਨ ਕਿ ਇਹ ਚਾਰ ਸਿੱਖਾਂ-ਸੰਮਨ, ਮੂਸਨ, ਜਮਾਲ, ਪਤੰਗ ਪ੍ਰਤੀ ਬੋਲੇ ਜਾਣ ਕਰ ਕੇ ਚਉਬੋਲੇ ਹੈ ਪਰ ਇਹ ਠੀਕ ਨਹੀਂ ਸਗੋਂ ਚਉ ਭਾਵ ਚਾਉ, ਉਮੰਗ, ਉਤਸ਼ਾਹ ਅਤੇ ਬੋਲੇ ਦਾ ਭਾਵ ਬਚਨ ਹੈ। ਸੰਮਨ ਦਾ ਅਰਥ ਮਨ ਵਾਲਾ ਸੰ+ਮਨ ਖੁਲ੍ਹੇ ਦਿੱਲ ਵਾਲ਼ਾ ਪ੍ਰਾਣੀ ਤੇ ਮੂਸਨ ਦਾ ਅਰਥ-ਲੁੱਟਿਆ ਜਾ ਰਿਹਾ ਪ੍ਰਾਣੀ ਹੈ। ਸੰਸਕ੍ਰਿਤ ਵਿੱਚ 'ਮੁਸ਼' ਤੋਂ 'ਮੂਸ਼ਨ' ਬਣਦਾ ਹੈ ਜਿੱਸ ਦਾ ਅਰਥ ਲੁਟੇ ਜਾਣਾ ਹੈ। ਚੌਬੋਲਾ: ਇਹ ਚਾਰ ਤੁਕਾਂ ਵਾਲਾ ਲੋਕ ਗੀਤ ਹੈ।ਇਸ ਲੋਕ-ਗੀਤ ਦੇ ਵੀ ਕਈ ਰੂਪ ਮਿਲਦੇ ਹਨ ਜਿਨ੍ਹਾਂ ਵਿਚੋਂ ਕੁਝ ਪਿੰਗਲ ਦੇ ਨਿਯਮਾਂ ਦੀ ਪਾਲਣਾ ਕਰਦੇ ਹਨ ਤੇ ਕੁਝ ਖੁਲੇ ਰੂਪ ਵਾਲੇ ਹਨ-ਫੱਗਣ ਮਹੀਨੇ ਮੀਂਹ ਪੈ ਜਾਂਦਾ, ਲਗਦਾ ਕਰੀਰੀਂ ਬਾਟਾ। ਸਰਹੋਂ ਨੂੰ ਤਾਂ ਫੁੱਲ ਲੱਗ ਜਾਂਦੇ, ਛੋਲਿਆਂ ਨੂੰ ਪਏ ਪਟਾਕਾ। ਸ਼ੌਕ ਨਾਲ ਜੱਟ ਗਿੱਧਾ ਪਾਉਂਦੇ, ਰੱਬ ਸਭਨਾਂ ਦਾ ਰਾਖਾ। ਬਸੰਤੀ ਫੁੱਲਾ ਵੇ, ਆ ਕੇ ਦੇ ਜਾ ਝਾਕਾ।

(ਅਦੀਬ ਕਵੀ)

ਇਸ ਲਈ ਚਉਬੋਲੇ ਇੱਕ ਤਰ੍ਹਾਂ ਦੇ ਪ੍ਰੇਮ-ਗੀਤ ਰੂਪੀ ਗੁਰ-ਬਚਨ ਸ਼ਬਦ ਹਨ ਪਰ ਇਸ ਬਾਣੀ ਨਾਲ ਜੋੜੀ ਗਈ ਅਗਲੀ ਕਹਾਣੀ ਸਰਾ ਸਰ ਝੂਠੀ ਹੈ। ਸਾਖੀ ਦਸਦੀ ਹੈ ਕਿ ਸੰਮਨ ਤੇ ਮੂਸਨ ਦੋਵੇਂ ਬਾਪ-ਬੇਟਾ ਗੁਰੂ ਅਰਜਨ ਸਾਹਿਬ ਦੇ ਗਰੀਬ ਸਿੱਖ ਪਰ ਗੁਰੂ ਜੀ ਨੂੰ ਸਤਿਕਾਰ ਨਾਲ ਇਹ ਪ੍ਰਛਾਦਾ ਛਕਾਉਣਾ ਚਾਹੁੰਦੇ ਸਨ। ਘਰ ਪੈਸੇ ਦੀ ਥੋੜ ਸੀ ਇਸ ਲਈ ਪਿੰਡ ਦੇ ਬਾਣੀਏ ਕੋਲ ਗਏ ਜਿਸ ਤੋਂ ਉਹ ਸਿੱਖ ਪਹਿਲਾਂ ਵੀ ਅਕਸਰ ਸੌਦਾ ਉਧਾਰ ਲੈ ਆਉਂਦੇ ਸਨ। ਇਨ੍ਹਾਂ ਦੋਹਾਂ ਬਾਪ-ਬੇਟੇ ਨੇ ਰਾਤ ਨੂੰ ਸੰਨ੍ਹ ਲਾ ਕੇ, ਚੋਰੀ ਕਰਕੇ, ਲੋੜੀਂਦਾ ਮਾਲ ਕੱਢ ਲਿਆਉਣ ਦੀ ਸੋਚੀ ਪਰ ਰਾਤ ਨੂੰ ਮਾਲ ਕੱਢ ਕੇ ਵਾਪਸ ਆਉਂਦੇ ਸਮੇਂ ਛੱਤ ਵਿੱਚ ਕੀਤੇ ਪਾੜ ਵਿੱਚ ਪੁੱਤ੍ਰ ਦਾ ਧੜ ਫੱਸ ਗਿਆ ਤੇ ਪਿਉ ਨੇ ਇਹ ਸੋਚ ਕੇ ਆਪਣੇ ਪੁਤ੍ਰ ਦਾ ਸਿਰ ਵੱਡ ਕੇ ਨਾਲ ਲੈ ਆਂਦਾ ਕਿ ਕਿਸੇ ਨੂੰ ਪਤਾ ਨਾ ਲੱਗ ਜਾਏ ਕਿ ਕੌਣ ਚੋਰੀ ਕਰਕੇ ਗਿਆ ਹੈ। ਬਾਣੀਆਂ ਅਗਲੇ ਦਿਨ ਇਸ ਧੜ ਨੂੰ ਦੇਖਕੇ ਡਰਦੇ ਮਾਰੇ ਉਸੇ ਸਿੱਖ ਨੂੰ ਆਪਣੇ ਘਰ ਬੁਲਾਉਂਦੇ ਤੇ ਇਹ ਆਖਦੈ ਕਿ ਸਿੱਖਾ ਤੇਰਾ ਪਿਛਲਾ ਕਰਜ਼ਾ ਮੁਆਫ ਤੇ ਹੋਰ ਵੀ ਪੈਸੇ ਲੈ ਸਕਦਾ ਹੈਂ ਪਰ ਮੇਰੇ ਕੋਠੇ 'ਚ ਡਿੱਗੇ ਧੜ ਨੂੰ ਕਿਸੇ ਬਿਲੇ ਲਾ ਤਾਂ ਕਿ ਮੇਰੇ ਤੇ ਕਤਲ ਕੇਸ ਨਾ ਪੈ ਜਾਵੇ। ਸਿੱਖ ਜਾਣਦੈ ਕਿ ਇਹ ਮੇਰੇ ਪੁਤ੍ਰ ਦਾ ਧੜ ਤੇ ਉਹ ਇਸ ਨੂੰ ਆਪਣੇ ਘਰ ਲੈ ਆਉਂਦਾ ਹੈ। ਅਗਲੇ ਦਿਨ ਜਦ ਗੁਰੂ ਸਾਹਿਬ ਉਨ੍ਹਾਂ ਦੇ ਘਰ ਪ੍ਰਛਾਦਾ ਛੱਕਣ ਆਏ ਤੇ ਬਾਪ ਮੂਸਨ ਨੂੰ ਕਹਿੰਦੇ ਹਨ ਕਿ ਆਪਣੇ ਬੇਟੇ ਸੰਮਨ ਨੂੰ ਬੁਲਾਉ। ਬਾਪ ਕਹਿੰਦੈ ਕਿ ਗੁਰੂ ਜੀ ਉਹ ਤਾਂ ਚੁਬਾਰੇ 'ਚ ਸੁੱਤਾ ਪਿਐ ਤੇ ਗੁਰੂ ਜੀ ਆਖਦੇ ਹਨ ਕਿ ਜਾਓ ਉਸ ਨੂੰ ਉਠਾ ਲਿਆਉ। ਜਦ ਬਾਪ ਅੰਦਰ ਜਾਂਦੈ ਤਾਂ ਬੇਟਾ ਜਿਉਂਦਾ ਹੋ ਬਾਪ ਨਾਲ ਗੁਰੂ ਜੀ ਦੇ ਬੋਲ ਮੁਤਾਬਕ ਬਾਹਰ ਆ ਜਾਂਦਾ ਹੈ। ਪ੍ਰਵਾਰ ਵਿੱਚ ਖੁਸ਼ੀਆਂ ਦੀ ਲਹਿਰ ਦੌੜ ਗਈ ਤੇ ਗੁਰੂ ਜੀ ਪ੍ਰਸ਼ਾਦ ਛੱਕ ਕੇ ਚਲੇ ਗਏ। ਇਸ ਕਹਾਣੀ ਮੁਤਾਬਕ ਤਾਂ ਸੰਮਨ-ਮੂਸਨ ਦੋਵੇਂ ਗੁਰੂ ਕੇ ਸਿੱਖ ਚੋਰ ਤੇ ਗੁਰੂ ਜੀ ਵੀ ਚੋਰੀ ਦਾ ਮਾਲ ਖਾ ਕੇ ਆਪਣੇ ਸਿੱਖਾਂ ਨੂੰ ਅਸੀਸਾਂ ਦੇ ਰਹੇ ਹਨ। ਬੇਟੇ ਦਾ ਧੜ ਬਾਣੀਏਂ ਦੇ ਘਰੋਂ ਲਿਆ ਕੇ ਇੱਕ ਦਿਨ ਘਰ ਵੀ ਰੱਖ ਲਿਆ ਤੇ ਸਾਰਾ ਖੂਨ ਵਗ ਜਾਣ ਦੇ ਬਾਵਜੂਦ ਵੀ ਸਿੱਖ ਦਾ ਬੇਟਾ ਗੁਰੂ ਜੀ ਦੀ ਅਸ਼ੀਰਵਾਦ ਨਾਲ ਜਿਉਂਦਾ ਹੋ ਗਿਆ। ਜਰਾ ਸੋਚੋ! ਗੁਰੂ ਅਰਜਨ ਸਾਹਿਬ ਆਪਣੇ ਆਪ ਨੂੰ ਜਹਾਂਗੀਰ ਦੇ ਜ਼ੁਲਮ ਤੋਂ ਬਚਾ ਸਕੇ? ਤੇ ਤਸੀਹੇ ਸਹਿ ਕੇ ਸ਼ਹੀਦ ਹੋ ਗਏ ਪਰ ਇੱਧਰ ਕਰਾਮਾਤੀ ਸ਼ਕਤੀ ਨਾਲ ਮੁਰਦਾ ਜਿੰਦਾ ਕਰ ਸਕਦੇ ਸਨ? ਕੀ ਬਾਣੀਆਂ ਤੇ ਉਸਦੇ ਘਰ ਵਾਲਿਆਂ ਨੂੰ ਧੱੜ ਡਿਗਣ ਨਾਲ ਜਾਗ ਨਾਂ ਆਈ ਤੇ ਘਰ ਪਏ ਧੜ ਨੂੰ ਕਿਸੇ ਨਹੀਂ ਪਛਾਣਿਆ? ਧੜ ਨੂੰ ਕਿਸੇ ਬੰਨੇ ਲਾਉਣ ਲਈ ਬਾਣੀਆਂ ਇਸੇ ਸਿੱਖ ਮੂਸਨ ਨੂੰ ਕਹਿੰਦਾ ਕਿ ਤੁਸੀਂ ਧੜ ਉਠਾ ਕੇ ਲੈ ਜਾਉ ਤੇ ਤੁਹਾਡਾ ਕਰਜ਼ਾ ਮੁਆਫ। ਕੀ ਪਿੰਡ ਦੇ ਆਦਮੀਆਂ ਦੀ ਬਾਣੀਏਂ ਨੂੰ ਪਛਾਣ ਨੂੰ ਨਹੀਂ ਨਹੀਂ ਸੀ? ਚੋਰ ਪਹਿਲਾਂ ਕੰਧ ਪਾੜਦਾ ਨਾ ਕਿ ਛੱਤ। ਕੀ ਜੇ ਮਾਲ ਦੀ ਪੰਡ ਪਾੜ ਚੋਂ ਲੰਘ ਗਈ ਤਾਂ ਬੇਟੇ ਦਾ ਧੜ ਛੱਤ ਵਾਲੇ ਪਾੜ ਵਿੱਚ ਕਿਵੇਂ ਫਸ ਗਿਆ? ਕੀ ਕੋਠੇ ਦੀ ਛੱਤ 'ਤੇ ਚੜ੍ਹਨ ਲਈ ਪਾਉੜੀ ਵੀ ਬਾਣੀਏਂ ਨੇ ਆਪ ਲਾਈ ਸੀ? ਪਾਠਕ ਜਨ ਜਰਾ ਸੋਚਣ ਕਿ ਗੁਰੂ ਸਾਹਿਬ ਚੋਰੀ ਕਰਨੀ ਨਹੀਂ ਸਗੋਂ ਮਿਹਨਤ ਕਰਨੀ ਸਿਖਾਉਂਦੇ ਹਨ। ਗੁਰੂ ਦਾ ਉਪਦੇਸ਼ ਸੁਣ ਕੇ ਤਾਂ ਵੱਡੇ-ਵੱਡੇ ਚੋਰ ਤੇ ਠੱਗ ਆਪਣਾ ਸੁਭਾਵ ਬਦਲ ਕੇ ਗੁਰੂ ਦੇ ਸਿੱਖ ਬਣ ਗਏ ਪਰ ਇਹ ਸਿੱਖੀ ਦੇ ਨਿਘਾਰ ਲਈ ਸਿੱਖੀ ਦੁਸ਼ਮਣਾਂ ਵੱਲੋਂ ਘੜੀਆਂ ਕਹਾਣੀਆ ਹਨ। ਸੋਚੋ ਜੋ ਵੀ ਕਹਾਣੀ ਗੁਰੂ ਜੀ ਦੇ ਉਪਦੇਸ਼ ਵਿਰੁੱਧੈ ਉਹ ਸਾਨੂੰ ਛੱਡ ਦੇਣੀ ਤੇ "ਸ਼ਬਦ ਗੁਰੂ ਗ੍ਰੰਥ" 'ਤੇ ਭਰੋਸਾ ਕਰਨਾ ਚਾਹੀਦਾ ਹੈ। ਦੇਖੋ ਜਰਾ ਚਉਬੋਲੇ ਬਾਣੀ ਕੀ ਉਪਦੇਸ਼ ਦੇ ਰਹੀ ਹੈ-

ੴ ਸਤਿਗੁਰ ਪ੍ਰਸਾਦਿ॥ ਚਉਬੋਲੇ ਮਹਲਾ ੫ ਸੰਮਨ ਜਉ ਇਸ ਪ੍ਰੇਮ ਕੀ ਦਮ ਕਿਹੁ ਹੋਤੀ ਸਾਟ॥ ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ॥੧॥ ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ॥ ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗ॥੨॥ ਧਨ ਦੇ ਵੱਟੇ ਹਰਿ-ਨਾਮ ਦਾ ਪ੍ਰੇਮ ਨਹੀਂ ਮਿਲ ਸਕਦਾ ਜੇ ਇਸ ਪ੍ਰੇਮ ਦਾ ਵਟਾਂਦਰਾ ਧਨ ਤੋਂ ਹੋ ਸਕਦਾ ਤਾਂ ਮਿਥਿਹਾਸ ਮੁਤਾਬਕ ਰਾਵਣ ਜਿਸ ਨੇ ਸ਼ਿਵ ਜੀ ਨੂੰ ਖ਼ੁਸ਼ ਕਰਨ ਲਈ ਗਿਆਰਾਂ ਵਾਰੀ ਆਪਣੇ ਸਿਰ ਵੱਢ ਕੇ ਦਿੱਤੇ ਉਹ ਸਿਰ ਦੇਣ ਦੇ ਥਾਂ ਬੇਅੰਤ ਧਨ ਦੇ ਦੇਂਦਾ ਕਿਉਂਕਿ ਰਾਵਣ ਕੰਗਾਲ ਨਹੀਂ ਸੀ। ਹੇ ਦਾਨੀ ਮਨੁੱਖ! ਵੇਖ, ਜਿਸ ਮਨੁੱਖ ਦਾ ਹਿਰਦਾ ਆਪਣੇ ਪ੍ਰੀਤਮ ਦੇ ਪ੍ਰੇਮ-ਪਿਆਰ ਵਿੱਚ ਮਗਨ ਹੋਇਆ ਰਹਿੰਦੈ ਉਸ ਦੇ ਅੰਦਰ ਆਪਣੇ ਪ੍ਰੀਤਮ ਨਾਲੋਂ ਰਤਾ ਭਰ ਭੀ ਦੂਰੀ ਨਹੀਂ ਹੁੰਦੀ ਜਿਵੇਂ ਭੌਰਾ ਕੌਲ-ਫੁੱਲ ਦੇ ਰਸ 'ਚ ਮਗਨ ਰਹਿੰਦਾ ਤਿਵੇਂ ਉਸ ਮਨੁੱਖ ਦਾ ਮਨ ਪ੍ਰਭੂ ਦੇ ਗੁਣਾਂ ਰੂਪੀ ਸੋਹਣੇ ਚਰਨਾਂ ਵਿੱਚ ਲੱਗਾ ਰਹਿੰਦਾ ਹੈ। ਉਸ ਦੀ ਸਮਝ ਵਾਲੀ ਮਾਨਸਕ ਤਾਕਤ ਲਗਨ ਵਿੱਚ ਹੀ ਲੀਨ ਹੋਈ ਰਹਿੰਦੀ ਹੈ।

ਸਾਗਰ ਮੇਰ ਉਦਿਆਨ ਬਨ ਨਵ ਖੰਡ ਬਸੁਧਾ ਭਰਮ॥ ਮੂਸਨ ਪ੍ਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ॥੩॥ ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ॥ ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ॥੪॥ ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ॥ ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ॥੫॥ ਮੂਸਨ ਮਰਮੁ ਨ ਜਾਨਈ ਮਰਤ ਹਿਰਤ ਸੰਸਾਰ॥ ਪ੍ਰੇਮ ਪਿਰੰਮ ਨ ਬੇਧਿਓ ਉਰਝਿਓ ਮਿਥ ਬਿਉਹਾਰ॥੬॥ ਘਬੁ ਦਬੁ ਜਬ ਜਾਰੀਐ ਬਿਛੁਰਤ ਪ੍ਰੇਮ ਬਿਹਾਲ॥ ਮੂਸਨ ਤਬ ਹੀ ਮੂਸੀਐ ਬਿਸਰਤ ਪੁਰਖ ਦਇਆਲ॥੭॥ ਸਮੁੰਦਰ, ਪਰਬਤ, ਜੰਗਲ, ਸਾਰੀ ਧਰਤੀ ਇਨ੍ਹਾਂ ਦੀ ਯਾਤਰਾ ਆਦਿਕ ਦੀ ਖ਼ਾਤਰ ਭ੍ਰਮਣ ਕਰਨ ਵਿੱਚ ਹੀ ਆਤਮਕ ਜੀਵਨ ਵਲੋਂ ਲੁੱਟੇ ਜਾ ਰਹੇ ਮਨੁੱਖ! ਪ੍ਰੀਤਮ-ਪ੍ਰਭੂ ਦੇ ਪ੍ਰੇਮ ਦੇ ਰਸਤੇ ਵਿੱਚ ਮੈਂ ਤਾਂ ਇਸ ਸਾਰੇ ਰਟਨ ਨੂੰ ਸਿਰਫ਼ ਇੱਕ ਕਦਮ ਦੇ ਬਰਾਬਰ ਹੀ ਸਮਝਦਾ ਹਾਂ। ਹੇ ਆਤਮਕ ਜੀਵਨ ਲੁਟਾ ਰਹੇ ਮਨੁੱਖ! ਜਦ ਚੰਦ ਦੀ ਚਾਨਣੀ ਸਾਰੇ ਆਕਾਸ਼ ਉਤੇ ਖਿਲਰੀ ਹੁੰਦੀ ਹੈ ਤਦ ਭੌਰੇ ਕੌਲ-ਫੁੱਲ ਵਿੱਚ ਵਿੱਝੇ-ਬੱਝੇ ਹੋਏ ਕੌਲ-ਫੁੱਲ ਵਿੱਚ ਹੀ ਲਪਟ ਰਹੇ ਹੁੰਦੇ ਹਨ। ਇਸੇ ਤਰ੍ਹਾਂ ਜਿਨ੍ਹਾਂ ਮਨੁੱਖਾਂ ਦੇ ਹਿਰਦੇ-ਆਕਾਸ਼ ਨੂੰ ਪ੍ਰਭੂ-ਪ੍ਰੇਮ ਦੀ ਚਾਨਣੀ ਰੌਸ਼ਨ ਕਰ ਰਹੀ ਹੁੰਦੀ ਹੈ ਉਹ ਮਨੁੱਖ ਪ੍ਰਭੂ-ਪ੍ਰੇਮ ਵਿਚ ਵਿੱਝੇ ਹੋਏ ਪ੍ਰਭੂ ਦੇ ਸੋਹਣੇ ਚਰਨਾਂ ਵਿੱਚ ਜੁੜੇ ਰਹਿੰਦੇ ਹਨ। ਦੇਵਤਿਆਂ ਨੂੰ ਪ੍ਰਸੰਨ ਕਰਨ ਦੀ ਖ਼ਾਤਰ ਮੰਤ੍ਰਾਂ ਦੇ ਜਾਪ, ਧੂਣੀਆਂ ਤਪਾਣੀਆਂ, ਇੰਦ੍ਰਿਆਂ ਨੂੰ ਵੱਸ ਕਰਨ ਲਈ ਪੁੱਠੇ ਲਟਕਣ ਆਦਿਕ ਦੇ ਅਨੇਕਾਂ ਜਤਨ ਇਨ੍ਹਾਂ ਸਾਧਨਾਂ ਤੋਂ ਮਿਲੀ ਖ਼ੁਸ਼ੀ, ਇੱਜ਼ਤ, ਵਡਿਆਈ, ਇਨ੍ਹਾਂ ਤੋਂ ਮਿਲਿਆ ਸੁਖ ਅਤੇ ਅਹੰਕਾਰ ਇਨ੍ਹਾਂ ਵਿੱਚ ਹੀ ਆਤਮਕ ਜੀਵਨ ਨੂੰ ਲੁਟਾ ਰਹੇ ਮਨੁੱਖ! ਮੈਂ ਤਾਂ ਅੱਖ ਝਮਕਣ ਜਿਤਨੇ ਸਮੇ ਲਈ ਮਿਲੇ ਪ੍ਰਭੂ-ਪਿਆਰ ਤੋਂ ਇਨ੍ਹਾਂ ਸਾਰੇ ਸਾਧਨਾਂ ਨੂੰ ਕੁਰਬਾਨ ਕਰਦਾ ਹਾਂ। ਐ ਮਨੁੱਖ! ਵੇਖ, ਤੇਰੇ ਵਾਂਗ ਹੀ ਇਹ ਜਗਤ ਪ੍ਰੇਮ ਦਾ ਭੇਤ ਨਹੀਂ ਜਾਣਦਾ ਤੇ ਆਤਮਕ ਮੌਤੇ ਮਰਦਾ ਆਤਮਕ ਜੀਵਨ ਦੀ ਰਾਸ-ਪੂੰਜੀ ਲੁਟਾ ਰਿਹੈ ਪ੍ਰੀਤਮ-ਪ੍ਰਭੂ ਦੇ ਪਿਆਰ ਵਿੱਚ ਨਹੀਂ ਵਿੱਝਦਾ, ਨਾਸਵੰਤ ਪਦਾਰਥਾਂ ਦੇ ਵਿਹਾਰ-ਕਾਰ ਵਿੱਚ ਹੀ ਫਸਿਆ ਰਹਿੰਦਾ ਤੇ ਜਦ ਕਿਸੇ ਮਨੁੱਖ ਦਾ ਘਰ ਸੜਦਾ ਤਾਂ ਇਹ ਧਨ-ਪਦਾਰਥ ਨਾਲ ਸੜ ਜਾਂਦਾ ਹੈ। ਉਸ ਜਾਇਦਾਦ ਤੋਂ ਵਿਛੁੜਿਆ ਹੋਇਆ ਮਨੁੱਖ ਉਸ ਦੇ ਮੋਹ ਦੇ ਕਾਰਨ ਦੁਖੀ ਹੁੰਦਾ ਤੇ ਪੁਕਾਰਦੈ ਲੋਕੋ ਮੈਂ ਲੁੱਟਿਆ ਗਿਆ। ਹੇ ਭਾਈ ਅਸਲ ਵਿਚ ਤਦੋਂ ਹੀ ਲੁੱਟੇ ਜਾਈਦੈ ਜਦੋਂ ਦਇਆ ਦਾ ਸੋਮਾ ਅਕਾਲ ਪੁਰਖ ਮਨੋਂ ਭੁੱਲਦਾ ਹੈ।

ਜਾ ਕੋ ਪ੍ਰੇਮ ਸੁਆਉ ਹੈ ਚਰਨ ਚਿਤਵ ਮਨ ਮਾਹਿ॥ ਨਾਨਕ ਬਿਰਹੀ ਬ੍ਰਹਮ ਕੇ ਆਨ ਨ ਕਤਹੂ ਜਾਹਿ॥ ੮॥ ਲਖ ਘਾਟੀਂ ਊਂਚੌ ਘਨੋ ਚੰਚਲ ਚੀਤ ਬਿਹਾਲ॥ ਨੀਚ ਕੀਚ ਨਿਮ੍ਰਿਤ ਘਨੀ ਕਰਨੀ ਕਮਲ ਜਮਾਲ॥ ੯॥ ਕਮਲ ਨੈਨ ਅੰਜਨ ਸਿਆਮ ਚੰਦ੍ਰ ਬਦਨ ਚਿਤ ਚਾਰ॥ ਮੂਸਨ ਮਗਨ ਮਰੰਮ ਸਿਉ ਖੰਡ ਖੰਡ ਕਰਿ ਹਾਰ॥੧੦॥ ਮਗਨੁ ਭਇਓ ਪ੍ਰਿਅ ਪ੍ਰੇਮ ਸਿਉ ਸੂਧ ਨ ਸਿਮਰਤ ਅੰਗ॥ ਪ੍ਰਗਟਿ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ॥੧੧॥(੧੩੬੩) ਹੇ ਨਾਨਕ! ਜਿਨ੍ਹਾਂ ਮਨੁੱਖਾਂ ਦਾ ਜੀਵਨ-ਨਿਸ਼ਾਨਾ ਪ੍ਰਭੂ-ਚਰਨਾਂ ਦਾ ਪਿਆਰ ਤੇ ਜਿਨ੍ਹਾਂ ਮਨੁੱਖਾਂ ਦੇ ਮਨ ਵਿੱਚ ਪ੍ਰਭੂ-ਚਰਨਾਂ ਦੀ ਯਾਦ ਟਿਕੀ ਰਹਿੰਦੀਐ ਉਹ ਮਨੁੱਖ ਪ੍ਰਭੂ ਆਸ਼ਿਕ ਹਨ। ਉਹ ਮਨੁੱਖ ਨਵਖੰਡ ਬਸੁਧਾ ਭਰਮ ਅਤੇ ਜਪ ਤਪ ਸੰਜਮ ਆਦਿਕ ਹੋਰ ਕਿਸੇ ਭੀ ਪਾਸੇ ਵਲ ਨਹੀਂ ਜਾਂਦੇ। ਹੇ ਭਾਈ! ਮਨੁੱਖ ਦਾ ਚੰਚਲ ਮਨ ਦੁਨੀਆਵੀ ਵਡੱਪਣ ਦੀਆਂ ਅਨੇਕਾਂ ਉੱਚੀਆਂ ਚੋਟੀਆਂ 'ਤੇ ਅਪੜਨ ਨੂੰ ਆਪਣਾ ਨਿਸ਼ਾਨਾ ਬਣਾਈ ਰੱਖਦੈ ਤੇ ਦੁਖੀ ਹੁੰਦਾ ਹੈ। ਪਰ ਚਿੱਕੜ ਨੀਵਾਂ ਹੈ ਤੇ ਨੀਵੇਂ ਥਾਂ ਟਿਕਿਆ ਰਹਿੰਦਾ ਹੈ। ਨੀਵੇਂ ਥਾਂ ਟਿਕੇ ਰਹਿਣ ਵਾਲੀ ਉਸ ਵਿਚ ਬੜੀ ਨਿਮ੍ਰਤਾ ਹੈ। ਇਸ ਨੀਵੈਪਨ ਦੀ ਜੀਵਨ ਬਰਕਤਿ ਨਾਲ ਉਸ ਵਿਚ ਕੋਮਲ ਸੁੰਦਰ ਕੌਲ-ਫੁੱਲ ਉੱਗਦਾ ਹੈ। ਹੇ ਆਤਮਕ ਜੀਵਨ ਨੂੰ ਲੁਟਾ ਰਹੇ ਗਾਫਲ ਮਨੁੱਖ! ਜੇ ਤੂੰ ਉਸ ਪ੍ਰਭੂ ਮਿਲਾਪ ਦੇ ਭੇਤ ਵਿੱਚ ਮਸਤ ਹੋਣਾ ਚਾਹੁੰਦੈਂ ਜੋ ਚੰਦ ਵਰਗੇ ਸੋਹਣੇ ਮੁਖ ਵਾਲਾ ਤੇ ਸੋਹਣੇ ਚਿੱਤ ਵਾਲਾ ਜਿਸ ਦੇ ਕੌਲ-ਫੁੱਲਾਂ ਵਰਗੇ ਸੋਹਣੇ ਨੇਤ੍ਰ ਜਿਨ੍ਹਾਂ ਵਿੱਚ ਕਾਲਾ ਸੁਰਮਾ ਪਿਐ ਤਾਂ ਆਪਣੇ ਇਨ੍ਹਾਂ ਹਾਰਾਂ ਨੂੰ ਨਵਖੰਡ ਬਸੁਧਾ ਭਰਮ ਅਤੇ ਜਪ ਤਪ ਸੰਜਮ ਆਦਿਕ ਵਿਖਾਵਿਆਂ ਨੂੰ ਟੋਟੇ-ਟੋਟੇ ਕਰ ਦੇਹ। ਹੇ ਨਾਨਕ! ਵਿਚਾਰਾ ਪਤੰਗਾ ਆਪਣੇ ਪਿਆਰੇ ਜਗਦੇ-ਦੀਵੇ ਦੇ ਪਿਆਰ ਵਿੱਚ ਏਨਾ ਮਸਤ ਹੋ ਜਾਂਦੈ ਕਿ ਪਿਆਰੇ ਨੂੰ ਯਾਦ ਕਰਦਿਆਂ ਉਸਨੂੰ ਆਪਣੇ ਸਰੀਰ ਦੀ ਸੁਧ-ਬੁਧ ਨਹੀਂ ਰਹਿੰਦੀ ਉਹ ਪਤੰਗਾ ਜਗਦੇ ਦੀਵੇ ਦੀ ਲਾਟ 'ਤੇ ਸੜ ਮਰਦੈ ਪਰ ਆਪਣੇ ਇਸ ਇਸ਼ਕ ਦਾ ਸਦਕਾ ਆਮ ਪਤੰਗਾ ਸਾਰੇ ਜਗਤ ਵਿੱਚ ਉੱਘਾ ਹੋ ਗਿਆ ਹੈ।

ਛੰਤ-ਇਸਤ੍ਰੀਆਂ ਦੇ ਵਿਸ਼ੇਸ਼ ਪ੍ਰੇਮ-ਗੀਤ ਜਾਂ ਵਡਿਆਈ ਅਤੇ ਗੁਣਾਂ ਦੇ ਗੀਤ, 'ਛੰਤ' ਕਹਿਲਾਉਂਦੇ ਹਨ। ਛੰਤ ਛੰਦ ਤੋਂ ਭਿੰਨ ਹੈ। "ਛੰਦ" ਉਹ ਜਿਸ ਵਿੱਚ ਮਾਤ੍ਰਾ, ਅੱਖਰ ਜਾਂ ਗੁਣਾਂ ਦੀ ਕੋਈ ਪਾਬੰਦੀ ਹੋਵੇ। "ਛੰਤ" ਕਾਵਿ-ਰੂਪ ਜਿਸ ਦੇ ਆਮ ਤੌਰ 'ਤੇ ਚਾਰ ਬੰਦ ਹੁੰਦੇ ਤੇ ਇਸ ਵਿੱਚ ਪਹਿਲੇ ਵਿਛੋੜੇ ਦਾ ਬਿਆਨ ਕਰ ਕੇ ਫਿਰ ਮਿਲਾਪ ਦੀ ਅਵਸਥਾ ਦੱਸੀ ਜਾਂਦੀ ਹੈ। ਇਸ ਤੋਂ ਇਲਾਵਾ ਹੋਰ ਵਿਸ਼ੇ ਵੀ ਅਪਣਾਏ ਗਏ ਹਨ। ਗੁਰੂ ਨਾਨਕ ਸਾਹਿਬ, ਗੁਰੂ ਰਾਮਦਾਸ ਸਾਹਿਬ ਤੇ ਗੁਰੂ ਅਰਜਨ ਸਾਹਿਬ ਜੀ ਨੇ ਕਈ ਰਾਗਾਂ ਵਿੱਚ ਅਨੇਕਾਂ ਛੰਤਾਂ ਦੀ ਰਚਨਾ ਕੀਤੀ ਹੈ। ਡਖਣੇ-ਮੁਲਤਾਨ, ਸਾਹੀਵਾਲ ਦੇ ਇਲਾਕੇ ਦੀ ਲਹਿੰਦੀ ਬੋਲੀ ਵਿੱਚ ਲਿਖਿਆ ਸਲੋਕ 'ਡੱਖਣਾ' ਕਹਾਉਂਦਾ ਹੈ। ਇਸ ਵਿੱਚ ਵਧੇਰੇ ਕਰ ਕੇ 'ਦ' ਦੀ ਥਾਂ 'ਡ' ਵਰਤਿਆ ਜਾਂਦਾ ਹੈ। ਗੁਰੂ ਅਰਜਨ ਸਾਹਿਬ ਉਚਾਰਨ ਕੀਤੇ 'ਡਖਣੇ' ਮਾਰੂ ਰਾਗ ਦੀ ਵਾਰ ਅਤੇ ਸਿਰੀ ਰਾਗ ਦੇ ਛੰਤਾਂ ਨਾਲ ਦਰਜ ਹਨ। ਥਿਤੀ-੧੫ ਥਿਤੀਆਂ ਦੇ ਦਿਨਾਂ ਰਾਹੀਂ ਕੋਈ ਖ਼ਾਸ ਵੀਚਾਰ ਦੇਣ ਵਾਲਾ ਕਾਵਿ-ਰੂਪ 'ਥਿਤੀ' ਕਹਾਉਂਦਾ ਹੈ। ਗੁਰੂ ਨਾਨਕ ਸਾਹਿਬ ਨੇ ਇਸ ਸਿਰਲੇਖ ਹੇਠ 'ਬਿਲਾਵਲ' ਰਾਗ ਵਿੱਚ ਤੇ ਭਗਤ ਕਬੀਰ ਜੀ ਨੇ 'ਗਉੜੀ' ਰਾਗ ਵਿੱਚ 'ਥਿਤੀ' ਬਾਣੀ ਦੀ ਰਚਨਾ ਕੀਤੀ ਹੈ। ਦਿਨ ਰੈਣਿ-ਭਾਵ ਹਰ ਵੇਲੇ ਸ਼ੁਭ ਸਿੱਖਿਆ ਆਦਿਕ ਗੁਣ ਧਾਰਨ ਕਰਨ ਦੀ ਤਾਗੀਦ। ਮਾਝ ਰਾਗ ਵਿੱਚ ਗੁਰੂ ਅਰਜਨ ਸਾਹਿਬ ਨੇ ਇਸ ਸਿਰਲੇਖ ਹੇਠ ਕਾਵਿ ਰਚਨਾ ਕੀਤੀ ਜਿਸ ਵਿੱਚ ਹਰ ਸਮੇਂ ਰੱਬੀ ਯਾਦ ਵਿੱਚ ਜੁੜੇ ਰਹਿਣ ਦਾ ਉਪਦੇਸ਼ ਹੈ। ਪਹਿਰੇ-ਰਾਤ ਦੇ ਚਾਰ ਪਹਿਰਾਂ ਰਾਹੀਂ ਕੋਈ ਖ਼ਾਸ ਵੀਚਾਰ ਦੇਣ ਵਾਲੇ ਕਾਵਿ-ਰੂਪ ਨੂੰ 'ਪਹਿਰੇ' ਕਿਹਾ ਜਾਂਦਾ ਹੈ। ਇਸ ਵਿੱਚ ਜੀਵਨ ਦੀਆਂ ਚਾਰ ਅਵਸਥਾਵਾਂ (ਮਾਤ-ਗਰਭ, ਬਚਪਨ, ਜੁਆਨੀ, ਬੁਢੇਪਾ ਜਾਂ ਮੌਤ) ਦੱਸ ਕੇ ਜੀਵਨ ਨੂੰ ਸਫਲ ਕਰਨ ਸਬੰਧੀ ਸਿੱਖਿਆ ਦਿੱਤੀ ਗਈ ਹੈ। ਸਿਰੀ ਰਾਗ ਵਿੱਚ ਗੁਰੂ ਨਾਨਕ, ਗੁਰੂ ਰਾਮਦਾਸ ਤੇ ਗੁਰੂ ਅਰਜਨ ਸਾਹਿਬ ਜੀਆਂ ਨੇ 'ਪਹਰੇ' ਬਾਣੀ ਦੀ ਰਚਨਾ ਕੀਤੀ ਹੈ। ਪੱਟੀ-ਵਰਣਮਾਲਾ ਦੇ ਹਰੇਕ ਅੱਖਰ ਰਾਹੀਂ ਸ਼ੁਭ ਉਪਦੇਸ਼ ਦੇਣ ਲਈ ਰਚੀ ਬਾਣੀ 'ਪੱਟੀ' ਅਖਵਾਉਂਦੀ ਹੈ। ਆਸਾ ਰਾਗ ਵਿੱਚ ਗੁਰੂ ਨਾਨਕ ਤੇ ਗੁਰੂ ਅਮਰਦਾਸ ਸਾਹਿਬ ਜੀਆਂ ਨੇ ਇਸ ਦੀ ਵਰਤੋਂ ਕੀਤੀ ਹੈ। ਬਾਰਹ ਮਾਹ-੧੨ ਮਹੀਨਿਆਂ ਚੋਂ ਹਰੇਕ ਮਹੀਨੇ ਤੇ ਉਸ ਦੇ ਮੌਸਮੀ ਪ੍ਰਭਾਵ ਨੂੰ ਆਧਾਰ ਬਣਾ ਕੇ ਸਬੰਧਿਤ ਵਿਸ਼ੇ ਨੂੰ, ਬਾਖ਼ੂਬੀ ਉਜਾਗਰ ਕਰਨ ਵਾਲਾ ਕਾਵਿ-ਰੂਪ 'ਬਾਰਹ ਮਾਹਾ' ਹੈ। ਗੁਰੂ ਨਾਨਕ ਸਾਹਿਬ ਨੇ ਤੁਖਾਰੀ ਰਾਗ ਵਿੱਚ ਤੇ ਗੁਰੂ ਅਰਜਨ ਸਾਹਿਬ ਨੇ ਮਾਝ ਰਾਗ ਵਿੱਚ "ਬਾਰਹ ਮਾਹਾ" ਦੀ ਰਚਨਾ ਕੀਤੀ ਜਿਸ ਵਿੱਚ ਰੱਬੀ ਮਿਲਾਪ ਜਾਂ ਰੱਬੀ ਵਿਛੋੜੇ ਕਾਰਨ ਹੋਣ ਵਾਲੀ ਜੀਵ ਇਸਤ੍ਰੀ ਦੀ ਆਤਮਕ ਦਸ਼ਾ ਦਾ ਵਰਣਨ ਕੀਤਾ ਗਿਆ ਹੈ। ਬਾਵਨ

(ਬਾਕੀ ਅਗਲੇ ਸਫੇ 'ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਜਨਮ ਦਿਨ ਮੁਬਾਰਕ



ਹਫਤਾਵਾਰੀ 'ਦੇਸ਼ ਦੁਆਬਾ' ਦੇ ਦੁਆਬਾ ਪ੍ਰਤੀਨਿਧ ਰੇਸ਼ਮ ਕਰਨਾਣਵੀ ਦੇ ਭਤੀਜੇ ਸਰਬਅਮਨ ਲਾਖਾ, 19 ਮਈ 2020 ਅਤੇ ਭਤੀਜੀ ਸੁਖਸੀਰਤ ਲਾਖਾ 28 ਮਈ 2020 ਦੇ ਜਨਮ ਦਿਨ ਦੀਆਂ ਅਦਾਰੇ ਵੱਲੋਂ ਬਹੁਤ-ਬਹੁਤ ਮੁਬਾਰਕਾਂ।

# ਚਉਬੋਲੇ ਤੇ ਹੋਰ ਕਾਵਿ-ਰੂਪ ਜੋ "ਸ਼ਬਦ ਗੁਰੂ ਗ੍ਰੰਥ" ਵਿਖੇ ਆਏ

ਅੱਖਰੀ-ਸੰਸਕ੍ਰਿਤ ਦੇ ਬਵੰਜਾ ਅੱਖਰਾਂ ਦੇ ਆਧਾਰ 'ਤੇ ਸ਼ੁਭ ਉਪਦੇਸ਼ ਦੇਣ ਲਈ ਰਚੀ ਗਈ ਰਚਨਾ "ਬਾਵਨ ਅਖਰੀ" ਹੈ। ਭਗਤ ਕਬੀਰ ਜੀ ਤੇ ਗੁਰੂ ਅਰਜਨ ਸਾਹਿਬ ਨੇ ਗਉੜੀ ਰਾਗ ਵਿੱਚ ਇਸ ਦੀ ਵਰਤੋਂ ਕੀਤੀ ਹੈ। ਬਿਰਹੜੇ-ਵਿਯੋਗ ਦਾ ਵਿਸ਼ਾ ਲੈ ਕੇ ਰਚੀ ਗਈ ਰਚਨਾ ਦਾ ਨਾਂ "ਬਿਰਹੜੇ" ਹੈ। ਆਸਾ ਰਾਗ ਵਿੱਚ ਪੰਚਮ ਪਾਤਸ਼ਾਹ ਨੇ ਤਿੰਨ ਛੰਦਾਂ ਦੀ ਰਚਨਾ ਕੀਤੀ ਪਰ ਇਨ੍ਹਾਂ ਨੂੰ "ਛੰਤਾਂ ਕੀ ਜਤਿ" ਪਰ ਗਾਉਣ ਦਾ ਆਦੇਸ਼ ਹੈ। ਮੰਗਲ-ਇਹ ਖੁਸ਼ੀ ਦਾ ਗੀਤ ਤੇ ਇਹ ਵਧੇਰੇ ਵਿਆਹ-ਸ਼ਾਦੀ ਆਦਿਕ ਖੁਸ਼ੀ ਦੇ ਮੌਕੇ ਗਾਇਆ ਜਾਂਦਾ ਹੈ। ਹਿੰਦੀ ਕਵੀ ਤੁਲਸੀਦਾਸ ਨੇ ਜਾਨਕੀ ਤੇ ਪਾਰਬਤੀ ਮੰਗਲ ਲਿਖੇ ਅਤੇ ਹਿੰਦੀ ਸਾਹਿਤ ਵਿੱਚ 'ਰੁਕਮਣੀ ਮੰਗਲ' ਪ੍ਰਸਿੱਧ ਹਨ। ਬਿਲਾਵਲ ਰਾਗ 'ਚ ਗੁਰੂ ਰਾਮਦਾਸ ਜੀ ਨੇ ਮਿਲਾਪ ਦਾ ਅਨੰਦ ਪ੍ਰਗਟਾਉਂਦਿਆਂ ਦੋ "ਮੰਗਲ" ਲਿਖੇ ਉਹ ਛੰਤਾਂ ਦੀ ਤਰਜ਼ 'ਤੇ ਹਨ। ਰੁਤੀ-ਭਾਰਤੀ ਮਹਾਂਦੀਪ ਵਿੱਚ ਸਾਲ ਦੀਆਂ ਛੇ ਰੁੱਤਾਂ ਹੁੰਦੀਆਂ ਤੇ ਹਰੇਕ ਰੁੱਤ ਦੇ ਮੌਸਮੀ ਪ੍ਰਭਾਵ ਨੂੰ ਆਧਾਰ ਬਣਾ ਕੇ ਆਪਣੇ ਵਿਸ਼ੇ ਨੂੰ ਪ੍ਰਗਟਾਉਣ ਵਾਲੀ ਕਾਵਿ ਰਚਨਾ 'ਰੁਤੀ' ਕਹਾਉਂਦੀ ਹੈ। ਰਾਮਕਲੀ ਰਾਗ ਵਿੱਚ ਗੁਰੂ ਅਰਜਨ ਸਾਹਿਬ ਨੇ ਇਸ ਦੀ ਬਾਖੂਬੀ ਵਰਤੋਂ ਕੀਤੀ ਹੈ। ਵਣਜਾਰਾ-ਪੁਰਾਣੇ ਜ਼ਮਾਨੇ ਵਿੱਚ ਜਦ ਵਾਪਾਰੀ, ਵਣਜਾਰੇ ਸੌਦਾ ਲੱਦ ਕੇ, ਵੇਚਣ ਲਈ ਇੱਕ ਤੋਂ ਦੂਜੇ ਥਾਂ ਸਫਰ ਕਰਦੇ ਰਸਤੇ 'ਚ ਗੀਤ ਗਾਉਂਦੇ ਸਨ। ਇਸੇ ਤਰਜ਼ ਨੂੰ ਲੈ ਕੇ ਸਿਰੀ ਰਾਗ ਵਿੱਚ ਗੁਰੂ ਰਾਮਦਾਸ ਜੀ ਨੇ ਇਸ ਬਾਣੀ ਦੀ ਰਚਨਾ ਕਰਦੇ ਇਸ ਵਿੱਚ "ਵਣਜਾਰਿਆ ਮਿਤ੍ਰਾ" ਨੂੰ ਥਾਂ-ਥਾਂ 'ਤੇ ਸੰਬੋਧਨ ਕੀਤਾ ਤੇ ਇਸ ਰਾਹੀਂ ਜੀਵ ਨੂੰ ਪ੍ਰਭੂ ਦੇ ਨਾਮ ਰੂਪੀ ਸੌਦੇ ਨੂੰ ਵਿਹਾਜਣ ਦੀ ਪ੍ਰੇਰਨਾ ਕੀਤੀ ਗਈ ਹੈ। ਵਾਰ-ਯੁੱਧ ਕਥਾ ਨੂੰ ਪਉੜੀ ਵਿੱਚ ਗਾਇਨ ਕਰਨ ਨੂੰ "ਵਾਰ" ਕਿਹਾ ਜਾਂਦਾ ਹੈ। ਇਸ ਵਿੱਚ ਕਿਸੇ ਚੰਗੇ ਜੀਵਨ ਵਾਲੇ ਮਨੁੱਖ ਦੀ ਸੂਰਬੀਰਤਾ ਦਾ ਵਰਣਨ ਕੀਤਾ ਗਿਆ ਹੁੰਦਾ ਹੈ। ਗੁਰੂ ਸਾਹਿਬ ਦੇ ਜ਼ਮਾਨੇ ਇਹ ਕਾਵਿ-ਰੂਪ ਬਹੁਤ ਪ੍ਰਸਿੱਧੀ ਰੱਖਦਾ ਸੀ। ਇਸੇ ਕਰਕੇ ਗੁਰੂ ਸਾਹਿਬਾਨ ਨੇ "ਸ਼ਬਦ ਗੁਰੂ ਗ੍ਰੰਥ" ਵਿੱਚ ੨੨ ਵਾਰਾਂ ਇਸੇ ਤਰਜ 'ਤੇ ਲਿਖੀਆਂ ਹਨ। ਇਨ੍ਹਾਂ ੨੨ ਵਾਰਾਂ ਵਿੱਚੋਂ ੯ ਵਾਰਾਂ ਉੱਪਰ ੯ ਪ੍ਰਾਚੀਨ ਵਾਰਾਂ ਦੀਆਂ ਧੁਨਾਂ ਅਨੁਸਾਰ ਗਾਉਣ ਦਾ ਆਦੇਸ਼ ਦਿੱਤਾ ਗਿਐ ਜਿਸ ਦਾ ਵੇਰਵਾ ਹੇਠ ਲਿਖੇ ਮੁਤਾਬਕ ਹੈ- ੧. ਵਾਰ ਮਾਝ-ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨਿ ੨. ਵਾਰ ਗਉੜੀ-ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ੩. ਵਾਰ ਆਸਾ-ਟੁੰਡੇ ਅਸਰਾਜੈ ਕੀ ਧੁਨਿ ੪. ਵਾਰ ਗੂਜਰੀ-ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨਿ ੫. ਵਾਰ ਵਡਹੰਸ-ਲਲਾਂ ਬਹਿਲੀਮਾ ਕੀ ਧੁਨਿ ੬. ਵਾਰ ਰਾਮਕਲੀ-ਜੋਧੈ ਵੀਰੈ ਪੂਰਬਾਣੀ ਕੀ ਧੁਨਿ ੭. ਵਾਰ ਸਾਰੰਗ-ਰਾਇ ਮਹਮੇ ਹਸਨੇ ਕੀ ਧੁਨਿ ੮. ਵਾਰ ਮਲਾਰ-ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ ੯. ਵਾਰ ਕਾਨੜਾ-ਮੂਸੇ ਕੀ ਵਾਰ ਕੀ ਧੁਨਿ।

ਇਹ ਉਪ੍ਰੋਕਤ ਸੂਚਨਾਵਾਂ ਦੱਸਦੀਆਂ ਹਨ ਕਿ ਗੁਰੂ ਸਾਹਿਬ ਉਸ ਸਮੇਂ ਦੇ ਪ੍ਰਚਲਿਤ ਲੋਕ-ਸੰਗੀਤ ਵਿੱਚ ਕਿੰਨੀ ਦਿਲਚਸਪੀ ਰੱਖਦੇ ਸਨ ਤੇ ਉਨ੍ਹਾਂ ੨੨ ਵਾਰਾਂ ਨੂੰ ਇਨ੍ਹਾਂ ਦੀ ਤਰਜ਼ 'ਤੇ ਗਾਉਣ ਦੀ ਸੂਚਨਾ ਦਿੱਤੀ ਪਰ ਸਮੇਂ ਦੇ ਗੁਜ਼ਰ ਜਾਣ ਨਾਲ ਹੁਣ ਇਹ ਦੱਸਣਾ ਔਖੈ ਕਿ ਉਹ ਤਰਜ਼ ਕਿਸ-ਕਿਸ ਭਾਂਤ ਦੀ ਸੀ ਪ੍ਰੰਤੂ ਪਉੜੀਆਂ ਦੀਆਂ ਤੁਕਾਂ ਦੇ ਵਜ਼ਨ ਦੱਸਦੇ ਹਨ ਕਿ ਉਨ੍ਹਾਂ ਵਿੱਚ ਕਾਫ਼ੀ ਵੰਨ-ਸੁਵੰਨਤਾ ਸੀ ਤੇ ਪ੍ਰਾਚੀਨ ਰਬਾਬੀਆਂ ਦੀਆਂ ਗਾਉਣ-ਵਿਧੀਆਂ ਤੋਂ ਉਨ੍ਹਾਂ ਨੂੰ ਲੱਭਿਆ-ਭਾਲਿਆ ਵੀ ਜਾ ਸਕਦਾ ਹੈ। ਗੁਰੂ ਸਾਹਿਬ ਨੇ ਇਨ੍ਹਾਂ ਦੀ ਲੋਕ-ਪ੍ਰਿਯਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਵਾਰਾਂ ਨੂੰ ਇਨ੍ਹਾਂ ਤਰਜ਼ਾਂ ਉੱਪਰ ਗਾਉਣ ਦੀ ਹਿਦਾਇਤ ਕੀਤੀ ਤਾਂ ਕਿ ਜੋ ਲੋਕ ਭਲਾਈ ਦੇ ਉੱਤਮ ਉਪਦੇਸ਼ ਸੁਨੇਹੇ ਉਹ ਆਮ ਲੋਕਾਂ ਦੇ ਦਿਲਾਂ ਦੀ ਡੂੰਘਾਈ ਤੱਕ ਲੈ ਜਾਣਾ ਚਾਹੁੰਦੇ ਸਨ ਤਾਂ ਕਿ ਉਹ ਉਪਦੇਸ਼ ਸੁਨੇਹੇ ਉਨ੍ਹਾਂ ਦੇ ਮਨਪਸੰਦ ਪਿਆਰੇ ਗਾਉਣ-ਢੰਗ ਰਾਹੀਂ ਸੌਖਿਆਂ ਹੀ ਆਮ ਲੋਕਾਂ ਦੇ ਦਿਲਾਂ ਵਿੱਚ ਪ੍ਰਵੇਸ਼ ਕਰ ਸਕਣ।

# ਪਾਕਿਸਤਾਨ ਦੀ ਪਹਿਲੀ ਜਰਨਲਿਸਟ ਸਿੱਖ ਔਰਤ ਨੂੰ ਯੂ.ਕੇ.'ਚ ਵਕਾਰੀ ਪੁਰਸਕਾਰ ਮਿਲਿਆ

**ਵਾਸ਼ਿੰਗਟਨ, ਡੀ.ਸੀ (ਰਾਜ ਗੋਗਨਾ )—** ਪਾਕਿਸਤਾਨ ਦੇ ਘੱਟਗਿਣਤੀ ਭਾਈਚਾਰਿਆਂ ਲਈ ਬੜੇ ਉਤਸ਼ਾਹਜਨਕ ਸੰਕੇਤ ਹੈ।ਕਿ ਦੇਸ਼ ਦੀ ਪਹਿਲੀ ਸਿੱਖ ਮਹਿਲਾ ਪੱਤਰਕਾਰ, ਮਨਮੀਤ ਕੌਰ, ਨੂੰ ਯੂਨਾਈਟਿਡ ਕਿੰਗਡਮ( ਇੰਗਲੈਂਡ ) ਵਿੱਚ ਇੱਕ ਵੱਕਾਰੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ।25 ਸਾਲਾ ਪੱਤਰਕਾਰ ਮਨਮੀਤ ਕੌਰ ਨੂੰ ਯੂ.ਕੇ ਦੇ ਅਧਾਰਤ 'ਦਿ ਸਿੱਖ ਗਰੁੱਪ' ਵੱਲੋਂ 30 ਸਾਲਾਂ ਤੋਂ ਘੱਟ ਉਮਰ ਦੀਆਂ 100 ਸਭ ਤੋਂ ਪ੍ਰਭਾਵਸ਼ਾਲੀ ਸਿੱਖ ਸ਼ਖਸੀਅਤਾਂ ਵਿੱਚੋਂ ਇੱਕ ਚੁਣਿਆ ਗਿਆ ਹੈ।ਸਿੱਖ ਸਮੂੰਹ ਇਕ ਗਲੋਬਲ ਸੰਸਥਾ ਹੈ, ਜੋ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਤੋਂ ਸਿੱਖ ਧਰਮ ਨਾਲ ਸਬੰਧਤ ਲੋਕਾਂ ਨੂੰ ਵੱਖ ਵੱਖ ਤਰੀਕਿਆਂ ਨਾਲ ਲੋਕਾਂ ਦੀ ਸੇਵਾ ਕਰਨ ਦਾ ਜਸ਼ਨ ਮਨਾਉਂਦੀ ਹੈ। ਪਾਕਿਸਤਾਨ ਦੇ ਪੇਸ਼ਾਵਰ ਦੀ ਵਸਨੀਕ, ਇਤਿਹਾਸਕ ਸਥਾਨਾਂ ਲਈ ਮਸ਼ਹੂਰ, ਇੱਕ ਜੀਵੰਤ ਪਸ਼ਤੂਨ ਸੱਭਿਆਚਾਰ ਅਤੇ ਕੁਝ ਮਹਾਨ ਅਦਾਕਾਰਾਂ ਦੇ ਘਰ, ਮਨਮੀਤ ਕੋਰ ਇੱਕ ਸਮਾਜਿਕ ਕਾਰਕੁਨ ਵੀ ਹੈ।ਘੱਟ ਗਿਣਤੀਆਂ ਅਤੇ ਔਰਤਾ ਨੂੰ ਦਰਪੇਸ਼ ਮੁੱਦਿਆਂ ਨੂੰ ਉਜਾਗਰ ਕਰਨ ਲਈ ਉਸਨੂੰ ਸਥਾਨਕ ਪੱਧਰ 'ਤੇ ਵੀ ਉਹ ਕਈ ਪੁਰਸਕਾਰ ਹਾਸਿਲ ਕਰ ਚੁੱਕੀ ਹੈ।ਮਨਮੀਤ ਕੋਰ ਮਈ 2018 ਵਿੱਚ ਹਮ ਨਿਊਜ ਟੀਵੀ ਚੈਨਲ ਵਿੱਚ ਸ਼ਾਮਲ ਹੋਈ ਸੀ। ਉਸਨੇ ਪੇਸ਼ਾਵਰ ਯੂਨੀਵਰਸਿਟੀ ਤੋਂ ਸਮਾਜਿਕ ਵਿਗਿਆਨ ਵਿੱਚ ਮਾਸਟਰ ਦੀ ਪੜ੍ਹਾਈ ਕੀਤੀ ਹੈ।ਅਤੇ ਉਸ ਦੇ ਚਾਰ ਭੈਣ-ਭਰਾ ਹਨ।ਮਨਮੀਤ ਕੌਰ ਨੂੰ ਵੱਕਾਰੀ ਸਨਮਾਨ ਲਈ ਆਪਣੀ ਚੋਣ ਦੀਆਂ ਖਬਰਾਂ ਸੁਣ ਕੇ ਉਹ ਬਹੁਤ ਖ਼ੁਸ਼ ਹੋਈ ਹੈ। ਉਸਨੇ ਕਿਹਾ, "ਜਿਹੜੇ ਲੋਕ ਸਖਤ ਮਿਹਨਤ ਕਰਦੇ ਹਨ ਉਹ ਇਨਾਮ ਪ੍ਰਾਪਤ ਕਰਨਗੇ ਅਤੇ ਮੇਰੇ ਪਰਿਵਾਰ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਉਹ ਯੂਕੇ ਜਾ ਕੇ ਪਾਕਿਸਤਾਨ ਦੀ ਪ੍ਰਤੀਨਿਧਤਾ ਕਰੇਗੀ। ਸਿੱਖ ਸਮੂੰਹ ਕਾਰੋਬਾਰ, ਖੇਡ, ਚੈਰਿਟੀ, ਮੀਡੀਆ, ਮਨੋਰੰਜਨ, ਸਿੱਖਿਆ, ਨਿਰਸਵਾਰਥ ਸਵੈਇੱਛਕ ਸੇਵਾ, ਜੀਵਨ-ਕਾਲ ਦੀ ਪ੍ਰਾਪਤੀ ਅਤੇ ਵਿਸ਼ੇਸ਼ ਮਾਨਤਾ ਪੁਰਸਕਾਰ, ਜੋ ਕਿਸੇ ਹੋਰ ਵਿਸ਼ਵਾਸ ਦੁਆਰਾ ਬਹੁ-ਸੱਭਿਆਚਾਰ ਨੂੰ ਉਤਸ਼ਾਹਤ ਕਰਨ ਵਾਲੇ ਨੂੰ ਦਿੱਤਾ



ਜਾਂਦਾ ਹੈ।ਉਸ ਨੂੰ ਮਾਣ ਹੈ ਕਿ ਔਰਤ ਦੇ ਖੇਤਰਾਂ ਵਿੱਚ ਪਾਏ ਵਿਸ਼ੇਸ਼ ਯੋਗਦਾਨ ਨੂੰ ਉਸ ਦੀਆ ਸੇਵਾਵਾਂ ਨੂੰ ਮਾਨਤਾ ਦਿੱਤੀ ਹੈ।ਅਮਰੀਕਾ ਦੇ ਉਘੇ ਸਿਆਸਤਦਾਨ ਸਾਜਿਦ ਤਰਾਰ ਤੇ ਮੁਸਲਿਮ ਫਾਂਰ ਟਰੰਪ ਟੀਮ ਦੇ ਚੇਅਰਮੈਨ ਨੇ ਮਨਮੀਤ ਕੋਰ ਨੂੰ ਵਧਾਈ ਦਿੱਤੀ ਅਤੇ ਉਸ ਵੱਲੋਂ ਔਰਤਾ ਪ੍ਰਤੀ ਨਿਭਾਈਆ ਸੇਵਾਵਾਂ ਦੀ ਸ਼ਲਾਘਾ ਕੀਤੀ ਹੈ। ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਨੇ ਕਿਹਾ ਕਿ ਬਹੁਤ ਘੱਟ ਔਰਤਾਂ ਹਨ ਜੋ ਸਮਾਜ ਲਈ ਕੁਝ ਕਰਨ ਲਈ ਅੱਗੇ ਆਉਦੀਆ ਹਨ। ਮਨਮੀਤ ਕੋਰ ਦੇ ਕਾਰਜਾਂ ਨੂੰ ਸਾਡਾ ਸਲਾਮ ਹੈ। ਜਿਸ ਨੇ ਕੁਮਿਊਨਿਟੀ ਵਿੱਚ ਔਰਤਾ ਦੇ ਹੱਕਾਂ ਦੀ ਜਦੋ ਜਾਹਿਦ ਕਰਕੇ ਉਹਨਾਂ ਨੇ ਬਣਦੇ ਹੱਕਾਂ ਨੂੰ ਦਿਵਾਉਣ ਵਿੱਚ ਮਦਦ ਕੀਤੀ ਹੈ। ਯੂ .ਕੇ ਦੀ ਸੰਸਥਾ 'ਦੀ ਸਿੱਖ' ਨੇ ਮਨਮੀਤ ਕੋਰ ਨੂੰ ਅਵਾਰਡ ਲਈ ਚੁਣਿਆਂ ਹੈ। ਸੰਸਥਾ ਵਧਾਈ ਦੀ ਪਾਤਰ ਹੈ।


Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles

Mon-Fri
9:00 AM
to 6:00 PM
Saturday
9:00 AM to
5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Services





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ, ਯੂਬਾ ਸਿਟੀ (ਕੈਲੇਫੋਰਨੀਆ) ਦੇ ਉਪ ਪ੍ਰਧਾਨ ਸ੍ਰੀ ਸੰਤੋਖ ਸਿੰਘ ਗਿੱਲ ਵੱਲੋਂ ਨਕੋਦਰ ਹਲਕੇ 'ਚ ਲੋੜਵੰਦਾਂ ਨੂੰ ਰਾਸ਼ਨ ਵੰਡਿਆ





**ਲੋਹੀਆਂ ਖ਼ਾਸ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ., ਯੂਬਾ ਸਿਟੀ (ਕੈਲੇਫੋਰਨੀਆ) ਦੇਉਪ ਪ੍ਰਧਾਨ ਸ੍ਰੀ ਸੰਤੋਖ ਸਿੰਘ ਗਿੱਲ ਤੇ ਸਮੂਹ ਪਰਿਵਾਰ ਵੱਲੋਂ ਨਕੋਦਰ ਹਲਕੇ 'ਚ ਕੋਰੋਨਾ ਨਾਮਕ ਫੈਲੀ ਮਹਾਂਮਾਰੀ ਦੇ ਚੱਲਦਿਆਂ ਮਾਰਚ ਮਹੀਨੇ ਤੋਂ ਕੰਮ ਕਾਰ ਛੱਡ ਕੇ ਘਰ ਬੈਠੇ ਆਪਣੇ ਮੁਹੱਲਾ ਵਾਸੀਆਂ ਦੀ ਮਦਦ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੇ ਲੋੜਵੰਦ 50 ਦੇ ਕਰੀਬ ਪਰਿਵਾਰਾਂ ਲਈ ਰਾਸ਼ਨ ਮੁਹੱਈਆ ਕਰਵਾਇਆ, ਜਿਸ ਨੂੰ ਮਨਜੀਤ ਸਿੰਘ ਪੱਤਰ ਪ੍ਰੇਰਕ, ਕੌਂਸਲਰ ਹੀਰਾ ਲਾਲ, ਕਮਲੇਸ਼ ਮਹੰਤ ਤੇ ਰਾਜ ਕੁਮਾਰ ਰਾਜੀ ਸਾਬਕਾ ਪ੍ਰਧਾਨ ਵੱਲੋਂ ਤਕਸੀਮ ਕੀਤਾ ਗਿਆ। ਇਸ ਮੌਕੇ ਉਕਤ ਮੋਹਤਬਾਰ ਸੱਜਣਾਂ ਵੱਲੋਂ ਵਿਦੇਸ਼ ਬੈਠੇ ਮਾਸਟਰ ਸੰਤੋਖ ਸਿੰਘ ਤੇ ਸਮੂਹ ਪਰਿਵਾਰ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਮਨਜੀਤ ਸਿੰਘ ਪੱਤਰਕਾਰ, ਹੀਰਾ ਲਾਲ ਕੌਂਸਲਰ, ਕਮਲੇਸ਼ ਮਹੰਤ, ਰਾਜ ਕੁਮਾਰ ਰਾਜੀ ਸਾਬਕਾ ਐਮ. ਸੀ., ਕਸ਼ਮੀਰੀ ਲਾਲ ਗੁੱਡਾ, ਗਗਨ ਢੰਡ ਅਤੇ ਅਜੇ ਕੁਮਾਰ ਵੀ ਹਾਜ਼ਰ ਸਨ। **(ਰਿਪੋਰਟ–ਸਰਬਪ੍ਰੀਤ ਸਿੰਘ)**

# ਹੋਮਿਓਪੈਥਿਕ ਦਵਾਈ ਰਾਹੀਂ ਸਰੀਰ ਦੀ ਰੋਗ ਪ੍ਰਤੀਰੋਧਕ ਸਮਰਥਾ ਵਧਾਉਣ ਦੇ ਮਕਸਦ ਨਾਲ ਲਗਾਇਆ ਕੈਂਪ

**ਫਗਵਾੜਾ (ਰੱਤੂ)–** ਸੀਨੀਅਰ ਸਿਟੀਜਨ ਕੇਅਰ ਸੈਂਟਰ ਖੇੜਾ ਰੋਡ ਵਿਖੇ ਵਿਸ਼ਵਾਮਿੱਤਰ ਸ਼ਰਮਾ ਦੇ ਉਪਰਾਲੇ ਸਦਕਾ ਹੋਮਿਓਪੈਥੀ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿਚ ਵਾਰਡ ਦੇ ਕਰੀਬ 200 ਵਸਨੀਕਾਂ ਨੂੰ ਆਰਗੇਨਿਕ ਅਲਬ–30 ਗੋਲੀਆਂ ਵੰਡੀਆਂ ਗਈ। ਇਸ ਤੋਂ ਇਲਾਵਾ ਮੁਹੱਲਾ ਗੁਰੂ ਨਾਨਕ ਪੁਰਾ ਅਤੇ ਮਾਸਟਰ ਸਾਧੂ ਰਾਮ ਨਗਰ 'ਚ ਘਰ–ਘਰ ਜਾ ਕੇ ਗੋਲੀਆਂ ਦੀਆਂ ਸ਼ੀਸ਼ੀਆਂ ਵੰਡੀਆਂ ਗਈਆਂ। ਇਸ ਮੌਕੇ ਡਾ. ਕੰਗਨਾ ਨੇ ਦੱਸਿਆ ਕਿ ਸਰੀਰ ਦੀ ਰੋਗਾਂ ਨਾਲ ਲੜਨ



ਦੀ ਸਮਰਥਾ ਨੂੰ ਵਧਾਉਣ ਵਿਚ ਇਹ ਦਵਾਈ ਕਾਰਗਰ ਹੈ। ਜਿਹਨਾਂ ਲੋਕਾਂ ਵਿਚ ਰੋਗ ਪ੍ਰਤੀਰੋਧਕ ਸਮਰਥਾ ਵਧੇਰੇ ਹੁੰਦੀ ਹੈ ਉਹਨਾਂ ਉਪਰ ਕੋਰੋਨਾ ਵਾਇਰਸ ਵਰਗੇ ਰੋਗਾਣੂ ਜਲਦੀ ਅਸਰ ਨਹੀਂ ਕਰਦੇ ਅਤੇ ਜੇਕਰ ਸੰਕ੍ਰਮਣ ਹੋ ਵੀ ਜਾਵੇ ਤਾਂ ਸਰੀਰ ਉਸ ਨਾਲ ਲੜਨ ਵਿਚ ਜਿਆਦਾ ਸਮਰਥ ਹੁੰਦਾ ਹੈ। ਉਹਨਾਂ ਦਵਾਈ ਦੇ ਫਾਇਦੇ ਅਤੇ ਖਾਣ ਦੀ ਵਿਧੀ ਬਾਰੇ ਵੀ ਚਾਨਣਾ ਪਾਇਆ। ਇਸ ਮੌਕੇ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਨੇ ਹਾਜਰੀਨ ਨੂੰ ਪੋਸ਼ਟਿਕ ਅਹਾਰ ਲੈਣ ਲਈ ਪ੍ਰੇਰਿਤ ਕੀਤਾ ਅਤੇ ਦੱਸਿਆ ਕਿ ਅਨੁਲੋਮ–ਵਿਲੋਮ ਤੇ ਕਪਾਲਭਾਤੀ ਪ੍ਰਾਣਾਯਾਮ ਨਿਯਮਿਤ ਤੌਰ ਤੇ ਕਰਨ ਨਾਲ ਸਰੀਰ ਦੀਆਂ ਕਈ ਬਿਮਾਰੀਆਂ ਨੂੰ ਠੀਕ ਕੀਤਾ ਜਾ ਸਕਦਾ ਹੈ ਅਤੇ ਕਈ ਬਿਮਾਰੀਆਂ ਨੂੰ ਰੋਕਿਆ ਜਾ ਸਕਦਾ ਹੈ। ਇਸ ਮੌਕੇ ਵੰਦਨਾ ਸ਼ਰਮਾ, ਕਾਂਤਾ ਸ਼ਰਮਾ ਤੋਂ ਇਲਾਵਾ ਹੋਰ ਪਤਵੰਤੇ ਹਾਜਰ ਸਨ।

## ਲੜਕੀ ਦੀ ਲੋੜ

ਕਮਲ ਬਾਬਰ, ਜਨਮ 1989 (ਜਲੰਧਰ), ਕੱਦ 5 ਫੁੱਟ 8 ਇੰਚ, ਜਾਤੀ ਬਾਬਰ, ਗੋਤਰ ਖੋਸਲ, ਬੀ ਏ ਪਾਸ ਬਿਜਨਸਮੈਨ, ਕੁਆਰੇ ਲੜਕੇ ਲਈ ਲੜਕੀ ਦੀ ਲੋੜ ਹੈ। ਲੜਕਾ ਮੰਗਲੀਕ ਹੈ, ਜੋ ਕਿ ਸੱਤਕਰਤਾਰ ਐਨਕਲੇਵ ਜਲੰਧਰ ਵਿਖੇ ਰਹਿੰਦਾ ਹੈ। ਪਿਤਾ ਦਾ ਨਾਂ ਅਸ਼ਵਨੀ ਬਾਬਰ (ਬਿਜਨਸਮੈਨ), ਮਾਤਾ ਘਰੇਲੂ ਔਰਤ। ਲੜਕੇ ਦਾ ਇਕ ਭਰਾ ਅਮਰੀਕਾ ਵਿਚ ਸੈਟਲ ਹੈ ਅਤੇ ਦੋ ਭੈਣਾਂ ਵਿਆਹੀਆਂ ਹੋਈਆਂ ਹਨ। ਪਰਿਵਾਰ ਮਾਡਰਨ ਅਤੇ ਵੈਜੀਟੇਰੀਅਨ ਹੈ। ਅਮਰੀਕਾ ਵਿਚ ਸੈਟਲ ਲੜਕੀ ਨੂੰ ਤਰਜੀਹ।

ਸੰਪਰਕ ਕਰੋ: 1-718-709-1908

# ਪੱਕੇ ਵਸਨੀਕ ਅਤੇ ਮੰਜੂਰਸ਼ੁਦਾ ਅਸਥਾਈ ਵੀਜ਼ਾ ਹੋਲਡਰ ਦੀ ਵਾਪਸੀ ਦੀ ਆਸ ਬੱਝੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਭਾਰਤ ਅੰਦਰ ਲੌਕ–ਡਾਊਨ ਨੂੰ ਅੱਜ55ਵਾਂ ਦਿਨ ਹੈ ਅਤੇ ਇਸਦਾ ਲੈਵਲ ਹੁਣ ਸਿਖਰਲੇ ਪੌਡੇ (ਲੈਵਲ–4 ਉਤੇ) ਹੈ। ਕਰੋਨਾ ਨਾਲ ਪੀੜ੍ਹਤ ਲੋਕਾਂ ਦੀ ਗਿਣਤੀ ਇਕ ਲੱਖ ਨੂੰ ਢੁੱਕਣ ਲੱਗੀ ਹੈ ਅਤੇ ਸਰਕਾਰ ਆਪਣੇ ਦੇਸ਼ ਦੇ ਨਾਗਰਿਕਾਂ ਨੂੰ ਵੱਖ–ਵੱਖ ਮੁਲਕਾਂ ਤੋਂ ਵਾਪਿਸ ਇੰਡੀਆ ਲਿਜਾ ਰਹੀ ਹੈ।



ਨਿਊਜ਼ੀਲੈਂਡ ਦੇ ਵਿਚ ਵੀ 2000 ਦੇ ਕਰੀਬ ਭਾਰਤੀ ਲੋਕ ਇਥੇ ਅਸਥਾਈ ਵੀਜ਼ੇ ਉਤੇ ਆਏ ਹੋਏ ਹਨ, ਬਹੁਤ ਸਾਰੇ ਇਨ੍ਹਾਂ ਵਿਚੋਂ ਵਾਪਿਸ ਜਾਣਾ ਚਾਹੁੰਦੇ ਹਨ ਅਤੇ ਬਹੁਤ ਸਾਰੇ 25 ਸਤੰਬਰ 2020 ਤੱਕ ਆਟੋਮੈਟਿਕ ਵਧੇ ਵੀਜ਼ੇ ਦਾ ਫਾਇਦਾ ਚੁੱਕਦਿਆਂ ਇਥੇ ਰਹਿਣਾ ਚਾਹੁੰਦੇ ਹਨ। ਇਸ ਤੋਂ ਇਲਾਵਾ ਇੰਡੀਆ ਦੇ ਵਿਚ ਕੀਵੀ (ਸਿਟੀਜ਼ਨ), ਪੱਕੇ ਵਸਨੀਕ (ਪੀ.ਆਰ.) ਅਤੇ ਯਾਤਰਾ ਵਾਸਤੇ ਮੰਜੂਰਸ਼ੁਦਾ ਅਸਥਾਈ ਵੀਜ਼ਾ ਹੋਲਡਰ (ਇੰਸ਼ੈਂਸ਼ੀਅਲ) ਹਨ ਉਹ ਵੀ ਵਾਪਿਸ ਨਿਊਜ਼ੀਲੈਂਡ ਪਰਤਣਾ ਚਾਹੁੰਦੇ ਹਨ। ਕਈਆਂ ਦਾ ਪਰਿਵਾਰ ਹੀ ਵੰਡਿਆ ਪਿਆ ਹੈ ਜਿਸ ਕਾਰਨ ਵੱਡੀ ਮੁਸ਼ਕਿਲ ਆ ਰਹੀ ਹੈ। ਨਿਊਜ਼ੀਲੈਂਡ ਸਰਕਾਰ ਨੇ ਅਪ੍ਰੈਲ ਮਹੀਨੇ ਤਿੰਨ ਵਿਸ਼ੇਸ਼ ਫਲਾਈਟਾਂ ਚਲਾ ਕੇ ਲਗਪਗ 'ਦੀ ਇੰਡ' ਹੀ ਕਰ ਦਿੱਤਾ ਹੈ ਪਰ ਹੁਣ ਇਨ੍ਹਾਂ ਲੋਕਾਂ ਦੀ ਆਸ ਏਅਰ ਇੰਡੀਆ ਦੀਆਂ ਫਲਾਈਟਾਂ ਉਤੇ ਹੈ। ਆਸ ਕੀਤੀ ਜਾਂਦੀ ਸੀ ਕਿ ਘੱਟੋ–ਘੱਟ 6 ਫਲਾਈਟਾਂ ਚੱਲਣਗੀਆਂ ਪਰ ਅਜੇ ਪਹਿਲੀ ਫਲਾਈਟ ਦਾ ਵੇਰਵਾ ਹੀ ਵੇਖਣ ਨੂੰ ਮਿਲ ਰਿਹਾ ਹੈ। ਏਅਰ ਇੰਡੀਆ ਦੀ ਫੇਜ–2 ਦੀ ਅੱਪਡੇਟ ਹੋਈ ਲਿਸਟ ਦੇ ਵਿਚ ਪਹਿਲੀ ਫਲਾਈਟ 4 ਜੂਨ ਨੂੰ ਦਿੱਲੀ ਤੋਂ ਵਲਿੰਗਟਨ ਵਾਸਤੇ ਦੁਪਹਿਰ 13.30 ਵਜੇ ਚੱਲਦੀ ਵਿਖਾਈ ਦੇ ਰਹੀ ਹੈ ਅਤੇ ਇਹ ਵਾਪਿਸ ਦਿੱਲੀ ਨੂੰ 3 ਦਿਨ ਬਾਅਦ 7 ਜੂਨ ਨੂੰ ਦੁਪਹਿਰ 13.30 ਵਜੇ ਹੀ ਵਾਪਿਸ ਪਰਤਦੀ ਨਜ਼ਰ ਆ ਰਹੀ ਹੈ। ਇਸ ਜਹਾਜ਼ ਦੇ ਵਿਚ ਕਿਹੜਾ ਆ ਰਿਹਾ ਹੈ ਅਤੇ ਕਿਹੜਾ ਜਾ ਰਿਹਾ ਹੈ? ਕਿੰਨੇ ਡਾਲਰ ਦੀ ਟਿਕਟ ਹੋਵੇਗੀ? ਇੰਡੀਆ ਦੇ ਵਿਚ ਗਰਾਉਂਡ ਟਰਾਂਸਪੋਰਟ ਕੀ ਹੋਵੇਗੀ? ਆਉਣ ਵਾਲਿਆਂ ਨੂੰ ਨਿਊਜ਼ੀਲੈਂਡ ਸਰਕਾਰ ਕਿੱਥੇ 14 ਦਿਨ ਵਾਸਤੇ ਰੱਖੇਗੀ? ਜਾਣ ਵਾਲਿਆਂ ਨੂੰ ਭਾਰਤ ਸਰਕਾਰ ਕਿਵੇਂ ਵੱਖ–ਵੱਖ ਰਾਜਾਂ ਵਿਚ ਪਹੁੰਚਾਏਗੀ ਅਤੇ ਕਿੱਥੇ–ਕਿੱਥੇ ਰੱਖੇਗੀ ਅਜੇ ਸਪਸ਼ਟ ਨਹੀਂ ਹੈ। ਸੋ ਆਸ ਹੈ ਕਿ ਇਸ ਸਬੰਧੀ 1–2 ਦਿਨਾਂ ਦੇ ਵਿਚ ਸਥਿਤੀ ਸਪਸ਼ਟ ਹੋ ਜਾਏਗੀ। ਪਰ ਇਹ ਗੱਲ ਸੱਚੀ ਹੈ ਕਿ ਹੁਣ ਏਅਰ ਇੰਡੀਆ ਦੇ ਰਾਹੀਂ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਮੋਦੀ ਸਾਹਿਬ ਇਹ ਜਰੂਰ ਕਹਿੰਦੇ ਨਜ਼ਰ ਆ ਰਹੇ ਹਨ ਕਿ ''ਭਾਈਓ ਔਰ ਬਹਿਨੋ ਆਓ ਚਲੇਂ ਇੰਡੀਆ।''

# ਅਮਰੀਕਾ ਨੇ ਜ਼ਿਲ੍ਹਾ ਗੁਰਦਾਸਪੁਰ ਦੇ 8 ਨੌਜਵਾਨ ਕੀਤੇ ਡਿਪੋਰਟ

**ਕਾਹਨੂੰਵਾਨ–** ਅਮਰੀਕਾ 'ਚ ਗਏ ਗੁਰਦਾਸਪੁਰ ਜ਼ਿਲ੍ਹੇ ਦੇ 8 ਨੌਜਵਾਨਾਂ ਨੂੰ ਉੱਥੋਂ ਦੇ ਇਮੀਗ੍ਰੇਸ਼ਨ ਵਿਭਾਗ ਨੇ ਡਿਪੋਰਟ ਕਰ ਦਿੱਤਾ ਹੈ। ਇਨ੍ਹਾਂ ਵਿੱਚ ਤਿੰਨ ਨੌਜਵਾਨ ਬਲਾਕ ਕਾਹਨੂੰਵਾਲ ਨਾਲ ਸਬੰਧਤ ਹਨ। ਜਦੋਂ ਇਨ੍ਹਾਂ ਦੇ ਪਰਿਵਾਰਾਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਬੱਚਿਆਂ ਬਾਰੇ ਪਰਿਵਾਰਾਂ ਨੂੰ ਪੰਜਾਬ ਸਰਕਾਰ ਭਾਰਤ ਸਰਕਾਰ ਅਤੇ ਅਮਰੀਕਾ ਸਰਕਾਰ ਵੱਲੋਂ ਕੋਈ ਸੂਚਨਾ ਨਹੀਂ ਦਿੱਤੀ ਗਈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਾ ਪਿਛਲੇ ਪੰਜ ਦਿਨਾਂ ਤੋਂ ਆਪਣੇ ਬੱਚਿਆਂ ਨਾਲ ਕੋਈ ਸੰਪਰਕ ਨਹੀਂ ਹੋ ਸਕਿਆ। ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਨੂੰ ਬੱਚਿਆਂ ਦੀ ਮੌਜੂਦਾ ਹਾਲਤ ਬਾਰੇ ਦੱਸਿਆ ਜਾਵੇ। ਡਿ–




ਪੋਰਟ ਕੀਤੇ ਨੌਜਵਾਨਾਂ ਚ ਗੁਰਦਾਸਪੁਰ ਦੇ ਪਿੰਡ ਚੱਕ ਸ਼ਰੀਫ ਦਾ ਬਲਜਿੰਦਰ ਸਿੰਘ,ਪਿੰਡ ਬਹਾਦਰਪੁਰ ਦਾ ਸਰਬਜੀਤ ਸਿੰਘ, ਪਿੰਡ ਬਲੀਮ ਦਾ ਜਗਪਾਲ ਸਿੰਘ, ਪਿੰਡ ਨਿਮਾਣਾ ਦਾ ਪਲਵਿੰਦਰ ਸਿੰਘ, ਪਿੰਡ ਪੁਰਾਣਾ ਸ਼ਾਲਾ ਦਾ ਗੁਰਦਿਆਲ ਸਿੰਘ, ਪਿੰਡ ਸੰਧਵਾਂ ਦਾ ਸੁਖਵਿੰਦਰ ਸਿੰਘ, ਪਿੰਡ ਅਵਾਂਖਾ ਦਾ ਅਸ਼ਵਨੀ ਕੁਮਾਰ, ਪਿੰਡ ਭੈਣੀ ਪਸਵਾਲ ਦਾ ਬਲਜੀਤ ਸਿੰਘ ਆਦਿ ਹਨ। ਇਸ ਸਬੰਧੀ ਜਦੋਂ ਖੁਫੀਆ ਵਿਭਾਗ ਦੇ ਅਧਿਕਾਰੀਆਂ ਤੋਂ ਵੀ ਸੂਚਨਾ ਲਈ ਗਈ ਤਾਂ ਉਨ੍ਹਾਂ ਨੇ ਵੀ ਦੱਸਿਆ ਕਿ ਅੱਠ ਨੌਜਵਾਨ ਨਾਮ ਉਨ੍ਹਾਂ ਨੂੰ ਪ੍ਰਾਪਤ ਹੋਏ ਹਨ ਅਤੇ ਇਨ੍ਹਾਂ ਨੌਜਵਾਨਾਂ ਬਾਰੇ ਅਜੇ ਹੋਰ ਕੋਈ ਮੁੱਢਲੀ ਜਾਣਕਾਰੀ ਉਹਨਾਂ ਕੋਲ ਨਹੀਂ ਹੈ।

# ਡਾ.ਜਸਵੰਤ ਸਿੰਘ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ–** ਪੰਜਾਬੀ ਰਾਈਟਰਜ਼ ਕੋ–ਆਪਰੇਟਿਵ ਸੁਸਾਇਟੀ ਲਿਮਟਿਡ ਲੁਧਿਆਣਾ੍ਹਅੰਮ੍ਰਿਤਸਰ( ਪਰਕਸ) ਤੇ ਪੰਜਾਬ ਲਾਇਬ੍ਰੇਰੀ ਮੂਵਮੈਂਟ ਵੱਲੋਂ ਅਮਰੀਕਾ ਨਿਵਾਸੀ ਡਾ. ਜਸਵੰਤ ਸਿੰਘ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸੁਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਮੀਤ ਪ੍ਰਧਾਨ ਪ੍ਰੋਫ਼ੈਸਰ ਬ੍ਰਹਮਜਗਦੀਸ਼ ਸਿੰਘ, ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ, ਸਕੱਤਰ ਗੁਰ–ਮੀਤ ਪਲਾਹੀ, ਪ੍ਰੈਸ ਸਕੱਤਰ ਸ੍ਰੀ ਅੰਮ੍ਰਿਤ ਲਾਲ ਮੰਨਣ ਤੇ ਸਮੂਹ ਕਾਰਜਕਾਰੀ ਮੈਂਬਰਾਨ ਤੇ ਪੰਜਾਬ ਲਾਇਬ੍ਰੇਰੀ ਮੂਵਮੈਂਟ ਦੇ ਕਨਵੀਨਰ ਸ੍ਰੀ ਐਮ ਐਲ ਗਰਗ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਵਿੱਚ ਪਿੰਡ ਪਿੰਡ ਲਾਇਬ੍ਰੇਰੀ ਖੋਲ੍ਹਣ ਤੇ ਪੰਜਾਬ ਪਬਲਿਕ ਲਾਇਬ੍ਰੇਰੀ ਐਕਟ ਲਈ ਸੰਘਰਸ਼ ਦੀ ਸ਼ੁਰੂਆਤ ਕਰਨ ਵਾਲੇ ਉਹ ਮੋਢੀਆਂ ਵਿੱਚੋਂ ਸਨ।



ਭਾਵੇਂ ਉਹ ਅਮਰੀਕਾ ਵਿਚ ਰਹਿੰਦੇ ਸਨ ਪਰ ਉਨ੍ਹਾਂ ਦਾ ਜਨਮ ਭੂਮੀ ਨਾਲ ਅਥਾਹ ਪਿਆਰ ਸੀ ।ਉਹ ਚਾਹੁੰਦੇ ਸਨ ਅਮ–ਰੀਕਾ ਵਾਂਗ ਸਾਡੇ ਵੀ ਪਿੰਡ ਪਿੰਡ ਤੇ ਸ਼ਹਿਰ ਸ਼ਹਿਰ ਵਧੀਆ ਲਾਇਬਰੇਰੀ ਹੋਵੇ ।ਉਨ੍ਹਾਂ ਨੇ ਆਪਣੇ ਪਿਤਾ ਦੇ ਨਾਂ 'ਤੇ ਅਨੰਦ ਮੈਮੋਰੀਅਲ ਚੈਰੀਟੇਬਲ ਟਰੱਸਟ ਬਣਾਇਆ ਤੇ ਇਸ ਲਈ 80 ਲੱਖ ਰੁਪਏ ਦੀ ਰਾਸ਼ੀ ਰੱਖੀ। ਉਨ੍ਹਾਂ 22 ਲੱਖ ਦੀ ਇੱਕ ਬੱਸ ਖ੍ਰੀਦੀ ਤੇ ਇੱਕ ਚਲਦੀ ਫਿਰਦੀ ਲਾਇਬ੍ਰੇਰੀ ਦੀ ਸ਼ੁਰਆਤੂ ਕੀਤੀ ਜਿਸ ਨੂੰ ਪਹੀਆਂ ਵਾਲੀ ਲਾਇਬ੍ਰੇਰੀ ਕਿਹਾ ਜਾਂਦਾ ਸੀ। ਉਨ੍ਹਾਂ ਨੇ ਇਸ ਭਰਮ ਨੂੰ ਤੋੜਿਆ ਕਿ ਬੱਚੇ ਕਿਤਾਬਾਂ ਨਹੀਂ ਪੜ੍ਹਦੇ। ਉਨ੍ਹਾਂ ਨੇ ਆਪਣੇ ਪਿੰਡ ਇੱਕ ਬਹੁਤ ਵਧੀਆ ਲਾਇਬ੍ਰੇਰੀ ਖੋਲ੍ਹਣ ਤੋਂ ਇਲਾਵਾ ਕੈਨੇਡਾ ਵਾਸੀ ਸ੍ਰੀ ਜੋਗਿੰਦਰ ਕਲਸੀ ਤੇ ਅਮਰੀਕਾ ਨਿਵਾਸੀ ਸ੍ਰੀ ਬਲਦੇਵ ਸਿੰਘ ਧਾਲੀਵਾਲ ਨੂੰ ਉਨ੍ਹਾਂ ਦੇ ਪਿੰਡ ਸੰਘ ਢੇਸੀਆਂ ਲਾਇਬ੍ਰੇਰੀ ਖੋਲ੍ਹਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਵਲੋਂ ਕੀਤੇ ਕੰਮਾਂ ਲਈ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।ਲੋੜ ਹੈ ਕਿ ਪੰਜਾਬ ਪਬਲਿਕ ਲਾਇਬ੍ਰੇਰੀ ਐਕਟ ਬਣਾਕੇ ਪਿੰਡ ਪਿੰਡ ਲਾਇਬ੍ਰੇਰੀਆਂ ਖੋਲ੍ਹੀਆਂ ਜਾਣ, ਇਹੋ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।


BERKSHIRE HATHAWAY
Home Services



Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
7412 Elsie Ave., Sacramento, CA 95828



'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ–ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ–ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ–ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

# ਜਿਲ੍ਹਾ ਇੰਡਸਟ੍ਰੀਅਲ ਸੈਂਟਰ ਕਪੂਰਥਲਾ ਵਲੋਂ ਕੋਰੋਨਾ ਯੋਧਿਆਂ ਲਈ ਵਿਧਾਇਕ ਧਾਲੀਵਾਲ ਨੂੰ 300 ਪੀ.ਪੀ.ਈ. ਕਿੱਟਾਂ ਭੇਂਟ



**ਫਗਵਾੜਾ (ਬੀ. ਕੇ. ਰੱਤੂ)** ਜਿਲ੍ਹਾ ਉਦਯੋਗ ਸੈਂਟਰ ਕਪੂਰਥਲਾ ਵਲੋਂ ਅੱਜ ਸਥਾਨਕ ਸਿਟੀ ਕਲੱਬ ਵਿਖੇ ਆਯੋਜਿਤ ਸਾਦੇ ਸਮਾਗਮ 'ਚ ਸੈਂਟਰ ਦੇ ਜਨਰਲ ਮੈਨੇਜਰ ਸੁਖਪਾਲ ਸਿੰਘ ਦੀ ਅਗਵਾਈ ਹੇਠ ਕੋਰੋਨਾ ਯੋਧਿਆਂ ਲਈ 300 ਪੀ.ਪੀ.ਈ. ਕਿੱਟਾਂ ਸਮਾਲ ਸਕੇਲ ਇੰਡਸਟ੍ਰੀ, ਲਘੂ ਉਦਯੋਗ ਭਾਰਤੀ, ਜੇ.ਸੀ.ਆਈ. ਫਗਵਾੜਾ ਅਤੇ ਕਿਰਪਾ ਰਾਮ ਹਾਂਡਾ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੂੰ ਭੇਂਟ ਕੀਤੀਆਂ ਗਈਆਂ। ਸਮਾਗਮ ਵਿਚ ਏ.ਡੀ.ਸੀ. ਰਾਜੀਵ ਵਰਮਾ, ਤਹਸੀਲਦਾਰ ਨਵਜੀਤ ਸਿੰਘ, ਐਸ.ਐਮ.ਓ. ਡਾ. ਕਮਲ ਕਿਸ਼ੋਰ, ਇੰਸਪੈਕਟਰ ਹਰਵਿੰਦਰ ਵਾਲੀਆ ਤੇ ਆਈ.ਕੇ. ਸ਼ਰਮਾ ਇੰਡਸਟ੍ਰੀ ਸੈਂਟਰ ਫਗਵਾੜਾ ਅਤੇ ਐਕਸਾਈਜ ਇੰਸਪੈਕਟਰ ਅਸ਼ੋਕ ਬਾਲੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਵਿਧਾਇਕ ਧਾਲੀਵਾਲ ਨੇ ਜਿਲ੍ਹਾ ਉਦਯੋਗ ਕੇਂਦਰ ਅਤੇ ਸਮੂਹ ਸਹਿਯੋਗੀ ਜੱਥੇਬੰਦੀਆਂ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਕਿੱਟਾਂ ਫਰੰਟ ਲਾਈਨ ਤੇ ਕੋਵਿਡ-19 ਕੋਰੋਨਾ ਵਾਇਰਸ ਦੇ ਖਾਤਮੇ ਲਈ ਕੰਮ ਕਰ ਰਹੇ ਯੋਧਿਆਂ ਲਈ ਬਹੁਤ ਸਹਾਈ ਹੋਣਗੀਆਂ। ਉਹਨਾਂ ਸਮੂਹ ਜੱਥੇਬੰਦੀਆਂ ਦੇ ਸਾਂਝੇ ਉਪਰਾਲੇ ਲਈ ਤਹਿ ਦਿਲੋਂ ਧੰਨਵਾਦ ਵੀ ਕੀਤਾ।

ਇਸ ਮੌਕੇ ਮਾਰਕਿਟ ਕਮੇਟੀ ਚੇਅਰਮੈਨ ਨਰੇਸ਼ ਭਾਰਦਵਾਜ, ਸੀਨੀਅਰ ਆਗੂ ਵਿਨੋਦ ਵਰਮਾਨੀ, ਬਲਾਕ ਫਗਵਾੜਾ ਸ਼ਹਿਰੀ ਪ੍ਰਧਾਨ ਸੰਜੀਵ ਬੁੱਗਾ, ਸਾਬਕਾ ਪ੍ਰਧਾਨ ਅਸ਼ੋਕ ਪਰਾਸ਼ਰ, ਗੁਰਜੀਤ ਪਾਲ ਵਾਲੀਆ, ਸੁਨੀਲ ਪਰਾਸ਼ਰ, ਗੁਰਦੀਪ ਦੀਪਾ ਤੋਂ ਇਲਾਵਾ ਵਿਵੇਕ ਹਾਂਡਾ, ਅਜੀਤ ਸਿੰਘ ਵਾਲੀਆ, ਸਮੀਰ ਹਾਂਡੀ, ਅਸ਼ੋਕ ਗੁਪਤਾ, ਪ੍ਰੇਮਪਾਲ ਪੱਬੀ, ਮੁਖਿੰਦਰ ਸਿੰਘ, ਰਾਕੇਸ਼ ਗੋਇਲ, ਗੌਰਵ ਹਾਂਡਾ, ਪੰਕਜ ਗੌਤਮ, ਓਮ ਉੱਪਲ, ਤ੍ਰਨਵ ਹਾਂਡਾ, ਅਨਿਲ ਸਿੰਗਲਾ ਤੇ ਸਤਨਾਮ ਸਿੰਘ ਰਾਣਾ ਆਦਿ ਹਾਜਰ ਸਨ।

# ਯੂਥ ਅਕਾਲੀ ਦਲ ਵੱਲੋਂ ਅਕਾਲੀ ਕੌਂਸਲਰਾਂ ਦੇ ਵਾਰਡਾਂ ਵਿਚ ਜ਼ਰੂਰਤਮੰਦ ਪਰਿਵਾਰਾਂ ਲਈ 225 ਰਾਸ਼ਨ ਕਿੱਟਾਂ ਦੀ ਵੰਡ



**ਫਗਵਾੜਾ (ਬੀ. ਕੇ. ਰੱਤੂ)** ਕੋਰੋਨਾ ਮਹਾਂਮਾਰੀ ਦੇ ਚਲਦੇ ਜ਼ਰੂਰਤਮੰਦ ਪਰਿਵਾਰਾਂ ਦੀ ਸਹਾਇਤਾ ਲਈ ਰਾਸ਼ਨ ਕਿੱਟਾਂ ਦੀ ਵੰਡ ਲਈ ਇੱਕ ਸਮਾਗਮ ਸ਼੍ਰੋਮਣੀ ਯੂਥ ਅਕਾਲੀ ਦਲ ਕਪੂਰਥਲਾ ਵੱਲੋਂ ਜ਼ਿਲ੍ਹਾ ਪ੍ਰਧਾਨ ਅਤੇ ਫਗਵਾੜਾ ਦੇ ਸਾਬਕਾ ਡਿਪਟੀ ਮੇਅਰ ਰਣਜੀਤ ਸਿੰਘ ਖੁਰਾਣਾ ਦੀ ਅਗਵਾਈ ਵਿਚ ਖੇੜਾ ਰੋਡ ਫਗਵਾੜਾ ਵਿਖੇ ਕੀਤਾ ਗਿਆ। ਇਸ ਸਮਾਗਮ ਵਿਚ ਪੰਜਾਬ ਮਾਰਕਫੈੱਡ ਦੇ ਸਾਬਕਾ ਚੇਅਰਮੈਨ ਜਰਨੈਲ ਸਿੰਘ ਵਾਹਦ ਅਤੇ ਪੰਜਾਬ ਭਾਜਪਾ ਦੇ ਉਪ ਪ੍ਰਧਾਨ ਰਾਜੇਸ਼ ਬਾਘਾ ਵਿਸ਼ੇਸ਼ ਰੂਪ ਵਿਚ ਹਾਜ਼ਰ ਹੋਏ। ਇਹ 225 ਕਿੱਟਾਂ ਐਨ.ਆਰ.ਆਈ ਤਰੁਨ ਵਾਲੀਆ ਨੇ ਸਪਾਂਸਰ ਕੀਤੀਆਂ ਸਨ,ਜੋ ਅਕਾਲੀ ਦਲ ਦੇ ਸਾਬਕਾ ਕੌਂਸਲਰ ਬੀਬੀ ਸਰਬਜੀਤ ਕੌਰ,ਬਲਜਿੰਦਰ ਸਿੰਘ ਠੇਕੇਦਾਰ, ਪੁਸ਼ਪਿੰਦਰ ਕੌਰ,ਪਰਮਜੀਤ ਕੌਰ ਕੰਬੋਜ ਦੇ ਵਾਰਡਾਂ ਵਿਚ ਜਰੂਰਤਮੰਦ ਪਰਿਵਾਰਾ ਨੂੰ ਵੰਡੀਆਂ ਜਾਣਗੀਆ । ਵਾਹਦ ਅਤੇ ਬਾਘਾ ਨੇ ਰਾਸ਼ਨ ਕਿੱਟਾਂ ਦੇਣ ਲਈ ਤਰੁਨ ਵਾਲੀਆ ਦਾ ਵਿਸ਼ੇਸ਼ ਧੰਨਵਾਦ ਕਰਦੇ ਕਿਹਾ ਕਿ ਅੱਜ ਦੇ ਹਾਲਾਤ ਵਿਚ ਅਜਿਹੀ ਸੇਵਾ ਬਹੁਤ ਮਾਅਨੇ ਰੱਖਦੀ ਹੈ ਅਤੇ ਕੋਰੋਨਾ ਵਾਇਰਸ ਦੇ ਦੌਰਾਨ ਲਾਕਡਾਉਣ ਕਰ ਕੇ ਮੰਦਹਾਲੀ ਕੱਟ ਰਹੇ ਪਰਿਵਾਰਾਂ ਲਈ ਇੱਕ ਵੱਡਾ ਸਹਾਰਾ ਹੈ। ਉਨ੍ਹਾਂ ਕਿਹਾ ਕਿ ਸਮਰੱਥ ਵਿਅਕਤੀਆਂ ਨੂੰ ਇਸ ਕੰਮ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਤਰੁਨ ਵਾਲੀਆ ਦਾ ਸਨਮਾਨ ਵੀ ਕੀਤਾ। ਇਸ ਮੌਕੇ ਰਣਜੀਤ ਸਿੰਘ ਖੁਰਾਣਾ ਨੇ ਕਿਹਾ ਕਿ ਯੂਥ ਅਕਾਲੀ ਦਲ ਜ਼ਰੂਰਤਮੰਦ ਪਰਿਵਾਰਾਂ ਲਈ ਹਮੇਸ਼ਾ ਅੱਗੇ ਆਇਆ ਹੈ ਅਤੇ ਇਹ ਸੇਵਾ ਨਿਰੰਤਰ ਕੀਤੀ ਜਾ ਰਹੀ ਹੈ। ਪਹਿਲਾਂ ਵੀ ਉਹ ਵੱਡੀ ਗਿਣਤੀ ਵਿੱਚ ਰਾਸ਼ਨ ਕਿੱਟਾਂ ਦੀ ਵੰਡ ਕਰ ਚੁੱਕੇ ਹਨ। ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਬਲਭਦਰ ਸੈਨ ਦੁੱਗਲ,ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਤੇਜੱਸਵੀ ਭਾਰਦਵਾਜ, ਅਕਾਲੀ ਨੇਤਾ ਪ੍ਰਿਤਪਾਲ ਸਿੰਘ ਮੰਗਾ, ਭਾਜਪਾ ਆਗੂ ਰਮੇਸ਼ ਸਚਦੇਵਾ, ਪੰਕਜ ਚਾਵਲਾ, ਦਾਰਾ ਸੇਨ, ਤੇਜਿੰਦਰ ਸਿੰਘ ਵਿਕੀ, ਆਸ਼ੂ ਪੁਰੀ, ਗੁਰਬਖ਼ਸ਼ ਸਿੰਘ ਪਨੇਸਰ, ਲਾਲੀ ਸ਼ਰਮਾ, ਅਸ਼ੋਕ ਦੁੱਗਲ, ਸਰਬਜੀਤ ਸਿੰਘ ਕਾਕਾ, ਜਤਿੰਦਰ ਸ਼ਰਮਾ ਆਦਿ ਮੌਜੂਦ ਸਨ।

# ਇੰਡੀਆ ਤੋਂ ਆਈਆਂ ਤਿੰਨੇ ਫਲਾਈਟਾਂ ਦੇ ਸਾਰੇ ਯਾਤਰੀ ਕਰੋਨਾ ਮੁਕਤ ਰਹੇ-ਆਖਰੀ ਫਲਾਈਟ ਦਾ ਵੀ ਏਕਾਂਤਵਾਸ ਖਤਮ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਕਰੋਨਾ ਵਾਇਰਸ ਦੇ ਚਲਦਿਆਂ ਲਗਪਗ ਬਹੁਤ ਸਾਰੇ ਦੇਸ਼ਾਂ ਨੇ ਇਸ ਮਹਾਂਮਾਰੀ ਤੋਂ ਨਿਜਾਤ ਪਾਉਣ ਲਈ ਆਪਣੇ ਦੇਸ਼ ਦੇ ਬਾਰਡਰ ਵਿਦੇਸ਼ੀ ਲੋਕਾਂ ਲਈ ਬੰਦ ਕੀਤੇ ਹੋਏ ਹਨ। ਇਸੇ ਕਾਰਨ ਬਹੁਤ ਸਾਰੀਆਂ ਏਅਰ ਲਾਈਨਾਂ ਸਿੱਧੇ ਰੂਪ ਵਿਚ ਬੰਦ ਹੋ ਗਈਆਂ ਪਰ ਉਸ ਦੇਸ਼ ਦੇ ਵਸਨੀਕਾਂ ਨੂੰ ਸਰਕਾਰ ਨੇ ਵਿਸ਼ੇਸ਼ ਵਤਨ ਵਾਪਿਸੀ ਵਾਲੇ ਚਾਰਟਰ ਜਹਾਜ਼ਾਂ ਦੇ ਵਿਚ ਲੈ ਆਂਦਾ ਹੈ। ਇਸੇ ਪ੍ਰਚਲਨ ਵਿਚ ਮਾਰਚ, ਅਪ੍ਰੈਲ ਅਤੇ ਮਈ ਮਹੀਨੇ ਭਾਰਤ ਤੋਂ ਵਾਪਿਸ ਨਿਊਜ਼ੀਲੈਂਡ ਪਰਤਣ ਵਾਲੇ 1900 ਦੇ ਕਰੀਬ ਲੋਕ ਏਅਰ ਲਾਈਨਾਂ ਦੇ ਬੰਦ ਹੋਣ ਕਰਕੇ ਉਥੇ ਰਹਿਣ ਲਈ ਮਜਬੂਰ ਹੋ ਗਏ ਸਨ। ਪਰ ਨਿਊਜ਼ੀਲੈਂਡ ਸਰਕਾਰ ਨੇ ਤਿੰਨ ਵਿਸ਼ੇਸ਼ ਫਲਾਈਟਾਂ ਚਲਾ ਕੇ 700 ਤੋਂ ਉਪਰ ਆਪਣੇ ਨਾਗਰਿਕ, ਪੱਕੇ ਵਸਨੀਕ ਅਤੇ ਹੋਰ ਯੋਗ ਲੋਕਾਂ ਨੂੰ ਇਥੇ ਵਾਪਿਸ ਲੈ ਆਂਦਾ ਸੀ। ਪਹਿਲ ਜਹਾਜ਼ 24 ਅਪ੍ਰੈਲ ਨੂੰ ਦਿੱਲੀ ਤੋਂ ਔਕਲੈਂਡ ਪਹੁੰਚਿਆ ਸੀ, ਦੂਜਾ ਜਹਾਜ਼ 27 ਅਪ੍ਰੈਲ ਨੂੰ ਮੁੰਬਈ ਤੋਂ ਕ੍ਰਾਈਸਟਚਰਚ ਪਹੁੰਚਿਆ ਸੀ ਅਤੇ ਤੀਜਾ ਜਹਾਜ਼ ਦਿੱਲੀ ਤੋਂ ਫਿਰ ਕ੍ਰਾਈਸਟਚਰਚ ਪਹੁੰਚਿਆ ਸੀ। ਵਾਪਿਸੀ ਲਈ 5500 ਡਾਲਰ ਦੀ ਮਹਿੰਗੀ ਟਿਕਟ ਲੋਕਾਂ ਨੇ ਖਰੀਦੀ ਸੀ। ਸਰਕਾਰ ਵੱਲੋਂ ਸਾਰੇ ਯਾਤਰੀਆਂ ਨੂੰ 4-5 ਸਟਾਰ ਹੋਟਲਾਂ ਦੇ ਵਿਚ 14 ਦਿਨਾਂ ਦੇ ਲਈ ਏਕਾਂਤਵਾਸ ਵਜੋਂ ਰੱਖਿਆ ਸੀ ਤਾਂ ਕਿ ਕਰੋਨਾ ਆਦਿ ਹੋਵੇ ਤਾਂ ਫੈਲਾਅ ਨਾ ਹੋ ਸਕੇ। ਇਸ ਰਿਹਾਇਸ਼ ਦੌਰਾਨ ਰੋਟੀ-ਪਾਣੀ, ਦਵਾਈਆਂ ਅਤੇ ਇੰਟਰਨੈਟ ਆਦਿ ਸਭ ਸਹੂਲਤਾਂ ਮੁਫਤ ਉਪਲਬਧ ਕਰਵਾਈਆਂ ਗਈਆਂ। ਬੀਤੀ ਰਾਤ ਤੀਜੀ ਫਲਾਈਟ ਜੋ ਦਿੱਲੀ ਤੋਂ ਕ੍ਰਾਈਸਟਚਰਚ 30 ਅਪ੍ਰੈਲ ਨੂੰ ਆਈ ਸੀ ਦੇ ਸਾਰੇ ਯਾਤਰੀ ਅੱਜ 14 ਦਿਨਾਂ ਬਾਅਦ ਆਪਣੇ-ਆਪਣੇ ਘਰਾਂ ਨੂੰ ਆਪਣੇ ਸਾਧਨਾਂ ਰਾਹੀਂ ਰਵਾਨਾ ਹੋ ਗਏ। ਬਹੁਤੇ ਲੋਕ ਔਕਲੈਂਡ ਆਏ ਅਤੇ ਦੁਬਾਰਾ ਟਿਕਟ 500 ਡਾਲਰ ਤੱਕ ਲੈਣੀ ਪਈ।



ਇਸ ਸਾਰੇ ਵਰਤਾਰੇ ਦੇ ਵਿਚ ਖਾਸ ਗੱਲ ਇਹ ਰਹੀ ਕਿ ਭਾਰਤ ਤੋਂ ਆਏ ਸਾਰੇ ਯਾਤਰੀ ਕਰੋਨਾ ਮੁਕਤ ਰਹੇ। ਕੁਝ ਵਿਅਕਤੀਆਂ ਦਾ ਸ਼ੱਕ ਦੇ ਅਧਾਰ ਉਤੇ ਟੈਸਟ ਜਰੂਰ ਕੀਤਾ ਗਿਆ ਪਰ ਅਧਿਕਾਰਕ ਤੌਰ ਉਤੇ ਸਾਹਮਣੇ ਨਹੀਂ ਆਇਆ ਕਿ ਕਿਸੀ ਨੂੰ ਕਰੋਨਾ ਹੋਇਆ ਹੋਵੇ। ਤੀਜੀ ਫਲਾਈਟ ਦੇ ਯਾਤਰੀ ਜਿਸ ਹੋਟਲ ਦੇ ਵਿਚ ਰੱਖੇ ਹੋਏ ਸਨ, ਦੇ ਮੈਡੀਕਲ ਸਟਾਫ ਨਾਲ ਇਸ ਸਬੰਧੀ ਗੱਲਬਾਤ ਕੀਤੀ ਅਤੇ ਉਨ੍ਹਾਂ ਕਿਹਾ ਕਿ ਕੋਈ ਵੀ ਯਾਤਰੀ ਕਰੋਨਾ ਪਾਜੇਟਿਵ ਨਹੀਂ ਪਾਇਆ ਗਿਆ। ਸੋ ਕਹਿ ਸਕਦੇ ਹਾਂ ਕਿ ਸਾਰੇ ਭਾਰਤੀ ਯਾਤਰੀ ਇਕ ਤਰ੍ਹਾਂ ਨਾਲ ਕਰੋਨਾ ਦੇ ਉਲਾਂਭੇ ਤੋਂ ਬਚ ਗਏ ਅਤੇ ਆਉਣ ਵਾਲੀਆਂ ਸੰਭਾਵੀ ਫਲਾਈਟਾਂ ਲਈ ਆਸ ਕੀਤੀ ਜਾ ਸਕਦੀ ਹੈ ਕਿ ਸਾਰੇ ਠੀਕ ਠਾਕ ਆਉਣਗੇ। ਏਕਾਂਤਵਾਸ ਲਈ ਕੀਤੇ ਗਏ ਪ੍ਰਬੰਧ ਕਾਫੀ ਵਧੀਆ ਸਨ। ਅੱਜ ਏਕਾਂਤਵਾਸ ਤੋਂ ਰਵਾਨਗੀ ਵੇਲੇ ਹੋਟਲ ਦਾ ਵਿਸ਼ੇਸ਼ ਸਹਾਇਕ ਰਿਸਪਾਂਡ ਦਲ, ਏਵੀਏਸ਼ਨ ਸਟਾਫ, ਸਿਹਤ ਵਿਭਾਗ, ਵੈਲਬੀਂਗ ਟੀਮ, ਨਿਊਜ਼ੀਲੈਂਡ ਪੁਲਿਸ ਅਤੇ ਹੋਟਲ ਦਾ ਆਪਣਾ ਸਟਾਫ ਮੌਜੂਦ ਸੀ। ਸਾਰਿਆਂ ਦੀ ਵਿਸ਼ੇਸ਼ ਡਿਊਟੀ ਰਵਾਨਗੀ ਵੇਲੇ ਲੱਗੀ ਹੋਈ ਸੀ। ਪੁਲਿਸ ਅਫਸਰ ਆਪ ਸਾਰੇ ਯਾਤਰੀਆਂ ਦੀ ਸਹਾਇਤਾ ਕਰ ਰਹੇ ਸਨ ਅਤੇ ਅਫਸਰ ਅਟੈਚੀ ਵੀ ਚੁੱਕ ਕੇ ਸ਼ਟਲ ਟੈਕਸੀ ਦੇ ਵਿਚ ਰੱਖ ਰਹੇ ਸਨ। ਇਹ ਪੱਤਰਕਾਰ ਉਸ ਵੇਲੇ ਉਥੇ ਮੌਜੂਦ ਸੀ ਅਤੇ ਉਸਨੇ ਸਾਰਿਆਂ ਦਾ ਕੋਲ ਜਾ ਕੇ ਵਿਸ਼ੇਸ਼ ਧੰਨਵਾਦ ਕੀਤਾ।

ਅੱਜ ਕੁਝ ਮੀਡੀਆ ਅਦਾਰਿਆਂ ਅਤੇ ਭਰੋਸੇਯੋਗ ਸੂਤਰਾਂ ਨੇ ਦੱਸਿਆ ਹੈ ਕਿ ਨਿਊਜ਼ੀਲੈਂਡ ਅਤੇ ਭਾਰਤ ਸਰਕਾਰ ਵਿਚਕਾਰ ਅਹਿਮ ਗੱਲਬਾਤ ਚੱਲ ਰਹੀ ਹੈ ਅਤੇ ਪੂਰਨ ਆਸ ਹੈ ਕਿ ਬੰਦੇ ਭਾਰਤ ਮਿਸ਼ਨ ਦੇ ਤਹਿਤ ਤੀਜੇ ਫੇਜ਼ ਦੇ ਵਿਚ ਨਿਊਜ਼ੀਲੈਂਡ ਦਾ ਨੰਬਰ ਲਗ ਸਕਦਾ ਹੈ। ਕਮਿਊਨਿਟੀ ਦੇ ਕੁਝ ਸਮਾਜ ਸੇਵਕ ਅਤੇ ਰਾਜਨੀਤਕ ਲੋਕ ਭਾਰਤੀ ਦੂਤਾਵਾਸ ਅਤੇ ਨਿਊਜ਼ੀਲੈਂਡ ਵਿਦੇਸ਼ ਮੰਤਰਾਲੇ ਨਾਲ ਸਬੰਧ ਕਾਇਮ ਕਰਕੇ ਅਜਿਹਾ ਜ਼ੋਰ ਪਾਉਣ ਦੇ ਵਿਚ ਅਹਿਮ ਭੂਮਿਕਾ ਨਿਭਾਅ ਰਹੇ ਹਨ।

## ਨਵੇਂ ਸਿੰਗਲ ਟਰੈਕ, "ਕਲਾਕਾਰ" ਨਾਲ ਖੂਬ ਚਰਚਾ 'ਚ -ਗਾਇਕ ਰਿੰਕੂ ਰਣਵੀਰ

**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ)** ਕਰੋਨਾ ਵਾਇਰਸ ਦੇ ਨਾਜ਼ਕ ਸਮੇਂ ਵਿੱਚ ਬੇਰੁਜ਼ਗਾਰ ਹੋਏ ਸੰਗੀਤ-ਪਰਿਵਾਰ ਦੇ ਕਲਾਕਾਰ, ਸਾਜੀ, ਰਾਗੀ, ਢਾਡੀ, ਡੀਜੇ, ਆਰਕੈਸਟਰਾ, ਭੰਗੜਾ-ਗਰੁੱਪ ਤੇ ਸਾਊਂਡ-ਸਿਸਟਮ ਦੀ ਅਵਾਜ਼ ਨੂੰ ਸਰੋਤਿਆਂ ਦੇ ਕੰਨਾ ਤੱਕ ਪਹੁੰਚਾਇਆ ਹੈ, ਗਾਇਕ ਰਿੰਕੂ ਰਣਵੀਰ ਨੇ ਆਪਣੇ ਨਵੇਂ ਸਿੰਗਲ ਟਰੈਕ, ''ਕਲਾਕਾਰ'' ਰਾਹੀਂ। ਇਸ ਨੂੰ ਲਿਖਿਆ ਹੈ ਪੰਜਾਬ ਦੇ ਮਸ਼ਹੂਰ ਗੀਤਕਾਰ ਜੁਗਰਾਜ ਕੁਲਾਰਾਂ ਨੇ। ਇਸ ਗੀਤ ਦਾ ਮਿਊਜ਼ਿਕ ਤਿਆਰ ਕੀਤਾ ਹੈ ਜੀ. ਬਲੈਕ ਲਾਈਫ ਸਟੂਡੀਓ ਨੇ ਅਤੇ ਇਸ ਨੂੰ ਰਲੀਜ਼ ਕੀਤਾ ਹੈ ਜੇ. ਕੇ. ਆਡਿਉ ਨੇ।




ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਗੀਤਕਾਰ ਜੁਗਰਾਜ ਕੁਲਾਰਾਂ ਨੇ ਦੱਸਿਆ ਕਿ ਜਿੱਥੇ ਇਸ ਮਹਾਂਮਾਰੀ ਦੀ ਮਾਰ ਨੇ ਸਾਰੇ ਵਿਸ਼ਵ ਨੂੰ ਹਿਲਾ ਕੇ ਰੱਖ ਦਿੱਤਾ ਹੈ, ਉੱਥੇ ਸੰਗੀਤ-ਜਗਤ 'ਤੇ ਇਸ ਦਾ ਬਹੁਤ ਅਸਰ ਹੋਇਆ। ਸੰਗੀਤ ਨਾਲ ਜੁੜੇ ਲੱਖਾਂ ਲੋਕ ਬੇਰੋਜ਼ਗਾਰ ਹੋ ਗਏ ਹਨ। ਇਸ ਗੀਤ ਰਾਹੀਂ ਉਨ੍ਹਾਂ ਲੋਕਾਂ ਦੀ ਅਵਾਜ਼ ਨੂੰ ਉਠਾਇਆ ਹੈ, ਜੋ ਆਪਣੇ ਘਰਾਂ ਵਿੱਚ ਬੈਠੇ ਇੱਕ ਨਵੇਂ ਕੱਲ੍ਹ ਦੀ ਉਡੀਕ ਕਰ ਰਹੇ ਹਨ।

## ਯੂਨਾਈਟੇਡ ਸਪੋਰਟਸ ਕਲੱਬ ਅਤੇ ਡਾ.ਅੰਬੇਡਕਰ ਸਮਾਜ ਸੇਵਾ ਸੋਸਾਇਟੀ ਵੱਲੋਂ 300 ਲੋੜਵੰਦਾਂ ਨੂੰ ਰਾਸ਼ਨ ਵੰਡਿਆ

**ਫਗਵਾੜਾ (ਬੀ. ਕੇ.ਰੱਤੂ)-** ਪਿੰਡ ਜਗਪਾਲਪੁਰ ਵਿਖੇ ਯੂਨਾਈਟੇਡ ਸਪੋਰਟਸ ਕਲੱਬ ਅਤੇ ਡਾ. ਅੰਬੇਡਕਰ ਸਮਾਜ ਸੇਵਾ ਸੋਸਾਇਟੀ ਵੱਲੋਂ ਤੀਸਰੀ ਵਾਰ ਲੋੜਵੰਦਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਹਰਮੀਤ ਸਿੰਘ ਏ.ਐਸ.ਆਈ ਰਾਵਲਪਿੰਡੀ ਸਬੰਧਤ ਸਰਕਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ 300 ਦੇ ਲਗਭਗ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ ਅਤੇ ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਜਸਵਿੰਦਰ ਸਿੰਘ, ਹਰਨੇਕ ਸਿੰਘ ਬਿੱਲਾ, ਰਾਜਵੀਰ ਸਿੰਘ, ਮੇਵਾ ਸਿੰਘ, ਮਨਜੀਤ ਸਿੰਘ, ਐਨ. ਆਰ. ਆਈ ਬਹਾਦੁਰ



ਸਥਾਨ ਤੇ ਉਚੇਚੇ ਤੌਰ ਤੇ ਪੁੱਜੇ, ਜਿੱਥੇ ਪੁੱਜਣ ਤੇ ਕਲੱਬ ਅਤੇ ਸੰਸਥਾ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸ੍ ਹਰਮੀਤ ਸਿੰਘ ਨੇ ਕਲੱਬ ਅਤੇ ਸੰਸਥਾ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦੇ ਹੋਏ ਕਿਹਾ ਕਿ ਯੂਨਾਈਟੇਡ ਸਪੋਰਟਸ ਕਲੱਬ ਅਤੇ ਸੋਸਾਇਟੀ ਵਧਾਈ ਦੀ ਹੱਕਦਾਰ ਹੈ ਜ਼ੋ ਅਜਿਹੇ ਉਪਰਾਲੇ ਕਰ ਰਹੇ ਹਨ। ਇਸ ਮੌਕੇ ਕਲੱਬ ਦੇ ਕਾਰਜਕਾਰੀ ਪ੍ਰਧਾਨ ਸ੍ ਚਰਨਜੀਤ ਸਿੰਘ ਖਾਲਸਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਬੰਗੜ, ਪਰਮਜੀਤ ਸਿੰਘ, ਹੇਮ ਰਾਜ, ਅਵਤਾਰ ਚੰਦ, ਗੁਰਦਾਵਰ ਬੰਗੜ, ਚਰਨਜੀਤ ਬੰਗੜ, ਬਲਵੀਰ ਬੰਗੜ, ਕਰਨੈਲ ਬੰਗੜ, ਲੱਕੀ ਬੰਗੜ, ਅਵਤਾਰ ਤਾਰਾ, ਹਰਜੀਤ ਬਾਦਸ਼ਾਹ, ਗੁਰਦੀਪ ਸਿੰਘ, ਬਲਵਿੰਦਰ ਬਿੰਦਾ ਆਦਿ ਵੀ ਹਾਜਰ ਸਨ। ਪ੍ਰਬੰਧਕਾਂ ਨੇ ਕਿਹਾ ਕਿ ਅਜਿਹੇ ਉਪਰਾਲੇ ਅਗਾਂਹ ਵੀ ਜਾਰੀ ਰਹਿਣਗੇ। ਇਸ ਮੌਕੇ ਕਾਰਜਕਾਰੀ ਪ੍ਰਧਾਨ ਚਰਨਜੀਤ ਸਿੰਘ ਖਾਲਸਾ ਨੇ ਸਾਰਿਆਂ ਦਾ ਧੰਨਵਾਦ ਵੀ ਕੀਤਾ।

## ਵੀਹ ਲੱਖ ਕਰੋੜ ਦਾ ਪੈਕੇਜ ਪ੍ਰਧਾਨ ਮੰਤਰੀ ਮੋਦੀ ਦਾ ਨਵਾਂ ਜੁਮਲਾ-ਦਲਜੀਤ ਰਾਜੂ

**ਫਗਵਾੜਾ (ਰੱਤੂ)-** ਬਲਾਕ ਕਾਂਗਰਸ ਫਗਵਾੜਾ ਦਿਹਾਤੀ ਪ੍ਰਧਾਨ ਦਲਜੀਤ ਰਾਜੂ ਦਰਵੇਸ਼ ਪਿੰਡ ਨੇ ਮੰਗਲਵਾਰ ਦੀ ਰਾਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਦੇਸ਼ ਦੇ ਨਾਮ ਸੰਬੋਧਨ 'ਚ ਕੀਤੇ ਵੀਹ ਲੱਖ ਕਰੋੜ ਰੁਪਏ ਦੇ ਪੈਕੇਜ ਦੇ ਐਲਾਨ ਨੂੰ ਲਾਕਡਾਊਨ 'ਚ ਫਸੇ ਲੋਕਾਂ ਨਾਲ ਮਜਾਕ ਦੱਸਿਆ ਹੈ। ਉਹਨਾਂ ਕਿਹਾ ਕਿ ਲੋਕਾਂ ਨੂੰ ਬੜੀ ਉਮੀਦ ਸੀ ਕਿ ਪ੍ਰਧਾਨ ਮੰਤਰੀ ਉਹਨਾਂ ਲੋਕਾਂ ਲਈ ਕਿਸੇ ਰਾਹਤ ਦਾ ਐਲਾਨ ਕਰਨਗੇ ਜੋ ਕੋਰੋਨਾ ਆਫਤ 'ਚ ਘਰਾਂ ਤੋਂ ਦੂਰ-ਦੁਰਾਡੇ ਫਸੇ ਹੋਏ ਹਨ ਅਤੇ ਕੇਂਦਰ ਸਰਕਾਰ ਵਲੋਂ ਅਣਗੌਲਿਆ ਕੀਤੇ ਜਾਣ ਕਰਕੇ ਪੈਦਲ ਹੀ ਘਰਾਂ ਵੱਲ ਤੁਰਦੇ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ। ਉਹਨਾਂ ਗਰੀਬ, ਦਿਹਾੜੀਦਾਰ, ਛੋਟੇ ਦੁਕਾਨਦਾਰਾਂ ਨੂੰ ਕੋਈ ਰਾਹਤ ਦੇਣ ਦਾ ਐਲਾਨ ਹੋਵੇਗਾ ਜੋ ਕਰੀਬ ਦੋ ਮਹੀਨੇ ਤੋਂ ਬੇਰੁਜਗਾਰ ਹੋ ਕੇ ਘਰਾਂ 'ਚ ਕੈਦ ਹੋਏ ਬੈਠੇ ਹਨ ਪਰ ਮੋਦੀ ਦੇ ਐਲਾਨ ਅਤੇ ਉਹਨਾਂ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਣ ਦੇ ਬੁੱਧਵਾਰ ਦੀ ਪ੍ਰੈਸ ਵਾਰਤਾ 'ਚ ਦਿੱਤੇ ਬਿਆਨ ਕੋਰੋਨਾ ਦੀ ਮਾਰ ਝੱਲ ਰਹੇ ਲੋਕਾਂ ਨਾਲ ਮਜਾਕ ਹੀ ਸਾਬਿਤ ਹੋਇਆ ਹੈ। ਉਹਨਾਂ ਕਿਹਾ ਕਿ ਮੋਦੀ ਸਰਕਾਰ ਦੀ ਪਹਿਲੀ ਪ੍ਰਾਥਮਿਕਤਾ ਇਸ ਸਮੇਂ ਕੋਰੋਨਾ ਪੀੜ੍ਹਤ ਜਨਤਾ ਦੇ ਖਾਤਿਆਂ ਵਿਚ ਕੁੱਝ ਨਗਦੀ ਪਾ ਕੇ ਫੌਰੀ ਰਾਹਤ ਦੇਣਾ ਅਤੇ ਲੋਕਾਂ ਦੇ ਨੁਕਸਾਨ ਦੀ ਕਿਸੇ ਨਾ ਕਿਸੇ ਤਰ੍ਹਾਂ ਪੂਰਤੀ ਕਰਨਾ ਹੋਣੀ ਚਾਹੀਦੀ ਹੈ।



# ਡਾ. ਦਲਵੀਰ ਸਿੰਘ ਪੰਨੂ ਦੀ ਪੁਸਤਕ "ਸਿੱਖ ਹੈਰੀਟੇਜ਼ ਬਿਔਂਡ ਬਾਰਡਰਜ਼" ਚਰਚਾ ਦਾ ਵਿਸ਼ਾ ਬਣੀ

ਸਰਹੱਦ ਪਾਰ ਤੋਂ ਸਿੱਖ ਵਿਰਾਸਤ ਸਬੰਧੀ ਡਾ. ਦਲਵੀਰ ਸਿੰਘ ਪੰਨੂ ਦੀ ਪੁਸਤਕ "ਸਿੱਖ ਹੈਰੀਟੇਜ਼ ਬਿਔਂਡ ਬਾਰਡਰਜ਼" ਇਹਨੀਂ ਦਿਨੀ ਬੜੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਉਨ੍ਹਾਂ ਦੀ ਕੀਤੀ ਸਖ਼ਤ ਮਿਹਨਤ ਇਸ ਵਿੱਚ ਸਾਫ਼ ਝਲਕ ਦੀ ਹੈ ਸਿੱਖ ਇਤਿਹਾਸ ਦੇ ਇਸ ਇਤਹਾਸਿਕ ਪੰਨੇ ਨੂੰ ਜੋ ਕਿ ਇਤਹਾਸਿਕ ਤਸਵੀਰਾ ਨਾਲ ਲੈਸ ਦਸਤਾਵੇਜ਼ ਹੈ ਇਸ ਪੁਸਤਕ ਦੇ ਕਈ ਕਿੱਸੇ ਦਿਲ ਹਲੂਣ ਦਿੰਦੇ ਹਨ!

ਪੂਰੀ ਤਰਾਂ ਅਪਣੇ ਫਰਜ਼ਾਂ ਪ੍ਰਤੀ ਸਮੱਰਪਿਤ ਰਹਿਣ ਵਾਲੀ ਸਖਸ਼ੀਅਤ ਡਾਕਟਰ ਦਲਵੀਰ ਸਿੰਘ ਪੰਨੂ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ । ਉਹ ਬਹੁਤ ਹੀ ਮਿੱਠੇ-ਬੋਲੜੇ ਅਤੇ ਮਿਲਣਸਾਰ ਸੁਭਾਅ ਦੇ ਮਾਲਕ ਹਨ ,ਕਿੱਤੇ ਵੱਜੋਂ ਡਾਕਟਰੀ ਸੇਵਾਵਾਂ ਨਿਭਾ ਰਹੇ ਅਤੇ ਆਪਣੇ ਫਰਜ਼ਾਂ ਪ੍ਰਤੀ ਇਮਾਨਦਾਰ ਵੀ ਹੈ ਤੇ ਸੁਚੇਤ ਵੀ ।

ਗੁਰ ਨਾਨਕ ਦੇਵ ਜੀ 550ਵੇਂ ਪ੍ਰਕਾਸ਼ ਗੁਰਪੁਰਬ ਤੇ ਡਾਕਟਰ ਦਲਵੀਰ ਸਿੰਘ ਪਨੂੰ ਵਲੋਂ ਪੁਸਤਕ "ਸਿੱਖ ਹੈਰੀਟੇਜ਼ ਬਿਔਂਡ ਬਾਰਡਰਜ਼" ਪ੍ਰਕਾਸ਼ਿਤ ਕੀਤਾ ਗਿਆ ਸੀ, ਇਹ ਜਿਹਾ ਕੰਮ ਇਕੱਲੇ ਇਕਹਿਰੇ ਵਿਅਕਤੀ ਦਾ ਨਹੀਂ ਹੁੰਦਾ ,ਵੱਡੀਆਂ ਸੰਸਥਾਵਾਂ ਹੀ ਇਹ ਜਿਹੇ ਨਿਵੇਕਲੇ ਕਾਰਜਾਂ ਨੂੰ ਹੱਥ






ਪਾਉਂਦੀਆਂ ਹਨ, ਜਿਨ੍ਹਾਂ ਕੋਲ ਇਮਾਨਦਾਰ ਕਿਰਤੀ ਕਾਮੇ ਹੋਣ ਸੁਚੱਜੀ ਸੁੱਚੀ ਸੋਚ ਹੋਵੇ ਅਤੇ ਕੰਮ ਪੂਰਾ ਕਰਨ ਲਈ ਦਿੜਤਾ ਹੋਵੇ ,ਪਰ ਡਾਕਟਰ ਦਲਵੀਰ ਸਿੰਘ ਪੰਨੂ ਪਿਛਲੇ 12 ਸਾਲਾਂ ਤੋਂ ਪੂਰੀ ਲਗਨ, ਮਿਹਨਤ, ਸ਼ਿੱਦਤ ਨਾਲ ਇਸ ਕੰਮ ਨੂੰ ਨੇਪਰੇ ਚਾੜ੍ਹਿਆ ਹੈ।

ਇਥੇ ਇਕ ਵਾਰ ਫਿਰ ਤਕਨੀਕ ਡਾਕਟਰ ਪੰਨੂ ਲਈ ਰੱਬ ਬਣ ਕੇ ਆਈ ਸ਼ੋਸ਼ਲ ਮੀਡੀਆ ਰਾਹੀਂ ਆਪਣੇ ਪਾਕਿਸਤਾਨੀ ਸੱਜਣਾਂ ਅਤੇ ਨਾਮੀ ਇਤਿਹਾਸਕਾਰਾਂ ਦੇ ਸੰਪਰਕ ਵਿੱਚ ਆਏ ਜਿਨ੍ਹਾਂ ਨੇ ਲੋੜ ਅਤੇ ਜਨੂੰਨ ਨੂੰ ਮਦੇਨਜ਼ਰ ਰੱਖਦਿਆਂ ਜੋ ਡਾਕਟਰ ਪੰਨੂ ਨੂੰ ਚਾਹੀਦਾ ਸੀ ਉਹ ਨਿਰ -ਸਵਾਰਥ ਭਾਵਨਾ ਸਹਿਤ ਕਿਸੇ ਨਾ ਕਿਸੇ ਰਾਹੀਂ ਪਹੁੰਚਾਉਣਾ ਸ਼ੁਰੂ ਕਰ ਦਿੱਤਾ ,ਇਤਿਹਾਸ ਨੂੰ ਲਿਖਣਾ ਅਤੇ ਇਸ ਨਾਲ ਜੁੜੀਆਂ ਘਟਨਾਵਾਂ ਦੀ ਪੜਚੋਲ ਕਰਨੀ ਬੜਾ ਕਠਿਨ ਕੰਮ ਹੈ ਜਦ ਕੋਈ ਘਟਨਾ ਵਾਪਰਦੀ ਹੈ ਸਾਡੇ ਤੱਕ ਪਹੁੰਚਦਿਆਂ ਬਹੁਤ ਸਮਾਂ ਲੰਘ ਜਾਂਦਾ ਹੈ ।ਜਿਨ੍ਹਾਂ ਸਾਧਨਾਂ ਅਤੇ ਮਾਧਿਅਮਾਂ ਰਾਹੀਂ ਇਹ ਸਾਡੇ ਤੱਕ ਪੁੱਜੇਗੀ ,ਉਨ੍ਹਾਂ ਮਾਧਿਅਮਾਂ ਦਾ ਰੰਗ ਉਸ ਉੱਤੇ ਚੜ੍ਹ ਚੁੱਕਾ ਹੋਵੇਗਾ। ਹੱਥਲੀ ਕਿਤਾਬ ਇਸ ਸੰਦਰਭ ਚ ਪਾਠਕਾਂ ਨੂੰ ਕਈ ਅਹਿਮ ਜਾਣਕਾਰੀਆਂ ਪ੍ਰਧਾਨ ਕਰੇਗੀ, ਡਾਕਟਰ ਦਲਵੀਰ ਸਿੰਘ ਪੰਨੂ ਉਹਨਾਂ ਲੋਕਾਂ ਵਿਚੋਂ ਹਨ, ਜੋ ਇਤਿਹਾਸਕ ਘਟਨਾਵਾਂ ਦੇ ਤੱਥਾਂ ਇਨੰ- ਬਿੰਨ ਪੇਸ਼ ਕਰਨ ਚ ਵਿਸ਼ਵਾਸ ਰੱਖਦੇ ਹਨ ।ਇਤਿਹਾਸਕ ਦਸਤਾਵੇਜ਼ ਪਾਠਕਾਂ ਦੇ ਰੂਬਰੂ ਕੀਤਾ ਹੈ ਆਪਣੀ ਇਸ ਵਡਮੁੱਲੀ ਕਿਰਤ ਦੇ ਰੂਪ ਵਿੱਚ ਕੀਤੀ ਗਈ ਹੈ ਇਤਿਹਾਸਕ ਸੇਵਾ ਲਈ ਉਹ ਵਧਾਈ ਦੇ ਹੱਕਦਾਰ ਹਨ। ਮੇਰੇ ਵੱਲੋਂ ਡਾ. ਦਲਵੀਰ ਸਿੰਘ ਪੰਨੂ ਨੂੰ ਇਸ ਕਿਤਾਬ ਲਈ ਬਹੁਤ ਬਹੁਤ ਮੁਬਾਰਕਾਂ।

**- ਅਰਵਿੰਦਰ ਸੰਧੂ (ਸਿਰਸਾ ਹਰਿਆਣਾ)**

### ਸ਼ਹੀਦ ਸੁਖਦੇਵ ਦੇ ਜਨਮ ਦਿਹਾੜੇ 'ਤੇ ਸਮਾਗਮ

# ਇਹ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਨਹੀਂ: ਦੇਸ਼ ਭਗਤ ਯਾਦਗਾਰ ਕਮੇਟੀ

15 ਮਈ 1907 ਨੂੰ ਨੌਘਰਾ ਮੁਹੱਲਾ ਲੁਧਿਆਣਾ ਵਿਖੇ ਜਨਮੇ ਅਤੇ ਭਗਤ ਸਿੰਘ, ਰਾਜਗੁਰੂ ਦੇ ਨਾਲ 23 ਮਾਰਚ 1931 ਨੂੰ ਫਾਂਸੀ ਦਾ ਰੱਸਾ ਚੁੰਮਣ ਵਾਲੇ ਸੁਖਦੇਵ ਦੇ ਅੱਜ ਜਨਮ ਦਿਹਾੜੇ ਮੌਕੇ ਉਹਨਾਂ ਦੇ ਸੰਗਰਾਮੀ ਜੀਵਨ ਸਫ਼ਰ ਉਪਰ ਝਾਤ ਮਾਰਦਿਆਂ ਉਹਨਾਂ ਦੇ ਸੁਪਨਿਆਂ ਦੀ ਆਜ਼ਾਦੀ, ਜਮਹੂਰੀਅਤ ਅਤੇ ਸਮਾਜਕ ਬਰਾਬਰੀ ਭਰਿਆ ਸਮਾਜ ਸਿਰਜਣ ਲਈ ਉਹਨਾਂ ਤੋਂ ਪ੍ਰੇਰਨਾ ਲੈਣ ਦਾ ਅਹਿਦ ਕੀਤਾ ਗਿਆ।

ਇਸ ਮੌਕੇ ਮਈ ਮਹੀਨੇ ਦੀਆਂ ਉਹਨਾਂ ਸਭਨਾਂ ਸਖ਼ਸ਼ੀਅਤਾਂ ਨੂੰ ਸਿਜਦਾ ਕੀਤਾ ਗਿਆ, ਜਿਹਨਾਂ ਨੇ ਦੇਸ਼ ਲਈ ਆਪਣਾ ਸਭ ਕੁੱਝ ਅਰਪਤ ਕਰਕੇ ਇਤਿਹਾਸ ਦੇ ਨਵੇਂ ਵਰਕੇ ਲਿਖੇ। ਸ਼ਹੀਦ ਵਾਸੂਦੇਵ ਚਾਪੇਕਰ, ਮਾਸਟਰ ਅਮੀਰ ਚੰਦ, ਭਾਈ ਬਾਲ ਮੁਕੰਦ, ਅਵਧ ਬਿਹਾਰੀ, ਬਾਬਾ ਜਵਾਲਾ ਸਿੰਘ ਠੱਠੀਆਂ, ਰਾਨਾਡੇ, ਬਸੰਤ ਕੁਮਾਰ, ਜਤਿੰਦਰ ਨਾਥ ਸਾਨਿਆਲ, ਬੱਬਰ ਸੁੰਦਰ ਸਿੰਘ ਮਖ਼ਸੂਸਪੁਰੀ, ਬੈਕੁੰਠ ਨਾਥ ਸ਼ੁਕਲ, ਗ਼ਦਰੀ ਪ੍ਰੇਮ ਸਿੰਘ ਸੁਰਸਿੰਘ, ਇੰਦਰ ਸਿੰਘ ਪੱਧਰੀ, ਸਾਧੂ ਸਿੰਘ ਸਾਂਧਰਾ, ਲਾਭ ਸਿੰਘ, ਭਾਨ ਸਿੰਘ, ਮਹਾਵੀਰ ਸਿੰਘ, ਬਾਬਾ ਹਰਨਾਮ ਸਿੰਘ ਕਾਲਾਸੰਘਿਆ ਅਤੇ ਭਗਵਤੀ ਚਰਨ ਵੋਹਰਾ ਦੇ ਸੂਹੇ ਸਫ਼ਰ ਨੂੰ ਪ੍ਰਣਾਮ ਕੀਤੀ ਗਈ।



ਇਹਨਾਂ ਜੁਝਾਰੂਆਂ ਦੇ ਸੰਗਰਾਮੀ ਇਤਿਹਾਸ ਦੀਆਂ ਪੈੜਾਂ ਨੂੰ ਸੰਭਾਲਦੇ ਹੋਏ ਜੋ ਸਮੂਹ ਲੋਕ-ਪੱਖੀ, ਇਨਕਲਾਬੀ ਜਮਹੂਰੀ ਲਹਿਰ, ਕਰੋਨਾ ਦੀ ਮਹਾਂਮਾਰੀ ਦੀ ਮਾਰ ਹੇਠ ਆਏ ਲੋਕਾਂ ਦੇ ਸਰੋਕਾਰਾਂ ਦੀ ਬਾਂਹ ਫੜ ਰਹੀ ਹੈ, ਉਸ ਸੰਗ ਆਪਣੀ ਆਵਾਜ਼ ਮਿਲਾਉਂਦੇ ਹੋਏ, ਕਮੇਟੀ ਨੇ ਆਸ ਪ੍ਰਗਟ ਕੀਤੀ ਹੈ ਕਿ ਸਿਦਕਵਾਨ ਭਾਰਤੀ ਲੋਕ, ਇਸ ਹਨੇਰੇ ਨੂੰ ਚੀਰਕੇ ਨਵੀਂ ਸਵੇਰ ਲਿਆਉਣ ਲਈ ਸੰਘਰਸ਼ ਜਾਰੀ ਰੱਖਣਗੇ।

ਸੜਕਾਂ ਉਪਰ ਹਜ਼ਾਰਾਂ ਮੀਲ ਭੁੱਖੇ ਪਿਆਸੇ ਤੁਰੇ ਜਾਂਦੇ ਅਤੇ ਮੌਤ ਦੀ ਗੋਦ 'ਚ ਜਾ ਰਹੇ ਪਰਵਾਸੀ ਕਾਮਿਆਂ ਨਾਲ ਬੇਗ਼ਾਨਗੀ ਭਰਿਆ ਸਲੂਕ ਕਰਨ ਅਤੇ ਅਜ਼ਾਰੇਦਾਰ, ਕਾਰਪੋਰੇਟ ਘਰਾਣਿਆਂ ਲਈ ਕਰੋੜਾਂ ਦੀਆਂ ਥੈਲੀਆਂ ਲੁਟਾ ਦੇਣ ਲਈ ਖਜ਼ਾਨੇ ਦੇ ਮੂੰਹ ਖੋਹਲਣ ਦੀ ਘੋਰ ਵਿਤਕਰੇਬਾਜ਼ੀ 'ਤੇ ਟਿੱਪਣੀ ਕਰਦਿਆਂ ਭਾਰਤ ਦੇ ਸਿਰਜਕ ਕਿਰਤੀਆਂ ਨਾਲ ਸਮੂਹ ਮਿਹਨਤਕਸ਼ਾਂ ਨੂੰ ਖੜ੍ਹੇ ਹੋ ਕੇ ਆਵਾਜ਼ ਉਠਾਉਣ ਦੀ ਅਪੀਲ ਕੀਤੀ ਹੈ। ਕਮੇਟੀ ਦੇ ਕਾਰਜਕਾਰਨੀ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਇਤਿਹਾਸ ਕਮੇਟੀ ਦੇ ਚਰੰਜੀ ਲਾਲ ਕੰਗਣੀਵਾਲ, ਲਾਇਬਰੇਰੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ ਨੇ ਵਿਸ਼ੇਸ਼ ਕਰਕੇ ਨੌਜਵਾਨ ਪੀੜ੍ਹੀ ਨੂੰ ਭਵਿੱਖ ਦੀਆਂ ਗੰਭੀਰ ਚੁਣੌਤੀਆਂ ਕਬੂਲਣ ਦੇ ਹਾਣਦੇ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਅਜੋਕਾ ਭਾਰਤ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਨਹੀਂ ਹੈ।

## ਸਾਬਕਾ ਪੱਤਰਕਾਰ ਸਨਪ੍ਰੀਤ ਦੀ ਮੌਤ ਦੀ ਉੱਚ-ਪੱਧਰੀ ਜਾਂਚ ਹੋਵੇ

**ਜਲੰਧਰ-** ਬੇਬਾਕ ਸਾਬਕਾ ਪੱਤਰਕਾਰ ਸਨਪ੍ਰੀਤ ਸਿੰਘ ਦੀ ਭੇਦਭਰੀ ਹਾਲਤ ਵਿਚ 10 ਮਈ ਦੀ ਰਾਤ ਨੂੰ ਰਾਹੋਂ-ਮਾਛੀਵਾੜਾ ਸੜਕ 'ਤੇ ਹੋਈ ਮੌਤ ਦੀ ਬਾਰੀਕੀ ਨਾਲ



ਅਨੇਕਾਂ ਪੱਖਾਂ ਨੂੰ ਜਾਂਚ ਦੇ ਦਾਇਰੇ ਹੇਠ ਲਿਆਕੇ ਜਚਣਹਾਰ ਤਰੀਕੇ ਨਾਲ ਵਿਸ਼ੇਸ਼ ਉੱਚ-ਪੱਧਰੀ ਜਾਂਚ ਕਰਨ ਲਈ, ਆਜ਼ਾਦੀ ਸੰਗਰਾਮੀਆਂ ਦੀ ਵਾਰਸ ਸੰਸਥਾ, ਦੇਸ਼ ਭਗਤ ਯਾਦਗਾਰ ਕਮੇਟੀ ਨੇ ਮੰਗ ਕੀਤੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਹੈ ਕਿ ਕਲਾ, ਕਲਮ, ਪੱਤਰਕਾਰਤਾ ਅਤੇ ਨਿਰਪੱਖ ਲੇਖਣੀ ਉਪਰ ਜਿਵੇਂ ਸਮੇਂ ਸਮੇਂ ਧਾਵੇ ਹੋ ਰਹੇ ਹਨ, ਸਨਪ੍ਰੀਤ ਦੀ ਮੌਤ ਨੂੰ ਸਰਸਰੀ, ਚਲੰਤ ਜਾਂ ਓਪਰੀ ਜਾਂਚ ਦੇ ਆਧਾਰ 'ਤੇ ਹੀ ਹਾਦਸਾ ਸਮਝ ਬੈਠਣ ਦੀ ਬਜਾਏ, ਕਮੇਟੀ ਦੀ ਜ਼ੋਰਦਾਰ ਮੰਗ ਹੈ ਕਿ ਮ੍ਰਿਤਕ ਦੇ ਪਿਤਾ ਦੇ ਬਿਆਨਾਂ, ਮੋਟਰਸਾਈਕਲ ਸਟੈਂਡ ਉਪਰ ਖੜ੍ਹਾ ਮਿਲਣ ਅਤੇ ਡੂੰਘੇ ਜਖ਼ਮ ਹੋਣ ਦੇ ਸੰਕੇਤਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਵਾਰਦਾਤ ਦੇ ਸਮਾਂ-ਕਾਲ ਦੇ ਨਜ਼ਦੀਕ ਜਾਂ ਦਿਨ ਭਰ ਮੋਬਾਇਲ ਦੀ ਡਾਟਾ ਕਾਲ ਦੀ ਛਾਣਬੀਣ ਕਰਕੇ ਮਾਮਲੇ ਨੂੰ ਫੌਰੈਂਸਿਕ ਮਾਹਰਾਂ ਦੀ ਟੀਮ ਰਾਹੀਂ ਪੜਤਾਲ ਅਧੀਨ ਲਿਆਕੇ, ਦੁੱਖ ਦੀ ਘੜੀ ਗਹਿਰੇ ਸਦਮੇ 'ਚ ਡੁੱਬੇ ਪਰਿਵਾਰ ਨੂੰ ਇਨਸਾਫ਼ ਦਿੱਤਾ ਜਾਏ।

## ਜਥੇਦਾਰ ਸੰਘੇੜਾ ਦਾ ਬੇਵਕਤੀ ਜਾਣ ਕੌਮੀ ਘਾਟਾ- ਯੂਥ ਯੂਰਪ

**ਪੈਰਿਸ-** ਸ਼ੋਮਣੀ ਅਕਾਲੀ ਦਲ ਅੰਮ੍ਰਿਤਸਰ ਬਰਨਾਲਾ ਦੇ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਸੰਘੇੜਾ ਜੋ 13 ਮਈ 2020 ਇਸ ਫਾਨੀ ਸੰਸਾਰ ਨੂੰ ਛੱਡ ਗਏ ਹਨ, ਜਿਸ ਨਾਲ ਪੰਥਕ ਸੋਚ ਅਤੇ ਸਿੱਖ ਕੌਮੀ ਅਜਾਦੀ ਦੀ ਲਹਿਰ ਨੂੰ ਵੱਡਾ ਘਾਟਾ ਪਿਆ ਹੈ। ਜੁਝਾਰੂ ਸੋਚ ਦੇ ਮਾਲਕ ਜਥੇਦਾਰ ਸੰਘੇੜਾ ਨੇ ਸਾਰੀ ਜਿੰਦਗੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੋਚ ਤੇ ਪਹਿਰਾ ਦਿੰਦਿਆਂ ਖਾਲਸਾ ਰਾਜ ਦੀ ਲੜਾਈ ਨੂੰ ਸਮਰਪਿਤ ਰਹੇ। ਇਲੈਕਸ਼ਨ ਹੋਣ, ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਮਨਾਏ ਜਾਂਦੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਹੋਣ, ਪੰਜਾਬ, ਪੰਜਾਬੀ, ਪੰਜਾਬੀਅਤ ਨਾਲ ਵਾਪਰਦੇ ਵਰਤਾਰੇ ਹੋਣ ਤਾਂ ਹਰ ਥਾਂ ਸਮੇਤ ਜ਼ਿਲਾ ਜਥੇਬੰਦੀ ਆਪਣੀ ਹਾਜਰੀ ਪੱਕੀ ਰੱਖਦੇ ਸਨ। ਕੌਮੀ ਆਗੂ ਸ਼ ਸਿਮਰਨਜੀਤ ਸਿੰਘ



ਮਾਨ ਨਾਲ ਚਟਾਨ ਵਾਂਗ ਖੜਕੇ ਦ੍ਰਿੜਤਾ, ਇਮਾਨਦਾਰੀ ਅਤੇ ਸਰਕਾਰੀ ਜਬਰ ਜੁਲਮ ਦਾ ਡਟਕੇ ਮੁਕਾਬਲਾ ਕਰਦਿਆਂ ਹਮੇਸ਼ਾ ਪੰਥਕ ਸੋਚ ਨੂੰ ਅੱਗੇ ਰੱਖਿਆ। ਸ਼ੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਰਪ ਵਲੋਂ ਸ. ਦਲਵਿੰਦਰ ਸਿੰਘ ਘੁੰਮਣ ਪ੍ਰਧਾਨ ਯੂਥ ਵਿੰਗ, ਸ. ਹਰਜਾਪ ਸਿੰਘ ਸਰੋਆ, ਸ. ਜਗਜੀਤ ਸਿੰਘ ਚੀਮਾਂ, ਸ.ਤਲਵਿੰਦਰ ਸਿੰਘ ਮਾਵੀ, ਸ. ਜਸਪਾਲ ਸਿੰਘ ਪੰਨੂੰ, ਡਾ ਰਾਜਬੀਰ ਸਿੰਘ, ਸ.ਬਲਦੇਵ ਸਿੰਘ ਸ਼ਾਹਕੋਟ, ਸ. ਹਰਜਾਪ ਸਿੰਘ ਸੰਘਾ, ਸ. ਨਿਹਾਲ ਸਿੰਘ ਸੁਭਾਨਪੁਰ, ਸ. ਜਗਦੀਸ਼ ਸਿੰਘ ਫਤਹਿ ਗੜ੍ਹ ਸਾਹਿਬ ਆਦਿ ਵਲੋਂ ਪੁਰਾਣੇ ਅਕਾਲੀ ਲੀਡਰ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਲਈ ਯਾਦ ਰੱਖਿਆ ਜਾਵੇਗਾ। ਜਥੇਦਾਰ ਸੰਘੇੜਾ ਦੇ ਨਮਿਤ ਸ੍ਰੀ ਸਹਿਜ ਪਾਠ ਦੇ ਭੋਗ ਪਿੰਡ ਸੰਘੇੜਾ ਦੇ ਵੱਡੇ ਗੁਰਦੁਆਰਾ ਸਾਹਿਬ ਵਿਖੇ 22 ਮਈ 2020 । 12 ਵਜੇਂ ਤੋ 2 ਵਜੇਂ ਤੱਕ ਪਾਏ ਜਾਣਗੇ।

# ਸਮਤਾ ਸੈਨਿਕ ਦਲ ਨੇ ਕਿਰਤ ਕਾਨੂੰਨਾਂ ਵਿਚ ਤਬਦੀਲੀ ਦਾ ਕੀਤਾ ਸਖਤ ਵਿਰੋਧ

**ਜਲੰਧਰ-** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਇਕਾਈ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਕਿ ਦੂਜੇ ਵਿਸ਼ਵ ਯੁੱਧ ਵਿੱਚ ਬਾਬਾ ਸਾਹਿਬ ਅੰਬੇਡਕਰ ਜੁਲਾਈ 1942 ਤੋਂ 1946 ਤੱਕ ਵਾਇਸਰਾਇ ਅਕਜ਼ੀਕਿਊਟਿਵ ਕਾਉਂਸਲ ਦੇ ਲੇਬਰ ਮੈਂਬਰ ਸਨ। ਉਨ੍ਹਾਂ ਦਿਨਾਂ ਵਿੱਚ, ਬਰਤਾਨੀਆ ਦੇ ਤਤਕਾਲੀ ਪ੍ਰਧਾਨ ਮੰਤਰੀ ਸਰ ਵਿੰਸਟਨ ਚਰਚਿਲ ਨਾਲ ਉਨ੍ਹਾਂ ਦਾ ਮਜ਼ਦੂਰਾਂ ਦੀ ਭਲਾਈ ਅਤੇ ਸੁਰੱਖਿਆ ਲਈ ਝਗੜਾ ਹੋਇਆ ਸੀ। ਫਿਰ ਵੀ, ਉਨ੍ਹਾਂ ਨੇ ਮਜ਼ਦੂਰਾਂ ਦੀ ਭਲਾਈ ਅਤੇ ਸੁਰੱਖਿਆ ਲਈ ਹੇਠਾਂ ਦਿੱਤੇ ਕਾਨੂੰਨ ਬਣਾਏ ਜੋ ਇਸ ਪ੍ਰਕਾਰ ਹਨ:

(1). ਕੋਲੇ ਦੀਆਂ ਖਾਣਾਂ ਵਿੱਚ, ਔਰਤਾਂ ਕੋਲੋਂ ਭੂਮੀ ਅੰਦਰ ਥਾਵਾਂ ਤੇ ਵੀ ਕੰਮ ਕਰਵਾਇਆ ਜਾਂਦਾ ਸੀ। ਡਾ. ਅੰਬੇਡਕਰ ਨੇ ਇਸ ਤੇ ਪਾਬੰਦੀ ਲਗਾਈ। ਔਰਤਾਂ ਲਈ ਨਾ ਨਾ ਪ੍ਰਕਾਰ ਦੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ. ਕੋਲੇ ਦੀਆਂ ਖਾਣਾਂ ਨਾਲ ਸਬੰਧਤ 'ਭਲਾਈ ਸੰਗਠਨ' ਦੀ ਸਥਾਪਨਾ ਕੀਤੀ ਗਈ। (2). ਮਜ਼ਦੂਰਾਂ ਲਈ 'ਭਲਾਈ ਫੰਡ' ਸਥਾਪਤ ਕੀਤੇ ਗਏ। (3). ਮਜ਼ਦੂਰਾਂ ਲਈ ਇੱਕ ਰਿਹਾਇਸ਼ੀ ਯੋਜਨਾ ਬਣਾਈ ਗਈ। ਪਰਵਾਸੀ ਮਜ਼ਦੂਰਾਂ ਦੀ ਰਿਹਾਇਸ਼ ਲਈ ਮਕਾਨ ਬਣਾਏ। (4)। ਮਜ਼ਦੂਰਾਂ ਨੂੰ ਹਫ਼ਤੇ ਵਿੱਚ 54 ਘੰਟੇ ਦੀ ਥਾਂ 48 ਘੰਟੇ ਅਤੇ ਇੱਕ ਦਿਨ ਵਿੱਚ 12 ਘੰਟੇ ਦੀ ਬਜਾਏ 8 ਘੰਟੇ ਕੰਮ ਕਰਨ ਦਾ ਕਾਨੂੰਨ 4 ਅਪ੍ਰੈਲ, 1946 ਨੂੰ ਲਾਗੂ ਕਰਵਾਇਆ । (5) ਟਰੇਡ ਯੂਨੀਅਨਾਂ ਨੂੰ ਲਾਜ਼ਮੀ ਤੌਰ ਤੇ ਮਾਨਤਾ ਦਿਵਾਉਣ ਲਈ ਕਾਨੂੰਨ ਬਣਾਇਆ। (6). ਸਾਰੇ ਉਦਯੋਗਾਂ ਵਿੱਚ ਘੱਟੋ ਘੱਟ ਉਜਰਤ ਨੂੰ ਯਕੀਨੀ ਬਣਾਇਆ। (7). ਕਰਮਚਾਰੀ ਰਾਜ ਬੀਮਾ ਯੋਜਨਾ ਪਾਸ ਕੀਤੀ ਗਈ। (8). ਬਿਮਾਰੀ ਦੇ ਸਮੇਂ ਛੁੱਟੀਆਂ ਦਾ ਪ੍ਰਬੰਧ ਕੀਤਾ ਗਿਆ. (9). ਤਿਕੋਣੀ ਲੇਬਰ ਕਾਨਫਰੰਸ ਨਾਮਕ ਇੱਕ ਸੰਗਠਨ ਸਥਾਪਤ ਕੀਤਾ ਗਿਆ ਜਿਸ ਵਿੱਚ ਮਾਲਕ, ਮਜ਼ਦੂਰ ਅਤੇ ਸਰਕਾਰ, ਤਿੰਨਾਂ ਦੇ ਨੁਮਾਇੰਦੇ ਹਿੱਸਾ ਲੈਂਦੇ ਅਤੇ ਮਜ਼ਦੂਰਾਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਦਾ ਹੱਲ ਕਰਦੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਵਰਿਆਣਾ ਨੇ ਕਿਹਾ ਕਿ ਇਸ ਤਰੀਕੇ ਨਾਲ ਬਾਬਾ ਸਾਹਿਬ ਅੰਬੇਡਕਰ ਨੇ ਮਜ਼ਦੂਰਾਂ ਦੀ ਭਲਾਈ ਅਤੇ ਸੁਰੱਖਿਆ ਲਈ ਕਾਨੂੰਨੀ ਪ੍ਰਬੰਧ ਕੀਤੇ, ਜਿਸ ਦੇ ਅਧਾਰ 'ਤੇ ਮਜ਼ਦੂਰਾਂ ਦੀ ਭਲਾਈ ਅਤੇ ਸੁਰੱਖਿਆ ਕੀਤੀ ਜਾਂਦੀ ਹੈ। ਕੋਲੇ ਦੀਆਂ ਖਾਣਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਸਥਿਤੀ ਨੂੰ ਵੇਖਣ ਲਈ ਬਾਬਾ ਸਾਹਿਬ 110 ਫੁੱਟ ਹੇਠਾਂ ਮਾਈਨ ਦਾ ਦੌਰਾ ਕਰਨ ਵਾਲੇ ਪਹਿਲੇ ਮਜ਼ਦੂਰ ਨੇਤਾ ਹੋਏ ਹਨ. ਉਨ੍ਹਾਂ ਸੰਵਿਧਾਨ ਸਭਾ ਵਿੱਚ ਮਜ਼ਦੂਰਾਂ ਦੀ ਭਲਾਈ ਅਤੇ ਸੁਰੱਖਿਆ ਨੂੰ ਅੱਗੇ ਰੱਖਿਆ। ਇਸੇ ਲਈ ਸੰਵਿਧਾਨ ਦੀ ਭੂਮਿਕਾ (ਪ੍ਰਸਤਾਵਨਾ) ਵਿਚ ਨਿਆਂ, ਬਰਾਬਰੀ, ਭਰੱਪਣ ਅਤੇ ਵਿਅਕਤੀ ਦੀ ਇੱਜ਼ਤ ਦੇ ਸਿਧਾਂਤ ਰੱਖੇ ਹਨ। ਜੇ ਆਦਮੀ ਅਤੇ ਔਰਤ ਇਕੋ ਤਰ੍ਹਾਂ ਦਾ ਕੰਮ ਕਰਦੇ ਹਨ, ਤਾਂ ਉਨ੍ਹਾਂ ਦੀ ਤਨਖਾਹ ਵੀ ਇਕੋ ਜਿਹੀ ਦਿੱਤੀ ਜਾਣੀ ਚਾਹੀਦੀ ਹੈ। ਵਰਿਆਣਾ ਨੇ ਅੱਗੇ ਕਿਹਾ ਕਿ ਕੁਝ ਰਾਜ ਸਰਕਾਰਾਂ ਨੇ ਇਕੋ ਝਟਕੇ ਵਿੱਚ ਬਾਬਾ ਸਾਹਿਬ ਅੰਬੇਡਕਰ ਦੁਆਰਾ ਮਜ਼ਦੂਰਾਂ ਨਾਲ ਸਬੰਧਤ ਭਲਾਈ ਅਤੇ ਸੁਰੱਖਿਆ ਦੇ ਕਾਨੂੰਨਾਂ ਨੂੰ ਖਤਮ ਕਰ ਦਿੱਤਾ ਹੈ। ਉਦਾਹਰਣ ਵਜੋਂ, ਉੱਤਰ ਪ੍ਰਦੇਸ਼ ਨੇ ਕਾਮਿਆਂ ਨਾਲ ਸਬੰਧਤ 38 ਕਾਨੂੰਨਾਂ ਵਿਚੋਂ 35 ਨੂੰ ਰੱਦ ਕਰ ਦਿੱਤਾ ਹੈ। ਮਜ਼ਦੂਰਾਂ ਨੂੰ ਬੰਧਕ



ਬਣਾਉਣ ਵਿਚ ਭਾਜਪਾ ਅਤੇ ਕਾਂਗਰਸ ਦੋਵੇਂ ਹੀ ਇਕ ਇੱਕ ਮੱਤ - ਇੱਕ ਜੁੱਟ ਹਨ . ਇਹ ਹੋਰ ਵੀ ਅਫ਼ਸੋਸਜਨਕ ਹੈ। ਪਰਵਾਸੀ ਮਜ਼ਦੂਰ ਮਾਲ ਰੇਲ ਗੱਡੀ ਨਾਲ ਕੱਟੇ ਗਏ, ਕਿਸੇ ਨੇ ਉਨ੍ਹਾਂ ਨੂੰ ਕਾਰ ਦੇ ਹੇਠਾਂ ਕੁਚਲ ਦਿੱਤਾ, ਕੁਝ ਘਰ ਜਾਂਦੇ ਸਮੇਂ ਪੁਲਿਸ ਦੇ ਅੱਤਿਆਚਾਰਾਂ ਦਾ ਸ਼ਿਕਾਰ ਹੋਏ। ਬਹੁਤ ਸਾਰੇ ਭੁੱਖ ਨਾਲ ਮਰ ਗਏ। ਪਰਵਾਸੀ ਮਜ਼ਦੂਰਾਂ 'ਤੇ ਕੋਰੋਨਾ ਮਹਾਂਮਾਰੀ ਦਾ ਪ੍ਰਭਾਵ ਜੋ ਪਿਆ, ਉਹ ਦੁਖਦਾਈ ਤਾਂ ਹੈ ਹੀ, ਸ਼ਰਮਨਾਕ ਵੀ ਹੈ. ਲੰਬੇ ਸੰਘਰਸ਼ ਤੋਂ ਬਾਅਦ ਨੇਤਾਵਾਂ ਨੇ ਮਜ਼ਦੂਰਾਂ ਨੂੰ ਜੋ ਬਿਹਤਰ ਜ਼ਿੰਦਗੀ ਦੇ ਅਧਿਕਾਰ ਲੈ ਕੇ ਦਿੱਤੇ ਸੀ, ਉਹ ਸਾਰੇ ਮਲੀਆਮੇਟ ਕੀਤੇ ਜਾ ਰਹੇ ਹਨ।

ਆਲ ਇੰਡੀਆ ਸਮਤਾ ਸੈਨਿਕ ਦਲ ਇਸ ਦਾ ਸਖ਼ਤ ਵਿਰੋਧ ਕਰਦਾ ਹੈ। ਵਰਿਆਣਾ ਨੇ ਕਿਹਾ ਕਿ ਅਜਿਹੇ ਅੱਤਿਆਚਾਰਾਂ ਦੇ ਵਿਰੁੱਧ, ਸ਼ਾਂਤਮਈ ਹੀ ਸਹੀ, ਆਵਾਜ਼ ਉਠਾਉਣੀ ਚਾਹੀਦੀ ਹੈ, ਅਤੇ ਹਰ ਸੰਗਠਨ ਅਤੇ ਭਾਰਤੀ ਜੋ ਸੰਵਿਧਾਨ ਪ੍ਰਤੀ ਵਫ਼ਾਦਾਰ ਹਨ, ਨੂੰ ਇਸ ਵਿੱਚ ਲਾਜ਼ਮੀ ਤੌਰ ਤੇ ਸ਼ਾਮਲ ਹੋਣਾ ਚਾਹੀਦਾ ਹੈ।

# ਸੜਕ ਹਾਦਸਿਆਂ 'ਚ 35 ਪਰਵਾਸੀ ਮਜ਼ਦੂਰ ਹਲਾਕ

**ਔਰੈਈਆ–** ਉੱਤਰ ਪ੍ਰਦੇਸ਼ ਦੇ ਔਰੈਈਆ ਅਤੇ ਮੱਧ ਪ੍ਰਦੇਸ਼ 'ਚ ਅੱਜ ਵਾਪਰੇ ਪੰਜ ਵੱਖ ਵੱਖ ਸੜਕ ਹਾਦਸਿਆਂ 'ਚ 35 ਪਰਵਾਸੀ ਮਜ਼ਦੂਰ ਹਲਾਕ ਹੋ ਗਏ। ਇਨ੍ਹਾਂ ਹਾਦਸਿਆਂ 'ਚ 69 ਹੋਰ ਜਣੇ ਜ਼ਖ਼ਮੀ ਹੋਏ ਹਨ। ਔਰੈਈਆ ਨੇੜੇ ਹਾਈਵੇਅ 'ਤੇ ਅੱਜ ਤੜਕੇ ਤਿੰਨ ਅਤੇ ਸਾਢੇ ਤਿੰਨ ਵਜੇ ਦੇ ਵਿਚਕਾਰ ਵਾਪਰੇ ਹਾਦਸੇ 'ਚ 25 ਪਰਵਾਸੀ ਮਜ਼ਦੂਰ ਮਾਰੇ ਗਏ ਅਤੇ 40 ਹੋਰ ਜ਼ਖ਼ਮੀ ਹੋ ਗਏ। ਮੱਧ ਪ੍ਰਦੇਸ਼ 'ਚ ਸ਼ਨਿਚਰਵਾਰ ਨੂੰ ਹੋਏ ਤਿੰਨ ਹਾਦਸਿਆਂ 'ਚ ਚਾਰ ਔਰਤਾਂ ਸਮੇਤ ਅੱਠ ਪਰਵਾਸੀ ਮਜ਼ਦੂਰ ਮਾਰੇ ਗਏ। ਸਾਗਰ, ਗੁਨਾ ਅਤੇ ਬਰਵਾਨੀ ਜ਼ਿਲ੍ਹਿਆਂ 'ਚ ਵਾਪਰੇ ਇਨ੍ਹਾਂ ਹਾਦਸਿਆਂ 'ਚ 29 ਹੋਰ ਵਿਅਕਤੀ ਜ਼ਖ਼ਮੀ ਹੋਏ ਹਨ। ਮਹਾਰਾਸ਼ਟਰ ਤੋਂ ਯੂਪੀ ਵੱਲ ਜਾ ਜਾ ਰਹੇ ਮਜ਼ਦੂਰਾਂ ਦਾ ਟਰੱਕ ਸਾਗਰ ਨੇੜੇ ਪਲਟ ਗਿਆ ਜਿਸ 'ਚ ਛੇ ਵਿਅਕਤੀਆਂ ਦੀ ਮੌਤ ਅਤੇ 19 ਹੋਰ ਵਿਅਕਤੀ ਜ਼ਖ਼ਮੀ ਹੋ ਗਏ। ਟਰੱਕ 'ਚ ਕੱਪੜਿਆਂ ਦੀਆਂ ਗੱਠੜੀਆਂ ਲੱਦੀਆਂ ਹੋਈਆਂ ਸਨ ਅਤੇ ਉਨ੍ਹਾਂ 'ਚ ਮਜ਼ਦੂਰਾਂ ਨੂੰ ਤੁੜਿਆ ਹੋਇਆ ਸੀ। ਗੁਨਾ ਜ਼ਿਲ੍ਹੇ ਦੇ ਭਦੌਰਾ ਨੇੜੇ ਟੈਂਪੂ ਦੇ ਪਲਟਣ ਕਾਰਨ ਇਕ ਵਿਅਕਤੀ ਮਾਰਿਆ ਗਿਆ ਜਦਕਿ 11 ਹੋਰ ਜ਼ਖ਼ਮੀ ਹੋ ਗਏ। ਬਰਵਾਨੀ ਜ਼ਿਲ੍ਹੇ 'ਚ ਟਰੱਕ ਦੀ ਇਕ ਹੋਰ ਵਾਹਨ ਨਾਲ ਟੱਕਰ ਹੋਣ ਕਾਰਨ ਇਕ ਵਿਅਕਤੀ ਮਾਰਿਆ ਗਿਆ। ਟਰੱਕ 'ਚ 45 ਮਜ਼ਦੂਰ ਸਵਾਰ ਸਨ। ਔਰੈਈਆ 'ਚ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਰਾਜਸਥਾਨ ਤੋਂ ਆ ਰਹੇ ਟਰੱਕ ਨੇ ਔਰੈਈਆ-ਕਾਨਪੁਰ ਦੇਹਾਤ ਪੱਟੀ 'ਤੇ ਤੜਕੇ ਤਿੰਨ ਅਤੇ ਸਾਢੇ ਤਿੰਨ ਵਜੇ ਦੇ ਵਿਚਕਾਰ ਉਥੇ ਖੜ੍ਹੇ ਇਕ ਹੋਰ ਟਰੱਕ ਨੂੰ ਟੱਕਰ ਮਾਰ ਦਿੱਤੀ। ਦੋਵੇਂ ਟਰੱਕਾਂ 'ਚ ਪਰਵਾਸੀ ਮਜ਼ਦੂਰ ਸਵਾਰ ਸਨ ਜੋ ਆਪਣੇ ਪਿੱਤਰੀ ਰਾਜਾਂ ਨੂੰ ਪਰਤ ਰਹੇ ਸਨ। ਪੁਲੀਸ ਮੁਤਾਬਕ ਜਦੋਂ ਹਾਦਸਾ ਵਾਪਰਿਆ ਤਾਂ ਦਿੱਲੀ ਤੋਂ ਆ ਰਹੇ ਟਰੱਕ 'ਚ ਸਵਾਰ ਕੁਝ ਕਾਮੇ ਚਾਹ ਪੀਣ ਲਈ ਰੁਕੇ ਸਨ। ਟੱਕਰ ਇੰਨੀ ਜ਼ਬਰਦਸਤ ਸੀ ਕਿ ਦੋਵੇਂ ਵਾਹਨ ਪਲਟ ਕੇ ਇਕ ਖੱਡ 'ਚ ਡਿੱਗ ਗਏ। ਅਧਿਕਾਰੀਆਂ ਨੇ ਕਿਹਾ ਕਿ ਜ਼ਿਆਦਾਤਰ ਮਾਰੇ ਗਏ ਵਿਅਕਤੀ ਝਾਰਖੰਡ ਤੇ ਪੱਛਮੀ ਬੰਗਾਲ ਤੋਂ ਸਨ ਅਤੇ ਕੁਝ ਪੂਰਬੀ ਉੱਤਰ ਪ੍ਰਦੇਸ਼ ਦੇ ਕੁਸ਼ੀਨਗਰ ਤੋਂ ਸਨ। ਔਰੈਈਆ ਸਰਕਲ ਅਫ਼ਸਰ ਸੁਰੇਂਦਰਨਾਥ ਯਾਦਵ ਮੁਤਾਬਕ ਟਰਾਲਰ ਟਰੱਕ 'ਚ ਕਰੀਬ 50 ਪਰਵਾਸੀ ਮਜ਼ਦੂਰ ਸਵਾਰ ਸਨ। ਸੂਬਾ ਸਰਕਾਰ ਨੇ ਮ੍ਰਿਤਕਾਂ ਦੇ ਵਾਰਸਾਂ ਨੂੰ 2-2 ਲੱਖ ਰੁਪਏ ਜਦਕਿ ਗੰਭੀਰ ਰੂਪ 'ਚ ਜ਼ਖ਼ਮੀ ਹੋਏ ਵਿਅਕਤੀਆਂ ਨੂੰ 50-50 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ। ਇਸੇ ਦੌਰਾਨ ਆਟੋ ਰਿਕਸ਼ਾ 'ਚ ਹਰਿਆਣਾ ਤੋਂ ਬਿਹਾਰ ਪਰਤ ਰਹੇ ਜੋੜੇ ਦੀ ਯੂਪੀ ਦੇ ਉਨਾਓ 'ਚ ਮੌਤ ਹੋ ਗਈ। ਜੋੜਾ ਜਦੋਂ ਆਟੋ ਰਿਕਸ਼ਾ 'ਚ ਤੇਲ ਭਰ ਰਿਹਾ ਸੀ ਤਾਂ ਪਿੱਛੋਂ ਦੀ ਤੇਜ਼ ਰਫ਼ਤਾਰ ਲੋਡਰ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਹਾਦਸੇ 'ਚ 6 ਸਾਲ ਦਾ ਬੱਚਾ ਵਾਲ ਵਾਲ ਬਚ ਗਿਆ।



# ਅਗਵਾ ਤੋਂ ਬਾਅਦ ਹਨੂਮਾਨਗੜ੍ਹ ਦੀ ਲੜਕੀ ਨਾਲ ਪੰਜਾਬ ਵਿਚ ਗੈਂਗਰੇਪ



**ਹਨੂੰਮਾਨਗੜ੍ਹ–** ਜ਼ਿਲ੍ਹੇ ਦੇ ਸੰਗਰੀਆ ਪੁਲਿਸ ਥਾਣਾ ਖੇਤਰ ਵਿਚ ਰਹਿਣ ਵਾਲੀ ਇਕ ਲੜਕੀ ਨੂੰ ਅਗਵਾ ਕਰਕੇ ਉਸ ਨਾਲ ਗੈਂਗਰੇਪ ਦੀ ਘਟਨਾ ਸਾਹ-ਮਣੇ ਆਈ ਹੈ। ਲੜਕੀ ਨੂੰ ਅਗਵਾ ਕਰਕੇ ਪੰਜਾਬ ਲੈ ਗਏ। ਉਥੇ ਕਈ ਦਿਨਾਂ ਤੱਕ ਅਲੱਗ-ਅਲੱਗ ਥਾਵਾਂ 'ਤੇ ਉਸਦੇ ਨਾਲ ਬਲਾਤਕਾਰ ਕਰਦੇ ਰਹੇ। ਦੋਸ਼ੀਆਂ ਵਿਚ ਕਈ ਔਰਤਾਂ ਵੀ ਸ਼ਾਮਲ ਹਨ। ਪੁਲਿਸ ਨੇ 22 ਸਾਲਾ ਪੀੜਤਾ ਦੀ ਰਿਪੋਰਟ 'ਤੇ ਰਵਿੰਦਰ ਸਿੰਘ, ਗੁਰਸੇਵਕ ਸਿੰਘ, ਮੰਦਰ ਸਿੰਘ, ਅਮਨਦੀਪ ਸਿੰਘ, ਗੁਰਪ੍ਰੀਤ ਸਿੰਘ, ਕਰਮਜੀਤ ਕੌਰ, ਸੇਵਕ ਸਿੰਘ, ਤੇਜੋ ਕੌਰ, ਸੰਦੀਪ ਉਰਫ ਨਾਲੀ, ਸੁੱਖਾ ਸਿੰਘ, ਪਾਲੋ ਕੌਰ ਦੇ ਖਿਲਾਫ ਮੁਕੱਦਮਾ ਦਰਜ ਕੀਤਾ ਹੈ। ਸਾਰੇ ਦੋਸ਼ੀ ਪੰਜਾਬ ਦੇ ਗਿੱਦੜਬਾਹਾ ਪੁਲਿਸ ਥਾਣਾ ਖੇਤਰ ਦੇ ਪਿੰਡ ਰਖਾਲਾ ਦੇ ਰਹਿਣ ਵਾਲੇ ਹਨ।ਦੋਸ਼ੀਆਂ ਦੇ ਚੁੰਗਲ 'ਚੋਂ ਛੁਟਣ ਤੋਂ ਬਾਅਦ ਪੀੜਤਾ ਨੇ ਸ਼ੁੱਕਰਵਾਰ ਰਾਤ ਪੁਲਿਸ ਥਾਣੇ ਵਿਚ ਰਿਪੋਰਟ ਕੀਤੀ। ਦੋਸ਼ ਲਗਾਇਆ ਕਿ ਦੋਸ਼ੀ ਰਵਿੰਦਰ ਸਿੰਘ ਨਾਲ ਉਸਦਾ ਜਬਰਦ-ਸਤੀ ਵਿਆਹ ਕਰਾਉਣਾ ਚਾਹੁੰਦੇ ਸਨ।

# ਭੋਪਾਲ ਵਿਚ 51 ਜਮਾਤੀ ਨਿਯਮ ਉਲੰਘਣ ਦੇ ਦੋਸ਼ ਵਿਚ ਜੇਲ੍ਹ ਭੇਜੇ

**ਭੋਪਾਲ–** ਮੱਧ ਪ੍ਰਦੇਸ਼ ਦੀ ਰਾਜਧਾਨੀ ਵਿਚ ਵੀਜਾ ਨਿਯਮਾਂ ਅਤੇ ਲਾਕਡਾਊਨ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਪਕੜੇ 51 ਜਮਾਤੀਆਂ ਨੂੰ ਅਦਾਲਤ ਨੇ ਜੇਲ੍ਹ ਭੇਜ ਦਿੱਤਾ ਹੈ।ਪੁਲਿਸ ਮੁਤਾਬਕ ਦੇਸੀ-ਵਿਦੇਸ਼ੀ 51 ਜਮਾਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ, ਇਹਨਾਂ ਵਿਚੋਂ 14 ਜਮਾਤੀ ਸ਼ਿਆਮਲਾ ਹਿਲਜ਼, 23 ਐਸ਼ਬਾਗ ਅਤੇ ਪਿਪਨਾਲੀ ਥਾਣਾ ਖੇਤਰ ਤੋਂ ਪਕੜੇ ਗਏ। ਇਹ ਸਾਰੇ ਵੱਖ ਵੱਖ ਥਾਵਾਂ ਤੇ ਲੁਕ ਕੇ ਰਹਿ ਰਹੇ ਸਨ। ਦੋਸ਼ ਹੈ ਕਿ ਇਹਨਾਂ ਲੋਕਾਂ ਨੇ ਵੀਜਾ ਨਿਯਮਾਂ ਦੀ ਉਲੰਘਣਾ ਕਰਨ ਦੇ ਨਾਲ ਲਾਕਡਾਊਨ ਅਤੇ ਸੋਸ਼ਲ ਡਿਸਟੈਂਸਿੰਗ ਦਾ ਵੀ ਉਲੰਘਣ ਕੀਤਾ। ਇਹਨਾਂ ਸਾਰਿਆਂ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਅਤੇ ਜੇਲ੍ਹ ਭੇਜ ਦਿੱਤਾ ਗਿਆ। ਪੁਲਿਸ ਮੁਤਾਬਕ ਅਦਾਲਤ ਨੇ ਇਕ ਇਕ ਜਮਾਤੀ ਤੋਂ ਉਸਦਾ ਨਾਂ, ਉਸਦੇ ਪਿਤਾ ਦਾ ਨਾਂ ਪੁੱਛਿਆ। ਉਸ ਤੋਂ ਬਾਅਦ ਅਦਾਲਤ ਦੇ ਬਾਬੂ ਅਤੇ ਮੁਨਸ਼ੀ ਨੇ ਅਦਾਲਤ ਦੇ ਆਦੇਸ਼ ਪੱਤਰਿਕਾ ਵਿਚ ਦੋਸ਼ੀ ਦੇ ਦਸਤਖਤ ਕਰਵਾਏ। ਪੂਰੀ ਕਾਰਵਾਈ ਤੋਂ ਬਾਅਦ ਇਹਨਾਂ ਨੂੰ ਜੇਲ੍ਹ ਭੇਜਿਆ ਗਿਆ। ਇਹਨਾਂ ਦੇ ਖਿਲਾਫ ਆਈ. ਪੀ. ਸੀ. ਦੇ ਸੈਕਸ਼ਨ 188, 269, 270 ਅਤੇ 51 (ਕੌਮੀ ਆਫਤ ਐਕਟ) ਦਾ ਮਾਮਲਾ ਦਰਜ ਕੀਤਾ ਗਿਆ ਹੈ।

# ਬਿਮਾਰ ਲੜਕੇ ਨੂੰ ਚਾਰਪਾਈ ਤੇ ਲੈ ਕੇ ਪੈਦਲ ਕੀਤਾ 800 ਕਿਲੋਮੀਟਰ ਦਾ ਸਫ਼ਰ

**ਕਾਨਪੁਰ–** ਉਤਰ ਪ੍ਰਦੇਸ਼ ਵਿਚ ਆਗਰਾ ਤੋਂ ਬਾਅਦ ਕਾਨਪੁਰ ਵਿਚ ਵੀ ਪ੍ਰਵਾਸੀ ਮਜ਼ਦੂਰਾਂ ਦੀ ਇਕ ਭਿਆਨਕ ਤਸਵੀਰ ਸਾਹਮਣੇ ਆਈ ਹੈ। 15 ਦਿਨ ਤੋਂ ਪੈਦਲ ਪੰਜਾਬ ਸੂਬੇ ਦੇ ਲੁਧਿਆਣਾ ਤੋਂ ਚੱਲ ਕੇ ਬਿਮਾਰ ਲੜਕੇ ਨੂੰ ਮੰਜੇ ਤੇ ਲੈ ਕੇ ਮਾਂ-ਬਾਪ ਕਾਨਪੁਰ ਪਹੁੰਚੇ।

ਤਪਦੀ ਧੁੱਪ ਵਿਚ ਇੱਥੇ ਪਹੁੰਚਣ ਤੋਂ ਬਾਅਦ ਦੇਰ ਸ਼ਾਮ ਉਹਨਾਂ ਦੀ ਹਿੰਮਤ ਜਵਾਬ ਦੇ ਗਈ। ਉਹਨਾਂ ਨੇ ਚਕੇਰੀ ਥਾਣਾ ਦੇ ਰਾਮਾਦੇਵੀ ਹਾਈਵੇ ਤੇ ਮੌਜੂਦ ਲੋਕਾਂ ਅਤੇ ਪੁਲਿਸ ਵਾਲਿਆਂ ਤੋਂ ਮਦਦ ਮੰਗੀ ਤਾਂ ਜਾ ਕੇ ਉਹਨਾਂ ਨੂੰ ਮਦਦ ਮਿਲੀ।

ਮੱਧ ਪ੍ਰਦੇਸ਼ ਦੇ ਸਿੰਗਰੌਲੀ ਵਿਚ ਰਹਿਣ ਵਾਲੇ ਰਾਜਕੁਮਾਰ ਪੰਜਾਬ ਦੇ ਲੁਧਿਆਣਾ ਸ਼ਹਿਰ ਵਿਚ ਪਰਿਵਾਰ ਸਮੇਤ ਰਹਿੰਦਾ ਸੀ ਅਤੇ ਕੰਮ ਕਰਦਾ ਸੀ। ਲਾਕਡਾਊਨ ਤੋਂ ਬਾਅਦ ਫੈਕਟਰੀ ਬੰਦ ਹੋਣ 'ਤੇ ਪੂਰਾ ਪਰਿਵਾਰ ਫਸ ਗਿਆ।

ਲਗਾਤਾਰ ਲਾਕਡਾਊਨ ਵਧਣ ਅਤੇ ਆਵਾਜਾਈ ਸੇਵਾਵਾਂ ਬੰਦ ਹੋਣ ਕਾਰਨ ਵਾਪਸ ਨਹੀਂ ਆ ਸਕੇ। ਡਰ ਸੀ ਕਿ ਬਿਮਾਰ ਲੜਕੇ ਦਾ ਇਲਾਜ ਨਾ ਹੋਇਆ ਤਾਂ ਮੁਸ਼ਕਿਲ ਆ ਜਾਵੇਗੀ, ਇਸ ਕਰਕੇ ਬਿਮਾਰ ਲੜਕੇ ਨੂੰ ਚਾਰਪਾਈ ਤੇ ਡੰਡਾ ਬੰਨ੍ਹ ਕੇ ਲੈ ਤੁਰੇ। 800 ਕਿਲੋਮੀਟਰ ਤੱਕ ਸਫ਼ਰ ਕਰਨ ਤੋਂ ਬਾਅਦ ਪੈਰ ਜਵਾਬ ਦੇ ਗਏ ਅਤੇ ਸੁੱਜ ਗਏ। ਇਸਦੇ ਬਾਵਜੂਦ ਹੌਸਲਾ ਰੱਖਿਆ ਅਤੇ ਠਿਕਾਣੇ ਤੇ ਪਹੁੰਚ ਗਏ।

# ਰਾਸ਼ਨ ਦੀ ਕਤਾਰ ਵਿਚ ਖੜ੍ਹੀਆਂ ਔਰਤਾਂ ਨੂੰ ਡੰਡਾ ਮਾਰਨ ਵਾਲਾ ਦਰੋਗਾ ਸਸਪੈਂਡ

**ਲਖਨਊ–** ਪੁਲਿਸ ਕਮਿਸ਼ਨਰ ਅਲੋਕ ਸਿੰਘ ਨੇ ਲਾਕਡਾਊਨ ਵਿਚਕਾਰ ਰਾਸ਼ਨ ਦੀ ਕਤਾਰ ਵਿਚ ਖੜ੍ਹੀਆਂ ਔਰਤਾਂ ਨੂੰ ਲਾਠੀ ਨਾਲ ਮਾਰਨ ਵਾਲੇ ਦਰੋਗਾ ਨੂੰ ਸਸਪੈਂਡ ਕਰ ਦਿੱਤਾ ਹੈ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਸੋਸ਼ਲ ਮੀਡੀਆ ਤੇ ਫੋਟੋ ਵਾਇਰਲ ਹੋਈ ਸੀ, ਜਿਸ ਨੂੰ ਦੇਖ ਕੇ ਸੈਕਟਰ 19 ਵਿਚ ਰਾਸ਼ਨ ਦੀ ਕਤਾਰ ਵਿਚ ਖੜ੍ਹੀਆਂ ਔਰਤਾਂ ਨੂੰ ਸਬ ਇੰਸਪੈਕਟਰ ਸੌਰਵ ਸ਼ਰਮਾ ਡੰਡਾ ਮਾਰ ਰਹੇ ਸਨ।

# ਕੋਰੋਨਾ ਦੇ ਕਾਰਨ ਲੱਖਾਂ ਅਫਰੀਕੀਆਂ ਨੂੰ ਕਰਨਾ ਪੈ ਸਕਦਾ ਹੈ ਗ਼ਰੀਬੀ ਦਾ ਸਾਹਮਣਾ : ਸੰਯੁਕਤ ਰਾਸ਼ਟਰ

**ਸੰਯੁਕਤ ਰਾਸ਼ਟਰ–** ਕੋਰੋਨਾ ਦੇ ਪ੍ਰਕੋਪ ਨਾਲ ਪੂਰੀ ਦੁਨੀਆ ਡਰੀ ਹੋਈ ਹੈ, ਇਸ ਵਿਚਕਾਰ ਸੰਯੁਕਤ ਰਾਸ਼ਟਰ ਵੱਲੋਂ ਅਫਰੀਕਾ ਨੂੰ ਲੈ ਕੇ ਗੰਭੀਰ ਚੇਤਾਵਨੀ ਦਿੱਤੀ ਗਈ ਹੈ। ਯੂਐੱਨ ਰਾਸ਼ਟਰ ਦੇ ਸਕੱਤਰ ਜਨਰਲ ਨੇ ਬੁੱਧਵਾਰ ਨੂੰ ਕਿਹਾ ਕਿ ਕੋਰੋਨਾ ਮਹਾਮਾਰੀ ਅਫਰੀਕਾ ਦੇ ਵਿਕਾਸ ਨੂੰ ਰੋਕ ਸਕਦੀ ਹੈ ਤੇ ਲੱਖਾਂ ਲੋਕਾਂ ਨੂੰ ਇਸ ਦੀ ਵਜ੍ਹਾ ਨਾਲ ਗ਼ਰੀਬੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਸੰਯੁਕਤ ਰਾਸ਼ਟਰ ਪ੍ਰਮੁੱਖ ਨੇ 'ਅਫਰੀਕਾ 'ਚ COVID-19 ਦੇ ਪ੍ਰਭਾਵ' 'ਤੇ ਇਕ ਨੀਤੀ ਰਿਪੋਰਟ ਜਾਰੀ ਕਰਦੇ ਹੋਏ ਇਕ ਵੀਡੀਓ 'ਚ ਕਿਹਾ ਕਿ ਇਸ ਮਹਾਂਦੀਪ ਦੇ ਦੇਸ਼ਾਂ ਨੇ ਸੰਕਟ ਦਾ ਤੇਜ਼ੀ ਨਾਲ ਜਵਾਬ ਦਿੱਤਾ ਹੈ ਤੇ ਹੁਣ ਤਕ ਇੱਥੇ ਕੋਰੋਨਾ ਦੀ ਗਿਣਤੀ ਉਸ ਤੋਂ ਘੱਟ ਦਰਜ ਕੀਤੀ ਗਈ ਹੈ




ਜਿਸ ਦਾ ਅੰਦਾਜ਼ਾ ਲਗਾਇਆ ਗਿਆ ਜਾ ਰਿਹਾ ਹੈ। ਇਸ ਦੇ ਇਲਾਵਾ 2,500 ਮੌਤਾਂ ਦਰਜ ਕੀਤੀਆਂ ਗਈਆਂ ਹਨ। ਕੋਰੋਨਾ ਵਾਇਰਸ ਦਾ ਕਹਿਰ ਮਹਾਂਦੀਪ ਦੇ ਹਰ ਦੇਸ਼ 'ਚ ਹੈ ਤੇ ਇਨ੍ਹਾਂ 'ਚੋਂ ਜ਼ਿਆਦਾਤਰ ਪ੍ਰਭਾਵਿਤਾਂ ਦੀ ਗਿਣਤੀ 1000 ਤੋਂ ਘੱਟ ਹੈ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਘੱਟ ਅੰਕੜਿਆਂ ਨਾਲ ਇਹ ਉਮੀਦ ਲਗਾਈ ਹੈ ਕਿ ਅਫਰੀਕਾ ਨੂੰ ਸ਼ਾਇਦ ਮਹਾਮਾਰੀ ਦੀ ਖ਼ਤਰਨਾਕ ਸਥਿਤੀ ਦਾ ਸਾਹਮਣਾ ਨਾ ਕਰਨਾ ਪਵੇ। ਪਰ ਅਸੀਂ ਇਸ ਨਾਲ ਖੁਸ਼ ਨਹੀਂ ਹੋ ਸਕੇ, ਪ੍ਰਭਾਵਿਤ ਲੋਕਾਂ ਦੀ ਗਿਣਤੀ ਘੱਟ ਦਰਜ ਹੋਣ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਜ਼ਿਆਦਾ ਟੈਸਟਿੰਗ ਨਾ ਹੋ ਸਕੇ ਹੋਣ।

ਇੱਥੇ ਵਾਇਰਸ ਦੀ ਸ਼ੁਰੂਆਤੀ ਦੌਰ 'ਚ ਹੈ ਇਸ 'ਚ ਸਾਵਧਾਨੀਆਂ ਬਹੁਤ ਜ਼ਰੂਰੀ ਹਨ। ਜੇ ਇਨ੍ਹਾਂ ਦੇਸ਼ਾਂ 'ਚ ਵਾਇਰਸ ਨੂੰ ਅਣਦੇਖਿਆ ਕੀਤਾ ਗਿਆ ਤਾਂ ਗਿਣਤੀ ਜ਼ਿਆਦਾ ਹੋ ਸਕਦੀ ਹੈ। ਜ਼ਿਆਦਾਤਰ ਅਫਰੀਕੀ ਦੇਸ਼ਾਂ 'ਚ ਗ਼ਰੀਬੀ, ਡਾਕਟਰੀ ਸੇਵਾਵਾਂ ਦੀ ਘਾਟ ਹੈ । ਇਸ ਤਰ੍ਹਾਂ ਦੀਆਂ ਸਾਵਧਾਨੀਆਂ ਬਹੁਤ ਜ਼ਰੂਰੀ ਹੈ।

# ਲਾਕਡਾਊਨ - 4 ਪਰ ਮਨੋਰੰਜਨ ਸੰਸਾਰ ਬੇਰੁਜ਼ਗਾਰ

- ਅੰਮ੍ਰਿਤ ਪਵਾਰ

**ਆਰ-ਨਾ ਪਾਰ ਫ਼ਿਲਮਾਂ ਪੰਜਾਬੀ ਦੀਆਂ**

ਤੇ ਅਸੀਂ ਭਾਰਤ 'ਚ 'ਲਾਕਡਾਊਨ-4' ਝੱਲ 'ਸੁਫ਼ਨਾ' 'ਚਲ ਮੇਰਾ ਪੁੱਤ-2' ਅਚਾਨਕ ਕਰੋਨਾ ਆਉਣ ਰੁਲ ਗਈਆਂ ਉਥੇ ਗੁਰਨਾਮ ਭੁੱਲਰ - ਸੋਨਮ ਦੀ 'ਕਬੂਤਰ', ਲੈ ਕਿ ਬਣ ਰਹੀ ਫਿਲਮ 'ਖਾੜਕੂਵਾਦ' ਤੇ ਵੀ ਅਸਰ ਪਿਆ ਹੈ । ਸੰਨੀ ਮਾਹਲ ਦੀ ਇਹ ਫਿਲਮ ਹੁਣ ਬਦਲੇ ਮਹੌਲ 'ਚ ਆਏਗੀ । ਇੱਕ ਦਮ ਲੋਕਾਂ ਦਾ ਸੁਆਦ ਹੀ ਬਦਲ ਜਾਣਾ ਹੈ । ਹਾਲਾਂਕਿ ਯੋਗਰਾਜ ਸਿੰਘ ਨੇ ਅਸਲ ਖਾੜਕੂ ਦੀ ਦਿੱਖ 'ਚ ਪੋਸਟਰ ਤੇ ਹੀ 'ਬਾਡੀ ਫਿਟ' ਦਾ ਨਿਯਮ ਅਪਣਾ ਲਿਆ ਹੈ । ਕਸਰਤ ਨਾਲ ਮਾਨਸਿਕਤਾ ਤਾਂ ਤੰਦਰੁਸਤ ਰਹੇਗੀ ।

**ਗੌਰਵ ਸ਼ਕਲਾ ਨੂੰ ਹਮਦਰਦੀ**

ਨਿਊਜ਼ 18 ਪੰਜਾਬ ਚੈਨਲ ਦੇ ਲੋਕ ਪ੍ਰਿਅ ਐਂਕਰ 'ਚ 'ਯੂ.ਕੇ.ਟੂ ਪੰਜਾਬ' ਫਿਲਮ ਦੀ ਕਹਾਣੀ ਤੇ ਕੰਮ ਕਰ ਰਿਹਾ ਹੈ। ਦੌੜ-ਭੱਜ ਤੋਂ ਛੁਟਕਾਰਾ ਇਸ ਲਾਕਡਾਊਨ ਨੇ ਦਿਵਾ ਕਿ ਰਾਣਾ ਸੰਧੂ ਨੂੰ ਆਰਾਮ ਨਾਲ ਵਧੀਆ ਕਰਨ ਲਈ ਪ੍ਰੇਰਿਤ ਕੀਤਾ ਹੈ।











ਤਰਸੇਮ ਜੱਸੜ-ਵਾਮਿਕਾ ਦੀ 'ਗਲਵੱਕੜੀ', ਬੀਨੂੰ ਢਿਲੋਂ ਦੀ 'ਜੱਗਾ 7/51', 'ਗੋਲ ਗੱਪੇ', 'ਟੈਲੀਵੀਜ਼ਨ' ਕੁਲਵਿੰਦਰ ਬਿੱਲ ਦੀ ਤੇ ਰੋਸ਼ਨ ਪ੍ਰਿੰਸ ਨੀਰੂ ਦੀ 'ਬਿਊਟੀਫੁੱਲ ਬਿੱਲੋ' ਰਿਲੀਜ਼ ਲਈ ਤਿਆਰ ਸਨ ਪਰ ਹੁਣ ਜੂਨ ਅਖੀਰ ਜਾਂ ਜੁਲਾਈ 'ਚ ਗੱਲ ਜਾ ਪਈ ਤੇ ਤਦ ਤੱਕ ਰੱਬ ਹੀ ਰਾਖਾ ।

**ਖਾੜਕੂਵਾਦ**

ਇਸੇ ਤਰਾਂ ਯੋਗਰਾਜ ਸਿੰਘ ਨੂੰ ਮੁੱਖ ਨਿਰਦਾਰ 'ਚ ਵਿਤਕਰਾਂ ਨੂੰ ਖੁਸ਼ ਕਰ ਦਿੱਤਾ ਸੀ ।

**ਮਹਿਮਾ ਹੋਰ ਦੀ ਘਰੇ ਕਸਰਤ**

ਕਰੋਨਾ ਦੇ ਹਾਟ ਸਪਾਟ ਖੇਤਰ 'ਚ ਬੈਠੀ ਹੀਰੋਇਨ ਮਹਿਮਾ ਹੋਰਾ ਨੂੰ ਰਹਿ ਰਹਿ ਜੁਹੂ ਬੀਚ ਯਾਦ ਆ ਰਹੀ ਹੈ ਪਰ ਚੌਥਾ ਲਾਕਡਾਊਨ ਫਿਰ ਘਰੇ ਰਹਿਣ ਲਈ ਸਿਤਾਰਿਆਂ ਨੂੰ ਕਹਿ ਦਿੱਤਾ ਹੈ । ਹਾਰ-ਕਿ ਮਹਿਮਾ ਹੋਰਾ ਨੇ ਆਪਣੇ ਘਰ ਦੇ ਵਿਹੜੇ 'ਚ ਹੀ ਸਵੇਰੇ-ਸਵੇਰ ਲੋਕ ਜਾਗਣ ਤੋਂ ਪਹਿਲਾਂ ਕਸਰਤ ਕਰ

ਗੌਰਵ ਸ਼ੁਕਲਾ ਨੂੰ ਪਾਲੀਵੁੱਡ ਨਾਲ ਹਮਦਰਦੀ ਹੈ ਕਿ ਅਸੀਂ ਪੰਜਾਬੀ ਫਿਲਮਾਂ ਵਪਾਰਕ ਤੌਰ ਤੇ ਸਹੀ ਰਾਹੇ ਪਾਈਆਂ ਸਨ ਪਰ ਕੋਵਿਡ-19 ਨੇ ਕਹਾਣੀ ਉਥੇ ਹੀ ਲਿਆਂਦੀ ਹੈ । ਗੌਰਵ ਅਨੁਸਾਰ ਅੱਧਾ ਸਾਲ 2020 ਪੰਜਾਬੀ ਫਿਲਮਾਂ ਨੂੰ ਫਿਰ ਪੈਰੀਂ ਖੜ੍ਹਨ ਲਈ ਹੀ ਕੰਮ ਕਰੇਗਾ । ਲਾਕਡਾਊਨ-4 ਡਰਾ ਰਿਹਾ ਹੈ।

**ਯੂ.ਕੇ. ਟੂ ਪੰਜਾਬ**

ਰਾਣਾ ਸੰਧੂ ਫਿਲਮੀ ਲੇਖਕ ਬਣ 'ਲਾਕਡਾਊਨ-4'

**ਲਾਕਡਾਊਨ-4 ਕਰੇਗਾ ਬਿਮਾਰ**

ਦਰਸ਼ਨ ਔਲਖ ਨੇ ਕਿਹਾ ਕਿ ਪੰਜਾਬੀ ਫਿਲਮਾਂ ਨਾਲ ਸਬੰਧਿਤ ਲੋਕ ਲਾਕਡਾਊਨ-4 ਚੱਲਦੇ ਤਨ-ਮਨ-ਧਨ ਤੋਂ ਹੋਰ ਬੇਰੁਜ਼ਗਾਰ ਹੋਣ ਜਾ ਰਹੇ ਹਨ । ਰੱਬ ਹੀ ਭਲੀ ਕਰੇ।

# ਭਾਰਤੀ ਹਾਕੀ ਦਾ ਸ਼ਹਿਨਸ਼ਾਹ ਪਹਿਲਾ ਸਿੱਖ ਕਪਤਾਨ ਬਲਬੀਰ ਸਿੰਘ ਸੀਨੀਅਰ ਲੜ ਰਿਹਾ ਹੈ ਜ਼ਿੰਦਗੀ ਅਤੇ ਮੌਤ ਦੀ ਲੜਾਈ

## ਪੰਜਾਬ ਸਰਕਾਰ ਕਿਉਂ ਹੈ ਬੇਖ਼ਬਰ, ਕੇਂਦਰ ਸਰਕਾਰ ਦੇਵੇ ਜਿਉਂਦੇ ਜੀ ਭਾਰਤ ਰਤਨ

ਖੇਡ ਮੈਦਾਨ ਬੋਲਦਾ ਹੈ
ਜਗਰੂਪ ਸਿੰਘ ਜਰਖੜ
98143-00722



ਇਤਿਹਾਸ ਰੋਜ਼ ਰੋਜ਼ ਨਹੀਂ ਸਿਰਜੇ ਜਾਂਦੇ ਨਾ ਹੀ ਇਤਿਹਾਸ ਸਿਰਜਣ ਵਾਲੇ ਰੋਜ਼ ਰੋਜ਼ ਜੰਮਦੇ ਹਨ ,ਇਤਿਹਾਸ ਸਿਰਜਣ ਵਾਲੀਆਂ ਸ਼ਖ਼ਸੀਅਤਾਂ ਸਦੀਆਂ ਵੱਧ ਪੈਦਾ ਹੁੰਦੀਆਂ ਹਨ ਅਜਿਹੀ ਸ਼ਖ਼ਸੀਅਤ ਹੀ ਹੈ ਹਾਕੀ ਵਾਲਾ ਬਲਵੀਰ ਸਿੰਘ ਸੀਨੀਅਰ ਜੋ ਹਾਕੀ ਵਿੱਚ ਪੰਜਾਬੀਆਂ ਦੀ ਸ਼ਾਨ ਅਤੇ ਸਿੱਖ ਕੌਮ ਦੀ ਪਹਿਚਾਣ ਬਣਿਆ ਹੈ । ਭਾਰਤੀ ਹਾਕੀ ਟੀਮ ਦਾ ਪਹਿਲਾ ਸਿੱਖ ਕਪਤਾਨ ਬਲਬੀਰ ਸਿੰਘ ਸੀਨੀਅਰ ਜਿਸਨੇ ਪੂਰੀ ਦੁਨੀਆ ਨੂੰ ਆਪਣੇ ਹਾਕੀ ਹੁਨਰ ਦਾ ਲੋਹਾ ਮਨਵਾਇਆ ਹੈ ਜੋ ਇਨਸਾਨ ਇਸ ਦੁਨੀਆ ਤੇ ਆਇਆ ਹੈ ਉਸ ਨੇ ਇਕ ਨਾ ਇਕ ਦਿਨ ਇਸ ਦੁਨੀਆ ਤੋਂ ਜਾਣਾ ਹੀ ਹੁੰਦਾ ਹੈ ਬਲਵੀਰ ਸਿੰਘ ਸੀਨੀਅਰ ਹਾਕੀ ਦੇ ਖੇਡ ਮੈਦਾਨ ਵਿੱਚ ਜੂਝਿਆ ਅਤੇ ਮੁਲਕ ਨੂੰ ਸ਼ਾਨਾ ਮੱਤਾ ਮਾਣ ਪੁਰੀ ਦੁਨੀਆਂ ਵਿੱਚ ਦਿੱਤਾ ਅੱਜ 96 ਸਾਲ





ਦੀ ਉਮਰ ਵਿੱਚ ਬਲਵੀਰ ਸਿੰਘ ਆਪਣੀ ਜ਼ਿੰਦਗੀ ਅਤੇ ਮੌਤ ਦੀ ਲੜਾਈ ਦਾ ਮੁਕਾਬਲਾ ਲੜ ਰਿਹਾ ਹੈ, ਪਰਿਵਾਰ ਸਦਮੇ ਵਿੱਚ ਹੈ ਪੂਰੇ ਹਾਕੀ ਦੀ ਦੁਨੀਆ ਰੱਬ ਅੱਗੇ ਦੁਆ ਕਰ ਰਹੀ ਹੈ ਕਿ ਉਹ ਜਲਦੀ ਸਿਹਤਯਾਬ ਹੋਣ ਪਰ ਪਤਾ ਨਹੀਂ ਕਿਉਂ ਪੰਜਾਬ ਸਰਕਾਰ ਬਲਬੀਰ ਸੀਨੀਅਰ ਤੋਂ ਕਿਉਂ ਬੇਖ਼ਬਰ ਹੈ ਅਤੇ ਭਾਰਤ ਸਰਕਾਰ ਬਲਬੀਰ ਸਿੰਘ ਸੀਨੀਅਰ ਨੂੰ ਕਿਉਂ ਨਹੀਂ ਜਿਉਂਦੇ ਜੀ ਭਾਰਤ ਰਤਨ ਅਵਾਰਡ ਦੇ ਰਹੀ ।

ਇਤਿਹਾਸ ਗਵਾਹ ਹੈ ਕਿ ਜੋ ਕੌਮਾਂ ਆਪਣੇ ਇਤਿਹਾਸ ਨੂੰ ਭੁੱਲ ਜਾਂਦੀਆਂ ਨੇ ਉਹ ਸਦਾ ਲਈ ਖਤਮ ਹੋ ਜਾਂਦੀ ਹੈ ਜੋ ਸਰਕਾਰਾਂ ਆਪਣੇ ਹੀਰੋਆਂ ਦੀ ਕਦਰ ਭੁੱਲ ਜਾਂਦੀਆਂ ਹਨ ਉੱਥੇ ਫਿਰ ਖੇਡਾਂ ਦੇ ਨਿਘਾਰ ਨੂੰ ਕੋਈ ਰੋਕ ਨਹੀਂ ਸਕਦਾ ਜੇਕਰ ਅੱਜ ਓਲੰਪਿਕ ਖੇਡਾਂ ਵਿਚ ਲਗਾਤਾਰ ਹਾਕੀ ਵਿੱਚ ਸੋਨ ਤਗਮੇ ਜਿੱਤਣ ਵਾਲਾ ਭਾਰਤ ਦੀ ਕੌਮੀ ਹਾਕੀ ਵਿੱਚ ਨਿਘਾਰ ਆਇਆ ਹੈ ਉਸ ਦਾ ਵੱਡਾ ਕਾਰਨ ਹਾਕੀ ਹੀਰੋਆਂ ਦੀ ਬੇਕਦਰੀ ਕਰਕੇ ਹੀ ਹੈ ।

ਬਲਬੀਰ ਸਿੰਘ ਸੀਨੀਅਰ ਹਾਕੀ ਦੇ ਜਾਦੂਗਰ ਧਿਆਨ ਚੰਦ ਤੋਂ ਬਾਅਦ ਹਾਕੀ ਦੇ ਸੁਨਹਿਰੀ ਇਤਿਹਾਸ ਦਾ ਉਹ ਪੰਨਾ ਹੈ ਕਿ ਜਿੰਨਾ ਸਮਾਂ ਇਸ ਦੁਨੀਆਂ ਵਿੱਚ ਹਾਕੀ ਦੀ ਖੇਡ ਰਹੇਗੀ ਬਲਬੀਰ ਸਿੰਘ ਸੀਨੀਅਰ ਦੀ ਗੱਲ ਕੀਤਿਆਂ ਪੂਰੀ ਦੁਨੀਆਂ ਦੀ ਹਾਕੀ ਅਧੂਰੀ ਜਾਪੇਗੀ । 10 ਅਕਤੂਬਰ 1924 ਪਿੰਡ ਹਰੀਪੁਰ ਖ਼ਾਲਸਾ ਤੋਂ ਜ਼ਿੰਦਗੀ ਦਾ ਸਫ਼ਰ ਸ਼ੁਰੂ ਕਰਨ ਵਾਲੇ ਵਾਲੇ ਬਲਬੀਰ ਸਿੰਘ ਸੀਨੀਅਰ ਨੇ 1948 ਲੰਡਨ ਓਲੰਪਿਕ ਤੋਂ ਆਪਣੇ ਅੰਤਰਰਾਸ਼ਟਰੀ ਹਾਕੀ ਕੈਰੀਅਰ ਦੀ ਸ਼ੁਰੂਆਤ ਕੀਤੀ ।ਭਾਰਤ ਨੇ ਆਪਣੇ ਮੁਢਲੇ ਮੈਚ ਵਿੱਚ ਅਰਜਨਟੀਨਾ ਨੂੰ 9-1 ਗੋਲਾਂ ਨਾਲ ਹਰਾਇਆ ਜਿਸ ਵਿੱਚ ਬਲਵੀਰ ਸਿੰਘ ਨੇ 6 ਗੋਲ ਕੀਤੇ, ਫਾਈਨਲ ਮੁਕਾਬਲੇ ਵਿੱਚ ਇੰਗਲੈਂਡ ਵਿਰੁੱਧ ਦੋ ਗੋਲ ਕਰਕੇ ਆਜ਼ਾਦ ਭਾਰਤ ਨੂੰ ਓਲੰਪਿਕ ਖੇਡਾਂ ਦਾ ਪਹਿਲਾ ਸੋਨ ਤਗਮਾ ਜਿਤਾਉਣ ਵਿੱਚ ਅਹਿਮ ਭੂਮਿਕਾ ਨਿਭਾਈ ।1952 ਹੈਲਸਿੰਕੀ ਓਲੰਪਿਕ ਵਿੱਚ ਬਲਵੀਰ ਸਿੰਘ ਦਾ ਹਾਕੀ ਸਿਤਾਰਾ ਪੂਰੀ ਤਰ੍ਹਾਂ ਸਿਖਰ ਤੇ ਸੀ ਕਪਤਾਨ ਕੇਡੀ ਸਿੰਘ ਬਾਬੂ ਦੀ ਅਗਵਾਈ ਹੇਠ ਬਲਵੀਰ ਸਿੰਘ ਸੀਨੀਅਰ ਟੀਮ ਦੇ ਉੱਪ ਕਪਤਾਨ ਬਣੇ ਪੂਰੇ ਟੂਰਨਾਮੈਂਟ ਦੌਰਾਨ ਭਾਰਤ ਨੇ ਵਿਰੋਧੀ ਟੀਮਾਂ ਸਿਰ 13 ਗੋਲ ਕੀਤੇ ਜਿਨ੍ਹਾਂ ਵਿੱਚੋਂ 9 ਗੋਲ ਬਲਬੀਰ ਸਿੰਘ ਨੇ ਕੀਤੇ ਸੈਮੀਫਾਈਨਲ ਵਿੱਚ ਇੰਗਲੈਂਡ ਵਿਰੁੱਧ ਹੈਟ੍ਰਿਕ ਤੋਂ ਇਲਾਵਾ ਫਾਈਨਲ ਮੁਕਾਬਲੇ ਵਿੱਚ ਭਾਰਤ ਨੇ ਹਾਲੈਂਡ ਨੂੰ 6-1ਗੋਲਾਂ ਨਾਲ ਹਰਾਇਆ ਜਿਸ ਵਿੱਚ ਬਲਵੀਰ ਸਿੰਘ ਨੇ ਇਕੱਲੇ ਨੇ 5 ਗੋਲ ਕੀਤੇ ਕਿਸੇ ਓਲੰਪਿਕ ਖੇਡਾਂ ਦੇ ਫਾਈਨਲ ਮੁਕਾਬਲੇ ਵਿੱਚ ਪੰਜ ਗੋਲ ਕਰਨ ਦਾ ਰਿਕਾਰਡ ਅਜੇ ਤੱਕ ਕੋਈ ਮਾਈ ਦਾ ਲਾਲ ਤੋੜ ਨਹੀਂ ਸਕਿਆ । 1956 ਮੈਲਬਰਨ ਓਲੰਪਿਕ ਖੇਡਾਂ ਵਿੱਚ ਬਲਬੀਰ ਸਿੰਘ ਸੀਨੀਅਰ ਨੂੰ ਪਹਿਲੇ ਸਿੱਖ ਕਪਤਾਨ ਬਣਨ ਦਾ ਮਾਣ ਮਿਲਿਆ ਅਤੇ ਪੂਰੀ ਦੁਨੀਆ ਨੇ ਉਨ੍ਹਾਂ ਨੂੰ "ਕਿੰਗ ਆਫ ਦਾ ਡੀ " ਦੇ ਖਤਰਨਾਕ ਖਿਡਾਰੀ ਹੋਣ ਦਾ ਰੁਤਬਾ ਦਿੱਤਾ ਉਨ੍ਹਾਂ ਦੇ ਹਾਕੀ ਹੁਨਰ ਦਾ ਜਾਦੂ ਪੂਰੀ ਦੁਨੀਆਂ ਵਿੱਚ ਸਿਰ ਚੜ੍ਹ ਕੇ ਬੋਲਿਆ ਉਨ੍ਹਾਂ ਦੀ ਕਪਤਾਨੀ ਹੇਠ ਭਾਰਤ ਨੇ ਮੈਲਬਰਨ ਓਲੰਪਿਕ ਵਿੱਚ ਪਾਕਿਸਤਾਨ ਨੂੰ 1-0 ਗੋਲ ਨਾਲ ਹਰਾ ਕੇ ਸੋਨ ਤਗਮਾ ਜਿੱਤ ਕੇ ਆਜ਼ਾਦ ਭਾਰਤ ਦੀ ਜੇਤੂ ਹੈਟ੍ਰਿਕ ਅਤੇ ਓਲੰਪਿਕ ਖੇਡਾਂ ਵਿੱਚ ਲਗਾਤਾਰ ਛੇਵਾਂ ਸੋਨ ਤਗਮਾ ਭਾਰਤ ਦੇ ਨਾਮ ਕੀਤਾ । ਓਲੰਪਿਕ ਖੇਡਾਂ ਦੀ ਜਿੱਤ ਤੋਂ ਬਾਅਦ ਜਦੋਂ ਮੁੰਬਈ ਵਿਖੇ ਭਾਰਤੀ ਫਿਲਮੀ ਹੀਰੋਆਂ ਨੇ ਉਨ੍ਹਾਂ ਦਾ ਸਨਮਾਨ ਕੀਤਾ ਤੇ ਫਿਲਮ ਸਟਾਰ ਰਾਜ ਕਪੂਰ ਨੂੰ ਇਹ ਕਹਿਣਾ ਪਿਆ ਕਿ ਅਸੀਂ ਤਾਂ ਨਕਲੀ ਹੀਰੋ ਹਾਂ ਅਸਲ ਹੀਰੋ ਤਾ ਬਲਵੀਰ ਸਿੰਘ ਸੀਨੀਅਰ ਹੈ ਜੋ ਆਪਣੀ ਐਕਟਿੰਗ ਨਾਲ ਨਹੀਂ ਸਗੋਂ ਆਪਣੇ ਹਾਕੀ ਹੁਨਰ ਦੇ ਨਾਲ ਭਾਰਤ ਦਾ ਨਾਮ ਪੂਰੀ ਦੁਨੀਆਂ ਵਿੱਚ ਰੌਸ਼ਨ ਕਰ ਕੇ ਆਇਆ ਹੈ । 1956 ਓਲੰਪਿਕ ਖੇਡਾਂ ਦੀ ਯਾਦ ਵਿੱਚ ਭਾਰਤ ਸਰਕਾਰ ਨੇ ਉਨ੍ਹਾਂ ਦੇ ਨਾਮ ਤੇ ਡਾਕ ਟਿਕਟ ਜਾਰੀ ਕੀਤੀ ।1957 ਵਿੱਚ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮ ਸ੍ਰੀ ਅਵਾਰਡ ਨਾਲ ਨਿਵਾਜਿਆ । 2006 ਸਾਲ ਵਿੱਚ ਉਨ੍ਹਾਂ ਨੂੰ ਸਰਵੋਤਮ ਸਿੱਖ ਖਿਡਾਰੀ ਦਾ ਖਿਤਾਬ, 2015 ਵਿੱਚ ਮੇਜਰ ਧਿਆਨ ਚੰਦ ਲਾਈਫ ਟਾਈਮ ਅਚੀਵਮੈਂਟ ਐਵਾਰਡ ਆਦਿ ਹੋਰ ਵੱਡੇ ਐਵਾਰਡ ਮਿਲੇ ਪਰ ਜਿਸ ਐਵਾਰਡ ਦਾ ਉਹ ਅਸਲ ਹੱਕਦਾਰ ਸੀ ਭਾਰਤ ਰਤਨ ਐਵਾਰਡ ਉਸ ਬਾਰੇ ਭਾਰਤ ਸਰਕਾਰ ਨੇ ਉਸ ਨੂੰ ਅਣਗੌਲਿਆ ਹੀ ਰੱਖਿਆ ਬਲਬੀਰ ਸਿੰਘ ਸੀਨੀਅਰ ਨੇ ਕੁੱਲ 36 ਰਾਸ਼ਟਰੀ ਅਤੇ ਅੰਤਰਰਾਸ਼ਟਰੀ ਤਗਮੇ ਜਿੱਤੇ ਲੰਡਨ ਓਲੰਪਿਕ ਖੇਡਾਂ ਵਿੱਚ ਉਨ੍ਹਾਂ ਨੂੰ ਦੁਨੀਆਂ ਦੇ 16ਵਆਈਕੋਨਿਕ ਖਿਡਾਰੀਆਂ ਦੀ ਸੂਚੀ ਵਿੱਚ ਸ਼ਾਮਲ ਕੀਤਾ 1962 ਤੋਂ ਲੈਕੇ 1982 ਤੱਕ ਉਹ ਭਾਰਤ ਦੀਆਂ ਵੱਖ ਵੱਖ ਟੀਮਾਂ ਦੇ ਬਤੌਰ ਕੋਚ ਜਾਂ ਮੈਨੇਜਰ ਰਹੇ ਇੱਥੋਂ ਤੱਕ 1975 ਵਿਸ਼ਵ ਕੱਪ ਹਾਕੀ ਦੇ ਚੈਂਪੀਅਨ ਭਾਰਤ ਟੀਮ ਦੇ ਵੀ ਉਹ ਮੈਨੇਜਰ ਸਨ। 1941 ਤੋਂ 1961 ਤੱਕ ਲਗਾਤਾਰ ਉਹ ਪੰਜਾਬ ਪੁਲੀਸ ਹਾਕੀ ਟੀਮ ਦੇ ਕਪਤਾਨ ਰਹੇ ਪੰਜਾਬ ਸਰਕਾਰ ਦੇ ਵੱਖ ਵੱਖ ਅਹੁਦਿਆਂ ਤੇ ਉਨ੍ਹਾਂ ਨੇ ਕੰਮ ਕੀਤਾ ।

ਅੱਜ ਦੀ ਘੜੀ ਬਲਵੀਰ ਸਿੰਘ ਸੀਨੀਅਰ ਮੋਹਾਲੀ ਦੇ ਫੋਰਟਿਸ ਹਸਪਤਾਲ ਦੇ ਵਿੱਚ ਉਹ ਜ਼ੇਰੇ ਇਲਾਜ ਦਾਖਲ ਹਨ ਭਾਵੇਂ ਪੰਜਾਬ ਸਰਕਾਰ ਨੇ ਪਿਛਲੇ ਸਾਲ ਉਨ੍ਹਾਂ ਨੂੰ ਸਟੇਟ ਐਵਾਰਡ ਦੇ ਨਾਲ ਸਨਮਾਨਿਤ ਕੀਤਾ ਉਹ ਇਸ ਤਰ੍ਹਾਂ ਸੀ ਜਿਸ ਤਰ੍ਹਾਂ ਕਿਸੇ ਉੱਘੇ ਵਿਦਵਾਨ ਨੂੰ ਜ਼ਿੰਦਗੀ ਦੇ ਆਖਰੀ ਪਲਾਂ ਵਿੱਚ ਪੰਜਵੀਂ ਕਲਾਸ ਪਾਸ ਦਾ ਸਰਟੀਫਿਕੇਟ ਪ੍ਰਦਾਨ ਕਰਨ ਲਈ ਰਾਜ ਸਰਕਾਰ ਸਨਮਾਨਿਤ ਕਰੇ ਇਹ ਕਿੰਨੀ ਹਾਸੋ ਹੀਣੀ ਗੱਲ ਹੈ ਕਿ ਦੁਨੀਆ ਦੇ ਚਰਚਿਤ ਨਾਮੀ ਹਾਕੀ ਸਿਤਾਰੇ ਨੂੰ 95 ਸਾਲ ਦੀ ਉਮਰ ਵਿੱਚ ਸਟੇਟ ਐਵਾਰਡ ਮਿਲੇ ਚੱਲੋ ਅਵਾਰਡਾਂ ਸਨਮਾਨਾਂ ਨਾਲ ਨੇ ਤਾਂ ਖਾਧੀ ਕੜ੍ਹੀ ਹੁਣ ਰਾਜ ਸਰਕਾਰ ਆਪਣਾ ਕੀ ਫਰਜ਼ ਨਿਭਾ ਰਹੀ ਹੈ ਸਾਡਾ ਮਹਾਨ ਪੰਜਾਬੀ ਖਿਡਾਰੀ ਅਤੇ ਸਿੱਖ ਵਿਰਸੇ ਵਿੱਚ ਹਾਕੀ ਦੀ ਪਿਰਤ ਨੂੰ ਅੱਗੇ ਤੋਰਨ ਵਾਲਾ ਬਲਵੀਰ ਸਿੰਘ ਸੀਨੀਅਰ ਜ਼ਿੰਦਗੀ ਅਤੇ ਮੌਤ ਦੀ ਜੰਗ ਨਾਲ ਜੂਝ ਰਿਹਾ ਹੋਵੇ ਪਰ ਪੰਜਾਬ ਸਰਕਾਰ ਇਸ ਖਬਰ ਬਾਰੇ ਬੇਖ਼ਬਰ ਰਹੀ ਹੋਵੇ ਬਹੁਤ ਮੰਦਭਾਗੀ ਗੱਲ ਹੈ ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਬਲਬੀਰ ਸਿੰਘ ਸੀਨੀਅਰ ਨੂੰ ਭਾਰਤ ਰਤਨ ਐਵਾਰਡ ਦੇਵੇ ਤਾਂ ਜੋ ਘੱਟੋ ਘੱਟ ਇਸ ਐਵਾਰਡ ਦਾ ਉਸ ਨੂੰ ਜਿਉਂਦੇ ਜੀ ਸਨਮਾਨ ਅਤੇ ਸਕੂਨ ਮਿਲ ਸਕੇ ਅਤੇ ਹਾਕੀ ਦਾ ਜਾਦੂਗਰ ਸਵਰਗੀ ਧਿਆਨ ਚੰਦ ਵੀ ਇਸ ਐਵਾਰਡ ਦਾ ਹੱਕਦਾਰ ਹੈ ਪਰ ਇਸ ਮੁਲਕ ਵਿੱਚ ਜੋ ਰਾਜਨੀਤੀ ਦਾ ਭ੍ਰਿਸ਼ਟ ਮਾਹੌਲ ਚੱਲ ਰਿਹਾ ਹੈ ਉੱਥੇ ਕਿਸੇ ਇਨਸਾਫ਼ ਦੀ ਆਸ ਨਹੀਂ ਕੀਤੀ ਜਾ ਸਕਦੀ ਇਸ ਸਾਡੇ ਰਾਜਨੀਤਕ ਆਗੂਆਂ ਨੂੰ ਪ੍ਰਮਾਤਮਾ ਹੀ ਸੁਮੱਤ ਦੇਵੇ ਕਿ ਆਪਣੇ ਮੁਲਕ ਦੇ ਹੀਰੋਆਂ ਨੂੰ ਕਿਸ ਤਰ੍ਹਾਂ ਮਾਣ ਸਨਮਾਨ ਦੇਣੇ ਹਨ ਇਸ ਡੁੱਬਦੇ ਬੇੜੇ ਦਾ ਰੱਬ ਹੀ ਰਾਖਾ ਹੈ ਪਰ ਪੰਜਾਬੀਆਂ ਦਾ ਖ਼ਾਸ ਕਰਕੇ ਸਿੱਖਾਂ ਦੇ " ਸਿੱਖ ਰਤਨ ਮਹਾਨ ਖਿਡਾਰੀ" ਨੂੰ ਅਤੇ ਉਸ ਦੀਆਂ ਪ੍ਰਾਪਤੀਆਂ ਨੂੰ ਸਮੂਹ ਪੰਜਾਬੀਆਂ ਦਾ ਸਲੂਟ ਹੈ ਪ੍ਰਮਾਤਮਾ ਉਨ੍ਹਾਂ ਨੂੰ ਜਲਦੀ ਸਿਹਤਯਾਬ ਕਰੇ ਆਪਣੀ ਜ਼ਿੰਦਗੀ ਦੇ ਕੁਝ ਵਰ੍ਹੇ ਹੋਰ ਆਨੰਦ ਲੈਣ ਸਮੂਹ ਪੰਜਾਬੀਆਂ ਦੀ ਇਹੋ ਦੁਆ ਹੈ ।ਰੱਬ ਰਾਖਾ !

# ਅਰਵਿੰਦਰ ਭਲਵਾਨ ਦੇ ਕਤਲ ਵਿਰੁੱਧ ਉੱਠੀ 'ਫਾਸਟ ਟ੍ਰੈਕ ਇਨਸਾਫ' ਦੀ ਮੰਗ

ਪਰਮਜੀਤ ਸਿੰਘ ਬਾਗੜੀਆ
91-9814765705

ਅੱਜ ਕਬੱਡੀ ਦੇ ਅੰਤਰਰਾਸ਼ਟਰੀ ਖਿਡਾਰੀ ਅਰਵਿੰਦਰ ਭਲਵਾਨ ਦੀ ਅੰਤਿਮ ਅਰਦਾਸ ਮੌਕੇ ਲੱਖਣ ਕੇ ਪੱਡਾ ਵਿਖੇ ਜੁੜੇ ਸਿਆਸੀ ਤੇ ਸਮਾਜਿਕ ਆਗੂਆਂ, ਸਮੂਹ ਕਬੱਡੀ ਫੈਡਰੇਸ਼ਨਾਂ ਅਤੇ ਕਬੱਡੀ ਦੇ ਬੁਲਾਰਿਆਂ ਨੇ ਭਲਵਾਨ ਦੇ ਪਰਿਵਾਰ ਲਈ ਸਰਕਾਰ ਕੋਲੋਂ ਉਸਦੇ ਵਹਿਸ਼ੀਆਨਾ ਕਤਲ ਦੇ ਫਾਸਟ ਟ੍ਰੈਕ ਇਨਸਾਫ ਦੀ ਮੰਗ ਕਰਦਿਆਂ ਪਰਿਵਾਰ ਨਾਲ ਖੜਨ ਅਤੇ ਦੋਸ਼ੀਆਂ ਨੂੰ ਸਜਾਵਾਂ ਮਿਲਣ ਤੱਕ ਲੜਨ ਦਾ ਅਹਿਦ ਵੀ ਕੀਤਾ। ਇਸ ਮੌਕੇ ਨਾਰਥ ਇੰਡੀਆ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਜਨ ਸਿੰਘ ਚੱਠਾ ਅਤੇ ਸਮੂਹ ਕੋਚ ਸਾਹਿਬਾਨ ਵੀ ਹਾਜਰ ਸਨ ਜਿਨਾਂ ਪਰਿਵਾਰ ਨੂੰ ਅਰਵਿੰਦਰ ਦੇ ਕਤਲ ਦੇ ਇਨਸਾਫ ਤੱਕ ਹਰ ਮਦਦ ਦਾ ਭਰੋਸਾ ਦੁਆਇਆ ਅਤੇ ਸਰਧਾਂਜਲੀ ਸਮਾਗਮ ਉਪਰੰਤ ਇਸ ਕਾਂਡ ਵਿਚ ਜਖਮੀ ਖਿਡਾਰੀ ਪ੍ਰਦੀਪ ਪੱਡਾ ਦੇ ਘਰ ਜਾ ਕੇ ਉਸਦਾ ਹਾਲ ਵੀ ਪੁੱਛਿਆ। ਪੰਜਾਬ ਅਤੇ ਵਿਦੇਸ਼ਾਂ ਤੋਂ ਕਬੱਡੀ ਸੰਸਥਾਵਾਂ ਅਤੇ ਐਨ.ਆਰ.ਆਈਜ ਦੇ ਵੱਡੀ ਗਿਣਤੀ ਵਿਚ ਸ਼ੋਕ ਸੁਨੇਹੇ ਪੁੱਜੇ।

ਸ. ਸ਼ਰਨਜੀਤ ਸਿੰਘ ਪੱਡਾ ਸਰਪੰਚ ਲੱਖਣ ਕੇ ਪੱਡਾ ਨੇ ਸਰਧਾਂਜਲੀ ਸਮਾਗਮ ਦੀ ਸ਼ੁਰੂਆਤ ਕਰਦਿਆਂ ਆਖਿਆ ਅਰਵਿੰਦਰ ਭਲਵਾਨ ਮਾਂ-ਪਆਂ ਦਾ ਸਰਵਣ ਪੁੱਤ ਹੀ ਨਹੀਂ ਸਗੋਂ ਹਸਮੁਖ ਸੁਭਾਅ ਦਾ ਵਧੀਆ ਖਿਡਾਰੀ ਹੋਣ ਕਰ ਕੇ ਪਿੰਡ ਤੇ ਇਲਾਕੇ ਦਾ ਮਾਣ ਵੀ ਸੀ,ਅਸੀਂ ਸਾਰੇ ਪ੍ਰਮਾਤਮਾ ਦੇ ਓਟ ਆਸਰੇ ਨਾਲ ਅਰਵਿੰਦਰ ਲਈ ਇਨਸਾਫ ਦੀ ਲੜਾਈ ਜਿੱਤ ਕੇ ਰਹਾਂਗੇ।



ਇਲਾਕੇ ਦੇ ਪ੍ਰਸਿੱਧ ਸਿਆਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਆਖਿਆ ਕਿ ਪੰਜਾਬ ਵਿਚ ਅਰਵਿੰਦਰ ਦਾ ਕਤਲ ਪੁਲਿਸ ਦਾ ਕਾਇਰਾਨਾ ਕਾਰਾ ਹੈ। ਉਨਹਾਂ ਸਰਕਾਰ 'ਤੇ ਸੁਆਲ ਉਠਾਇਆ ਕਿ ਜਸੂਸ ਸਰਬਜੀਤ ਸਿੰਘ ਜੋ ਪਾਕਿਸਤਾਨੀਆਂ ਨੇ ਮਾਰਿਆ ਸੀ ਉਸ ਲਈ ਸੂਬਾ ਤੇ ਕੇਂਦਰ ਸਰਕਾਰਾਂ ਨੇ 1 ਕਰੋੜ ਦਾ ਮੁਆਵਜਾ ਦਿੱਤਾ, ਅਰਵਿੰਦਰ ਦਾ ਕਤਲ ਤਾਂ ਆਪਣਿਆ ਨੇ ਕੀਤਾ ਹੈ ਜੋ ਕਿ ਅੱਤਵਾਦ ਸਮੇਂ ਹੋਏ ਝੂਠੇ ਮੁਲਿਸ ਮੁਕਾਬਲੇ ਤੋਂ ਘੱਟ ਨਹੀਂ। ਕਾਂਗਰਸੀ ਆਗੂਦਲਜੀਤ ਸਿੰਘ ਨਡਾਲਾ ਨੇ ਆਖਿਆ ਸਰਕਾਰ ਦੀ ਟੁੱਟੀ ਭੱਜੀ ਤੇ ਲਾਚਾਰ ਅਵਸਥਾ ਕਾਰਨ ਪੰਜਾਬ ਦੇ ਲੋਕ ਤ੍ਰਾਸਦੀ ਭੋਗ ਰਹੇ ਹਨ। ਕਬੱਡੀ ਦੇ ਪ੍ਰਸਿੱਧ ਬੁਲਾਰੇ ਰੁਪਿੰਦਰ ਜਲਾਲ ਨੇ ਆਖਿਆ ਕਿ ਪੰਜਾਬ ਦੀਆਂ ਸਮੂਹ ਕਬੱਡੀ ਫੈਡਰੇਸ਼ਨਾਂ ਤੇ ਕਬੱਡੀ ਜਗਤ ਅਰਵਿੰਦਰ ਨੂੰ ਇਨਾਸਫ ਲਈ ਇਸ ਕਤਲ ਕਾਂਡ ਦੀ ਫਾਸਟ ਟ੍ਰੈਕ ਸੁਣਵਾਈ ਚਾਹੁੰਦਾ ਹੈ। ਉਨਹਾਂ ਆਖਿਆ ਕਿ ਅਜਿਹੇ ਦਰਿੰਦਿਆਂ ਨੂੰ ਤਾਂ ਫਾਂਸੀ ਹੋਣੀ ਚਾਹੀਦੀ ਹੈ। ਉਨਹਾਂ ਸਰਕਾਰ 'ਤੇ ਨਿਸ਼ਾਂਨਾ ਲਾਉਂਦਿਆਂ ਕਿਹਾ ਇਸ ਕਹਿਰ ਦੀ ਘਟਨਾ ਲਈ ਮੁੱਖ ਮੰਤਰੀ ਤੋਂ ਇਕ ਟਵੀਟ ਵੀ ਨਹੀਂ ਸਰਿਆ। ਡਾ. ਆਸਾ ਸਿੰਘ ਘੁੰਮਣ ਨੇ ਆਖਿਆ ਕਿ ਅਰਵਿੰਦਰ ਦੇ ਮਾਪਿਆਂ ਨੇ ਬੜੀ ਘਾਲਣਾ 'ਚੋਂ ਗੁਜਰ ਕੇ ਉਸਨੂੰ ਖਿਡਾਰੀ ਬਣਾਇਆ ਤੇ ਉਹ ਹੈ ਵੀ ਬੜਾ ਕਹਿਣੀਕਾਰ ਸੀ।

ਸਟੇਜ ਸਕੱਤਰ ਅਤੇ ਅਰਵਿੰਦਰ ਭਲਵਾਨ ਦੇ ਅਧਿਆਪਕ ਰਹੇ ਪ੍ਰਸਿੱਧ ਕਬੱਡੀ ਬੁਲਾਰੇ ਇੰਦਰਜੀਤ ਪੱਡਾ ਨੇ ਵੀ ਉਸਦੇ ਸਾਊ ਤੇ ਹਸਮੁਖ ਸੁਭਾਅ ਦੀ ਗੱਲ ਕੀਤੀ। ਪ੍ਰਸਿੱਧ ਗਾਇਕ ਆਰਨੇਤ ਨੇ ਵੀ ਦੁਖ ਸਾਂਝਾ ਕਰਦਿਆਂ ਆਖਿਆ ਕਿ ਅਰਵਿੰਦਰ ਦਾ ਕਤਲ ਉਸਦੇ ਮਾਪਿਆਂ ਅਤੇ ਭੈਣਾਂ ਵਾਂਗ ਸਾਡੇ ਲਈ ਵੀ ਅਸਹਿ ਹੈ।

ਸਮਾਗਮ ਵਿਚ ਨਾਰਥ ਇੰਡੀਆ ਕਬੱਡੀ ਫੈਡਰੇਸ਼ਨ ਸਮੇਤ, ਪੰਜਾਬ ਕਬੱਡੀ ਐਸ਼ੋਸੀਏਸਨ਼ ਅਤੇ ਮੇਜਰ ਲੀਗ ਕਬੱਡੀ ਦੇ ਪਰਿਵਾਰ ਨਾਲ ਦੁੱਖ ਵੰਡਾਉਣ ਵਾਲੇ ਸੁਨੇਹੇ ਵੀ ਸਾਂਝੇ ਕੀਤੇ ਗਏ।

ਸਮਾਗਮ ਵਿਚ ਮੁੱਖ ਤੌਰ 'ਤੇ ਬਲਬੀਰ ਸਿੰਘ ਬਿੱਟੂ ਐਕਟਿੰਗ ਪ੍ਰਧਾਨ, ਕੋਚ ਕਾਲਾ ਕੁਲਥਮ ਇੰਚਾਰਜ ਡਰੱਗ ਕਮੇਟੀ, ਕੋਚ ਕੁਲਵੀਰਾ ਬਿਜਲੀ ਨੰਗਲ, ਕੋਚ ਮਹਿੰਦਰ ਸੁਰਖਪੁਰ, ਕੋਚ ਗੁਰਮੇਲ ਦਿੜਬਾ, ਪ੍ਰਸਿੱਧ ਸਾਬਕਾ ਖਿਡਾਰੀ ਰਾਣਾ ਵੰਝ, ਸਾਬਕਾ ਖਿਡਾਰੀ ਤੇ ਅਕਾਲੀ ਆਗੂ ਗੁਲਜ਼ਾਰੀ ਮੂਣਕ, ਕੋਚ ਲਾਲੀ ਰਾਇਲ ਕਿੰਗ, ਕੋਚ ਕੁਲਵਿੰਦਰ ਮੱਲ੍ਹੀ, ਕੋਚ ਮਦਨ ਗੋਪਾਲ ਅਤੇ ਪ੍ਰਸਿੱਧ ਕਬੱਡੀ ਖਿਡਾਰੀ ਪਾਲਾ ਜਲਾਲਪੁਰ, ਦੁੱਲਾ ਬੱਗਾ, ਫਰਿਆਦ, ਮਲੂਕ ਅਲੀ , ਗੱਗੀ ਖੀਰਾਂਵਾਲੀ , ਕਮਲ ਟਿੱਬਾ, ਜੀਤਾ ਤਲਵੰਡੀ, ਯਾਦਾ ਤੇ ਜੋਧਾ ਸੁਰਖਪੁਰ, ਜੋਤਾ ਮਹਿਮਦਵਾਲ ਅਤੇ ਕਬੱਡੀ ਬੁਲਾਰੇ ਸਤਪਾਲ ਖਡਿਆਲ ਸਮੇਤ ਅਨੇਕਾਂ ਖਿਡਾਰੀ ਵੀ ਪੁੱਜੇ ਹੋਏ ਸਨ।

### ਬਸਪਾ ਹੋਈ ਹਾਈਟੈੱਕ

# ਵਰਲਡ ਵਾਈਡ ਬਸਪਾ ਸੁਪੋਟਰਾਂ ਵਲੋਂ ਆਨਲਾਈਨ ਮਨਾਈ ਗਈ ਬੁੱਧ ਪੂਰਨਿਮਾ

ਜਿੱਥੇ ਕੋਰੋਨਾ ਮਹਾਂਮਾਰੀ ਕਰਕੇ ਸਮੁੱਚੀ ਦੁਨੀਆਂ ਆਪਣੇ ਘਰ ਵਿੱਚ ਰਹਿਣ ਲਈ ਮਜ਼ਬੂਰ ਹੈ, ਉੱਥੇ ਬਹੁਜਨ ਸਮਾਜ ਪਾਰਟੀ ਦੇ ਵਰਲਡ ਵਾਈਡ ਸੁਪੋਟਰਾਂ ਵਲੋਂ, ਨਵੀਆਂ ਅਤੇ ਅਤਿ-ਆਧੁਨਿਕ ਤਕਨੀਕਾਂ ਦੀ ਵਰਤੋਂ ਕਰਦਿਆਂ, ਇੰਟਰਨੈੱਟ ਰਾਹੀਂ ਬੁੱਧ ਪੂਰਨਿਮਾ ਮਨਾਈ ਗਈ। ਆਨਲਾਇਨ ਮਨਾਏ ਗਏ ਇਸ ਸਮਾਗਮ ਵਿੱਚ ਭਾਰਤ ਤੋਂ ਇਲਾਵਾ ਅਮਰੀਕਾ, ਕੈਨੇਡਾ, ਇੰਗਲੈਂਡ, ਇਟਲੀ, ਫਰਾਂਸ, ਜਰਮਨ, ਨਿਊਜ਼ੀਲੈਂਡ, ਆਸਟ੍ਰੇਲੀਆ, ਪੁਰਤਗਾਲ, ਕੁਵੈਤ, ਦੁਬਈ ਅਤੇ ਹੋਰ ਕਈ ਦੇਸ਼ਾਂ ਦੇ 550 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। ਇਸ ਪ੍ਰੋਗਰਾਮ ਦਾ ਯੂ-ਟਿਊਬ ਰਾਹੀਂ ਸਿੱਧਾ ਪ੍ਰਸਾਰਣ ਵੀ ਸੈਂਕੜੇ ਲੋਕਾਂ ਨੇ ਵੇਖਿਆ।

ਇਸ ਹਾਈਟੈੱਕ ਸਮਾਗਮ ਦੀ ਸ਼ੁਰੂਆਤ ਕਮਲੇਸ਼ ਅਹੀਰ ਕੈਨੇਡਾ ਨੇ ਬੁੱਧ ਵੰਧਨਾ ਨਾਲ ਕੀਤੀ। ਉਨ੍ਹਾਂ ਨੇ ਤ੍ਰੀਸ਼ਰਣ ਅਤੇ ਪੰਚਸ਼ੀਲ ਦੀ ਵਿਆਖਿਆ ਕਰਦਿਆਂ ਕਿਹਾ ਕਿ ਤਥਾਗਤ ਬੁੱਧ ਨੇ ਸਾਨੂੰ ਆਪਣਾ ਜੀਵਨ ਬਿਹਤਰ ਤੋਂ ਬਿਹਤਰੀਨ ਬਣਾਉਣ ਲਈ ਬਹੁਤ ਸਿੱਖਿਆਵਾਂ ਦਿੱਤੀਆਂ ਹਨ। ਜਿਨ੍ਹਾਂ ਨਾਲ ਸਾਡਾ ਜੀਵਨ ਹਨੇਰੇ ਤੋਂ ਸੂਰਜ ਦੀ ਰੌਸ਼ਨੀ ਵਾਂਗ ਚਮਕ ਸਕਦਾ ਹੈ। ਇਸ ਸਮਾਗਮ ਵਿੱਚ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਨੇ ਬਹੁਜਨ ਮੂਵਮੈਂਟ 'ਤੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਬਹੁਜਨ ਮੂਵਮੈਂਟ ਤਥਾਗਤ ਬੁੱਧ ਤੋਂ ਸ਼ੁਰੂ ਹੋ ਕੇ ਗੁਰੂ ਰਵਿਦਾਸ, ਗੁਰੂ ਕਬੀਰ ਅਤੇ 10 ਗੁਰੂ ਸਾਹਿਬਾਨਾ ਤੋਂ ਹੁੰਦੀ ਹੋਈ, ਰਾਸ਼ਟਰਪਿਤਾ ਜੋਤੀ ਰਾਓ ਫੂਲੇ, ਬਾਬਾ ਸਾਹਿਬ ਅੰਬੇਡਕਰ ਅਤੇ ਸਾਹਿਬ ਕਾਂਸ਼ੀ ਰਾਮ ਜੀ ਤੱਕ ਪਹੁੰਚੀ। ਇਸੇ ਮੂਵਮੈਂਟ ਨੂੰ ਮੰਜ਼ਿਲੇ-ਮਕਸੂਦ ਤੱਕ ਪਹੁੰਚਾਉਣ ਲਈ ਅੱਜ ਭੈਣ ਕੁਮਾਰੀ ਮਾਇਆਵਤੀ ਜੀ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ। ਵਿਰੋਧੀ ਧਿਰਾਂ ਦੇ ਨਾਲ-ਨਾਲ ਆਪਣਿਆਂ ਦਾ ਵੀ ਵਿਰੋਧ ਚੱਲ ਰਹੀ ਬਸਪਾ ਦੀ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਨੇ ਉੱਤਰ-ਪ੍ਰਦੇਸ਼ ਵਿੱਚ ਆਪਣੀ ਸਰਕਾਰ ਸਮੇਂ ਬਹੁਜਨ ਮਹਾਂਪੁਰਸ਼ਾਂ ਦੇ ਨਾਂ 'ਤੇ ਯੂਨੀਵਰਸਿਟੀ, ਪਾਰਕ, ਜ਼ਿਲ੍ਹੇ, ਭਵਨ, ਯਾਦਗਾਰੀ ਸਥੱਲ ਬਣਾ ਕੇ ਅਤੇ ਭਲਾਈ ਸਕੀਮਾਂ ਚਲਾ ਕੇ ਵਿਸਾਰ ਦਿੱਤੀ ਗਈ ਵਿਰਾਸਤ ਨੂੰ ਮੁੜ ਸੁਰਜੀਤ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਮੈਂ ਬਹੁਜਨ ਸਮਾਜ ਨੂੰ ਅਪੀਲ ਕਰਦਾ ਹਾਂ ਕਿ ਆਪਸੀ ਗਿਲੇ ਸ਼ਿਕਵੇ ਭੁੱਲ ਕੇ ਸਮਾਜ ਦੀ ਬਿਹਤਰੀ ਲਈ ਕੰਮ ਕਰਨਾ ਚਾਹੀਦਾ ਹੈ। ਆਪਣੀ ਸ਼ਕਤੀ ਨੂੰ ਛੋਟੇ-ਛੋਟੇ ਸੰਗਠਨਾਂ ਵਿੱਚ ਲਗਾ ਕੇ ਨਸ਼ਟ ਕਰਨ ਦੀ ਬਜਾਏ, ਬਹੁਜਨ ਸਮਾਜ ਪਾਰਟੀ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਆਪਣੀ ਸਰਕਾਰ ਬਣਾ ਕੇ ਹੀ ਅਸੀਂ ਆਪਣੇ ਸਮਾਜ ਦੇ ਦੁੱਖਾਂ ਤਕਲੀਫਾਂ ਦਾ ਖਾਤਮਾ ਕਰ ਸਕਦੇ ਹਾਂ। ਉਨ੍ਹਾਂ ਹੋਰ ਅੱਗੇ ਕਿਹਾ ਕਿ ਪੰਜਾਬ ਵਿੱਚ ਵੀ ਉੱਤਰ-ਪ੍ਰਦੇਸ਼ ਦੀ ਤਰਜ਼ 'ਤੇ ਬਹੁਜਨ ਮਹਾਂਪੁਰਸ਼ਾਂ ਦੇ ਗੌਰਵਸ਼ਾਲੀ ਇਤਿਹਾਸ ਨੂੰ ਸੁਰਜੀਤ ਕੀਤਾ ਜਾਵੇਗਾ ਅਤੇ ਯਾਦਗਰਾਂ ਉਸਾਰੀਆਂ ਜਾਣਗੀਆਂ। ਉਨ੍ਹਾਂ ਕੋਰੋਨਾ ਮਹਾਂਮਰੀ ਦੌਰਾਨ ਵਰਲਡ ਵਾਈਡ ਬਸਪਾ ਸਪੋਟਰਾਂ ਵਲੋਂ ਕੀਤੇ ਗਏ, ਇਸ ਉਪਰਾਲੇ ਦੀ ਬਹੁਤ ਸ਼ਲਾਘਾ ਕੀਤੀ। ਜਿਸ ਨਾਲ ਇੰਟਰਨੈੱਟ ਰਾਹੀਂ ਸੈਂਕੜੇ ਲੋਕਾਂ ਨਾਲ ਵਿਚਾਰ ਚਰਚਾ ਕੀਤੀ ਜਾ ਸਕੀ। ਇਸ ਮੌਕੇ ਬਸਪਾ ਦੇ ਸੂਬਾ ਜਨਰਲ ਸਕੱਤਰ ਡਾ. ਨਛੱਤਰ ਪਾਲ ਵੀ ਇੰਟਰਨੈੱਟ ਰਾਹੀਂ ਜੁੜੇ ਬਸਪਾ ਸਮਰਥਕਾਂ ਨੂੰ ਕਿਹਾ ਕਿ ਬਸਪਾ ਹਮੇਸ਼ਾਂ ਹੀ ਗਰੀਬਾਂ ਤੇ ਦੱਬੇ-ਕੁਚਲੇ ਲੋਕਾਂ ਦੇ ਹਿੱਤਾਂ ਲਈ ਸੰਘਰਸ਼ ਕਰਦੀ ਹੈ। ਜਦ ਕਿ ਦੂਜੀਆਂ ਪਾਰਟੀਆਂ ਹਮੇਸ਼ਾਂ ਮਤਰੇਈ ਮਾਂ ਵਾਲਾ ਸਲੂਕ ਕਰਦੀਆਂ ਹਨ। ਉਨ੍ਹਾਂ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਪੰਜਾਬ ਦਾ ਕੁੱਲ ਬੱਜਟ 1,54,800 ਕਰੋੜ ਦਾ ਹੈ। ਜਿਨ੍ਹਾਂ ਵਿੱਚ ਅਨੁਸੂਚਿਤ ਜਾਤੀਆਂ, ਜਿਨ੍ਹਾਂ ਦੀ ਅਬਾਦੀ ਪੰਜਾਬ ਦੀ ਕੁੱਲ ਅਬਾਦੀ ਦਾ 38 font ਹੈ, ਲਈ ਸਿਰਫ 3,400 ਕਰੋੜ ਰੁਪਏ ਦਾ ਬੱਜਟ ਰੱਖਿਆ ਗਿਆ ਹੈ। ਜੋ ਕਿ ਐਨੀ ਵੱਡੀ ਅਬਾਦੀ ਨਾਲ ਇੱਕ ਮਜ਼ਾਕ ਤੋਂ ਵੱਧ ਕੇ ਹੋਰ ਕੁੱਝ ਨਹੀਂ, ਜਦ ਕਿ ਖੇਤੀਬਾੜੀ ਨਾਲ ਸੰਬੰਧਿਤ ਬਿਜਲੀ ਦੇ ਬਿੱਲ ਮੁਆਫ਼ ਕਰਨ ਲਈ 8,200 ਕਰੋੜ ਦਾ ਬੱਜਟ ਰੱਖਿਆ ਗਿਆ ਹੈ। ਸਰਕਾਰਾਂ ਨੇ ਦੱਬੇ-ਕੁੱਚਲੇ ਵਰਗਾਂ ਨੂੰ ਸਿਰਫ ਵੋਟ ਬੈਂਕ ਹੀ ਸਮਝਿਆ ਹੈ। ਉਨ੍ਹਾਂ ਸ਼ਾਮਿਲ ਹੋਏ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਵਿੱਚ ਬਸਪਾ ਦੀ ਸਰਕਾਰ ਬਣਾਉਣ ਲਈ ਹੁਣ ਤੋਂ ਹੀ ਪ੍ਰਚਾਰ-ਪ੍ਰਸਾਰ ਵਿੱਚ ਜੁੱਟ ਜਾਣ। ਬੁੱਧ ਪੂਰਨਿਮਾ ਨਾਲ ਸੰਬੰਧਿਤ ਇਸ ਪ੍ਰੋਗਰਾਮ ਨੂੰ ਐਡਵੋਕੇਟ ਰਣਜੀਤ ਕੁਮਾਰ ਹੁਸ਼ਿਆਰਪੁਰ ਜ਼ਿਲ੍ਹਾ ਕਨਵੀਨਰ ਬਾਮਸੇਫ ਅਤੇ ਮਾਣਯੋਗ ਜਸਵੰਤ ਰਾਏ ਜੀ ਐਕਸੀਅਨ (ਰਿਟਾਇਰਡ) ਜ਼ਿਲ੍ਹਾ ਕਨਵੀਨਰ ਬਾਮਸੇਫ ਜਲੰਧਰ ਨੇ ਵੀ ਸੰਬੋਧਿਤ ਕੀਤਾ। ਜਿਨ੍ਹਾਂ ਨੇ ਬੁੱਧ ਬਾਣੀ ਤੇ ਆਪਣੇ ਵਿਚਾਰ ਪੇਸ਼ ਕੀਤੇ। ਵਰਲਡ ਵਾਈਡ ਸਪੋਟਰਾਂ ਵਲੋਂ ਕੀਤੇ ਗਏ ਹਾਈਟੈੱਕ ਪ੍ਰੋਗਰਾਮ ਦਾ ਪ੍ਰਬੰਧ ਬਸਪਾ ਦੇ ਜੁਝਾਰੂ ਸਾਥੀ ਮਾਣਯੋਗ ਅਮਰ ਦੜੌਚ ਅਮਰੀਕਾ, ਕੁਲਦੀਪ ਮਦਾਰਾ ਕੈਨੇਡਾ, ਹਰਜਿੰਦਰ ਕੁਮਾਰ ਅਮਰੀਕਾ, ਕਮਲੇਸ਼ ਅਹੀਰ ਕੈਨੇਡਾ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਵੱਸਦੇ ਹੋਰ ਬਹੁਤ ਸਾਰੇ ਬਸਪਾ ਸਮਰਥਕਾਂ ਵਲੋਂ ਕੀਤਾ ਗਿਆ।



ਆਨ ਲਾਈਨ ਬੁੱਧ ਪੂਰਨਿਮਾ ਦੇ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਬਸਪਾ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ, ਸੂਬਾ ਜਨਰਲ ਸਕੱਤਰ ਡਾ. ਨਛੱਤਰ ਪਾਲ, ਇੰਜੀਨੀਅਰ ਜਸਵੰਤ ਰਾਏ ਰਿਟਾਇਰਡ ਐਕਸੀਅਨ, ਐਡਵੋਕੇਟ ਰਣਜੀਤ ਕੁਮਾਰ ਕਨਵੀਨਰ ਬਾਮਸੇਫ, ਕਮਲੇਸ਼ ਅਹੀਰ ਕੈਨੇਡਾ, ਅਮਰ ਦੜੌਚ ਅਮਰੀਕਾ, ਕੁਲਦੀਪ ਮਦਾਰਾ ਕੈਨੇਡਾ ਅਤੇ ਹਰਜਿੰਦਰ ਕੁਮਾਰ (ਆਰਗੇਨਾਈਜ਼ਰ)। Read more: www.ambedkartimes.com

### ਨਜ਼ਰੀਆ

# ਪੁਲਿਸ ਅਤੇ ਪੁਲਿਸ ਦਾ ਬਦਲਦਾ ਸੁਭਾਅ



ਸੰਤੋਖ ਜੱਸੀ (ਸਰਪੰਚ
98766-58364

ਦੇਸ਼ ਨੂੰ ਚਲਾਉਣ ਲਈ ਜਿੱਥੇ ਸਿਵਲ ਪ੍ਰਸ਼ਾਸਨ ਦੀ ਲੋੜ ਪੈਂਦੀ ਹੈ। ਉੱਥੇ ਕਾਨੂੰਨ ਨੂੰ ਲਾਗੂ ਕਰਵਾਉਣ, ਅਨੁਸ਼ਾਸਨ ਕਾਇਮ ਰੱਖਣ ਅਤੇ ਸਮਾਜ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਲਈ ਪੁਲਿਸ ਦੀ ਲੋੜ ਹੁੰਦੀ ਹੈ।

ਕਹਿੰਦੇ ਨੇ ਜਿਹੋ ਜਿਹਾ ਸਮਾਜ ਹੁੰਦਾ ਹੈ, ਉਹੋ ਜਿਹੇ ਸਾਡੇ ਆਗੂ ਹੁੰਦੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਜਿਹੋ ਜਿਹਾ ਸਮਾਜ ਹੁੰਦਾ ਹੈ, ਉਹੋ ਜਿਹੀ ਪੁਲਿਸ ਹੁੰਦੀ ਹੈ, ਕਿਉਂਕਿ ਲੋਕਾਂ ਨਾਲ ਹੀ ਘਰ ਅਤੇ ਸਮਾਜ ਬਣਦਾ ਹੈ ਅਤੇ ਪੁਲਿਸ ਵੀ ਸਮਾਜ ਦਾ ਹੀ ਅੰਗ ਹੁੰਦੀ ਹੈ। ਅਸਲ ਵਿੱਚ ਪੁਲਿਸ ਦਾ ਸ਼ਬਦੀ ਅਰਥ ੨ਲੋਕਾਂ ਦਾ ਕਲਿਆਣ" ਕਰਨਾ ਹੁੰਦਾ ਹੈ। ਪੁਲਿਸ ਸ਼ਬਦ ਅੰਗਰੇਜ਼ੀ ਭਾਸ਼ਾ ਦੇ ੨ਸ਼ਰ;ਜਵਕੈ ਸ਼ਬਦ ਤੋਂ ਬਣਿਆ ਹੈ, ਜਿਸ ਦਾ ਅਰਥ ੨ਦਿਆਲੂ ਹੁੰਦਾ ਹੈ। ਜਿਉਂ-ਜਿਉਂ ਮਨੁੱਖ ਦਾ ਅਦਾਨ-ਪ੍ਰਦਾਨ, ਮਿਲਵਰਤਨ, ਕੰਮ-ਕਾਰ, ਅਮੀਰ, ਗਰੀਬ ਦਾ ਵਰਤਾਰਾ ਹੁੰਦਾ ਹੈ, ਸਮੱਸਿਆਵਾਂ ਹੁੰਦੀਆਂ ਹਨ, ਬੇਇਨਸਾਫ਼ੀ, ਲੜਾਈ-ਝਗੜਾ ਹੁੰਦਾ ਹੈ, ਤਿਉਂ-ਤਿਉਂ ਮਨੁੱਖੀ ਸੁਭਾਅ ਵਿੱਚ ਵੀ ਤਬਦੀਲੀ ਆਉਂਦੀ ਹੈ।

ਅਕਸਰ ਸਾਡੇ ਦੇਸ਼ ਵਿੱਚ ਪੁਲਿਸ ਦਾ ਵਤੀਰਾ ਬੜਾ ਸਖਤ, ਕੁਰੱਖਿਅਤ ਅਤੇ ਕਠੋਰ ਮੰਨਿਆ ਜਾਂਦਾ ਹੈ। ਪੁਲਿਸ ਅਤੇ ਰਿਸ਼ਵਤ ਜਿਵੇਂ ਇੱਕ ਸਿੱਕੇ ਦੇ ਦੋ ਪਾਸਿਆਂ ਵਾਂਗ ਹੁੰਦੇ ਹਨ। ਪੁਲਿਸ ਦੇ ਅਨੇਕਾਂ ਰੂਪ ਹਨ, ਅਨੇਕਾਂ ਕਹਾਣੀਆਂ ਹਨ। ਇੱਕ ਵਾਰ ਇੱਕ ਜੱਜ ਸਾਹਿਬ ਨੂੰ ਪੁਲਿਸ ਦੁਆਰਾ ਪੇਸ਼ ਕੀਤੀ ਕਹਾਣੀ 'ਤੇ ਸ਼ੱਕ ਹੋ ਗਿਆ। ਜੱਜ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਕਿ ਮੇਰੀ ਘੜੀ ਚੋਰੀ ਹੋ ਗਈ ਹੈ। ਦੂਜੇ ਦਿਨ ਪੁਲਿਸ ਨੇ ੨ਮੁਜ਼ਰਿਮੈ ਘੜੀ ਸਮੇਤ ਪੇਸ਼ ਕਰ ਦਿੱਤਾ, ਜੱਜ ਸਾਹਿਬ ਹੈਰਾਨ ਸਨ ਕਿ ਦੋਵਾਂ ਵਿੱਚੋਂ ਅਸਲੀ ਘੜੀ ਕਿਹੜੀ ਹੈ ? ਇੱਕ ਵਾਰ ਪੁਲਿਸ ਕਿਸੇ ਦੇ ਘਰ ਆ ਗਈ ਤਾਂ ਘਰ ਦੀ ਬਜ਼ੁਰਗ ਔਰਤ ਡਰ ਦੀ ਮਾਰੀ ਪੇਟੀ ਵਿੱਚ ਲੁਕ ਗਈ। ਇੱਕ ਦੁਕਾਨ ਵਿੱਚ ਵਾਰ-ਵਾਰ ਚੋਰੀ ਹੁੰਦੀ ਸੀ। ਦੁਕਾਨਦਾਰ ਭਰਾਵਾਂ ਨੇ ਇੱਕ ਦਿਨ ਅੱਕ ਕੇ ਵਿਉਂਤ ਸੋਚੀ ਕਿ ਕਿਉਂ ਨਾ ਦੁਕਾਨ ਦੇ ਅੰਦਰ ਹੀ ਰਾਤ ਜਾਗ ਕੇ ਕੱਟੀ ਜਾਵੇ। ਅੱਧੀ ਕੁ ਰਾਤ ਨੂੰ ਇੱਕ ਹੱਥ ਦੁਕਾਨ ਦੇ ਅੰਦਰ ਆਇਆ ਤਾਂ ਦੋਵਾਂ ਭਰਾਵਾਂ ਨੇ ਹੱਥ ਜ਼ੋਰ ਦੀ ਫੜ੍ਹ ਲਿਆ ਤਾਂ ਬਾਹਰੋਂ ਜਵਾਬ ਆਇਆ ਕਿ ਮੈਂ ਚੋਰੀ ਨਹੀਂ, ਪੁਲਿਸ ਵਾਲਾ ਹਾਂ। ਅਜਿਹੀਆਂ ਕਹਾਣੀਆਂ ਨਾਲ ਇਤਿਹਾਸ ਭਰਿਆ ਪਿਆ ਹੈ। ਪੁਲਿਸ ਨਾਲ ਸਮਾਜ ਦਾ ਅਕਸਰ ਵਾਹ ਪੈਂਦਾ ਹੈ। ਬੜੀ ਕਠੋਰ, ਸਖਤ, ਰੁੱਖਾਪਨ, ਰਿਸ਼ਵਤਖੋਰ ਅਤੇ ਜ਼ਾਲਿਮ ਰੁਖ ਦੇ ਨਾਲ-ਨਾਲ ਸਿਆਸੀ ਨੇਤਾਵਾਂ ਦੇ ਪ੍ਰਭਾਵ ਹੇਠ ਹਜਾਰਾਂ ਲੋਕਾਂ ਦੇ ਭਵਿੱਖ ਨੂੰ ਨਰਕ ਬਣਾਉਣ ਵਾਲੀ ਪੁਲਿਸ ਹੀ ਹੈ। ਉਹ ਚਾਹੇ ਛੋਟਾ ਮੁਲਾਜ਼ਿਮ ਹੋਵੇ ਜਾਂ ਕੋਈ ਵੱਡਾ। ਬਹੁਤਿਆਂ ਨੇ ਨੈਤਿਕ ਅਤੇ ਇਨਸਾਫ ਦੇਣ ਦੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਇਨਸਾਫ ਦਾ ਗਲਾ ਘੁੱਟਿਆ ਹੈ। ਜਿਸ ਕਾਰਨ ਅਜੇ ਵੀ ਪੁਲਿਸ 'ਸ਼ੱਕੈ ਦੇ ਘੇਰੇ 'ਚ ਰਹਿੰਦੀ ਹੈ। ਪੁਲਿਸ ਦੁਆਰਾ ਬਣਾਈਆਂ ਤੇ ਘੜੀਆਂ ਕਹਾਣੀਆਂ ਵਿੱਚ ਚੰਗੀ ਪੁੱਠ ਚਾੜ੍ਹੀ ਹੁੰਦੀ ਹੈ। ਜਿਸ ਕਾਰਨ ਮਨੁੱਖ ਇਨਸਾਫ ਭਾਲਦਾ 'ਫੈਸਲੇ" ਸੁਣਨ ਲਈ ਮਜ਼ਬੂਰ ਹੁੰਦਾ ਹੈ। ਪਰ ਕਈ ਵਾਰ ਲੋਕ ਝੂਠੀਆਂ ਦਰਖਾਸਤਾਂ ਦੇ ਕੇ ਪੁਲਿਸ ਨੂੰ ਗੁਮਰਾਹ ਕਰਦੇ ਹਨ, ਜਿਸ ਕਾਰਨ ਸੰਬੰਧਿਤ ਜਾਂਚ ਅਧਿਕਾਰੀ ਨੂੰ ਸਹੀ ਸਿੱਟਾ ਰਿਪੋਰਟ ਤਿਆਰ ਕਰਨ ਲਈ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਕਈ ਵਾਰੀ ਨਿਰਦੋਸ਼ ਵਿਅਕਤੀ ਵੀ ਰਗੜਿਆ ਜਾਂਦਾ ਹੈ।

ਭਾਰਤ ਅਤੇ ਦੁਨੀਆਂ ਦੇ ਵਿਕਸਿਤ ਦੇਸ਼ਾਂ ਦੀ ਜਦੋਂ ਪੜਚੋਲ ਹੁੰਦੀ ਹੈ ਤਾਂ ਦੋਵਾਂ ਦੇ ਵਿਵਹਾਰ 'ਚ ਪਾੜ੍ਹਾ ਬਹੁਤ ਹੁੰਦਾ ਹੈ। ਵਿਦੇਸ਼ਾਂ 'ਚ ਪੁਲਿਸ ਦਾ ਰਵੱਈਆ ਬੜਾ ਦੋਸਤਾਨਾ ਹੈ। ਕੁੱਟਣ-ਮਾਰਨ ਨਾਲੋਂ ਜ਼ੁਰਮ ਸਮੇਂ ਪਕੜਨ 'ਤੇ ਵੀ ਮਾਨਵੀ ਰੁਖ ਅਪਣਾਇਆ ਜਾਂਦਾ ਹੈ ਤੇ ਅਦਾਲਤ ਜ਼ੁਰਮਾਨਾ ਤੇ ਜ਼ੁਰਮ ਮੁਤਾਬਿਕ ਸਜਾ ਅਤੇ ਸਖਤ ਸਜਾ ਸੁਣਾਉਂਦੀ ਹੈ। ਜਦੋਂਕਿ ਸਾਡੇ ਸਮਾਜ ਵਿੱਚ ਜੇਕਰ ਕੋਈ ਮੁਜ਼ਰਿਮ ਜ਼ੁਰਮ ਛੱਡਣਾ ਵੀ ਚਾਹੇ ਤਾਂ ਪੁਲਿਸ ਰੁਕਾਵਟ ਬਣਦੀ ਹੈ।

ਜਿਉਂ-ਜਿਉਂ ਦੁਨੀਆਂ ਬਦਲ ਰਹੀ ਹੈ, ਤਿਉਂ-ਤਿਉਂ ਅਪਰਾਧਾਂ ਦੇ ਢੰਗ-ਤਰੀਕੇ ਵੀ ਬਦਲ ਰਹੇ ਹਨ। ਅਪਰਾਧਿਕ ਬਿਰਤੀ ਵਾਲੇ ਲੋਕ ਅਪਰਾਧ ਨੂੰ ਕੰਮ ਵਾਂਗ ਕਰਕੇ ਧਨ ਕਮਾਉਂਦੇ ਹਨ। ਸਮਾਜ/ਦੇਸ਼ ਲਈ ਸਮੱਸਿਆਵਾਂ ਪੈਦਾ ਕਰਦੇ ਹਨ। ਅਪਰਾਧ ਤੇ ਅਪਰਾਧੀਆਂ ਬਾਰੇ ਭਾਰਤ ਦੀ ਪਹਿਲੀ ਮਹਿਲਾ ਆਈ. ਪੀ. ਐਸ. ਅਧਿਕਾਰੀ (ਹੁਣ ਗਵਰਨਰ) ਕਿਰਨ ਬੇਦੀ ਨੇ ਕਿਹਾ ਸੀ ਕਿ ਅਪਰਾਧੀ ਮੋਹਰੇ-ਮੋਹਰੇ ਹੁੰਦੇ ਹਨ ਤੇ ਪੁਲਿਸ ਪਿੱਛੇ-ਪਿੱਛੇ। ਭਾਵ ਪਹਿਲਾਂ ਅਪਰਾਧੀ ਜ਼ੁਰਮ ਕਰਦੇ ਹਨ ਤੇ ਪੁਲਿਸ ਬਾਅਦ ਵਿੱਚ ਤਹਿਕੀਕਾਤ ਕਰਦੀ ਹੈ। ਪਰ ਪੁਲਿਸ ਪਹਿਲਾਂ ਹੀ ਸੁਚੇਤ, ਜਾਗਰੂਕ ਅਤੇ ਚੇਤੰਨ ਕਿਉਂ ਨਹੀਂ ਹੁੰਦੀ ? ਤਾਂ ਕਿ ਅਪਰਾਧ ਹੋਣ ਤੋਂ ਪਹਿਲਾਂ ਹੀ ਰੋਕਿਆ ਜਾ ਸਕੇ। ਪੁਲਿਸ ਕੋਲ ਰਾਜ ਦੀ ਸ਼ਕਤੀ ਹੁੰਦੀ ਹੈ ਤੇ ਜ਼ੁਰਮ ਫਿਰ ਵੀ ਹੁੰਦੇ ਹਨ। ਇਹ ਸਵਾਲ ੨ਜਵਾਬੈ ਮੰਗਦਾ ਹੈ। ਹਾਲਾਤ ਅਤੇ ਨਵੀਂਆਂ ਖੋਜ਼ਾਂ 'ਚ ਸੰਸਾਰ ਉੱਤੇ ਜੋ ਕੁੱਝ ਵਾਪਰ ਰਿਹਾ ਹੈ, ਉਸ ਦਾ ਮਨੁੱਖ 'ਤੇ ਚੌਤਰਫ਼ਾ ਪ੍ਰਭਾਵ ਪੈਂਦਾ ਹੈ। ਦੁਨੀਆਂ ਭਰ ਵਿੱਚ ਸੈਮੀਨਾਰਾਂ, ਸਿਖਲਾਈ ਰਾਹੀਂ ਬਦਲ ਰਹੀ ਦੁਨੀਆਂ ਵਾਂਗ ਪੁਲਿਸ ਨੂੰ ਵੀ ਨਵੇਂ ਢੰਗ-ਤਰੀਕਿਆਂ ਨਾਲ ਸਿੱਖਿਅਤ ਕੀਤਾ ਜਾ ਰਿਹਾ ਹੈ। ਇਜ਼ਰਾਈਲ ਵਰਗੇ ਦੇਸ਼ਾਂ ਤੋਂ ਦੁਨੀਆਂ ਭਰ ਦੀ ਪੁਲਿਸ ਪ੍ਰੇਰਣਾ ਲੈ ਰਹੀ ਹੈ।



ਭਾਰਤੀ ਪੁਲਿਸ ਵਿੱਚ ਵੀ ਰਵੱਈਏ ਨੂੰ ਬਦਲਣ ਲਈ ਨਵੀਂ ਸਿੱਖਿਆ ਰਾਹੀਂ ਮਾਨਵੀ ਪਹੁੰਚ ਅਪਨਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਦੇਸ਼ ਦੀ ਸਰਵਉੱਚ ਅਦਾਲਤ ਸਮੇਂ-ਸਮੇਂ 'ਤੇ ਲੋੜੀਂਦੇ ਹੁਕਮ ਦੇ ਰਹੀ ਹੈ।

ਹੁਣ ਪੁਲਿਸ ਦੀਆਂ ਨਵੀਂਆਂ ਹਦਾਇਤਾਂ ਮੁਤਾਬਿਕ ਆਪਣੀ ਡਿਊਟੀ ਦੇ ਨਾਲ-ਨਾਲ ੨ਸਮਾਜ ਸੇਵਕੈ ਦੀ ਛਵੀ ਬਣਾਉਣ ਦੇ ਨਿਰਦੇਸ਼ ਰੰਗ ਦਿਖਾਉਣ ਲੱਗੇ ਹਨ। ਜਿਸ ਪੁਲਿਸ ਨੂੰ ਅਕਸਰ ਖੂਨ ਚੂਸਣ ਵਾਲੀ ਪੁਲਿਸ ਕਿਹਾ ਜਾਂਦਾ ਸੀ, ਹੁਣ ਖੂਨਦਾਨ ਕੈਂਪ ਲਗਾ ਰਹੀ ਹੈ। ਗਰੀਬ, ਮਜ਼ਦੂਰ, ਸ਼ੋਸ਼ਿਤ ਵਰਗ ਦੀ ਮਦਦ ਕਰਨ ਹਿੱਤ ਧਨਾਢ ਬੰਦਿਆਂ ਪਾਸੋਂ ਸਹਾਇਤਾ ਲੈਣ ਲਈ ਵੀ ਯਤਨਸ਼ੀਲ ਹੈ। ਬਜ਼ੁਰਗ ਜਿਹੜੇ ਭਾਰੀ ਆਵਾਜਾਈ ਕਾਰਨ ਸੜਕ ਪਾਰ ਕਰਨ ਲਈ ਔਖੇ ਹੁੰਦੇ ਸਨ, ਹੁਣ ਤਸਵੀਰਾਂ ਵਿੱਚ ਪੁਲਿਸ ਮੁਲਾਜ਼ਿਮ ਬਜ਼ੁਰਗਾਂ ਨੂੰ ਸੜਕ ਪਾਰ ਕਰਵਾਉਂਦੇ ਨਜ਼ਰ ਆਉਂਦੇ ਹਨ। ਜਿਹੜੀ ਪੁਲਿਸ ਦਾ ਨਾਂ ਲੈਂਦਿਆਂ ਹੀ ਭਿਆਨਕ ਚਿਹਰਾ ਦਿਲ-ਦਿਮਾਗ 'ਤੇ ਬਣ ਬੈਠਦਾ ਸੀ, ਅੱਜ ਪਿੰਡ-ਪਿੰਡ, ਸ਼ਹਿਰਾਂ ਦੇ ਮੁਹੱਲਿਆਂ ਵਿੱਚ ਸਦਭਾਵਨਾਂ ਮੀਟਿੰਗਾਂ ਕਰਕੇ ਆਪਣੇ ਧੀਆਂ-ਪੁੱਤਾਂ ਨੂੰ ਹਾਲਾਤ ਅਤੇ ਅਲਾਮਤਾਂ ਤੋਂ ਬਚਣ ਲਈ ਮੱਤਾਂ ਹੀ ਨਹੀਂ ਦਿੰਦੀ, ਸਗੋਂ ਲੋੜੀਂਦਾ ਮਾਰਗ-ਦਰਸ਼ਨ ਵੀ ਕਰਦੀ ਹੈ। ਘੰਟਿਆਂ ਭਰ ਖੜ੍ਹੀ ਰੱਖਦੀ ਪੁਲਿਸ ਬੈਠਣ ਲਈ ਹੀ ਨਹੀਂ ਕਹਿੰਦੀ, ਸਗੋਂ ਪੁੱਛਦੀ ਹੈ ੨ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ। ਕਦੇ ਸਮਾਂ ਸੀ ਜਦੋਂ ਔਰਤਾਂ ਦਾ ਪੁਲਿਸ ਥਾਣੇ ਜਾਣਾ ਸ਼ਰਮਿੰਦਗੀ ਦਾ ਕਾਰਨ ਬਣਦਾ ਸੀ। ਪਰ ਹੁਣ ਸਮਾਂ ਬਦਲਣ ਦੇ ਨਾਲ ਲੜਕੀਆਂ ਵੀ ਪੁਲਿਸ ਵਿੱਚ ਭਰਤੀ ਹੋ ਰਹੀਆਂ ਹਨ ਅਤੇ ਔਰਤਾਂ ਨਾਲ ਸੰਬੰਧਿਤ ਕੇਸਾਂ ਦੇ ਨਿਪਟਾਰੇ ਲਈ ਔਰਤਾਂ ਦੇ ਵਿੰਗ ਬਣਾਏ ਗਏ ਹਨ।

ਵਰਤਮਾਨ ਸਮੇਂ ਕੋਰੋਨਾ ਮਹਾਂਮਾਰੀ ਕਾਰਨ ਪੈਦਾ ਹੋਏ ਵਿਸ਼ਵ ਸੰਕਟ ਦੌਰਾਨ ਸਿਹਤ ਅਤੇ ਸਫ਼ਾਈ ਕਰਮਚਾਰੀਆਂ ਦੇ ਨਾਲ-ਨਾਲ ਪੁਲਿਸ ਕਰਮਚਾਰੀ ਵੀ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ, ਦੇਸ਼ਵਾਸੀਆਂ ਨੂੰ ਇਸ ਮਹਾਂਮਾਰੀ ਤੋਂ ਬਚਾਉਣ ਲਈ ਦਿਨ-ਰਾਤ ਸਖਤੀ ਨਾਲ ਆਪਣੀ ਡਿਊਟੀ ਨਿਭਾ ਰਹੇ ਹਨ। ਜਿਸ ਕਾਰਨ ਪੁਲਿਸ ਵੀ ਕੋਰੋਨਾ ਖਿਲਾਫ਼ ਆਰੰਭੀ ਜੰਗ ਵਿੱਚ ਯੋਧੇ ਬਣ ਕੇ ਖੜ੍ਹੀ ਹੈ।

ਪੁਲਿਸ ਦੇ ਵਿਵਹਾਰ ਵਿੱਚ ਬਹੁਤ ਪਰਿਵਰਤਨ ਆ ਚੁੱਕਾ ਹੈ। ਪੁਲਿਸ ਦੇ ਮੌਜੂਦਾ ਰਵੱਈਏ 'ਤੇ ਝਾਤ ਮਾਰੀਏ ਤਾਂ ਇਹ ਕਹਿਣਾ ਬਣਦਾ ਹੈ ਕਿ ਪੁਲਿਸ ਦਾ ਸੁਭਾਅ ਹੁਣ ਮਾਨਵੀ ਹੋ ਰਿਹਾ ਹੈ। ਪੁਲਿਸ ਨੇ ਸਮਾਜ ਸੇਵਾ ਦਾ ਕਾਰਜ ਵੀ ਕਰ ਵਿਖਾਇਆ ਹੈ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੇ ਇੱਕ ਪੁਲਿਸ ਮੁਲਾਜ਼ਿਮ ਨੇ ਆਪਣੇ ਨਾਂ ਹੇਠ ਅਰੋੜਾ ਪੀ. ਪੀ." ਨਾਂ ਦੀ ਸਮਾਜ ਸੇਵੀ ਸੰਸਥਾ ਬਣਾਈ ਹੋਈ ਹੈ। ਜਿਸ ਤਹਿਤ ਉਹ ਆਪਣੀ ਡਿਊਟੀ ਦੇ ਨਾਲ-ਨਾਲ ਸਮਾਜ ਸੇਵਾ ਵਿੱਚ ਵੀ ਵੱਡਮੁੱਲਾ ਯੋਗਦਾਨ ਪਾ ਰਿਹਾ ਹੈ। ਜਿਸ ਦੀ ਹਰ ਪਾਸੇ ਪ੍ਰਸ਼ੰਸਾ ਹੋ ਰਹੀ ਹੈ। ਪੁਲਿਸ ਪਹਿਲਾਂ ਨਾਲੋਂ ਕਿਤੇ ਵੱਧ ਸਮਾਜ ਦੇ ਦੁੱਖ-ਸੁੱਖ ਵਿੱਚ ਸ਼ਾਮਿਲ ਹੋ ਰਹੀ ਹੈ। ਜੋ ਕਿਸੇ ਵੀ ਸੱਭਿਅਕ ਸਮਾਜ ਲਈ ਇੱਕ ਰੌਸ਼ਨ ਚਿਰਾਗ ਵਾਂਗ ਹੈ। ਪੁਲਿਸ ਦੇ ਚੰਗੇ ਪੱਖ ਦੀ ਗੱਲ ਕਰਨੀ ਹੋਵੇ ਤਾਂ ਅਜਿਹੀਆਂ ਕਹਾਣੀਆਂ ਦੀ ਵੀ ਸ਼ਾਇਦ ਘਾਟ ਨਹੀਂ, ਜਿੱਥੇ ਪੁਲਿਸ ਵਾਲਿਆਂ ਨੇ ਅਨੇਕਾਂ ਨੌਜਵਾਨ ਮੁੰਡੇ-ਕੁੜੀਆਂ ਦੇ ਗਲਤ ਕਾਰਨਾਮਿਆਂ ਨੂੰ ਮੱਤਾਂ ਦੇ ਕੇ, ਉਨ੍ਹਾਂ ਦੇ ਮਾਪਿਆਂ ਅਤੇ ਘਰ-ਪਰਿਵਾਰਾਂ ਨੂੰ ਬਚਾ ਲਿਆ। ਸਮਾਂ ਮੰਗ ਕਰਦਾ ਹੈ ਕਿ ਜਿੱਥੇ ਜ਼ੁਰਮ ਨੂੰ ਨੱਥ ਪਾਉਣਾ ਜਰੂਰੀ ਹੈ, ਉੱਥੇ ਮਨੁੱਖੀ ਹੱਕਾਂ ਦਾ ਖਿਆਲ ਅਤੇ ਮਾਨਵੀ ਪਹੁੰਚ ਅਪਨਾਉਣੀ ਵੀ ਜਰੂਰੀ ਹੈ ਅਤੇ ਅੱਜ ਦੀ ਪੁਲਿਸ ਮਨੁੱਖੀ ਕਦਰਾਂ-ਕੀਮਤਾਂ ਨੂੰ ਸਮਝ ਕੇ ਆਪਣੇ ਸੁਭਾਅ ਵਿੱਚ ਹੋਰ ਤਬਦੀਲੀ ਲਿਆ ਰਹੀ ਹੈ।

# ਰਾਂਝਾ ਹੋ ਤੁਰਿਆ ਵਾਰਸ ਸ਼ਾਹ ਜੇਹਾ



ਲਾਲ ਸਿੰਘ ਸੁਲਹਾਣੀ
91-98721-55120

18 ਜਨਵਰੀ , 1990 ਨੂੰ ਸੂਬੇਦਾਰ ਜੋਗਿੰਦਰ ਸਿੰਘ ਚੌਕ ਲਾਗੇ ਜਿਥੇ ਅੱਜ ਕਲ੍ਹ ਗੋਇਲ ਮਾਰਕੀਟ ਹੈ ਮੋਗੇ ਇਕ ਕਾਨਫਰੰਸ ਬਹੁਜਨ ਸਮਾਜ ਪਾਰਟੀ ਵਲੋਂ ਕੀਤੀ ਗਈ, ਜਿਸ ਵਿੱਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਦਰਵੇਸ਼ ਸਿਆਸਤਦਾਨ ਜਥੇਦਾਰ ਉਜਾਗਰ ਸਿੰਘ ਜੀ ਸੇਖਵਾਂ ਆਪਣੇ ਯੂਥ ਵਿੰਗ ਦੇ ਪ੍ਰਧਾਨ ਜਥੇਦਾਰ ਸ਼ੇਰ ਸਿੰਘ ਡੂਮਛੇੜੀ ਨੂੰ ਲੈ ਕੇ ਉਚੇਚੇ ਤੌਰ ਤੇ ਪਹੁੰਚੇ ਸਨ। ਮੇਰੇ ਵੱਲੋਂ 23 ਅਗਸਤ 1987 ਨੂੰ ਰੋਪੜ ਕਾਨਫਰੰਸ ਵਿੱਚ ਸਾਹਿਬ ਨਾਲ ਮਿਲਾਣ ਤੋਂ ਬਾਅਦ ਤਾਂ ਉਹ ਸਾਹਿਬ ਦੇ ਇਕ ਤਰ੍ਹਾਂ ਮੁਰੀਦ ਹੀ ਬਣ ਚੁਕੇ ਸਨ। ਬੇਸ਼ੱਕ ਬਾਮਸੇਫ (ਮੁਲਾਜ਼ਮ ਜਥੇਬੰਦੀ) ਹੀ ਕਾਨਫਰੰਸਾਂ ਦਾ ਸਾਰਾ ਬੰਦੋਬਸਤ ਕਰਦੀ ਸੀ ਪਰ ਰਾਜਨੀਤਕ ਸਟੇਜ ਤੇ ਸਿਰਫ ਬਸਪਾ ਆਗੂ ਹੀ ਬੋਲਦੇ ਸਨ। ਸ. ਗੁਰਨਾਮ ਸਿੰਘ ਮੁਕਤਸਰ ਦੀ ਸਲਿੱਪ ਲੈਕੇ ਬੁਲਾਰੇ ਸਟੇਜ 'ਤੇ ਜਾਂਦੇ ਤੇ ਆਪਣਾ ਭਾਸ਼ਣ ਝਾੜ ਕੇ ਉੱਤਰ ਜਾਂਦੇ। ਅਸੀਂ ਲੁਕਵੇਂ ਬੈਠੇ ਆਸੇ ਪਾਸੇ ਸਾਰੀ ਸਥਿਤੀ ਦੀ ਨਜ਼ਰਸਾਨੀ ਕਰ ਰਹੇ ਸਾਂ।

ਕਾਨਫਰੰਸ ਦੀ ਸਮਾਪਤੀ ਤੋਂ ਬਾਅਦ ਜਦੋਂ ਅਸੀਂ ਸਟੇਜ 'ਤੇ ਸਾਹਿਬ ਨੂੰ ਮਿਲੇ ਤਾਂ ਉਹਨਾਂ ਨੇ ਮੈਨੂੰ ਆਦੇਸ਼ ਦਿੱਤਾ ਕਿ ਸਾਰੀ ਗੱਲ ਮੈਂ ਤੁਹਾਡੀ ਵਾਈਫ ਨੂੰ ਹੁਣੇ ਸਮਝਾ ਦਿੱਤੀ ਹੈ। ਉਹਨਾਂ ਨੂੰ ਲੈਕੇ ਜਿੰਨਾਂ ਜਲਦੀ ਹੋ ਸਕੇ ਦਿੱਲੀ ਆ ਜਾਓ । ਮੈਂ ਤੁਹਾਡੇ ਨਾਲ ਬਹੁਤ ਹੀ ਅਹਿਮ ਮਸਲੇ ਤੇ ਗੱਲਬਾਤ ਕਰਨੀ ਹੈ। ਬਾਅਦ ਵਿੱਚ ਹਰਭਜਨ ਲਾਖਾ ਜੀ ਮੈਂਬਰ ਪਾਰਲੀਮੈਂਟ ਵੱਲੋਂ ਮੈਨੂੰ ਵੱਖਰਿਆਂ ਵੀ ਸਾਹਿਬ ਦਾ ਇਹੋ ਸੁਨੇਹਾ ਰੈਸਟ ਹਾਊਸ ਵਿੱਚ ਜਾਕੇ ਉਚੇਚੇ ਤੌਰ ਤੇ ਦਿੱਤਾ ਗਿਆ। ਚੌਧਰੀ ਦਰਸ਼ਨ ਲਾਲ ਜੇਠੂਮਜਾਰਾ ਵੱਲੋਂ ਵੀ ਮੈਨੂੰ ਦਿੱਲੀ ਪਹੁੰਚਣ ਦੀ ਤਾਕੀਦ ਕੀਤੀ ਗਈ। ਬਟਾਲੇ ਤੋਂ ਮਾਸਟਰ ਅਸ਼ੋਕ ਕੁਮਾਰ, ਘੁਮਾਣ ਦੇ ਸੁਖਵਿੰਦਰ ਸਿੰਘ ਸੁਖ ਤੇ ਗੁਰਦਾਸਪੁਰ ਦੇ ਮੇਜਰ ਸੋਮ ਨਾਥ ਐਡਵੋਕੇਟ ਵੱਲੋਂ ਬਟਾਲਾ ਅਤੇ ਗੁਰਦਾਸਪੁਰ ਵਿੱਚ ਮੇਰੇ ਚਾਰ ਕੇਡਰ ਕੈਂਪ ਪੜ੍ਹੇ ਲਿਖੇ ਮੁਲਾਜ਼ਮਾਂ ਦੇ ਰੱਖੇ ਸਨ। ਗੁਰਦਾਸਪੁਰ ਦੇ ਇਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ 200 ਦੇ ਕਰੀਬ ਪੜ੍ਹੇ ਲਿਖੇ ਮੁਲਾਜਮਾਂ ਦੇ ਕੇਡਰ ਕੈਂਪ ਵਿੱਚ ਮੈਂ ਲੱਗਭਗ ਪੌਣੇ ਪੰਜ ਘੰਟੇ ਬੋਰਡ ਤੇ ਲਿਖ ਕੇ ਬਿਨਾ ਰੁਕੇ ਬੋਲਦਾ ਰਿਹਾ। ਦੋ ਤਿੰਨ ਵਾਰ ਬਜ਼ੁਰਗ ਪ੍ਰਿੰਸੀਪਲ ਨੇ ਮੈਨੂੰ ਪਾਣੀ ਪੀਣ ਲਈ ਕਿ ਹਾਂ ਪਰ ਮੈ ਹੱਥ ਦੇ ਇਸ਼ਾਰੇ ਨਾਲ ਮਨ੍ਹਾ ਕਰ ਦਿੰਦਾ। ਜਨੂੰਨ ਦੀ ਹੱਦ ਤੱਕ ਮਿਸ਼ਨ ਦਾ ਇਸ਼ਕ ਸੀ। ਜੋ ਕਾਲੇ ਜਾਦੂ ਵਾਂਗ ਸਿਰ ਚੜ੍ਹ ਕੇ ਬੋਲ ਰਿਹਾ ਸੀ। ਸਰੋਤੇ ਮੰਤਰ- ਮੁਗਧ ਹੋਕੇ ਸੁਣ ਰਹੇ ਸਨ। ਅਖੀਰ ਮੇਰੇ ਹੱਥੋਂ ਚਾਕ ਛੁੱਟ ਗਿਆ ਤੇ ਮੈਂ ਲੜਖੜਾ ਗਿਆ । ਸੁਲਝੇ ਸਿਆਣੇ ਪ੍ਰਿੰਸੀਪਲ ਨੇ ਫੁਰਤੀ ਨਾਲ ਮੈਨੂੰ ਬਾਹਾਂ ਵਿੱਚ ਦਬੋਚ ਕੇ ਛਾਤੀ ਨਾਲ ਘੁਟਦਿਆਂ ਮੇਰੀ ਕੰਡ ਥਾਪੜੀ ਤੇ ਮੱਥਾ ਚੁੰਮਿਆ। ਇਕ ਤਰ੍ਹਾਂ ਮੈਂ ਨਸ਼ਿਆ ਗਿਆ। ਬੇਸ਼ਕ ਮੈਂ ਥੱਕ ਗਿਆ ਸੀ ਪਰ ਅੰਦਰ ਇਕ ਖੁਸ਼ੀ ਸੀ, ਖੇੜਾ ਸੀ, ਵਿਗਾਸ ਸੀ।

ਕੇਡਰ ਕੈਂਪਾਂ ਦੀ ਸਮਾਪਤੀ ਉਪਰੰਤ ਮੈਂ ਪਠਾਨਕੋਟ ਤੋਂ ਰੇਲ ਰਾਹੀਂ ਚੰਦਰ ਮੋਹਣ ਮੈਬਰ ਪਾਰਲੀਮੈਂਟ ਦੇ ਸਾਊਥ ਐਵੇਨਿਊ ਵਾਲੇ ਫਲੈਟ 'ਤੇ ਪਹੁੰਚ ਗਿਆ। ਉਹ ਬੇਸ਼ੱਕ ਆਜਾਦ ਜਿੱਤੇ ਜਾਂ ਕਿਸੇ ਹੋਰ ਪਾਰਟੀ ਤੋਂ ਪਰ ਉਹ ਸਾਹਿਬ ਦਾ ਮੁਰੀਦ ਬਣ ਚੁੱਕਾ ਸੀ ਤੇ ਆਪਣੇ ਹੱਥੀਂ ਚਾਹ ਬਣਾ ਕੇ ਸਾਹਿਬ ਨੂੰ ਪਿਲਾਉਣ ਵਿਚ ਬੜੀ ਖੁਸ਼ੀ ਮਹਿਸੂਸ ਕਰਦਾ ਸੀ। ਉਹਨੇ ਆਪਣਾ ਫਲੈਟ ਸਾਹਿਬ ਨੂੰ ਬਸਪਾ ਦੀਆਂ ਸਰਗਰਮੀਆਂ ਲਈ ਦੇ ਰੱਖਿਆ ਸੀ। ਸਬੱਬੀਂ ਮੇਰਾ ਛੋਟਾ ਭਰਾ ਜਗਰੂਪ ਸਿੰਘ ਸੁਲਹਾਣੀ ਵੀ ਮੋਗਾ ਕਾਨਫਰੰਸ ਦੀਆਂ ਫੋਟੋਆਂ ਲੈਕੇ ਪੁੱਜ ਗਿਆ। ਮੈਂ ਸਾਹਿਬ ਨੂੰ ਆਪਣੇ ਪੁੱਜ ਜਾਣ ਦਾ ਸੁਨੇਹਾ ਭੇਜ ਦਿੱਤਾ। ਦਸ ਕੁ ਵਜੇ ਤੱਕ ਕੁਝ ਹੋਰ ਸਾਥੀ ਵੀ ਸਾਹਿਬ ਨੂੰ ਮਿਲਣ ਦੀ ਉਡੀਕ ਸੂਚੀ ਵਿੱਚ ਸ਼ਾਮਲ ਸਨ। ਮੇਰੇ ਨਾਲ ਸੋਫੇ ਤੇ ਇਕ ਸੂਟਿਡ ਬੂਟਿਡ ਜੈਂਟਲਮੈਨ ਬੈਠੇ ਸਨ ਜਿਸ ਦੇ ਹੱਥ ਵਿੱਚ ਬੜੀ ਵਧੀਆ ਵੀ. ਆਈ. ਪੀ. ਡਾਇਰੀ ਫੜੀ ਹੋਈ ਸੀ। ਇਕ ਦੂਜੇ ਨਾਲ ਜਾਣ ਪਛਾਣ ਦਾ ਸਿਲਸਿਲਾ ਚੱਲ ਰਿਹਾ ਸੀ। ਉਹ ਮੈਨੂੰ ਕਹਿਣ ਲੱਗਾ "ਆਪ ਬਾਮਸੇਫ ਵਰਕਰ ਹੋ ਜਾਂ ਬਸਪਾ "?

"ਅਭੀ ਤੋ ਬਾਮਸੇਫ ਮੇਂ ਕਾਮ ਕਰ ਰਹਾ ਹੂੰ। ਸਾਹਿਬ ਨੇ ਬੁਲਾਇਆ ਹੈ ਪਤਾ ਨਹੀਂ ਆਗੇ ਕਿਆ ਆਦੇਸ਼ ਦੇਂਗੇ।" ਮੈਂ ਦੱਸਿਆ।

ਉਹਨੇ ਮੇਰਾ ਨਾਮ ਪਤਾ ਨੋਟ ਕਰ ਲਿਆ ।

ਮੈਂ ਪੁੱਛਿਆ - "ਆਪ" ?

ਕੁਝ ਵੀ ਦੱਸਣ ਤੋਂ ਟਾਲਾ ਵੱਟਿਆਂ ਕਹਿਣ ਲੱਗਾ-

"ਮੇਰੇ ਬਾਰੇ ਮੇਂ ਜਾਨਕਰ ਕਿਆ ਕਰੋਗੇ, ਸਾਹਿਬ ਬਤਾ ਦੇਂਗੇ ਆਪ ਕੋ ਸ਼ਾਇਦ"

"ਆਪ ਇੰਟੈਲੀਜੈਂਸ ਸੇ ਹੋ" ? ਮੈਂ ਉਸ ਵੱਲ ਤਿਰਛੀ ਨਜ਼ਰ ਨਾਲ ਝਾਕਦਿਆਂ ਪੁੱਛਿਆ ।

ਉਹ ਮੁਸਕਰਾ ਕੇ ਟਾਲ ਗਿਆ।

ਮੈਨੂੰ ਅੰਦਰ ਬੁਲਾ ਲਿਆ ਗਿਆ। ਮੈਂ ਆਪਣੇ ਭਰਾ ਨਾਲ ਸਾਹਿਬ ਨੂੰ ਆਦਰ ਸਹਿਤ ਝੁਕਦਿਆਂ ਜੈ ਭੀਮ ਕੀਤੀ। ਸਾਨੂੰ ਬੈਠਣ ਦਾ ਇਸ਼ਾਰਾ ਕਰਦਿਆਂ ਸਾਹਿਬ ਨੇ ਆਪਣੇ ਇਕ ਕਾਰਜਕਰਤਾ ਸਾਥੀ ਨੂੰ ਆਦੇਸ਼ ਦਿੰਦਿਆਂ ਆਖਿਆ ਕਿ "ਮੇਰੇ ਰੂਮ ਸੇ ਟੈਲੀਫੂਨ ਬਾਹਰ ਨਿਕਾਲ ਲੀਜੀਏ। ਕਿਸੀ ਕੋ ਅੰਦਰ ਮੱਤ ਆਨੇ ਦੇਣਾ ਅਬ ਮੈਂ ਕਿਸੀ ਸੇ ਨਹੀਂ ਮਿਲਾਂਗਾ ਅਰ ਨਾ ਹੀ ਫੋਨ ਪੇ ਬਾਤ ਕਰ ਪਾਊਂਗਾ ਹਮੇਂ ਡਿਸਟਰਬ ਮਤ ਕਰਨਾ। ਹਮ ਬਹੁਤ ਜਰੂਰੀ ਮੁੱਦੇ ਪੇ ਬਾਤ ਕਰਨੇ ਵਾਲੇ ਹੈਂ। ਸਮਝੇ? ਸਾਹਿਬ ਨੇ ਡਾਂਟ ਵਰਗੀ ਤਾਗੀਦ ਕੀਤੀ।

"ਆਪ ਕੀ ਵਾਈਫ਼ ਨਹੀਂ ਆਈ ਸਾਥ"?

ਸਾਹਿਬ ਨੇ ਪੁੱਛਿਆ।

"ਗੁਰਦਾਸਪੁਰ ਜ਼ਿਲ੍ਹੇ ਦੇ ਕੇਡਰ ਕੈਂਪ ਲਾਕੇ ਸਿੱਧਾ ਏਧਰ ਆ ਗਿਆ ਹਾਂ ਸਰ। " ਮੈਂ ਦੱਸਿਆ।

"ਯੇਹ ਤੋ ਅੱਛੀ ਬਾਤ ਹੈ ਆਪ ਕੇਡਰ ਕੈਂਪ ਭੀ ਲਗਾਤੇ ਹੋ। ਪਰ ਜਬ ਆਪ ਕੇ ਫਿਊਚਰ ਕਾ ਫੈਸਲਾ ਹੋਣਾ ਹੈ ਤੋ ਆਪ ਕੀ ਵਾਈਫ ਭੀ ਸਾਥ ਹੋਤੀ ਤੋ ਅੱਛਾ ਹੋਤਾ। ਚਲੋ ਕੋਈ ਬਾਤ ਨਹੀਂ ਆਪ ਕਾ ਭਾਈ ਸਾਥ ਹੈ।"

- ਸਾਹਿਬ ਕਹਿਣ ਲੱਗੇ।

"ਆਪ ਕੇ ਪ੍ਰਵਾਰ ਮੇਂ ਕੌਨ ਕੌਨ ਹੈਂ ਅਰ ਕਿਆ ਸਥਿਤੀ ਹੈ। ਵਿਸਥਾਰ ਸੇ ਬਤਾਏਂ? "

ਸਾਹਿਬ ਨੇ ਸਵਾਲੀਆ ਨਜ਼ਰਾਂ ਨਾਲ ਮੇਰੇ ਝਾਕਦਿਆਂ ਪੁੱਛਿਆ।

"ਅਸੀਂ ਤਿੰਨ ਭਾਈ ਹਾਂ ਤੇ ਤਿੰਨ ਭੈਣਾਂ ਅਸੀਂ ਸਾਰੇ ਵਿਆਹੇ ਹਾਂ ਤੇ ਅਲੱਗ ਅਲੱਗ ਰਹਿੰਦੇ ਹਾਂ। ਮਾਂ ਬਾਪ ਬਜ਼ੁਰਗ ਹਨ ਤੇ ਮੇਰੇ ਤਿੰਨ ਮਾਸੂਮ ਬੱਚੇ ਹਨ। ਜੋ ਅਜੇ ਛੋਟੀਆਂ ਜਮਾਤਾਂ ਵਿਚ ਪੜਦੇ ਹਨ। ਮੈਂ ਪੰਜਾਬ ਸਰਕਾਰ ਦੇ ਖੁਰਾਕ ਤੇ ਸਪਲਾਈ ਵਿਭਾਗ ਵਿਚ ਬਤੌਰ ਆਡੀਟਰ ਸਰਵਿਸ ਕਰਦਾ ਹਾਂ ਤੇ ਘਰ ਦਾ ਵਧੀਆ ਗੁਜ਼ਾਰਾ ਚਲ ਰਿਹਾ ਹੈ।

ਨੌਕਰੀ ਤੋਂ ਇਲਾਵਾ ਮੇਰਾ ਆਮਦਨ ਦਾ ਹੋਰ ਕੋਈ ਵਸੀਲਾ ਨਹੀਂ। ਮੈਂ ਪ੍ਰਵਾਰ ਸਮੇਤ ਮਿਸ਼ਨ ਨੂੰ ਪੂਰੀ ਤਰ੍ਹਾਂ ਸਮਰਪਿਤ ਹਾਂ। "ਮੈਂ ਪ੍ਰਵਾਰ ਬਾਰੇ ਵਿਸਥਾਰ ਪੂਰਬਕ ਜਾਣਕਾਰੀ ਦਿੰਦਿਆਂ ਆਖਿਆ।



ਮੇਰੇ ਪ੍ਰਵਾਰ ਬਾਰੇ ਸਾਰੀ ਜਾਣਕਾਰੀ ਲੈਣ ਤੋਂ ਬਾਅਦ ਸਾਹਿਬ ਨੇ ਗੰਭੀਰ ਹੋਕੇ ਸੰਸਾਰ ਦੇ ਨਕਸ਼ੇ ਤੇ ਝਾਤ ਪਵਾਉਂਦਿਆਂ ਦੱਸਣਾ ਸ਼ੁਰੂ ਕੀਤਾ ਕਿ ਵੱਖ ਵੱਖ ਦੇਸਾਂ ਦੀ ਰਾਜਸੀ ,ਸਮਾਜਿਕ ਤੇ ਆਰਥਿਕ ਸਥਿਤੀ ਕੀ ਹੈ? ਸਾਮਵਾਦ, ਪੂੰਜੀਵਾਦ ਤੇ ਸਮਾਜਵਾਦ ਬਾਰੇ ਵੇਰਵੇ ਸਹਿਤ ਜਾਣਕਾਰੀ ਦੇਣੀ ਸ਼ੁਰੂ ਕਰ ਦਿੱਤੀ ਸੰਸਾਰ ਹਾਲਤਾਂ ਬਾਰੇ ਜਾਣਕਾਰੀ ਦੇਣ ਉਪਰੰਤ ਉਹ ਭਾਰਤ ਦੀ ਰਾਜਨੀਤਕ, ਸਮਾਜਿਕ ਅਤੇ ਆਰਥਿਕ ਪ੍ਰਸਥਿਤੀ ਬਾਰੇ ਬੜੇ ਵਿਸਥਾਰ ਨਾਲ ਚਾਨਣਾ ਪਾਉਣ ਲੱਗੇ। ਅਸੀਂ ਦੋਵੇਂ ਭਰਾ ਮੰਤਰ ਮੁਗਧ ਹੋਕੇ ਉਹਨਾਂ ਦੀਆਂ ਸੁਘੜ ਸਿਆਣੀਆਂ ਗੱਲਾਂ ਸਾਹ ਰੋਕ ਕੇ ਪੂਰੀ ਜਿਗਿਆਸਾ ਤੇ ਉਤਸ਼ਾਹ ਨਾਲ ਸੁਣ ਰਹੇ ਸਾਂ।

ਭਾਰਤ ਦੀ ਗੈਰ ਬਰਾਬਰੀ ਵਾਲੀ ਸਮਾਜਿਕ ਵਿਵਸਥਾ ਦੀ ਆਪਣੇ ਵਿਲੱਖਣ ਅੰਦਾਜ਼ ਨਾਲ ਉਹਨਾਂ ਨੇ ਜਾਣਕਰੀ ਸਾਂਝੀ ਕੀਤੀ। ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ ਮਨੂੰਵਾਦੀਆਂ ਦਾ ਘਿਨਾਉਣਾ ਰੂਪ ਉਜਾਗਰ ਕੀਤਾ। ਕਮਿਊਨਿਸਟਾਂ ਸਮੇਤ ਸੱਭ ਪਾਰਟੀਆਂ ਦੀ ਮਨੂੰਵਾਦੀ ਮਾਨਸਿਕਤਾ ਤੇ ਦੇਸ਼ ਦੀ ਸਮਾਜਿਕ ਵਿਵਸਥਾ ਨੂੰ 'ਜਿਉਂ ਦੀ ਤਿਉਂ ' ਰੱਖਣ ਦੀ ਪ੍ਰਵਿਰਤੀ ਬਾਰੇ ਸੋਝੀ ਕਰਵਾਈ ਤੇ ਦੱਸਿਆ ਕਿ ਇਹ ਸੱਭ ਪਾਰਟੀਆਂ ਬਹੁਜਨ ਸਮਾਜ ਨੂੰ ਗੁਲਾਮ ਰੱਖਣ ਲਈ ਤੇ ਵਿਵਸਥਾ ਪ੍ਰੀਵਰਤਨ ਨੂੰ ਰੋਕਣ ਲਈ ਇਕੋ ਨਿਸ਼ਾਨੇ ਨੂੰ ਸੇਧਤ ਹਨ।ਬਹੁਜਨਾਂ ਦੀ ਮੁਕਤੀ ਲਈ ਸਾਡੇ ਬਜ਼ੁਰਗਾਂ ਵੱਲੋਂ ਵੱਖ ਵੱਖ ਸਮੇਂ ਚਲਾਏ ਅੰਦੋਲਨਾਂ ਤੇ ਪ੍ਰਾਪਤੀਆਂ ਬਾਰੇ ਦੱਸਦਿਆਂ ਸਾਹਿਬ ਕਹਿਣ ਲੱਗੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਮਿਸ਼ਨ ਨੂੰ ਰੋਕਣ ਲਈ ਸਾਰੇ ਦਲ ਯਤਨਸ਼ੀਲ ਹਨ। ਇਸ ਲਈ ਸਮਾਜਿਕ ਪ੍ਰੀਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਦੀ ਕਾਮਯਾਬੀ ਲਈ, ਸਵੈਮਾਣ ਤੇ ਆਜ਼ਾਦੀ ਲਈ ਤਿਆਗ, ਸਮਰਪਣ ਤੇ ਜਨੂੰਨੀ ਲਗਨ ਵਾਲੇ ਕਾਰਜ ਕਰਤਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਕਹਿਣ ਲੱਗੇ ਦੂਜੇ ਦੇਸ਼ ਦੇ ਮੁਕਾਬਲੇ ਵਿੱਚ ਪੰਜਾਬ ਅੰਦਰ ਬਹੁਜਨ ਸਮਾਜ ਦੇ ਲੋਕਾਂ ਦੀ ਹਾਲਤ ਕੁਝ ਕੁ ਬਿਹਤਰ ਨਜ਼ਰ ਆਉਂਦੀ ਹੈ। ਪਰ ਸਿੱਖ ਗੁਰੂਆਂ ਦੀ ਸੋਚ ਅਨੁਸਾਰ ਗਰੀਬ ਸਿੱਖਾਂ ਨੂੰ "ਸਰਦਾਰ ਤੇ ਪਾਤਸ਼ਾਹ " ਬਣਾਉਣ ਵਾਲਾ ਸੁਪਨਾ ਅਜੇ ਅਧੂਰਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸੁੱਚੀ ਸੋਚ ਨੂੰ ਲਾਂਭੇ ਲਾਕੇ ਮਨੂਵਾਦ ਨੂੰ ਬੜਾਵਾ ਦੇਣ ਲਈ ਸਿੱਖਾਂ ਦੀ ਅਜੋਕੀ ਲੀਡਰਸ਼ਿਪ ਪੱਬਾਂ ਭਾਰ ਹੋਈ ਅਤੇ ਆਰ. ਐਸ. ਐਸ. ਵਰਗੀਆਂ ਹਿੰਦੂਤਵੀ ਤਾਕਤਾਂ ਦੀ ਹੱਥ ਠੋਕਾ ਬਣੀ ਨਜ਼ਰ ਆਉਂਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਮਾਨਵੀ ਵਿਚਾਰਧਾਰਾ ਪੂਰੇ ਦੇਸ਼ ਵਿੱਚ ਕ੍ਰਾਂਤੀ ਕਰਨ ਦੇ ਸਮਰੱਥ ਹੈ ਪਰ ਸਿੱਖ ਆਗੂਆਂ ਦੀ ਨੀਤ ਵਿਚ ਖੋਟ ਹੈ। ਉਹ ਗੁਰੂਆਂ ਦੀ ਸੋਚ ਦੇ ਉਲਟ ਮਨੂ ਦੇ ਸਿੱਖ ਬਣਨ ਵਿਚ ਜ਼ਿਆਦਾ ਮਾਣ ਮਹਿਸੂਸ ਕਰਦੇ ਹਨ। ਜੇ ਸਿੱਖ, ਸਿੱਖ ਬਣ ਜਾਣ ਤਾਂ ਦੇਸ਼ ਦੀ ਕੋਈ ਸਮੱਸਿਆ ਨਹੀਂ ਰਹੇਗੀ ਪਰ ਦੁੱਖ ਦੀ ਗੱਲ ਹੈ ਕਿ ਸਿੱਖ, ਸਿੱਖ ਬਣਨ ਲਈ ਹੀ ਤਿਆਰ ਨਹੀਂ।

"ਜਿਹੜਾ ਸਮਾਜ ਇਜ਼ਤ ਅਤੇ ਆਜ਼ਾਦੀ ਪ੍ਰਾਪਤ ਕਰਨਾ ਚਾਹੁੰਦਾ ਹੈ ਉਸਨੂੰ ਬਲੀ ਦੇ ਬੱਕਰੇ ਪੈਦਾ ਕਰਨੇ ਪੈਂਦੇ ਹਨ। ਇਸ ਲਈ ਮੈਂ ਆਪਣੇ ਆਪ ਨੂੰ ਬਲੀ ਦਾ ਬੱਕਰਾ ਬਣਾ ਕੇ, ਆਪਣਾ ਘਰ ਘਾਟ ਛੱਡ ਕੇ, ਆਪਣੀ ਸਾਇੰਸਦਾਨ ਦੀ ਨੌਕਰੀ ਛੱਡ ਕੇ, ਸਾਰੀ ਜਿੰਦਗੀ ਵਿਆਹ ਨਾ ਕਰਵਾਉਣ ਤੇ ਕੋਈ ਜਮੀਨ ਜਾਇਦਾਦ ਜਾਂ ਬੈਂਕ ਬੈਲੈਂਸ ਨਾ ਬਣਾਉਣ ਦਾ ਸੰਕਲਪ ਲੈ ਕੇ ਤੁਰਿਆ ਹਾਂ। ਸਮਾਜ ਦੀ ਗੱਲ ਅੱਗੇ ਵਧਾਉਣ ਲਈ ਮੇਰੇ ਵਰਗੇ ਹੋਰ ਬਲੀ ਦੇ ਬੱਕਰੇ ਅੱਗੇ ਆਉਣੇ ਚਾਹੀਦੇ ਹਨ। ਜੇ ਆਪ ਨੂੰ ਮੇਰੀ ਗੱਲ ਦੀ ਸਮਝ ਲੱਗ ਗਈ ਹੈ ਤਾਂ ਬਿਨਾ ਦੇਰੀ ਕੀਤਿਆਂ ਮੇਰਾ ਸਾਥ ਦਿਓ ਅਗਰ ਸਮਝ ਨਹੀਂ ਪਈ ਤਾਂ ਮੈਂ ਹੋਰ ਚੰਗੀ ਤਰ੍ਹਾਂ ਸਮਝਾ ਦਿੰਦਾ ਹਾਂ।

ਸਾਹਿਬ ਦੀਆਂ ਲੂੰ ਕੰਡੇ ਖੜੇ ਕਰਨ ਤੇ ਰੂਹ ਨੂੰ ਝੰਜੋੜਾ ਦੇਣ ਵਾਲੀਆਂ ਗੱਲਾਂ ਨੇ ਧੁਰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ । ਹੁਣ ਮੈਂ ਬੜੀ ਮਾਨਸਿਕ ਉਲਝਣ ਵਿੱਚ ਫਸ ਚੁੱਕਾ ਸਾਂ। ਇਕ ਪਾਸੇ ਸਮਾਜ ਨੂੰ ਨਿਘਾਰ ਵਿਚੋਂ ਬਾਹਰ ਕੱਢਣ ਲਈ, ਗੈਰ ਬਰਾਬਰੀ ਵਾਲੀ ਸਮਾਜਿਕ ਵਿਵਸਥਾ ਦੇ ਅੰਤ ਲਈ, ਇਜ਼ਤ, ਸਵੈਮਾਣ ਤੇ ਆਜ਼ਾਦੀ ਵਾਲੀ ਜਿੰਦਗੀ ਜਿਉਣ ਦੇ ਸਮਰੱਥ ਬਣਾਉਣ ਲਈ ਤਿਆਗ ਤੇ ਕੁਰਬਾਨੀ ਦੇਣ ਲਈ ਮਨ ਉੱਛਲ ਰਿਹਾ ਸੀ ਪਰ ਅਗਲੇ ਹੀ ਪਲ ਆਪਣੇ ਮਾਸੂਮ ਬੱਚਿਆਂ ਤੇ ਘਰ ਪ੍ਰਵਾਰ ਦੇ ਭਵਿੱਖ ਵਿੱਚ ਹੋਣ ਵਾਲੇ ਨਿਘਾਰ ਬਾਰੇ ਸੋਚ ਕੇ ਰੂਹ ਕੰਬ ਉਠਦੀ। ਮਨ ਡਾਵਾਂਡੋਲ ਡੋਲ ਹੋ ਖੜੋਂਦਾ। ਇਕ ਪਾਸੇ ਸਾਹਿਬ ਕਾਂਸ਼ੀ ਰਾਮ ਦੀ ਮਿਕਨਾਤੀਸੀ ਸਖਸ਼ੀਅਤ ਕੁਝ ਕਰ ਗੁਜਰਨ ਲਈ ਪ੍ਰਭਾਵਿਤ ਕਰ ਰਹੀ ਸੀ , ਬਲਦੀ ਅੱਗ ਵਿੱਚ ਕੁੱਦਣ ਲਈ ਪ੍ਰੇਰਿਤ ਕਰ ਰਹੀ ਸੀ ਤੇ ਦੂਜੇ ਪਾਸੇ ਪਰਿਵਾਰਕ ਮੋਹ ਕੁਰਕਸ਼ੇਤਰ ਦੇ ਯੁੱਧ ਵਿਚ ਹਥਿਆਰ ਚੁੱਕਣ ਤੋਂ ਇਨਕਾਰੀ ਅਰਜਨ ਬਣ ਖੜੋਂਦਾ। ਸਾਹਿਬ ਦੇ ਵਿਚਾਰ ਸੁਣਦਿਆਂ ਮੈਂ ਪੂਰੀ ਤਰ੍ਹਾਂ ਮਾਨਸਿਕ ਦਵੰਦ ਦਾ ਸ਼ਿਕਾਰ ਹੋ ਚੁੱਕਾ ਸੀ ਮੇਰੇ ਮਨ ਅੰਦਰ ਲਗਾਤਾਰ ਇੱਕ ਯੁੱਧ ਚਲ ਰਿਹਾ ਸੀ। ਮੈਂ ਦਲੀਲ ਦਿੱਤੀ ਕਿ ਸਾਹਿਬ ਸਾਢੇ ਕੁ ਚਾਰ ਸਾਲ ਬਾਅਦ ਮੈਂ ਥੋੜ੍ਹੀ ਪੈਨਸ਼ਨ ਲੈਣ ਦੇ ਕਾਬਲ ਹੋ ਜਾਵਾਂਗਾ । ਸਾਹਿਬ ਗੁੱਸੇ ਨਾਲ ਕਹਿਣ ਲੱਗੇ "ਉਦੋਂ ਮੈਂ ਤੇਰਾ ਆਚਾਰ ਪਾਉਣੈ ?"

ਮੇਰੀ ਝਿਜਕ ਤੋੜਦਿਆਂ ਸਾਹਿਬ ਕਹਿਣ ਲੱਗੇ- "ਤੇਰੇ ਨਾਲੋਂ ਤਾਂ ਤੇਰੀ ਵਾਈਫ ਦਲੇਰ ਐ। ਉਹ ਤਾਂ ਕਹਿੰਦੀ ਸੀ ਕਿ ਜੇ ਸਾਡੀ ਕੁਰਬਾਨੀ ਨਾਲ ਸਮਾਜ ਨੂੰ ਇਜ਼ਤ ਤੇ ਆਜ਼ਾਦੀ ਨਸੀਬ ਹੋ ਜਾਵੇ ਤਾਂ ਮੈਂ ਲੋਕਾਂ ਦੇ ਭਾਂਡੇ ਮਾਂਜ ਕੇ, ਮਜਦੂਰੀ ਕਰਕੇ ਆਪਣੇ ਬੱਚੇ ਪਾਲ ਲਵਾਂਗੀ!"

ਮੇਰੇ ਅੰਦਰ ਇਕ ਉਧੇੜ ਬੁਣ ਅਜੇ ਚੱਲ ਹੀ ਰਹੀ ਸੀ ਕਿ ਉਹ ਕਹਿਣ ਲੱਗੇ - "ਕੀ ਮੈਂ ਸਾਰੇ ਦੇਸ਼ ਅੰਦਰ ਇਕ ਪ੍ਰਵਾਰ ਨਹੀਂ ਪਾਲ੍ਹ ਸਕਾਂਗਾ?"

ਚੱਲਦੀ ਗੱਲ ਬਾਤ ਦੌਰਾਨ ਮੈਂ ਉਹਨਾਂ ਦਾ ਧਿਆਨ ਕਮਰੇ ਦੀਆਂ ਚੌਹਾਂ ਕੰਧਾਂ 'ਤੇ ਹੱਥ ਨਾਲ ਲਿਖਕੇ ਹਿੰਦੀ ਤੇ ਅੰਗਰੇਜ਼ੀ ਵਿੱਚ " ਫੂਲਨ ਦੇਵੀ" ਦੇ ਚਿਪਕਾਏ ਕਾਗਜ਼ਾਂ ਵੱਲ ਦਿਵਾਉਂਦੇ ਹੋਏ ਪੁੱਛਿਆ ਕਿ ਇਹ ਕਿਉਂ ਲਿਖਿਆ ਹੈ?

ਸਾਹਿਬ ਸੰਜੀਦਗੀ ਨਾਲ ਆਖਣ ਲੱਗੇ ਕਿ - "ਫੂਲਨ ਦੇਵੀ ਸਾਡੇ ਸਮਾਜ ਦੀ ਇਕ ਅਣਖੀਲੀ ਮੁਟਿਆਰ ਹੈ। ਜਿਸਨੇ ਆਪਣੇ ਹੋਏ ਅਪਮਾਨ ਦਾ ਬਦਲਾ ਜਾਲਮ 21-22 ਠਾਕੁਰਾਂ ਨੂੰ ਲਾਈਨ ਵਿੱਚ ਖੜਾ ਕਰਕੇ ਗੋਲੀਆਂ ਨਾਲ ਭੁੰਨ ਕੇ ਲਿਆ ਤੇ ਪਾਈ ਭਾਜੀ ਕਈ ਗੁਣਾਂ ਕਰਕੇ ਮੋੜੀ। ਆਤਮ -ਸਮਰਪਣ ਤੋਂ ਬਾਅਦ ਉਹ ਹੁਣ ਜੇਲ੍ਹ ਵਿੱਚ ਹੈ ਤੇ ਮੈਂ ਉਸਨੂੰ ਰਿਹਾ ਕਰਵਾਉਣ ਦੀ ਪੱਕੀ ਧਾਰੀ ਹੈ। ਚਾਰ ਚੁਫੇਰੇ ਲਿਖ ਕੇ ਲਾਉਣ ਦਾ ਮਕਸਦ ਹੈ ਕਿ ਮੇਰੇ ਦਿਮਾਗ ਵਿੱਚੋਂ ਇਹ ਗੱਲ ਕਿਧਰੇ ਵਿਸਰ ਨਾ ਜਾਵੇ ਤੇ ਇਹ ਕੰਧਾਂ ਮੈਨੂੰ ਫੂਲਨ ਦੇਵੀ ਦੀ ਯਾਦ ਦਿਵਾਉਂਦੀਆਂ ਰਹਿਣ।"

ਸਾਹਿਬ ਕਾਂਸ਼ੀ ਰਾਮ ਨੇ ਮੁਲਾਇਮ ਸਿੰਘ ਯਾਦਵ ਦੀ ਸਰਕਾਰ ਰਾਂਹੀ ਇਹ ਕਾਰਜ ਕਰ ਵਿਖਾਇਆ। ਉਹ ਫੂਲਨ ਦੇਵੀ ਨੂੰ ਬਹੁਜਨ ਸਮਾਜ ਦੀ ਇਕ ਅਣਖੀਲੀ ਆਗੂ ਵਜੋਂ ਉਭਾਰਨਾ ਚਾਹੁੰਦੇ ਸਨ ਪਰ... ਸਾਹਿਬ ਅਜਿਹਾ ਨਾ ਕਰ ਸਕੇ। ਮਗਰੋਂ ਫੂਲਨ ਦੇਵੀ ਸਮਾਜਵਾਦੀ ਪਾਰਟੀ ਦੇ ਟਿਕਟ ਤੇ ਦੋ ਵਾਰ ਸਾਂਸਦ ਬਣੀ। ਮਨੂੰਵਾਦੀ ਸਾਜ਼ਸ਼ੀਆਂ ਨੇ ਇਸ ਅਣਖੀਲੀ ਤੇ ਸਵੈ ਅਭਿਮਾਨੀ ਮੁਟਿਆਰ ਨੂੰ ਦੂਜੀ ਵਾਰ ਸਾਂਸਦ ਬਣਨ ਤੇ ਉਸਦੇ ਬੰਗਲੇ ਸਾਹਮਣੇ ਕਤਲ ਕਰਵਾ ਦਿੱਤਾ।

ਖੈਰ ਮੈਂ ਮਾਨਸਿਕ ਦੁਬਿਧਾ 'ਚ ਫਸਿਆ ਆਪਣੇ ਪ੍ਰਵਾਰ ਦੇ ਭਵਿੱਖ ਬਾਰੇ ਫੈਸਲਾ ਨਹੀਂ ਕਰ ਪਾ ਰਿਹਾ ਸੀ ਤੇ ਸਾਹਿਬ ਆਪਣੇ ਵਿਲੱਖਣ ਅੰਦਾਜ਼ ਨਾਲ ਪ੍ਰਵਾਰ ਤੋਂ ਉੱਪਰ ਉੱਠ ਕੇ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਹੋਣ ਲਈ ਪ੍ਰੇਰਿਤ ਕਰ ਰਹੇ ਸਨ। ਦਸ ਕੁ ਵਜੇ ਤੋਂ ਸ਼ੁਰੂ ਹੋਈ ਇਸ ਇਤਿਹਾਸਕ ਤੇ ਮਹੱਤਵ ਪੂਰਨ ਮੀਟਿੰਗ ਦੌਰਾਨ ਘੜੀ ਵੱਲ ਨਜ਼ਰ ਮਾਰਦਿਆਂ ਕਹਿਣ ਲੱਗੇ- "ਓ ਹੋਅ ਸਾਢੇ ਸੱਤ ਵੱਜ ਗੇ ਮੈਂ ਤੁਹਾਡੇ ਪੰਜਾਬ ਦੇ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਨੂੰ 8 ਵਜੇ ਕਿਤੇ ਮਿਲਣ ਦਾ ਵਕਤ ਦਿਤੈ। ਮੈਨੂੰ ਤਿਆਰ ਹੋਣਾ ਚਾਹੀਦਾ ਹੈ ਤੇ ਤੁਸੀਂ ਕੋਈ ਅੰਤਮ ਫੈਸਲਾ ਕਰਕੇ ਈ ਵਾਪਸ ਜਾਣਾ। ਇਸ ਲਈ ਰਾਤ ਰੁਕੋ।"

ਸਾਹਿਬ ਨੇ ਹੁਕਮੀਆ ਲਹਿਜੇ ਆਖਿਆ।

ਰਾਤ ਨੂੰ ਸਾਹਿਬ ਨਾਲ ਹੋਈ ਸਾਰੀ ਵਾਰਤਾਲਾਪ ਤੇ ਅਸੀਂ ਦੋਵਾਂ ਭਰਾਵਾਂ ਨੇ ਨਜ਼ਰਸਾਨੀ ਕੀਤੀ। ਹੋਈ ਗੱਲਬਾਤ ਦਾ ਗਹਿਰ ਗੰਭੀਰ ਮੰਥਨ ਕੀਤਾ, ਰਿੜਕਿਆ, ਵਿਚਾਰਿਆ ਪਰ ਮੈਂ ਅਜੇ ਵੀ ਮਾਨਸਿਕ ਦਵੰਦ ਚੋਂ ਨਿਕਲ ਨਹੀਂ ਰਿਹਾ ਸੀ ਤੇ ਅਖੀਰ ਪਰਿਵਾਰਕ ਹਿਤਾਂ ਦੀ ਬਲੀ ਦੇਕੇ ਸਮਾਜਿਕ ਸਰੋਕਾਰਾਂ ਲਈ ਸਮਾਜਿਕ ਪ੍ਰੀਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਦਾ ਕੁੱਲ ਵਕਤੀ ਅੰਗ ਬਣਨ ਦਾ ਸਖਤ ਫੈਸਲਾ ਕਰਨ ਦਾ ਮਨ ਬਣਾ ਲਿਆ।

ਅਗਲੇ ਦਿਨ ਮੀਟਿੰਗ ਦੌਰਾਨ ਮੈਂ ਸਾਹਿਬ ਨੂੰ ਆਪਣਾ ਆਪਾ ਸਮਰਪਿਤ ਕਰ ਦਿੱਤਾ। ਉਹਨਾਂ ਨੇ ਸਾਢੇ ਪੰਜ ਛੇ ਘੰਟੇ ਪਾਰਟੀ ਦੀਆਂ ਆਗਾਮੀ ਸਰਗਰਮੀਆਂ, ਭਵਿੱਖ ਦੀ ਨੀਤੀ ਅਤੇ ਪ੍ਰੋਗਰਾਮਾਂ ਦੀ ਜਾਣਕਰੀ ਦਿੰਦਿਆਂ ਮੈਨੂੰ ਮਾਨਸਿਕ ਤੌਰ ਤੇ ਪ੍ਰਪੱਕ ਕਰਕੇ ਰੁਖ਼ਸਤ ਕੀਤਾ।

ਘਰ ਆਕੇ ਮੈਂ ਆਪਣੀ ਪਤਨੀ ਬਲਵੰਤ ਨੂੰ ਸਾਹਿਬ ਕਾਂਸ਼ੀ ਰਾਮ ਜੀ ਦੀ ਇੱਛਾ ਪ੍ਰਤੀ ਜਾਣਕਰੀ ਦਿੱਤੀ ਤਾਂ ਉਹ ਹੌਸਲੇ ਨਾਲ ਕਹਿਣ ਲੱਗੀ- " ਸਮਾਜ ਦੀ ਆਜ਼ਾਦੀ ਲਈ ਕਿਸੇ ਨਾ ਕਿਸੇ ਨੂੰ ਤਾਂ ਅੱਗੇ ਆਉਣਾ ਈ ਪਵੇਗਾ। ਆਪਾਂ ਖੁਸ਼ਕਿਸਮਤ ਹਾਂ ਜੇ ਕੌਮੀ ਯੱਗ ਵਿਚ ਆਹੂਤੀ ਪਾਉਣ ਦਾ ਮੌਕਾ ਆਪਾਂ ਨੂੰ ਮਿਲ ਰਿਹਾ ਹੈ।"

ਫਿਰ ਵੀ ਭਾਵਕ ਹੋਕੇ ਜਾਂ ਜਜ਼ਬਾਤੀ ਵਹਿਣ ਵਿੱਚ ਵਹਿਕੇ ਮੈਂ ਇਹ ਮਹੱਤਵ ਪੂਰਨ ਤੇ ਇਤਿਹਾਸਕ ਫੈਸਲਾ ਨਹੀਂ ਕਰਨਾ ਚਾਹੁੰਦਾ ਸੀ । ਮੈਂ ਅਜੇ ਅਸਤੀਫਾ ਨਹੀਂ ਦਿੱਤਾ ਸੀ ਪਰ ਮੇਰੇ ਨੌਕਰੀ ਛੱਡਣ ਬਾਰੇ ਆਲੇ ਦੁਆਲੇ ਚਰਚਾ ਸ਼ੁਰੂ ਹੋ ਗਈ ਸੀ। ਬਹੁਜਨ ਸਮਾਜ ਪਾਰਟੀ ਪੰਜਾਬ ਦਾ ਪ੍ਰਧਾਨ ਮੋਹਨ ਸਿੰਘ ਫਲੀਆਂ ਵਾਲਾ ਜਿਹੜਾ ਅਕਸਰ ਹੀ ਮੇਰੇ ਘਰ ਆਉਂਦਾ ਰਹਿੰਦਾ ਸੀ ਤੇ ਮੇਰੇ ਕੋਲ ਹੀ ਰਾਤਾਂ ਕੱਟਿਆ ਕਰਦਾ ਸੀ। ਬਾਮਸੇਫ ਤੇ ਬਸਪਾ ਕਾਰਜਕਰਤਾ ਸਾਨੂੰ ਸਕੇ ਸੋਧਰਿਆਂ ਤੋਂ ਵੀ ਵਧੇਰੇ ਚੰਗੇ ਲੱਗਦੇ ਸਨ। ਬਲਵੰਤ ਜਿਥੇ ਲੰਗਰ ਪਾਣੀ ਦੀ ਸੇਵਾ ਕਰਦੀ ਕਈ ਵਾਰ ਉਹਦੇ ਕੱਪੜੇ ਧੋਕੇ ਪ੍ਰੈਸ ਕਰਕੇ ਵੀ ਤੋਰਦੀ। ਘਰ ਲੋਹ ਰੱਖੀ ਸੀ ਵਰਕਰਾਂ ਲਈ ਲੰਗਰ ਲੱਗਾ ਰਹਿੰਦਾ ।ਉਹ ਮੱਥੇ ਵੱਟ ਨਾ ਪਾਉਂਦੀ। ਮੇਰੇ ਨੌਕਰੀ ਛੱਡਣ ਦੀ ਚਰਚਾ ਨਾਲ ਮੋਹਣ ਸਿੰਘ ਫਲੀਆਂ ਵਾਲਾ ਸਹਿਮ ਜਿਹਾ ਗਿਆ ਤੇ ਮੇਰੇ ਤੋਂ ਕੰਨੀ ਕਤਰਾਉਣ ਲੱਗ ਗਿਆ। ਉਹ ਕੁਝ ਕੁ ਮੇਰੇ ਮੇਰੇ ਮਿੱਤਰਾਂ (?) ਦੇ ਬਹਿਕਾਵੇ ਵਿੱਚ ਆਕੇ ਮੈਥੋਂ ਦੂਰੀ ਬਣਾਉਣ ਲੱਗ ਗਿਆ। ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰਵਾਉਣ ਲਈ ਬਸਪਾ ਵੱਲੋਂ ਬੋਟ ਕਲੱਬ ਨਵੀਂ ਦਿੱਲੀ 'ਚ ਲਾਏ ਧਰਨੇ ਦੌਰਾਨ ਹੋਈ ਕਤਾਰਬੰਦੀ ਨੇ ਆਪਣਾ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ। ਸਤਨਾਮ ਕੈਂਥ, ਰਾਮ ਲਾਲ ਜੱਸੀ, ਬਲਜੀਤ ਮਚਾਕੀ ਵਰਗਿਆਂ ਨੇ ਫਲੀਆਂ ਵਾਲੇ ਨੂੰ ਆਪਣਾ ਧੁਰਾ ਬਣਾ ਲਿਆ। ਨਾਰਥ ਐਵੇਨਿਊ ਦੇ ਐਮ. ਪੀ. ਕਲੱਬ 'ਚ ਉਹਨੀਂ ਦਿਨੀਂ ਪੰਜਾਬ ਦੇ ਕਾਰਜਕਰਤਾਵਾਂ ਦੀ ਭਰਵੀਂ ਮੀਟਿੰਗ ਹੋਈ ਜਿਸ ਨੂੰ ਸਾਹਿਬ ਨੇ ਸੰਬੋਧਨ ਕਰਨਾ ਸੀ। ਗੁਰਨਾਮ ਸਿੰਘ ਮੁਕਤਸਰ ਵਿਰੁੱਧ ਇਕ ਵੱਡੀ ਲਾਬੀ ਤਿਆਰ ਹੋ ਚੁੱਕੀ ਸੀ। ਜਿਸ ਨੇ ਖੁੱਲ੍ਹ ਕੇ ਪਹਿਲੀ ਵਾਰ ਉਸ ਵਿਰੁੱਧ ਆਪਣੀ ਭੜਾਸ ਕੱਢਣੀ ਸ਼ੁਰੂ ਕਰ ਦਿੱਤੀ। ਫਰੀਦਕੋਟ ਦਾ ਜ਼ਿਲ੍ਹਾ ਪ੍ਰਧਾਨ ਤੇ ਸਾਂਸਦੀ ਉਮੀਦਵਾਰ ਬਲਜੀਤ ਸਿੰਘ ਮਚਾਕੀ, ਬਜੁਰਗ ਆਗੂ ਜਗੀਰ ਸਿੰਘ ਲੁਬਾਣਿਆਂ ਵਾਲੀ ਤੇ ਫਲੀਆਂ ਵਾਲੇ ਦੇ ਕੁਝ ਹੋਰ ਸਮਰੱਥਕ ਗੁਰਨਾਮ ਸਿੰਘ ਵਿਰੁੱਧ ਇਲਜ਼ਾਮ ਤੇ ਇਲਜ਼ਾਮ ਲਾ ਰਹੇ ਸਨ। ਮਾਸਟਰ ਕਸ਼ਮੀਰ ਲਾਲ ਗੁਰਨਾਮ ਸਿੰਘ ਵਿਰੁੱਧ ਬੋਲਣ ਦੀ ਤਿਆਰੀ ਹੀ ਵੱਟ ਰਹੇ ਸਨ ਕਿ ਮੇਰੇ ਇਸ਼ਾਰੇ ਤੇ ਮਾਸਟਰ ਓਮ ਪ੍ਰਕਾਸ਼ ਨੇ ਦੋ ਰੁਪਏ ਦੇ ਨੋਟ 'ਤੇ ਲਿਖ ਕੇ ਉਹਨੂੰ ਇਸ ਵਕਤ ਕੁਝ ਵੀ ਨਾ ਬੋਲਣ ਦਾ ਸੰਦੇਸ਼ ਭੇਜ ਦਿੱਤਾ। ਜਿਸਦਾ ਗਿਲਾ ਕਸ਼ਮੀਰ ਲਾਲ ਲੰਮਾਂ ਸਮਾਂ ਕਰਦਾ ਰਿਹਾ। ਗੁਰਨਾਮ ਸਿੰਘ ਨੇ ਸਭ ਨੂੰ ਸੁਣਨ ਤੋਂ ਬਾਅਦ ਭਰੇ ਮਨ ਨਾਲ ਆਪਣਾ ਸਪਸ਼ਟੀਕਰਨ ਦਿੱਤਾ। ਪਰ ਸਾਹਿਬ ਖੁਦ ਸੰਤੁਸ਼ਟ ਹੁੰਦੇ ਨਜ਼ਰ ਨਹੀਂ ਆ ਰਹੇ ਸਨ। ਇਉਂ ਨਵੀਂ ਉੱਭਰਦੀ ਸਫਬੰਦੀ ਉਤਸ਼ਾਹਿਤ ਹੋਣ ਲੱਗੀ। ਪੰਜਾਬ ਬਸਪਾ ਦੇ ਨਿਘਾਰ ਦਾ ਮੁੱਢ

(ਬਾਕੀ ਅਗਲੇ ਸਫੇ 'ਤੇ)

### ਵਾਹ! ਸਬੱਬੀ ਹੋਇਆ ਮੇਲ

# ਇਕ ਨਿਡਰ, ਨਿੱਗਰ ਤੇ ਬੇਬਾਕ ਪੱਤਰਕਾਰ ਦੇ ਭਰਾ ਨਾਲ



ਉੱਘੇ ਵਿਦਵਾਨ ਲੇਖਕ ਸ. ਫਤਹਿ ਜੰਗ ਸਿੰਘ ਚੰਡੀਗੜ੍ਹ ਨੇ ਵਟਸਐਪ ਮੈਸੇਜ ਰਾਹੀਂ ਇਕ ਪੀਡੀਐਫ ਭੇਜ ਕੇ ਦੱਸਿਆ ਕਿ ਕੈਲੀਫੋਰਨੀਆਂ (ਅਮਰੀਕਾ) ਤੋਂ ਛਪਦੇ ਹਫਤਾਵਾਰੀ "ਦੇਸ਼ ਦੁਆਬਾ" 'ਚ ਮੇਰੇ ਦੋ ਲੇਖ ਲੱਗੇ ਹਨ। ਪਹਿਲਾ ਲੇਖ ਪ੍ਰੋਫੈਸਰ ਆਫ ਸਿਖਇਜ਼ਮ ਸਿਰਦਾਰ ਕਪੂਰ ਸਿੰਘ ਦੇ ਤਿੰਨ ਲੇਖਾਂ ਤੇ ਆਧਾਰਤ "ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ" ਪ੍ਰਸਿਧ ਵਿਦਵਾਨ ਸ. ਜੈ ਤੇਗ ਸਿੰਘ ਅਨੰਤ' ਦੁਆਰਾ ਸੰਪਾਦਿਤ ਕੀਤੀ ਗਈ ਕਿਤਾਬ ਦਾ ਬਹੁਤ ਵਿਸਥਾਰ-ਪੂਰਵਕ ਰੀਵਿਊ ਹੈ। "ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ- ਇਕ ਵਿਗਿਆਨਕ ਦ੍ਰਿਸ਼ਟੀਕੋਣ।" ਉਹ ਦੱਸਦੇ ਹਨ ਕਿ ਇਸ ਪੁਸਤਕ ਵਿਚ ਸ਼ਾਮਲ ਤਿੰਨ ਲੇਖਾਂ ਵਿਚੋਂ ਪਹਿਲਾ ਲੇਖ ਗੌਤਮ ਬੁੱਧ ਹੈ ਜੋ ਪੁਸਤਕ ਸਪਤ ਸ੍ਰਿੰਗ ਵਿਚੋਂ ਲਿਆ ਗਿਆ ਹੈ ਇਸ ਵਿਚ ਗੌਤਮ ਦੇ ਜਨਮ ਤੋਂ ਲੈਕੇ ਬੁੱਧ ਬਣਨ ਤਕ ਜੀਵਨ ਸਫਰ, ਬੁੱਧ ਦਾ ਗਿਆਨ ਅਤੇ ਸਿੱਖਿਆਵਾਂ ਦਾ ਵਿਸਥਾਰ ਪੂਰਬਕ ਵਰਣਨ ਹੈ। ਦੂਜਾ ਲੇਖ 'ਧੰਮਪਦ' ਪੁਸਤਕ "ਪੁੰਦਰੀਕ" ਵਿੱਚੋਂ ਲਿਆ ਗਿਆ ਹੈ ਜਿਸ ਵਿਚ ਬੁੱਧ ਧਰਮ ਦੇ ਵਿਕਾਸ ਦੀ ਲੰਮੀ ਯਾਤਰਾ ਦਾ ਵਰਣਨ ਹੈ।

ਤੀਜਾ ਲੇਖ "ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ" ਸਿਰਦਾਰ ਕਪੂਰ ਸਿੰਘ ਦੇ ਕਦਰਦਾਨ ਪ੍ਰਸਿਧ ਕਵੀ ਪ੍ਰੋ. ਮੋਹਨ ਸਿੰਘ ਰਾਹੀਂ ਸੰਪਾਦਤ 'ਪੰਜ ਦਰਿਆ' ਵਿਚ ਪਹਿਲੀ ਵਾਰ ਛਾਪਿਆ ਗਿਆ ਸੀ, ਇਸ ਵਿਚ ਬੁੱਧ ਮੱਤ ਤੇ ਸਿੱਖ ਮੱਤ ਵਿਚ ਆਪਸੀ ਸਮਾਨਤਾਵਾਂ ਦਾ ਜ਼ਿਕਰ ਹੈ। ਸ. ਫਤਹਿ ਜੰਗ ਸਿੰਘ ਵਲੋਂ ਆਪਣੇ ਇਸ ਲੇਖ ਰਾਹੀਂ ਬਹੁਤ ਹੀ ਵਿਦਵਤਾ ਭਰਪੂਰ ਤੇ ਵਿਸਥਾਰਤ ਜਾਣਕਾਰੀ ਦਿੱਤੀ ਹੈ ਜੋ ਪਾਠਕ ਨੂੰ ਇਹ ਅਨਮੋਲ ਕਿਤਾਬ "ਇਕ ਸਿੱਖ ਦਾ ਬੁੱਧ ਨੂੰ ਪ੍ਰਣਾਮ" ਪੜ੍ਹਨ ਲਈ ਰੁਚਿਤ ਕਰਦੀ ਹੈ। ਦੂਜਾ ਲੇਖ ਪੰਜਾਬ ਯੂਨੀਵਰਸਿਟੀ ਦੇ ਉੱਘੇ ਵਿਦਵਾਨ ਲੇਖਕ ਡਾਕਟਰ ਰੌਣਕੀ ਰਾਮ ਜੀ ਦੁਆਰਾ ਲਿਖੀ ਕਿਤਾਬ "ਦਲਿਤ ਪਛਾਣ ਮੁਕਤੀ ਤੇ ਸ਼ਕਤੀਕਰਣ" ਨੂੰ ਵਾਚਦਿਆਂ ਬਹੁਤ ਵਿਸਥਾਰ ਪੂਰਵਕ ਜਾਣਕਾਰੀ ਦੇਣ ਵਾਲਾ ਰੀਵਿਊ ਹੈ। ਉਹ ਦੱਸਦੇ ਹਨ ਕਿ "ਨਿਸਚੇ ਹੀ ਇਹ ਪੁਸਤਕ ਜਿੱਥੇ ਸਮਾਜ ਸ਼ਾਸਤਰੀਆਂ ਨੂੰ ਖੋਜ ਲਈ ਇਕ ਨਵਾਂ ਦ੍ਰਿਸ਼ਟੀਕੋਣ ਅਤੇ ਨਵਾਂ ਪੈਂਤੜਾ ਪ੍ਰਦਾਨ ਕਰੇਗੀ ਉਥੇ ਖੋਜਾਰਥੀਆਂ ਸਾਹਿੱਤ ਪ੍ਰੇਮੀਆਂ ਅਤੇ ਆਲੋਚਕਾਂ ਲਈ ਵੀ ਇਕ ਚਾਨਣ ਮੁਨਾਰਾ ਬਣੇਗੀ। ਇੰਝ ਇਹ ਇਕ ਸਾਂਭਣਯੋਗ ਨਿਵੇਕਲੀ ਪੁਸਤਕ ਹੋ ਨਿਬੜੇਗੀ।"

ਮੈਂ ਇਹਨਾਂ ਦੋਵਾਂ ਲੇਖਾਂ ਦਾ ਡੂੰਘਾਈ ਨਾਲ ਮੁਤਾਲਿਆ ਕਰਦਿਆਂ ਹਫਤਾਵਾਰੀ "ਦੇਸ਼ ਦੁਆਬਾ" ਦਾ ਈਮੇਲ ਦੇਖ ਕੇ ਜੀਅ ਭਿਆਣੇ ਹੀ ਆਪਣੇ ਦੋ ਗੀਤ ਤੇ ਕੁਝ ਹੋਰ ਸਮਗਰੀ ਫੋਟੋ ਸਮੇਤ ਭੇਜ ਦਿਤੀ। ਮੈਨੂੰ 14 ਮਈ ਨੂੰ ਅਮਰੀਕਾ ਤੋਂ ਇਕ ਫੋਨ ਆਇਆ ਕਿ 'ਕੀ ਮੈਂ ਲਾਲ ਸਿੰਘ ਸੁਲ-ਹਾਣੀ ਨਾਲ ਗੱਲ ਕਰ ਰਿਹਾ ਹਾਂ। ਮੈਂ ਪਰੇਮ ਕੁਮਾਰ ਚੁੰਬਰ ਬੋਲਦਾ ਹਾਂ । ਅਸੀਂ ਤੁਹਾਡੇ ਦੋ ਗੀਤ ਆਪਣੇ ਪੇਪਰ ਵਿਚ ਛਾਪੇ ਹਨ। ਪੀਡੀਐਫ ਭੇਜ ਦਿੱਤੀ ਐ।'



ਲਾਲ ਸਿੰਘ ਸੁਲਹਾਣੀ
91-98721-55120

'ਤੁਹਾਨੂੰ ਪਤਾ ਐ ਮੈਂ ਕੌਣ ਬੋਲਦਾ ਹਾਂ ਤੇ ਤੁਹਾਨੂੰ ਇਸ ਪੇਪਰ ਬਾਰੇ ਕਿਵੇਂ ਜਾਣਕਾਰੀ ਹਾਸਲ ਹੋਈ ਹੈ।' ਮੈਂ ਦੱਸਿਆ ਸ. ਫਤਹਿ ਜੰਗ ਸਿੰਘ ਚੰਡੀਗੜ੍ਹ ਰਾਹੀਂ। ਉਹਨਾਂ ਦੱਸਿਆ ਕਿ 'ਮੈਂ, ਸੀ. ਐਲ. ਚੁੰਬਰ ਜਲੰਧਰ ਦਾ ਛੋਟਾ ਭਰਾ ਪਰੇਮ ਚੁੰਬਰ ਹਾਂ। ਤੁਹਾਡੀ ਈਮੇਲ ਦੇਖ ਕੇ ਮੈਨੂੰ ਬਹੁਤ ਹੈਰਾਨੀ ਤੇ ਖੁਸ਼ੀ ਹੋਈ ਸੀ। ਮਾਨਯੋਗ ਸੀ. ਐਲ. ਚੁੰਬਰ ਮੇਰੇ ਪ੍ਰਵਾਰਕ ਮਿੱਤਰ, ਵਧੀਆ ਮਿਸ਼ਨਰੀ ਤੇ ਉਘੇ ਅੰਬੇਡਕਰੀ ਸਨ ਤੇ ਸਾਹਿਬ ਕਾਂਸ਼ੀ ਰਾਮ ਦੇ ਸਮਾਜਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਦੌਰਾਨ 1985-86 ਤੋਂ ਸੰਪਰਕ 'ਚ ਸਨ, ਜਦੋਂ ਉਹ ਇਕ ਨਿਡਰ, ਨਿੱਗਰ ਤੇ ਬੇਬਾਕ ਪੱਤਰਕਾਰ ਵਜੋਂ "ਕੌਮੀ ਉਡਾਰੀਆਂ" ਵਰਗਾ ਦਮਦਾਰ ਮਾਂਹਵਾਰੀ ਮੈਗਜ਼ੀਨ ਛਾਪਦੇ ਸਨ।

ਉਹਨਾਂ ਦੇ ਛੋਟੇ ਭਰਾ ਪਰੇਮ ਕੁਮਾਰ ਚੁੰਬਰ ਜੀ ਨਾਲ ਇਸ ਤਰ੍ਹਾਂ ਅਚਾਨਕ ਤੇ ਸਬੱਬੀ ਹੋਈ ਮਿਲਣੀ ਨੇ ਚੁੰਬਰ ਪਰਵਾਰ ਨਾਲ ਜੁੜੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ ਤੇ ਮੈਂ ਪਰੇਮ ਕੁਮਾਰ ਚੁੰਬਰ ਜੀ ਨੂੰ ਆਖਿਆ ਕਿ "ਮੈਨੂੰ ਕੀ ਪਤਾ ਸੀ ਕਿ ਮੈਂ ਆਪਣੇ ਘਰ ਹੀ ਈਮੇਲ ਕਰ ਰਿਹਾ ਹਾਂ ।"

**– ਲਾਲ ਸਿੰਘ ਸੁਲਹਾਣੀ**
**ਸੂਬਾ ਸਕੱਤਰ, ਬਹੁਜਨ ਸਮਾਜ ਪਾਰਟੀ ਪੰਜਾਬ**



ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਜੀ ਦੀ ਰਿਹਾਇਸ਼ ਬਸੰਤ ਵਿਹਾਰ ਜਲੰਧਰ ਵਿਖੇ ਮੇਰੀ ਬੇਟੀ ਅਮਨਿੰਦਰ ਕੌਰ (ਗੁਰਲਗਨ) ਦਾ ਜਨਮ ਦਿਨ 15 ਅਗਸਤ 2001 ਨੂੰ ਉਹਨਾਂ ਵਲੋਂ ਮਨਾਇਆ ਗਿਆ ਸੀ। ਜਿਸ ਵਿਚ ਸਿਰਫ ਮੇਰਾ ਅਤੇ ਸ੍ਰੀ ਸੀ. ਐਲ. ਚੁੰਬਰ ਸੰਪਾਦਕ 'ਕੌਮੀ ਉਡਾਰੀਆਂ' ਜਲੰਧਰ ਦਾ ਪਰਵਾਰ ਹੀ ਸ਼ਾਮਲ ਹੋਣ ਦੀ ਤਾਗੀਦ ਸੀ। ਇਕ ਇਤਿਹਾਸਕ ਤੇ ਯਾਦਗਾਰੀ ਤਸਵੀਰ।

## ਬਾਬਾ ਸਾਹਿਬ ਤੇਰੇ ਸੁਪਨਿਆਂ ਦਾ

ਜਾਤ ਪਾਤ ਦਾ ਫਸਤਾ ਵੱਢਕੇ
ਮਾਨਵਤਾ ਅਪਨਾਵਾਂਗੇ ।
ਬਾਬਾ ਸਾਹਿਬ ਤੇਰੇ ਸੁਪਨਿਆਂ
ਦਾ ਨਵਾਂ ਸਮਾਜ ਬਣਾਵਾਂਗੇ ।
ਮਨੂਵਾਦ ਨੇ ਊਚ ਨੀਚ ਦਾ
ਸਿਰਜਿਆ ਕੂੜ ਪਸਾਰਾ।
ਇਕ ਨੂਰ ਤੋਂ ਉਪਜਿਆ ਭਾਵੇਂ
ਜੱਗ ਸਾਰੇ ਦਾ ਸਾਰਾ ।
ਜਾਤਪਾਤ ਦਾ ਤਾਣਾ ਬਾਣਾ
ਵੱਢਕੇ ਯੱਭ ਮੁਕਾਵਾਂਗੇ।
ਬਾਬਾ ਸਾਹਿਬ ਤੇਰੇ ਸੁਪਨਿਆਂ ਦਾ
ਦੁੱਖ ਨਾ ਚਿੰਤਾ, ਗਮ ਨਾ ਝੋਰਾ,
ਨਾ ਡਰ, ਖੌਫ ਸਤਾਊ।
ਨਾਢੂ ਖਾਂ ਕੋਈ ਹਕ ਕਿਸੇ ਦਾ
ਰੋਅਬ ਨਾਲ ਨਾ ਖਾਊ।
ਹੋਵਣ ਸੱਤੇ ਖੈਰਾਂ ਜਿੱਥੇ
ਬੇਗਮ ਪੁਰਾ ਵਸਾਵਾਂਗੇ।
ਬਾਬਾ ਸਾਹਿਬ ਤੇਰੇ ਸੁਪਨਿਆਂ ਦਾ
ਜਿੱਥੇ ਚਾਹੇ, ਸੈਰ ਕਰਨ ਦੀ
ਸੱਭ ਨੂੰ ਹੋਊ ਆਜ਼ਾਦੀ ।
ਰੱਜ ਕੇ ਖਾਏ ਪਹਿਨੇ ਰੱਜਕੇ,
ਦੇਸ਼ ਦੀ ਕੁਲ ਆਬਾਦੀ।
ਬਿਹਤਰ ਜ਼ਿੰਦਗੀ ਜਿਉਣ ਸੱਭੇ,
ਸੱਭ ਨੂੰ ਗ਼ਲ ਨਾਲ ਲਾਵਾਂਗੇ।
ਬਾਬਾ ਸਾਹਿਬ ਤੇਰੇ ਸੁਪਨਿਆਂ ਦਾ
ਸੱਭ ਤੋਂ ਨਿਆਰਾ ਦੁਨੀਆਂ ਉਤੇ
"ਰਾਜ ਹਲੇਮੀ" ਹੋਊ।
ਚੜ੍ਹਦੀ ਕਲਾ 'ਚ ਰਹੂ ਮਨੁੱਖਤਾ,
ਭਲਾ ਹਰਿੱਕ ਦਾ ਹੋਊ।
'ਲਾਲ' ਹੱਥਾਂ ਵਿਚ ਨੀਲਾ ਝੰਡਾ
ਫੜਕੇ ਭੰਗੜੇ ਪਾਵਾਂਗੇ ।
ਬਾਬਾ ਸਾਹਿਬ ਤੇਰੇ ਸੁਪਨਿਆਂ ਦਾ



**ਲਾਲ ਸਿੰਘ ਸੁਲਹਾਣੀ**
91-98721-55120

## ਦੂਰ ਵਸੇਂਦਿਆਂ ਸੱਜਣਾ

ਦੂਰ ਵਸੇਂਦਿਆਂ ਸੱਜਣਾਂ ਸਦਾ ਨਿਹਾਲ ਰਹੇਂ।
ਸਾਡੀਆਂ ਢੇਰ ਦੁਆਵਾਂ ਤੂੰ ਖੁਸ਼ਹਾਲ ਰਹੇਂ।

ਤੇਰੇ ਨਾਲ ਗੁਜ਼ਾਰੇ ਜੋ ਪਲ ਭੁੱਲਣੇ ਨਹੀਂ,
ਤੂੰ ਸਾਡੇ ਖਾਬਾਂ ਵਿੱਚ ਸਾਡੇ ਨਾਲ ਰਹੇਂ।

ਅਸੀਂ ਹਾਰਗੇ,ਆਖਰ ਬਾਜ਼ੀ ਜਿੱਤ ਗਿਉਂ,
ਤੂੰ ਜਿੱਤਣ ਲਈ, ਕੁਈ ਵੀ ਚੱਲਦਾ ਚਾਲ ਰਹੇਂ।

ਖੇਡ ਖੇਡ ਵਿਚ ਖੇਡ ਵਿਗਾੜੀ ਸੱਜਣਾਂ ਤੈਂ
ਖੇਡ ਖੇਡ ਇਉਂ ਖੇਡਾਂ, ਮਾਲਾ ਮਾਲ ਰਹੇਂ।

ਤੇਰੀ ਸੋਚ ਮੁਬਾਰਕ ਤੈਨੂੰ ਲੱਖ ਵਾਰੀ
ਸਦਾ ਸੁਖੀ ਵੱਸੇਂ ਤੂੰ ਜਿੱਥੇ ਵੀ 'ਲਾਲ' ਰਹੇਂ।

## ਮਹਿੰਦੀ ਰੰਗਾ !!

ਹਸੂੰ ਹਸੂੰ ਕਰਦੇ ਚਿਹਰੇ ਵਾਲੀ ਸੁਹਿਰਦ ਕੁੜੀ, ਮਨ ਕਿਤੇ ਵੀ ਦੁੱਖ ਵੇਖੇ ਤੇ ਪਸੀਜ ਜਾਏ, ਆਪਣਾ ਆਪ ਵਿਛਾ ਦੇਣਾ ਲੋਚੇ । ਰੱਸੀ ਵਰਗੀ ਜ਼ਿੰਦਗੀ ਤੇ ਤੁਰਦਿਆਂ ਵੀ ਤੁਹਾਡੇ ਵੱਲ ਮੁਸਕਰਾ ਕੇ ਹੀ ਵੇਖੇਗੀ ਤੇ ਤੁਸੀਂ ਆਸੀਸ ਦਿੱਤੇ ਬਿਨਾਂ ਨਾ ਰਹਿ ਪਾਓਗੇ । ਅਜਿਹੇ ਲੋਕ ਕੁਝ ਕਰਦੇ ਦੇਰੀ ਜ਼ਰੂਰ ਕਰਦੇ ਨੇ, ਸ਼ਾਇਦ ਤਾਂ ਕਿ ਉਹਨਾਂ ਦੇਰ ਤੱਕ ਫਿਜ਼ਾਵਾਂ 'ਚ ਰਹਿਣਾ ਹੁੰਦਾ ਏ, ਦੇਰ ਤੱਕ ਦਿਲਾਂ 'ਚ ਧੜਕਣਾ ਹੁੰਦਾ ਹੈ। ਗੁਰਲਗਨ ਨੂੰ ਤੁਹਾਡੇ ਚੋਂ ਬਹੁਤਿਆਂ ਨੇ ਜ਼ਰੂਰ ਸੁਣਿਆ ਹੋਏਗਾ, ਕਿਤੇ ਕੋਈ ਗੀਤ, ਲੋਕ ਗੀਤ ਜਾਂ ਕੋਈ ਗ਼ਜ਼ਲ ਗਾਉਂਦਿਆਂ ਉਸਦਾ ਇਹ ਪਹਿਲਾ ਗੀਤ ਆ ਤੇ ਉਸਨੂੰ ਇਸ ਖ਼ੁਸ਼ੀ ਦੀ ਬਹੁਤ ਬਹੁਤ ਮੁਬਾਰਕਬਾਦ।




ਬੋਲ ਉਸਦੀ ਅਵਾਜ਼ 'ਚ ਮਿੱਠੇ ਹੋ ਹੋ ਜਾਂਦੇ ਨੇ, ਉਸਦੀ ਅਵਾਜ਼ 'ਚ ਇੰਨੀ variation ਆ ਕਿ ਕਿਸੇ ਵੀ ਭਾਸ਼ਾ ਨੂੰ ਸੌਖਿਆਂ ਤੇ ਬੜਾ ਅੱਛਾ ਨਿਭਾ ਲੈਂਦੀ ਆ, ਇੱਕ ਵਾਰ ਉਸਨੇ ਹੱਸਦੇ ਹੱਸਦੇ ਕੋਈ English song ਸੁਣਾਇਆ ਤਾਂ ਹੈਰਾਨ ਰਹਿ ਗਿਆ ਸਾਂ। ਆਸ ਕਰਦੇ ਆਂ ਕਿ ਆਉਂਦਾ ਵਕਤ ਉਸਦੀ ਪ੍ਰਤਿਭਾ ਨੂੰ ਜ਼ਰੂਰ ਪਛਾਣੇਗਾ ।

Black bee ਵਾਲੇ ਵੀਰ ਸੁਖਪਾਲ ਦਰਸ਼ਨ ਹੁਣਾਂ ਦਾ ਧੰਨਵਾਦ ਵੀ ਤੇ ਵਧਾਈਆਂ ਵੀ ਅਤੇ ਉਸਦੇ ਸੱਭ ਆਪਣਿਆਂ ਦੇ ਨਾਲ ਨਾਲ ਕਿੱਟੂ ਕਮਲ, ਬਲਜੀਤ ਅਟਵਾਲ, ਰਮਨ ਤੂਰ ਵਰਗੇ ਉਸਦੇ ਸੱਭ ਦੋਸਤਾਂ ਨੂੰ ਮੁਬਾਰਕਬਾਦ ਤੇ ਸਾਨੂੰ ਚਾਅ ਇਸ ਗੱਲ ਦਾ ਹੈ ਕਿ ਉਸਦਾ ਇਹ ਪਲੇਠਾ ਗੀਤ ਆਪਣਾ ਹੈ ।

**– ਸੇਵਕ ਸਿੰਘ ਐਡਮਿੰਟਨ**

# ਰਾਂਝਾ ਹੋ ਤੁਰਿਆ ਵਾਰਸ ਸ਼ਾਹ ਜੇਹਾ

ਬੰਨ੍ਹਣ ਵਾਲੀ ਲੰਮੀ ਚੱਲੀ ਮੀਟਿੰਗ ਤੋਂ ਬਾਅਦ ਮੈਂ ਕੋਈ ਨਿੱਜੀ ਗੱਲਬਾਤ ਇਕੱਲਿਆਂ ਕਰਨ ਲਈ ਸਾਹਿਬ ਨੂੰ ਆਖਿਆ।

ਨਿਵੇਕਲੇ ਕੁਰਸੀਆਂ ਤੇ ਬੈਠਦਿਆਂ ਸਾਹਿਬ ਮੈਨੂੰ ਕਹਿਣ ਲੱਗੇ ਉਹ (ਮੋਹਣ ਸਿੰਘ ਫਲੀਆਂ ਵਾਲਾ)ਤਾਂ ਕਹਿੰਦਾ ਹੈ ਕਿ ਤੇਰੇ ਨਾਲ ਤਾਂ ਧਰਨੇ 'ਚ ਕੋਈ ਬੰਦਾ ਨਹੀਂ ਆਇਆ ਸਾਰੇ ਬੰਦੇ ਉਹਨੇ ਹੀ ਲਿਆਂਦੇ ਹਨ।

ਮੈਂ ਜੇਬ ਚੋਂ ਲਿਸਟ ਕੱਢਕੇ ਦਿਖਾਉਂਦਿਆਂ ਦੱਸਿਆ ਕਿ "ਫਿਰੋਜ਼ਪੁਰ ਕੈਂਟ ਹਲਕੇ ਚੋਂ ਧਰਨੇ 'ਚ 43 ਆਦਮੀ ਆਏ ਹਨ ਜਿੰਨ੍ਹਾਂ ਵਿਚੋਂ 19 ਮੇਰੇ ਸੁਲਹਾਣੀ ਪਿੰਡ ਤੋਂ ਹਨ ਤੇ ਉਨ੍ਹਾਂ 'ਚੋਂ ਵੀ ਸੱਤ ਮੇਰੇ ਨਿੱਜੀ ਰਿਸ਼ਤੇਦਾਰ ਹਨ। ਉਹਦੇ ਆਦਮੀ ਕਿਹੜੇ ਹਨ ਜਾਂ ਮੇਰੇ ਕਿਹੜੇ ਹਨ ਇਸ ਦੀ ਤਾਂ ਮੈਨੂੰ ਜਾਣਕਾਰੀ ਨਹੀਂ ਸਾਹਿਬ।"

ਮੇਰਾ ਤੱਤਫਟ ਜੁਆਬ ਸੁਣ ਕੇ ਉਹ ਚੁੱਪ ਹੋ ਗਏ।

ਜੂਨ ਜਾਂ ਜੁਲਾਈ 1990 ਨੂੰ ਥਰਮਲ ਕਲੋਨੀ ਬਠਿੰਡਾ ਦੇ ਮੈਦਾਨ ਵਿੱਚ ਹੋਈ ਬਸਪਾ ਕਾਨਫਰੰਸ ਦੌਰਾਨ ਸਾਹਿਬ ਦੀ ਹਾਜ਼ਰੀ ਵਿਚ ਮੈਂ ਚੌਧਰੀ ਦਰਸ਼ਨ ਲਾਲ ਜੇਠੂਮਜਾਰਾ ਦੇ ਥਾਣੇਦਾਰੀ ਛੱਡ ਕੇ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋ ਜਾਣ ਦਾ ਜ਼ਿਕਰ ਕੀਤਾ ਤੇ ਦੱਸਿਆ ਕਿ ਸਾਹਿਬ ਦੇ ਹੁਕਮਾਂ 'ਤੇ ਫੁੱਲ ਚੜ੍ਹਾਉਂਦਿਆਂ ਮੈਂ ਵੀ ਜਲਦੀ ਹੀ ਪਰਿਵਤਨ ਲਹਿਰ ਦਾ ਕੁਲ ਵਕਤੀ ਅੰਗ ਬਣਨ ਵਾਲਾ ਹਾਂ। ਵਰਕਰਾਂ ਵਿਚ ਇਸ ਨਾਲ ਇਕ ਖਾਸ ਉਤਸ਼ਾਹ ਤੇ ਖੁਸ਼ੀ ਦੀ ਲਹਿਰ ਦੌੜ ਗਈ। ਜਿਸ ਦਾ ਇਜ਼ਹਾਰ ਉਹਨਾਂ ਨੇ ਤਾੜੀਆਂ ਅਤੇ ਨਾਅਰੇ ਜੈਕਾਰੇ ਮਾਰ ਦਿਆਂ ਕੀਤਾ। ਮੈਂ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਫਿਰੋਜ਼ਪੁਰ ਦੀ ਮਾਰਫਤ ਆਪਣਾ ਅਸਤੀਫਾ ਮਹਿਕਮੇ ਨੂੰ ਲਿਖ ਦਿੱਤਾ।

ਲੱਗਭਗ ਡੇਢ ਦੋ ਮਹੀਨੇ ਜਦੋਂ ਉਹਦੇ ਤੇ ਕੋਈ ਕਾਰਵਾਈ ਨਾ ਹੋਈ ਤਾਂ ਮੈਂ ਸ੍ਰੀ ਗਿਆਨ ਚੰਦ ਜਿਲਾ ਖੁਰਾਕ ਤੇ ਸਪਲਾਈਜ ਕੰਟਰੋਲਰ ਜੀ ਨੂੰ ਪੁੱਛਿਆ ਸਰ ਮੇਰੇ ਅਸਤੀਫੇ ਦਾ ਕੀ ਬਣਿਆਂ? ਉਹਨਾਂ ਨੇ ਦਰਾਜ ਚੋਂ ਅਸਤੀਫਾ ਕੱਢ ਕੇ ਦਿਖਾਉਂਦਿਆਂ ਕਿਹਾ ਕਿ ਅਸਤੀਫਾ ਮਹਿਕਮੇ ਨੂੰ ਨਹੀਂ ਭੇਜਿਆ ਗਿਆ। ਉਨ੍ਹਾਂ ਨੇ ਮੈਨੂੰ ਫਿਰ ਸਮਝਾਉਣਾ ਸ਼ੁਰੂ ਕਰ ਦਿੱਤਾ ਉਹਨਾਂ ਦੇ ਮੇਰੇ ਨਾਲ ਪ੍ਰਵਾਰਕ ਸਬੰਧ ਬਣ ਚੁੱਕੇ ਸਨ ਤੇ ਉਹ ਮੈਨੂੰ ਬੇਹੱਦ ਪਿਆਰ ਕਰਦੇ ਸਨ।

"ਤੂੰ ਆਪਣੀ ਜਥੇਬੰਦੀ ਦਾ ਕੰਮ ਕਰਦਾ ਰਹਿੰਦਾ ਐਂ ਮੈਂ ਤੈਨੂੰ ਕਦੇ ਰੋਕਿਐ?

"ਨਹੀਂ ਸਰ " ਮੈ ਕਿਹਾ।

"ਲੰਬੀ ਛੁਟੀ ਲੈ ਜਾ ਤੇ ਖੁਲ੍ਹ ਕੇ ਕੰਮ ਕਰ ਪਰ ਸਰਵਿਸ ਤੋਂ ਅਸਤੀਫਾ ਨਾ ਦੇਹ। ਤੇਰਾ ਦਿਮਾਗ ਖਰਾਬ ਹੈ ਇਸ ਤਰ੍ਹਾਂ ਦੀ ਨੌਕਰੀ ਕਿਤੇ ਧਰੀ ਪਈ ਐ ? ਨੌਕਰੀ ਛੱਡ ਕੇ ਤੇਰੇ ਬੱਚਿਆਂ ਦਾ ਕੀ ਬਣੇਗਾ?" ਉਹ ਮੈਨੂੰ ਪਿਆਰ ਨਾਲ ਝਿੜਕਦਿਆਂ ਕਹਿਣ ਲੱਗੇ।

"ਭਗਤ ਸਿੰਘ ਹੋਰਾਂ ਨੇ ਇਹ ਸੋਚਿਆ ਸੀ ਸਰ" ਮੈਂ ਆਖਿਆ।

ਜੇ ਤੂੰ ਮਾਨਸਿਕ ਤੌਰ ਤੇ ਐਨਾ ਹੀ ਤਿਆਰ ਹੈਂ ਤਾਂ ਤੇਰੀ ਮਰਜ਼ੀ ਤੇ ਉਹਨਾਂ ਨੇ ਨਾ ਚਾਹੁੰਦਿਆਂ ਵੀ ਅਸਤੀਫਾ ਮਹਿਕਮੇ ਨੂੰ ਭੇਜ ਦਿੱਤਾ।

30 ਨਵੰਬਰ ਨੂੰ ਮੈਂ ਸੇਵਾ ਮੁਕਤ ਹੋ ਗਿਆ। ਦਫਤਰੀ ਅਮਲੇ ਨੇ ਮੈਨੂੰ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ। ਸਾਢੇ ਪੰਦਰਾਂ ਸਾਲ ਦੀ ਨੌਕਰੀ ਦੌਰਾਨ 14 ਸਾਲ ਮਹਿਕਮੇ ਦੀ ਮਨਿਸਟਰੀਅਲ ਸਟਾਫ ਯੂਨੀਅਨ ਦਾ ਜ਼ਿਲ੍ਹਾ ਪ੍ਰਧਾਨ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਯੂਨੀਅਨ ਦਾ ਸੀਨੀਅਰ ਮੀਤ ਪ੍ਰਧਾਨ ਰਿਹਾ ਸਾਂ।

ਮਹਿਕਮੇ ਅਤੇ ਜਥੇਬੰਦੀਆਂ ਵਿਚ ਮੇਰੇ ਵੱਲੋਂ ਕੀਤੇ ਗਏ ਕਾਰਜਾਂ ਦੀ ਭਰਪੂਰ ਪ੍ਰਸੰਸਾ ਕੀਤੀ ਗਈ। ਸਾਰਾ ਸਟਾਫ ਭਰੇ ਮਨ ਨਾਲ ਕਾਫਲੇ ਦੀ ਸ਼ਕਲ ਵਿੱਚ ਮੈਨੂੰ ਘਰ ਤੱਕ ਵਿਦਾ ਕਰਨ ਲਈ ਪੁੱਜਿਆ। ਮਹਿਕਮੇ ਦੀ ਛੱਡੀ ਅੱਧੀ ਅਧੂਰੀ ਨੌਕਰੀ ਸਦਕਾ ਮੈਨੂੰ ਕੁਛ ਮਿਲਣਾ ਮੁਲਣਾ ਤਾਂ ਹੈ ਨਹੀਂ ਸੀ।

ਹੱਥ ਵੰਝਲੀ ਤੇ ਮੋਢੇ ਖੇਸ ਲੈ ਕੇ,
ਰਾਂਝਾ ਹੋ ਤੁਰਿਆ ਵਾਰਸ ਸ਼ਾਹ ਜੇਹਾ।

# ਜੋ ਬਹੁਜਨ ਕੀ ਬਾਤ ਕਰੇਗਾ। ਵੋਹ ਦਿਲੀ ਤੇ ਰਾਜ ਕਰੇਗਾ। ਸੀਰੀ ਬਣਨਾ ਬੰਦ ਕਰੋ। ਪਾਤਸ਼ਾਹੀ ਦਾ ਪਰਬੰਧ ਕਰੋ।



ਲਾਲ ਸਿੰਘ ਸੁਲਹਾਣੀ
91-98721-55120

ਪੰਜਾਬ 'ਚ "ਸੀਰੀ ਪ੍ਰਥਾ" (ਬੰਧੂਆ ਮਜਦੂਰੀ) ਦੇ ਵਿਰੋਧ ਵਿਚ ਬਹੁਜਨ ਸਮਾਜ ਪਾਰਟੀ ਦੀ ਪੰਜਾਬ ਇਕਾਈ ਦੇ ਕਾਰਜ ਕਰਤਾਵਾਂ ਨੇ 23 ਜੁਲਾਈ 2001 ਨੂੰ ਮੌਨਸੂਨ ਸੈਸ਼ਨ ਦੇ ਪਹਿਲੇ ਦਿਨ ਦਿੱਲੀ ਵਿਚ ਸੰਸਦ ਭਵਨ ਤੇ ਸਾਹਿਬ ਕਾਂਸ਼ੀ ਰਾਮ ਜੀ ਦੀ ਅਗਵਾਈ ਵਿਚ ਵਿਸ਼ਾਲ ਧਰਨਾ ਤੇ ਪ੍ਰਦਰਸ਼ਨ ਕੀਤਾ ਗਿਆ। ਗੁਰੂਆਂ ਦੀ ਧਰਤੀ ਤੇ ਪੰਜ ਲਖ ਤੋਂ ਵਧ ਬੰਧੂਆ ਮਜ਼ਦੂਰ ਹਨ । ਪੰਜਾਬ ਅੰਦਰ 1995 'ਚ ਕਾਂਗਰਸ ਸਰਕਾਰ ਦੇ ਮੰਤਰੀ (ਸਰਦਾਰ ਬੂਟਾ ਸਿੰਘ ਦੇ ਭਾਣਜੇ) ਜੋਗਿੰਦਰ ਸਿੰਘ ਮਾਨ ਨੇ ਇਹ ਕਾਨੂੰਨ ਪਾਸ ਕਰਵਾਇਆ ਸੀ ਕਿ ਸੀਰੀ ਤੇ ਲੇਬਰ ਐਕਟ ਲਾਗੂ ਨਹੀਂ ਹੁੰਦਾ ਉਸਨੂੰ 24 ਘੰਟਿਆਂ ਕੰਮ ਕਰਨਾ ਚਾਹੀਦਾ ਹੈ।

ਜਦੋਂ ਕਿ ਲੇਬਰ ਐਕਟ ਮੁਤਾਬਕ ਇਕ ਮਜਦੂਰ ਤੋਂ 8 ਘੰਟੇ ਤੋਂ ਵਧ ਕੰਮ ਨਹੀਂ ਲੈਣਾ ਚਾਹੀਦਾ। ਕਾਂਗਰਸ ਸਰਕਾਰ ਵਲੋਂ ਪਾਸ ਕੀਤੇ ਇਸ ਅਣ-ਮਨੁੱਖੀ ਕਾਨੂੰਨ ਵਿਰੁੱਧ ਬਾਦਲਕਿਆਂ ਦੀ ਸਰਕਾਰ ਨੇ ਵੀ ਸਾਜਿਸ਼ੀ ਚੁਪ ਧਾਰਨ ਕੀਤੀ ਹੈ। ਸੰਸਦ ਦੀਆਂ ਪੌੜੀਆਂ 'ਚ ਖੜੋ ਕੇ ਬਸਪਾ ਦੇ 18 ਸਦਾਂ ਵਲੋਂ ਸੀਰੀਆਂ ਨੂੰ ਆਜਾਦ ਕਰਵਾਉਣ ਲਈ ਪਰਚੇ ਵੰਡੇ ਤੇ ਫਿਰ ਸੰਸਦ ਵਿਚ ਸੰਸਦ ਦੀ ਕਾਰਵਾਈ ਵਿਚ ਰੁਕਾਵਟ ਪਾਕੇ ਸੀਰੀ ਪ੍ਰਥਾ ਵਿਰੁਧ ਸੰਸਦ ਦਾ ਧਿਆਨ ਖਿੱਚਿਆ ਤੇ ਕਾਰਵਾਈ ਕਰਨ ਲਈ ਆਖਿਆ। ਇਸ ਸੀਰੀ ਪ੍ਰਥਾ ਦੇ ਵਿਰੋਧ ਵਿਚ ਪੰਜਾਬ ਦੇ ਕੋਨੇ ਕੋਨੇ ਚੋਂ ਪੂਰੇ ਜਾਹੋ ਜਲਾਲ ਨਾਲ ਪੁੱਜੇ ਬਸਪਾ ਕਾਰਜ ਕਰਤਾ ਹਜਾਰਾਂ ਦੀ ਗਿਣਤੀ ਵਿਚ ਰਾਮ ਲੀਲਾ ਮੈਦਾਨ ਵਿਚ ਇਕੱਤਰ ਹੋਏ। ਜੋ ਬਾਅਦ ਵਿਚ ਅਨੁਸ਼ਾਸਨ ਬਧ ਤਰੀਕੇ ਨਾਲ ਪੂਰਜੋਸ਼ ਨਾਅਰੇ ਮਾਰਦੇ ਹੋਏ ਜਲੂਸ ਦੀ ਸ਼ਕਲ ਵਿਚ ਸੰਸਦ ਭਵਨ ਵਲ ਚਲ ਪਏ। ਸੰਸਦ ਭਵਨ ਦੇ ਨੇੜੇ ਪਾਰਲੀਮੈਂਟ ਸਟਰੀਟ ਥਾਣੇ ਦੇ ਸਾਹਮਣੇ ਮੁਖ ਮਾਰਗ ਤੇ ਪ੍ਰਦਰਸ਼ਨਕਾਰੀਆਂ ਨੂੰ ਰੋਕ ਲਿਆ ਗਿਆ। ਜਿਥੇ ਪੁਲਿਸ ਦਾ ਭਾਰੀ ਬੰਦੋਬਸਤ ਸੀ। ਉਥੇ ਹੀ ਸਭ ਪ੍ਰਦਰਸ਼ਨਕਾਰੀਆਂ ਨੂੰ ਪਾਰਟੀ ਦੇ ਸੁਪਰੀਮੋ ਸਾਹਿਬ ਕਾਂਸ਼ੀ ਰਾਮ ਜੀ ਮੈਂਬਰ ਪਾਰਲੀਮੈਂਟ ਤੇ ਪਾਰਟੀ ਦੀ ਉਪ ਪਰਧਾਨ ਸਾਬਕਾ ਮੁੱਖ ਮੰਤਰੀ ਉਤਰ ਪ੍ਰਦੇਸ਼ ਭੈਣ ਕੁਮਾਰੀ ਮਾਇਆਵਤੀ ਜੀ ਅਤੇ ਪੰਜਾਬ ਤੋਂ ਆਏ ਬਸਪਾ ਦੇ ਸੂਬਾ ਪ੍ਰਧਾਨ ਮੋਹਨ ਸਿੰਘ ਫਲੀਆਂ ਵਾਲਾ ਸਾਬਕਾ ਮੈਂਬਰ ਪਾਰਲੀਮੈਂਟ, ਸਾਬਕਾ ਮੈਂਬਰ ਪਾਰਲੀਮੈਂਟ ਹਰਭਜਨ ਸਿੰਘ ਲਾਖਾ, ਸਰਦਾਰ ਲਾਲ ਸਿੰਘ ਸੁਲਹਾਣੀ, ਐਡਵੋਕੇਟ ਹਰਗੋਪਾਲ ਸਿੰਘ , ਸਰਦਾਰ ਮਾਨ ਸਿੰਘ ਮਨਹੇੜਾ, ਸਰਦਾਰ ਅਵਤਾਰ ਸਿੰਘ ਕਰੀਮਪੁਰੀ, ਚੌਧਰੀ ਦਰਸ਼ਨ ਲਾਲ ਜੇਠੂਮਜਾਰਾ, ਚੰਡੀਗੜ੍ਹ ਦੇ ਬਸਪਾ ਪਰਧਾਨ ਸ੍ਰੀ ਮਾਤਾ ਰਾਮ ਧੀਮਾਨ ਆਦਿ ਕਈ ਆਗੂਆਂ ਨੇ ਸੰਬੋਧਨ ਕੀਤਾ। ਬਾਬਾ ਪੂਰਨ ਨਾਥ ਮੁਖੀ ਵਾਲਮੀਕ ਤੀਰਥ, ਗਿਆਨ ਆਸ਼ਰਮ, ਵਾਲਮੀਕ ਮੰਦਰ ਅੰਮ੍ਰਿਤਸਰ ਨੇ ਨਾਅਰੇ ਲਗਾ ਕੇ ਆਪਣੇ ਸਮਰਥਨ ਦਾ ਇਜਹਾਰ ਕੀਤਾ। ਤਪਦੀ ਸੜਕ ਅਤੇ ਕਹਿਰ ਦੀ ਗਰਮੀ ਵਿਚ "ਸੀਰੀ ਪ੍ਰਥਾ " ਦੇ ਵਿਰੋਧ ਵਿਚ ਹਜਾਰਾਂ

**ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਸਾਹਿਬ ਕਾਂਸ਼ੀ ਰਾਮ ਜੀ ਨੇ ਆਖਿਆ–**

ਸਾਥੀਓ ! ਬਾਬਾ ਪੂਰਨ ਨਾਥ ਨੇ ਇਸ ਮੌਕੇ ਤੇ ਧਰਨੇ ਤੇ ਬੈਠੇ ਕੇ ਅਤੇ ਮੈਨੂੰ ਵੀ ਇਸ ਧਰਨੇ ਵਿਚ ਬਿਠਾ ਕੇ ਇਸ ਧਰਨੇ ਦੀ ਮਹਾਨਤਾ ਵਿਚ ਵਾਧਾ ਕੀਤਾ ਹੈ। ਸਾਥੀਓ! ਆਪ ਲੋਕ "ਸੀਰੀ ਪ੍ਰਥਾ" ਦੇ ਵਿਰੁੱਧ ਪੰਜਾਬ ਦੇ ਕੋਨੇ ਕੋਨੇ ਤੋਂ ਆਕੇ, ਦਿੱਲੀ 'ਚ ਬੈਠੀ ਕੇਂਦਰ ਸਰਕਾਰ ਦੇ ਦਰਵਾਜ਼ੇ ਤੇ ਪਹੁੰਚ ਕੇ ਕੇਂਦਰ ਸਰਕਾਰ ਦਾ ਦਰਵਾਜ਼ਾ ਖੜਕਾ ਕੇ, ਆਪਣੀ ਆਵਾਜ਼ ਬੁਲੰਦ ਕੀਤੀ ਹੈ ਕਿ ਜਿਸ ਤਰ੍ਹਾਂ ਕੇਂਦਰ ਸਰਕਾਰ ਦੁਆਰਾ ਬਣਾਇਆ ਕਾਨੂੰਨ ਸਾਰੇ ਦੇਸ਼ ਵਿਚ



ਲਾਗੂ ਹੁੰਦਾ ਹੈ ਉਸੇ ਤਰ੍ਹਾਂ ਪੰਜਾਬ ਪਰਦੇਸ ਵਿਚ ਵੀ ਲਾਗੂ ਹੋਣਾ ਚਾਹੀਦਾ ਹੈ। ਮੈਂ ਪੰਜਾਬ ਦੇ ਕੋਨੇ ਕੋਨੇ ਵਿੱਚ ਆਪਣੀ ਪਾਰਟੀ ਦੇ ਕਾਰਜਕਰਤਾਵਾਂ ਨੂੰ ਸਾਈਕਲਾਂ ਤੇ ਸਵਾਰ ਕਰਕੇ ਇਸ "ਸੀਰੀ ਪ੍ਰਥਾ" ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ ਹੈ, ਚਰਚਾ ਫੈਲਾਈ ਹੈ। ਚਰਚਾ ਲਾਉਣ ਦਾ ਮੇਰਾ ਮੁੱਖ ਮਕਸਦ ਪੰਜਾਬ ਦੇ ਲੋਕਾਂ ਨੂੰ "ਸੀਰੀ ਪ੍ਰਥਾ" ਦੇ ਅੰਤ ਲਈ ਤਿਆਰ ਕਰਨਾ ਹੈ । ਪੰਜਾਬ ਦੀ ਰਾਜਧਾਨੀ ਚੰਡੀਗੜ੍ਹ 'ਚ ਵੀ ਵਡੇ ਪਧਰ ਤੇ 26 ਦਿਨ ਇਸ ਸੀਰੀ ਪ੍ਰਥਾ ਦੇ ਵਿਰੋਧ ਵਿਚ ਧਰਨਾ ਪ੍ਰਦਰਸ਼ਨ ਕਰਕੇ ਪੰਜਾਬ ਸਰਕਾਰ ਨੂੰ ਚੁਕੰਨਾ ਕੀਤਾ ਗਿਆ ਹੈ ਤੇ ਅਜ ਕੇਂਦਰ ਸਰਕਾਰ ਨੂੰ ਚੁਕੰਨਾ ਕਰਨ ਵਾਸਤੇ ਦਿੱਲੀ ਦੀ ਸੰਸਦ ਤੇ ਇਥੇ ਪੁੱਜੇ ਹਾਂ।

ਉਹਨਾਂ ਨੇ ਆਖਿਆ ਕਿ ਮੈਨੂੰ ਮੀਡੀਆ ਦੇ ਲੋਕ ਨੇ ਪੁੱਛਿਆ ਕਿ ਤੁਸੀਂ "ਸੀਰੀ ਪ੍ਰਥਾ" ਦੇ ਵਿਰੋਧ ਵਿਚ ਪੂਰੇ ਪੰਜਾਬ ਅੰਦਰ ਜੋ ਅੰਦੋਲਨ ਚਲਾ ਰਹੇ ਓ, ਜੇ ਪੰਜਾਬ ਸਰਕਾਰ ਨੇ ਪਾਰਲੀਮੈਂਟ ਦੁਆਰਾ ਪਾਸ ਕੀਤੇ ਕਾਨੂੰਨ ਤੇ ਅਮਲ ਨਾ ਕੀਤਾ ਅਤੇ ਕੇਂਦਰ ਸਰਕਾਰ ਨੇ ਵੀ ਕੋਈ ਸੁਣਵਾਈ ਨਾ ਕੀਤੀ ਤਾਂ ਫਿਰ ਤੁਸੀਂ ਕੀ ਕਰੋਗੇ? ਤਾਂ ਮੈਂ ਉਹਨਾਂ ਨੂੰ ਦੱਸਿਆ ਕਿ ਬਹੁਜਨ ਸਮਾਜ "ਵੋਟਾਂ ਵਾਲਾ ਸਮਾਜ " ਹੈ ਇਹ ਵੋਟਾਂ ਵਾਲਾ ਸਮਾਜ ਕੀ ਕੁਝ ਨਹੀਂ ਕਰ ਸਕਦਾ? ਛੇ ਮਹੀਨਿਆਂ ਦੇ ਅੰਦਰ ਅੰਦਰ ਪੰਜਾਬ ਵਿਧਾਨ ਸਭਾ ਚੋਣਾਂ ਆ ਰਹੀਆਂ ਹਨ ਜਦ ਪੰਜਾਬ ਦੀ ਸਰਕਾਰ ਵੋਟਾਂ ਵਾਲੇ ਸਮਾਜ, ਅਰਥਾਤ ਬਹੁਜਨ ਸਮਾਜ ਦੀ ਗਲ ਤੇ ਅਮਲ ਨਹੀਂ ਕਰਦੀ ਤਾਂ ਜੋ 17 ਫਰਵਰੀ 2002 ਤੋਂ ਪਹਿਲਾਂ ਪਹਿਲਾਂ ਅਸੀਂ ਪੰਜਾਬ ਦੀ ਬਾਦਲ ਸਰਕਾਰ ਨੂੰ, ਨੋਟਾਂ ਵਾਲਿਆਂ ਦੀ ਸਰਕਾਰ ਨੂੰ ਹਟਾ ਕੇ ਵੋਟਾਂ ਵਾਲਿਆਂ ਦੀ ਭਾਵ ਬਹੁਜਨ ਸਮਾਜ ਦੀ ਸਰਕਾਰ ਬਣਾਵਾਂਗੇ। ਅਜ ਵੋਟਾਂ ਵਾਲਾ ਬਹੁਜਨ ਸਮਾਜ ਤਿਆਰ ਹੋ ਚੁੱਕਾ ਹੈ। ਥੋੜ੍ਹੀ ਬਹੁਤ ਜੇ ਕੋਈ ਕਮੀ ਰਹਿ ਜਾਏਗੀ ਉਹ ਆਉਣ ਵਾਲੇ 4-6 ਮਹੀਨਿਆਂ ਵਿਚ ਪੂਰੀ ਕਰ ਲਈ ਜਾਵੇਗੀ। ਇਹਨਾਂ 6 ਮਹੀਨਿਆਂ ਵਿਚ ਪੰਜਾਬ ਵਿਚ ਚਲ ਰਹੀ ਨੋਟਾਂ ਵਾਲਿਆਂ ਦੀ ਸਰਕਾਰ ਨੂੰ ਉਖਾੜ ਸੁੱਟਾਂਗੇ ਅਤੇ ਵੋਟਾਂ ਵਾਲੇ ਸਮਾਜ ਨੂੰ ਸਰਕਾਰ ਚਲਾਉਣ ਦਾ ਮੌਕਾ ਦਿਆਂਗੇ। ਬਾਕੀ ਰਹੀ ਕੇਂਦਰ ਸਰਕਾਰ ਦੀ ਗਲ ਅਗਰ ਇਸ ਨੇ ਵੀ ਅਮਲ ਨਾ ਕੀਤਾ ਤਾਂ ਪੰਜਾਬ ਦੀ ਸਰਕਾਰ ਤੋਂ ਸਬਕ ਸਿੱਖ ਕੇ ਕੇਂਦਰ ਸਰਕਾਰ ਨੂੰ ਵੀ ਰਾਹ ਤੇ ਆਉਣਾ ਪਵੇਗਾ। ਜੇ ਕੇਂਦਰ ਸਰਕਾਰ ਵੀ ਰਸਤੇ ਤੇ ਨਹੀਂ ਆਉਦੀ ਮੈਂ ਦਿਲੀ ਤੋਂ ਤਿੰਨ ਸਾਲਾਂ ਲਈ ਨਿਕਲ ਕੇ ਦੇਸ਼ ਦੇ 11 ਸੂਬਿਆਂ ਵਿਚ ਬਹੁਜਨਾਂ ਦੀ ਸਰਕਾਰ ਬਣਾਕੇ ਤਿੰਨ ਸਾਲਾਂ ਦੇ ਅੰਦਰ ਅੰਦਰ ਕੇਂਦਰ ਵਿਚ ਚਲ ਰਹੀ ਨੋਟਾਂ ਵਾਲਿਆਂ ਦੀ ਸਰਕਾਰ ਨੂੰ ਉਖਾੜ ਸੁੱਟਾਂਗਾ। ਮੈਂ ਵੋਟਾਂ ਵਾਲੇ ਸਮਾਜ ਦੀ ਤਰਫੋਂ ਪੰਜਾਬ ਅਤੇ ਕੇਂਦਰ ਦੀ ਸਰਕਾਰ ਨੂੰ ਚਿਤਾਵਨੀ ਦੇ ਰਿਹਾ ਹਾਂ।

ਆਪਨੇ ਅਗੇ ਬੋਲਦਿਆਂ ਆਖਿਆ ਕਿ ਮੈਂ ਚਿਤਾਵਨੀ ਇਸ ਲਈ ਦੇ ਰਿਹਾ ਹਾਂ ਕਿ ਤੁਹਾਡੀਆਂ ਲਖਾਂ ਕੋਸ਼ਿਸ਼ਾਂ ਦੇ ਬਾਵਜੂਦ ਦੱਬਿਆ ਕੁਚਲਿਆ ਸਮਾਜ ਆਪਣੇ ਪੈਰਾਂ ਤੇ ਖੜ੍ਹਾ ਹੋ ਗਿਆ ਹੈ। ਆਪਣਾ ਚੋਣ ਨਿਸ਼ਾਨ ਹਾਥੀ ਲੈਕੇ ਤੁਹਾਨੂੰ ਪਹਿਲਾਂ ਪੰਜਾਬ ਵਿਚ ਕੁਚਲੇਗਾ ਫਿਰ ਕੇਂਦਰ ਨੂੰ। ਮੈਂ ਚਿਤਾਵਨੀ ਦਿੰਦਾ ਹਾਂ ਕਿ ਆਪ (ਨੋਟਾਂ ਵਾਲਿਆਂ) ਨੇ ਹਾਥੀ ਹੇਠ ਆਕੇ ਆਪਣੀ ਜਾਨ ਗਵਾਉਣੀ ਹੈ ਜਾਂ ਪੰਜਾਬ ਅਤੇ ਦਿਲੀ ਦਾ ਤਖਤ ਖਾਲੀ ਕਰਕੇ ਵੋਟਾਂ ਵਾਲਿਆਂ( ਬਹੁਜਨ ਸਮਾਜ) ਦੇ ਹਥ ਦੇਣਾ ਹੈ। ਜੇ ਘਿਓ ਸਿੱਧੀ ਉਂਗਲ ਨਾਲ ਨਹੀਂ ਨਿਕਲੇਗਾ ਤਾਂ ਉਂਗਲੀ ਟੇਡੀ ਕਰਨੀ ਪਵੇਗੀ। ਕਿਉਂਕਿ ਲੋਕ ਸ਼ਾਹੀ ਦੀ ਰੀਤ ਹੈ ਕਿ ਰਾਜ ਵੋਟਾਂ ਵਾਲਿਆਂ ਦੇ ਹਥ ਹੋਣਾ ਚਾਹੀਦਾ ਹੈ। ਜਿਸ ਸਮਾਜ ਦੇ, ਜਿਹਨਾਂ ਲੋਕਾਂ ਦੇ ਜਿਆਦਾ ਵੋਟ ਹਨ, ਉਸਦੇ ਜਿਆਦਾ ਐਮ. ਐਲ. ਏ.Kਐਮ.ਪੀ. ਜਿੱਤਣੇ ਚਾਹੀਦੇ ਹਨ ਉਹਨਾਂ ਨੂੰ ਸਰਕਾਰ ਚਲਾਉਣ ਦਾ ਮੌਕਾ ਮਿਲਣਾ ਚਾਹੀਦਾ ਹੈ।

ਇਸ ਲਈ ਜੋ ਅਜ ਤਕ ਨਹੀਂ ਹੋਇਆ ਉਹ ਕੰਮ ਅਸੀਂ ਕਰਕੇ ਦਿਖਾਵਾਂਗੇ। ਵੋਟਾਂ ਵਾਲਾ ਸਮਾਜ ਅਜ ਆਪਣੇ ਪੈਰਾਂ ਤੇ ਖੜ੍ਹਾ ਹੋ ਗਿਆ ਹੈ ਜੋ ਆਪਣੇ ਪੈਰਾਂ ਤੇ ਖੜ੍ਹਾ ਹੋ ਕੇ ਨੋਟਾਂ ਵਾਲਿਆਂ ਦੀ ਸਰਕਾਰ ਖਤਮ ਕਰ ਕੇ ਵੋਟਾਂ ਵਾਲਿਆਂ ਦੀ ਸਰਕਾਰ ਲਿਆਵਾਂਗੇ। ਇਹ ਮੌਕਾ ਸਾਨੂੰ ਪੰਜਾਬ ਵਿਚ ਸਭ ਤੋਂ ਪਹਿਲਾਂ ਮਿਲ ਰਿਹਾ ਹੈ। ਇਹ ਗਲ ਪੰਜਾਬ ਵਿਚ ਸਾਡੇ ਲੋਕ ਸਾਈਕਲਾਂ ਤੇ ਸਵਾਰ ਹੋਕੇ ਪੰਜਾਬ ਦੇ ਕੋਨੇ ਕੋਨੇ ਵਿੱਚ ਦਸ ਚੁੱਕੇ ਹਨ। ਅਜ ਸੰਸਦ ਪਹੁੰਚ ਕੇ ਕੇਂਦਰ ਸਰਕਾਰ ਨੂੰ ਦਸਣ ਆਏ ਹਾਂ। ਆਪ ਨੇ ਕਿਹਾ ਕਿ ਸਾਡਾ ਟੀਚਾ ਹੈ ਕਿ ਪੰਜਾਬ ਵਿਚ ਬਹੁਜਨ ਸਮਾਜ ਦੀ ਸਰਕਾਰ ਬਣਾਕੇ ਆਪਣੀ ਸਮਸਿਆ ਦਾ ਹਲ ਖੁਦ ਆਪਣੇ ਆਪ ਕਰਾਂਗੇ । ਅਜ ਜੋ ਸਾਡੇ ਲੋਕ ਇਨਸਾਫ ਮੰਗਣ ਲਈ ਆਪ (ਕੇਂਦਰ ਵਿਚ ਨੋਟਾਂ ਵਾਲੇ ਮਨੂਵਾਦੀਆਂ) ਦੇ ਸਾਹਮਣੇ ਆਏ ਹਨ ਉਹ ਦਿਨ ਦੂਰ ਨਹੀਂ ਜਦੋਂ ਆਪ ਜੋ ਅਜ ਸਰਕਾਰ ਚਲਾ ਰਹੇ ਹੋ ਸਾਡੇ ਵੋਟਾਂ ਵਾਲੇ ਸਮਾਜ ਦੇ ਸਾਹਮਣੇ ਇਨਸਾਫ ਮੰਗਣ ਲਈ ਆਓਗੇ। ਮੈਨੂੰ ਯਾਦ ਹੈ ਕਿ ਜਦੋਂ ਉੱਤਰ ਪ੍ਰਦੇਸ਼ 'ਚ ਸਾਡੀ ਸਰਕਾਰ ਬਣੀ ਤੇ ਮਾਇਆਵਤੀ ਮੁੱਖ ਮੰਤਰੀ ਬਣੀ ਤਾਂ ਜਿਥੇ ਅਸੀਂ ਪ੍ਰਦਰਸ਼ਨ ਕਰਦੇ ਸਾਂ ਉਸੇ ਜਗਾਹ ਤੇ ਐਨ. ਡੀ. ਤਿਵਾੜੀ ਕਾਂਗਰਸੀ ਆਗੂ ਨੂੰ ਧਰਨੇ ਤੇ ਆਕੇ ਬੈਠਣਾ ਪਿਆ। ਇਸ ਲਈ ਮੈਂ ਤੁਹਾਨੂੰ ਭਰੋਸਾ ਦਿੰਦਾ ਹਾਂ ਕਿ ਜਿਸ ਤਰ੍ਹਾਂ ਦੇਸ਼ ਭਰ ਵਿੱਚ ਬਹੁਜਨ ਸਮਾਜ ਤਿਆਰ ਹੋ ਰਿਹਾ ਹੈ ਉਸੇ ਤਰ੍ਹਾਂ ਤਿਆਰ ਹੁੰਦਾ ਰਿਹਾ ਤਾਂ ਏਥੇ ਆਕੇ ਧਰਨੇ ਤੇ ਸਾਨੂੰ ਨਹੀਂ ਬੈਠਣਾ ਪਵੇਗਾ ਸਗੋਂ ਜੋ ਅਜ ਸਰਕਾਰ ਚਲਾ ਰਹੇ ਹਨ ਉਹਨਾਂ ਨੂੰ ਇਧਰ ਆਕੇ ਧਰਨੇ ਤੇ ਬੈਠਣਾ ਪਵੇਗਾ। ਉਹਨਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਵਿਸ਼ਵਾਸ਼ ਦਿਵਾਉਂਦੇ ਹੋਏ ਆਖਿਆ ਕਿ ਮੈਂ ਪੰਜਾਬ ਵਿਚ ਲਗਿਆ ਹਾਂ ਤਦ ਤਕ ਲਗਾ ਰਹੂੰਗਾ ਜਦ ਤਕ ਪੰਜਾਬ ਦੇ ਕੋਨੇ ਕੋਨੇ ਅਤੇ ਗਲੀ ਕੂਚਿਆਂ ਵਿਚ ਘੁੰਮ ਘੁੰਮ ਕੇ ਜਗਾਉਣ ਦੀ ਕੋਸ਼ਿਸ਼ ਜਾਰੀ ਰੱਖਾਂਗਾ ਜਦੋਂ ਤਕ ਪੰਜਾਬ ਵਿਚ ਬਹੁਜਨਾਂ ਦੀ ਸਰਕਾਰ ਨਹੀਂ ਬਣਾ ਲੈਂਦਾ। ਇਸ ਲਈ ਤੁਸੀਂ ਵੀ ਹਿੰਮਤ ਅਤੇ ਹੌਸਲੇ ਨਾਲ ਆਪਣੀ ਕੋਸਿਸ਼ ਜਾਰੀ ਰੱਖੋ। ਆਪ ਲੋਕ ਜਿਸ ਤਰ੍ਹਾਂ ਜੋਸ਼ ਨਾਲ ਦਿਲੀ ਪਹੁੰਚੇ ਹੋ ਉਸੇ ਤਰ੍ਹਾਂ ਅਮਨ ਪੂਰਬਕ ਜੋਸ਼ ਲੈਕੇ ਪੰਜਾਬ ਜਾਓਗੇ ਅਤੇ ਆਪਣੇ ਜੋਸ਼ ਨੂੰ ਕਾਇਮ ਰਖੋਗੇ। ਜਦੋਂ ਤਕ ਅਸੀਂ ਬਾਦਲ ਸਰਕਾਰ ਨੂੰ ਉਖਾੜ ਕੇ ਬਹੁਜਨ ਦੀ ਸਰਕਾਰ ਗੰਦੀ ਤੇ ਨਹੀਂ ਬਿਠਾ ਲੈਂਦੇ ਐਸੀ ਅਪੀਲ ਕਰਦੇ ਹੋਏ ਮੈਂ ਆਪ ਤੋਂ ਵਿਦਾ ਲੈਂਦਾ ਹਾਂ।

ਜੈ ਭੀਮ ਜੈ ਭਾਰਤ

ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫਤਿਹ ॥

ਨਾਅਰੇ ਗੂੰਜ ਰਹੇ ਸਨ –

ਜੋ ਬਹੁਜਨ ਕੀ ਬਾਤ ਕਰੇਗਾ। ਵੋਹ ਦਿਲੀ ਤੇ ਰਾਜ ਕਰੇਗਾ॥

---

ਰੂਹ ਨੂੰ ਸਕੂਨ ਦੇਣ ਵਾਲੀ ਸੁਰੀਲੀ ਪਰ ਦਮਦਾਰ ਆਵਾਜ਼ ਦੀ ਮਲਕਾ, ਫੁੱਲਾਂ ਵਾਂਗ ਹਾਸੇ ਬਖੇਰਦੀ, ਆਪਣੇ ਸਕੂਲੀ ਬੱਚਿਆਂ ਦੀ ਹਰਮਨ ਪਿਆਰੀ ਅਧਿਆਪਕਾ, ਪੰਜਾਬ , ਪੰਜਾਬੀ ਅਤੇ ਪੰਜਾਬੀਅਤ ਨੂੰ ਧੁਰ ਅੰਦਰੋਂ ਪਿਆਰ ਕਰਨ ਵਾਲੀ, ਸਮਾਜ ਨੂੰ ਨਵਾਂ ਨਰੋਆ ਵੇਖਣ ਦੀ ਤਲਬਗਾਰ ਸਮਾਜਕ ਦੁਸ਼ਵਾਰੀਆਂ ਨਾਲ ਲੜਕੇ ਪਗਡੰਡੀਆਂ ਤੇ ਤੁਰਦਿਆਂ ਸ਼ਾਹ ਰਾਹ ਦੀ ਇੱਛਕ, ਖ਼ੂਬਸੂਰਤ ਕਵਿਤਾਵਾਂ ਲਿਖਦੀ ਕਵਿਤਾ ਵਰਗੀ ਕੁੜੀ, ਪੰਜਾਬੀ ਗਾਇਕੀ ਦੇ ਰੰਗਮੰਚ ਤੇ ਉੱਭਰ ਰਹੀ ਗਾਇਕਾ "ਬੀਬਾ ਗੁਰਲਗਨ" ਨੂੰ ਬੇਅੰਤ ਅਸੀਸਾਂ, ਸ਼ੁਭਕਾਮਨਾਵਾਂ ਤੇ ਢੇਰ ਸਾਰੀਆਂ ਦੁਆਵਾਂ ਨਾਲ ਸਮਰਪਿਤ ਇਹ ਗੀਤ-----

## ਫੁੱਲਾਂ ਵਾਂਗੂ ਹੱਸਦੀ ਏ ਕੁੜੀਏ

ਤੂੰ ਵੰਡੇ ਖੁਸ਼ਬੂਆਂ ਜੱਗ 'ਤੇ
ਤੈਨੂੰ ਰੱਜਵਾਂ ਪਿਆਰ ਮਿਲੇ।
ਫੁੱਲਾਂ ਵਾਂਗੂ ਹੱਸਦੀਏ ਕੁੜੀਏ
ਤੈਨੂੰ ਸਦਾ ਬਹਾਰ ਮਿਲੇ।

ਅੰਬਰਾਂ ਉੱਤੇ ਜਮ ਜਮ ਉੱਡੀਂ
ਪਰ ਧਰਤੀ ਨਾ ਭੁੱਲੀਂ ।
ਦੌਲਤ ਤੇ ਸ਼ੋਹਰਤ ਦੁਨੀਆਂ ਦੀ
ਵੇਖ ਨਾ ਕਿੱਧਰੇ ਡੁੱਲੀਂ ।
ਸੱਚ 'ਤੇ ਦੇਈਂ ਹਰ ਪਲ ਪਹਿਰਾ
ਫੁੱਲ ਮਿਲੇ ਜਾਂ ਖਾਰ ਮਿਲੇ।
ਫੁੱਲਾਂ ਵਾਂਗੂ ਹੱਸਦੀਏ ਕੁੜੀਏ ---

ਰੱਜਕੇ ਮਿਲਣ ਦੁਆਵਾਂ ਤੈਨੂੰ
ਹਰ ਇਕ ਦਰੋਂ ਅਸੀਸ ਮਿਲੇ ।
ਪਹੁੰਚੇਂ ਸਦਾ ਬੁਲੰਦੀਆਂ ਉੱਤੇ,
ਹਰ ਇਕ ਘਰੋਂ ਅਸੀਸ ਮਿਲੇ।
ਹਰ ਮਹਿਫਲ ਤੇਰੀ ਹੋਵੇ ਚਰਚਾ,
ਹਰ ਪਾਸੇ ਸਤਕਾਰ ਮਿਲੇ।
ਫੁੱਲਾਂ ਵਾਂਗੂ ਹੱਸਦੀਏ ਕੁੜੀਏ ---

ਜੱਗ ਨੂੰ ਖੁਸ਼ੀਆਂ , ਹਾਸੇ ਵੰਡੀਂ
ਆਪਣੇ ਗ਼ਮ, ਦੁੱਖ, ਪੀੜ ਭੁਲਾਕੇ।
ਮਾਨਵਤਾ ਦਾ ਝੰਡਾ ਚੁੱਕੀਂ
ਭੇਦ- ਭਾਵ ਦਾ ਯੱਭ ਮੁਕਾਕੇ।
ਸੱਤੇ ਖੈਰਾਂ ਰਹਿਣ ਹਮੇਸ਼ਾਂ
ਬਖਸ਼ਿਸ਼ ਪਰਵਰਦਗਾਰ ਮਿਲੇ।
ਫੁੱਲਾਂ ਵਾਂਗੂ ਹੱਸਦੀਏ ਕੁੜੀਏ---

ਫੁੱਲਾਂ ਵਰਗਾ ਹਾਸਾ ਵੰਡੇਂ,
ਮਿਸਰੀ ਵਰਗੀ ਬਾਣੀ ।
'ਲਾਲ' ਕਹੇ, ਤੈਨੂੰ ਸੱਭ ਬਰਕਤਾਂ
ਬਖਸ਼ੇ ਕੁਦਰਤ ਰਾਣੀ ।
ਰਹੇ ਲਗਨ ਤੇਰੀ ਗੁਰ ਚਰਨਾਂ
'ਤੇ, ਸੱਚਾ ਗੁਰ ਦਰਬਾਰ ਮਿਲੇ।
ਫੁੱਲਾਂ ਵਾਂਗੂ ਹੱਸਦੀਏ ਕੁੜੀਏ ----



**ਲਾਲ ਸਿੰਘ ਸੁਲਹਾਣੀ**
**ਪਰਧਾਨ**
**ਲੋਕ ਚੇਤਨਾ ਵਿਕਾਸ ਮੰਚ**
91-98721-55120

---

# ਗੁਰਲਗਨ ਮਹਿੰਦੀ ਰੰਗਾ ਰਾਹੀ ਸੰਗੀਤਕ ਪਿੜ ਵਿਚ ਪੇਸ਼ ਗੀਤ ਦੀ ਗੱਲ ਕਰਦਿਆਂ



ਡਾ ਸੁਰਜੀਤ ਸਿੰਘ ਭਦੌੜ
91-98884-88060

ਕੋਰੋਨਾ ਦੇ ਚੱਲਦੇ ਲਾਕ ਡਾਊਨ ਦੀ ਮਾਰ ਨੇ ਦੁਨੀਆਂ ਦੇ ਆਰਥਿਕ ਢਾਂਚੇ ਅਤੇ ਸਿਹਤ ਦੇ ਢਾਂਚੇ ਨੂੰ ਬਹੁਤ ਬੁਰੀ ਤਰ੍ਹਾਂ ਨੁਕਸਾਨਿਆਂ ਹੈ। ਇਸ ਮਹਾਂਮਾਰੀ ਤੋਂ ਬਚਾਅ ਲਈ ਆਏ ਮਾਹਰਾਂ ਦੇ ਸੁਝਾਵਾਂ ਨੇ ਮਹਾਂਮਾਰੀ ਦੌਰਾਨ ਘਰਾਂ ਵਿਚ ਰਹਿੰਦਿਆਂ ਨਵੇਂ ਜਿੰਦਗੀ ਜਿਉਣ ਦੇ ਰਸਤੇ ਵੀ ਸਿਖਾਏ ਹਨ। ਨਿੱਤ ਦਿਨ ਜਿੰਦਗੀ ਵਿਚ ਵੀ ਸਮਾਜਕ ਦੂਰੀ ਦੀ ਪਾਲਣਾ ਲਈ ਸੰਗੀਤ ਇੰਡਸਟਰੀ ਵਿੱਚ ਵੀ ਕਈ ਪਰਯੋਗ ਸਾਹਮਣੇ ਆਏ ਹਨ। ਇਸ ਸਮੇਂ ਦੌਰਾਨ ਮਨ ਅੰਦਰ ਉਡਾਰੀ ਮਾਰਨ ਲਈ ਮਚਲਦੀ ਇਕ ਸੁਰੀਲੀ ਆਵਾਜ਼ ਗੁਰਲਗਨ ਵੀ "ਮਹਿੰਦੀ ਰੰਗਾ" ਨਾਲ ਸੰਗੀਤਕ ਪਿੜ ਵਿੱਚ ਆ ਉੱਤਰੀ ਹੈ ।ਅਡਮਿੰਟਨ ਵਾਲੇ ਵੀਰ ਸੇਵਕ ਸਿੰਘ ਦੇ ਇਸ ਗੀਤ 'ਇਸ਼ਕੇ ਦਾ ਬੂਟੜਾ ਵੇ, ਖੁਆਬਾਂ ਦਾ ਝੂਟੜਾ ਵੇ, ਮਹਿੰਦੀ ਰੰਗਾ ਸੂਟੜਾ ਵੇ ਫੱਬੇ ਦਿਲਜਾਨੀਆਂ' ਦੇ ਸਾਹਿੱਤਕ ਸ਼ਬਦ ਵੀ ਕਮਾਲ ਦੇ ਹਨ।

ਮਹਾਂਮਾਰੀ ਚ ਨਵੇਂ ਤਜਰਬਿਆਂ ਦੀ ਗੱਲ ਵੀ ਮੈਂ ਇਸ ਲਈ ਕੀਤੀ ਹੈ ਕਿ ਗਾਇਕ ਗੀਤਕਾਰ ਦੀ ਸਮਾਜਕ ਦੂਰੀ ਏਨੀ ਹੈ ਕਿ ਸਾਹਮਣੇ ਕਦੇ ਵੇਖਿਆ ਵੀ ਨਹੀਂ । ਇਸ ਤਜਰਬੇ ਵਿਚ ਕਨੇਡਾ ਤੋਂ ਆਇਆ ਇਕ ਗੀਤ ਇਸ ਨਵੀਂ ਗਾਇਕਾ ਦੀ ਆਵਾਜ਼ ਅਤੇ ਅੰਦਾਜ਼ ਦੀ ਪਰਖ ਕਰੇਗਾ ।ਗੁਰਲਗਨ ਕਿਸਮਤ ਵਾਲੀ ਵੀ ਇਸ ਲਈ ਹੈ ਕਿ ਦੋਸਤਾਂ ਦੀ ਦੁਨੀਆਂ ਦੇ ਨਾਲ ਉਹਦੇ ਮਾਪਿਆਂ ਦੇ ਘਰ ਦਾ ਮਹੌਲ ਉਹਦੇ ਨਵੇਂ ਸੰਗੀਤਕ ਖੇਤਰ ਲਈ ਸਾਜ਼ਗਾਰ ਹੈ। ਉਹਦੇ ਘਰ ਚ ਗਾਉਣ ਵਾਲਾ ਚਾਹੇ ਕੋਈ ਨਹੀਂ ਪਰ ਉਸਦਾ ਪਿਤਾ ਲਾਲ ਸਿੰਘ ਸੁਲਹਾਣੀ ਇਕ ਲੇਖਕ ਅਤੇ ਸਮਾਜ ਸੇਵਕ ਹੈ। ਗੁਰਲਗਨ ਦੀ ਮਾਤਾ ਬਲਵੰਤ ਕੌਰ ਸੁਲਹਾਣੀ ਇਕ ਉੱਘੀ ਥੀਏਟਰ ਅਦਾਕਾਰਾ ਹੈ ਜੋ ਕਈ ਪੰਜਾਬੀ ਫਿਲਮਾਂ ਵਿੱਚ ਕੰਮ ਕਰ ਚੁੱਕੀ ਹੈ । ਉਸਦੀ ਮਾਤਾ ਦਾ ਗਾਉਣ ਦਾ ਸ਼ੌਕ ਤਾਂ ਅਧੂਰਾ ਰਿਹਾ ਪਰ ਬੇਟੀ ਨੂੰ ਇਸ ਖੇਤਰ ਵਿਚ ਹੱਥ ਅਜ਼ਮਾਈ ਲਈ ਜਰੂਰ ਉਤਸ਼ਾਹਿਤ ਕੀਤਾ । ਅੱਜ ਕਲ ਬਠਿੰਡੇ ਰਹਿੰਦੀ ਪੇਸ਼ੇ ਤੋਂ ਅਧਿਆਪਕਾ "ਗੁਰਲਗਨ " ਇਸੇ ਮਹੀਨੇ ਕੋਰੋਨਾ ਮਹਾਂਮਾਰੀ ਦੌਰਾਨ ਆਪਣੀ ਸਮਾਜਕ ਜ਼ਿਮੇਵਾਰੀ ਨਿਭਾਉਂਦਿਆਂ ਮਹਾਂ ਮਾਰੀ ਤੇ ਕੇਂਦਰਿਤ ਗ਼ਜ਼ਲ "ਨਿਕਲੀਏ ਨਾ ਬਾਹਰ ਨਾਲ ਪੇਸ਼ ਹੋਈ ਸੀ । ਜਿਸ ਤੋਂ ਉਹਦੇ ਅੰਦਰ ਗਾਇਕੀ ਦੀਆਂ ਸੰਭਾਵਨਾਵਾਂ ਜਰੂਰ ਉਜਾਗਰ ਹੋਈਆਂ ਸਨ । ਉਸ ਗ਼ਜ਼ਲ ਨੂੰ ਸੁਰਿੰਦਰਪ੍ਰੀਤ ਘਣੀਆਂ ਨੇ ਕਲਮਬੱਧ ਕੀਤਾ ਸੀ। ਲੇਕਿਨ ਹੁਣ ਰਲੀਜ਼ ਹੋਇਆ ਇਹ ਗੀਤ ਮਹਿੰਦੀ ਰੰਗਾ ਗੁਰਲਗਨ ਦਾ ਸੰਗੀਤਕ ਖੇਤਰ ਲਈ ਪਲੇਠਾ ਗੀਤ ਅਤੇ ਗੁਰਲਗਨ ਦੀ ਸੁਰੀਲੀ ਆਵਾਜ਼ ਵਿਚ ਇਸ ਸਾਹਿੱਤਕ ਗੀਤ ਦੀ ਪੇਸ਼ਕਾਰੀ ਨੂੰ ਪੰਜਾਬੀ ਸੰਗੀਤਕ ਇੰਡਸਟਰੀ ਵਿੱਚ ਜੀ ਆਇਆਂ ਕਹਿਣਾ ਬਣਦਾ ਹੈ।

# ਛੋਟਾ ਘੱਲੂਘਾਰਾ- 17 ਮਈ, 1746 'ਤੇ ਵਿਸ਼ੇਸ਼



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਹਮੇਸ਼ਾ ਚਰਚਾ ਦੇ ਵਿਸ਼ੇ ਰਹੇ ਹਨ। ਸਿੱਖ ਧਰਮ ਮੂਲ ਰੂਪ ਵਿਚ ਇਕ ਸਮਾਜ ਸੁਧਾਰ ਦੀ ਇਨਕਲਾਬੀ ਲਹਿਰ ਹੈ। ਇਹ ਇਕ ਮਾਨਵਤਾਵਾਦੀ ਧਰਮ ਹੈ, ਜਿਸਨੇ ਸਦਾ ਹੀ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ। ਜੋ ਹਰ ਮਨੁੱਖ ਦੀ ਪੂਰਨ ਆਜ਼ਾਦੀ ਦਾ ਸੰਕਲਪ ਦ੍ਰਿੜ੍ਹ ਕਰਵਾਉਂਦਾ ਹੈ। ਹਕੂਮਤਾਂ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਹਰ ਹਰਬਾ ਵਰਤਿਆ। ਦੂਸਰੇ ਪਾਸੇ ਜ਼ੁਲਮਾਂ ਦਾ ਟਾਕਰਾ ਕਰਦੇ, ਮਨੁੱਖੀ ਕਦਰਾਂ-ਕੀਮਤਾਂ, ਹੱਕ-ਸੱਚ, ਨਿਆਂ ਅਤੇ ਸਵੈ-ਰੱਖਿਆ ਆਜ਼ਾਦੀ ਵਾਸਤੇ ਫੌਜੀ ਖਾਲਸਾ ਤਿਆਰ ਹੋਇਆ, ਜਿਸਨੇ ਹਮੇਸ਼ਾ ਹੱਸ-ਹੱਸ ਕੇ ਕੁਰਬਾਨੀਆਂ ਦਿੱਤੀਆਂ। ਇਤਿਹਾਸ ਦਾ ਪੰਨਾ ਪੰਨਾ ਸਿੱਖ ਸ਼ਹਾਦਤਾਂ ਦਾ ਗਵਾਹ ਹੈ। ਕਈ ਖੂਨੀ ਮੁਹਿੰਮਾਂ ਵਿਚੋਂ ਲੰਘ ਕੇ ਆਪਣਾ ਖਾਲਸਾ ਰਾਜ ਸਥਾਪਤ ਕੀਤਾ। ਹਕੂਮਤਾਂ ਨਾਲ ਟੱਕਰ ਲੈਂਦੇ ਹੋਏ 'ਛੋਟਾ ਘੱਲੂਘਾਰਾ' ਵੀ ਵਾਪਰਿਆ। ਜੋ ਇਤਿਹਾਸ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। ਜੋ ਸਿੰਘਾਂ ਅਤੇ ਮੁਗਲਾਂ ਵਿਚਕਾਰ 17 ਮਈ 1746 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਬ 'ਚ ਵਾਪਰਿਆ। ਕਾਹਨੂੰਵਾਨ ਛੰਬ ਜੋ ਗੁਰਦਾਸਪੁਰ ਤੋਂ ਮੁਕੇਰੀਆਂ ਜਾਂਦੀ ਸੜਕ ਉੱਤੇ 8 ਕਿਲੋਮੀਟਰ ਦੂਰ ਫੌਜੀ ਛਾਉਣੀ ਤਿੱਬਤ ਤੋਂ ਸੱਜੇ ਪਾਸੇ 4 ਕਿਲੋਮੀਟਰ 'ਤੇ ਸਥਿਤ ਹੈ। ਦੂਸਰੇ ਘੱਲੂਘਾਰੇ ਵੇਲੇ ਸਿੱਖਾਂ ਦਾ ਵੱਡਾ ਕਤਲੇਆਮ ਹੋਇਆ ਸੀ। ਇਸ ਲਈ ਉਸਨੂੰ ਵੱਖਰਾ ਦਰਸਾਉਣ ਲਈ ਇਸਨੂੰ 'ਛੋਟਾ ਘੱਲੂਘਾਰਾ' ਕਿਹਾ ਜਾਂਦਾ ਹੈ।

2 ਜੁਲਾਈ 1745 ਈ: ਜਕਰੀਆ ਖਾਨ ਦੀ ਮੌਤ ਤੇ ਉਸਦਾ ਲੜਕਾ ਯਹੀਆ ਖਾਨ ਲਾਹੌਰ ਦਾ ਸੂਬੇਦਾਰ ਬਣਿਆ। ਉਸਨੇ ਲੱਖਪਤ ਰਾਏ ਨੂੰ ਆਪਣਾ ਗਵਰਨਰ ਨਿਯੁਕਤ ਕੀਤਾ। ਮਈ 1746 ਵਿਚ ਐਮਨਾਬਾਦ ਸੈਦਪੁਰ ਪੱਛਮੀ ਪੰਜਾਬ ਪਾਕਿਸਤਾਨ ਨੇੜੇ ਗੁਰਦੁਆਰਾ 'ਰੋੜੀ ਸਾਹਿਬ' ਦੇ ਦਰਸ਼ਨ ਲਈ ਸਿੱਖ ਜਥੇ ਆਉਣ ਦੀ ਖ਼ਬਰ ਜਦ ਲੱਖਪੱਤ ਰਾਏ ਨੂੰ ਮਿਲੀ, ਉਸਨੇ ਸਿੰਘਾਂ ਨੂੰ ਦਰਸ਼ਨ ਤੋਂ ਰੋਕਣ ਲਈ ਆਪਣੇ ਭਰਾ ਜਸਪੱਤ ਦੀ ਅਗਵਾਈ ਹੇਠ ਫੌਜ ਲਾਹੌਰ ਭੇਜੀ। ਜਥੇ ਨੂੰ ਐਮਨਾਬਾਦ ਤੋਂ 25 ਕਿਲੋਮੀਟਰ ਦੂਰ ਪਿੰਡ ਗੁਸਾਈਆਂ ਨੇੜੇ ਰੋਕਿਆ ਗਿਆ। ਸਿੰਘ ਲੰਮੇ ਸਫ਼ਰ ਤੋਂ ਭੁੱਖਣਭਾਣੇ ਸਨ। ਉਹ ਸਿਰਫ਼ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਜਨਮ ਅਸਥਾਨ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਲੰਗਰ ਪਾਣੀ ਛਕ ਕੇ ਆਰਾਮ ਲਈ ਰਾਤ ਕੱਟਣੀ ਚਾਹੁੰਦੇ ਸਨ। ਪਰ ਜਸਪੱਤ ਨੇ ਉਹਨਾਂ ਦੀ ਇਕ ਨਾ ਸੁਣੀ। ਇਸ ਝੜੱਪ ਵਿਚ ਨਿਭਾਹੂ ਸਿੰਘ ਯੋਧੇ ਨੇ ਹਾਥੀ ਤੇ ਬੈਠੇ ਜਸਪੱਤ ਦਾ ਸਿਰ ਲਾਹ ਦਿੱਤਾ।



ਲਖਪੱਤ ਰਾਏ ਨੂੰ ਜਦੋਂ ਆਪਣੇ ਭਰਾ ਦੇ ਮਾਰੇ ਜਾਣ ਦੀ ਖ਼ਬਰ ਮਿਲੀ, ਉਸ ਕ੍ਰੋਧ ਵਿਚ ਆ ਕੇ ਫੌਜਦਾਰ ਯਹੀਆ ਖਾਨ ਦੀ ਹਾਜ਼ਰੀ ਵਿਚ ਪੱਗ ਲਾਹ ਕੇ ਸਹੁੰ ਖਾਧੀ ਕਿ ਹੁਣ ਉਹ ਸਿੱਖੀ ਦਾ ਨਾਮੋ-ਨਿਸ਼ਾਨ ਮਿਟਾ ਦੇਵੇਗਾ। ਉਸਨੇ ਲਾਹੌਰ ਦੇ ਗਵਰਨਰ ਯਹੀਆ ਖਾਨ ਤੋਂ ਫੌਜ ਮੰਗੀ। ਅਗਲੇ ਹੀ ਦਿਨ ਲਾਹੌਰ ਵਿਚ ਮੱਸਿਆ ਤੇ ਉਸਨੇ ਬਜ਼ਾਰ ਜਾਂਦੇ ਹਰ ਸਿੱਖ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ। ਇਸ ਦਰਦਨਾਕ ਘਟਨਾ ਦੀ ਦੁਖਦਾਈ ਖ਼ਬਰ ਜਰਨੈਲ ਨਵਾਬ ਕਪੂਰ ਸਿੰਘ ਜੀ ਨੂੰ ਮਿਲੀ। ਉਹਨਾਂ ਨੇ ਸਾਰੇ ਜਰਨੈਲਾਂ ਨੂੰ ਸੁਨੇਹੇ ਭੇਜ ਕੇ ਫੌਜਾਂ ਲੈ ਕੇ ਕਾਹਨੂੰਵਾਨ ਪਹੁੰਚਣ। ਜਰਨੈਲ 25000 ਦੀ ਫੌਜ ਨਾਲ ਪਹੁੰਚੇ। ਦੂਸਰੇ ਪਾਸੇ ਦੀਵਾਨ ਲਖਪਤ ਰਾਏ ਨੇ ਲੱਖਾਂ ਦੀ ਫੌਜ ਨਾਲ ਘੇਰਾ ਪਾ ਲਿਆ। ਸ਼ਾਹੀ ਫੌਜ ਨੇ ਕਾਹਨੂੰਵਾਨ, ਹਰਿਗੋਬਿੰਦਪੁਰ, ਗੁਰਦਾਸਪੁਰ, ਬਿਆਸ ਦਰਿਆ ਨਾਲ ਜੁੜੇ ਵਿਸ਼ਾਲ ਛੰਬ ਵਿਚ ਫੌਜੀ ਚੌਕੀਆਂ ਬਣਾ ਲਈਆਂ। ਤੋਪਾਂ ਬੀੜ ਦਿੱਤੀਆਂ। ਛੰਬ ਨੇੜਲੇ ਲੋਕਾਂ ਨੂੰ ਸਿੱਖਾਂ ਦੀ ਜਾਣਕਾਰੀ ਦਿੰਦੇ ਰਹਿਣ ਲਈ ਕਿਹਾ। ਪਹਾੜੀ ਰਾਜਿਆਂ ਨਾਲ ਸੰਪਰਕ ਬਣਾ ਕੇ ਸਿੱਖਾਂ ਨੂੰ ਮੁਕਾਉਣਾ ਸ਼ੁਰੂ ਕਰ ਦਿੱਤਾ।

ਇਹ ਛੰਬ ਦਾ ਸੰਘਣੇ ਜੰਗਲਾਂ ਦਾ ਇਲਾਕਾ ਪਹਿਲਾਂ ਵੀ ਮੁਸੀਬਤ ਵੇਲੇ ਸਿੰਘਾਂ ਦੀ ਪਨਾਹਗਾਹ ਸੀ। ਸਿੰਘ ਜੰਗਲ ਵਿਚ ਰਹਿਣ ਕਰਕੇ ਫੌਜੀ ਸਿਖਲਾਈ ਦੇ ਦਾਅ-ਪੇਚ ਸਭ ਜਾਣਦੇ ਸਨ। ਸਿੰਘ ਰਾਤ ਨੂੰ ਜੰਗਲ ਤੋਂ ਬਾਹਰ ਨਿਕਲਦੇ। ਲਖਪਤ ਰਾਏ ਦੀਆਂ ਫੌਜਾਂ ਦਾ ਕਤਲੇਆਮ ਕਰਕੇ ਰਾਸ਼ਨ ਅਤੇ ਹਥਿਆਰ ਲੁੱਟ ਕੇ ਟਿਕਾਣਿਆਂ 'ਤੇ ਚਲੇ ਜਾਂਦੇ।ਇਸ ਕੰਡਿਆਲੀਆਂ ਝਾੜੀਆਂ ਦੇ ਜੰਗਲ ਵਿਚ ਸਿੰਘ ਭੁੱਖਣ-ਭਾਣੇ ਗੁਰੀਲਾ ਢੰਗ ਨਾਲ ਯੁੱਧ ਦੀ ਰਣਨੀਤੀ ਵਰਤਦੇ ਰਹੇ। ਲਖਪਤ ਰਾਏ ਆਪਣੀ ਇਸ ਹਾਰ ਨੂੰ ਵੇਖ ਕੇ ਘਟੀਆਪਣ 'ਤੇ ਉਤਰ ਆਇਆ। ਉਸਨੇ ਨੇੜਲੇ ਪਿੰਡਾਂ ਦੇ ਲੁਹਾਰ ਤਰਖਾਣ ਮੰਗਵਾ ਕੇ ਜੰਗਲ ਦੇ ਹੀ ਰੁੱਖ ਕਟਵਾ ਕੇ ਚੁਫੇਰਿਓਂ ਅੱਗ ਲਗਵਾ ਦਿੱਤੀ। ਲੱਗਭੱਗ 5 ਹਜ਼ਾਰ ਸਿੰਘਾਂ ਦੀ ਫੌਜ ਨੂੰ ਮੁਸੀਬਤ ਪੈ ਗਈ।

ਸਿੰਘਾਂ ਵਾਸਤੇ ਇਹ ਘੋਰ ਬਿਪਤਾ ਦਾ ਸਮਾਂ ਸੀ। ਫਿਰ ਵੀ ਉਹਨਾਂ ਨੇ ਮੁਗਲ ਫੌਜ ਦਾ ਟਾਕਰਾ ਬੜੀ ਬਹਾਦਰੀ ਨਾਲ ਕੀਤਾ। ਇਕ ਤਾਂ ਅਤਿ ਦੀ ਗਰਮੀ, ਦੂਸਰਾ ਜੰਗਲ ਦੀ ਭਿਆਨਕ ਅੱਗ, ਤੀਸਰਾ ਉੱਚਾ ਸਿੱਧਾ ਪਹਾੜ ਤੇ ਵਿਰੋਧੀ ਰਾਜੇ, ਚੌਥਾ ਚੜ੍ਹਦੇ ਪਾਸੇ ਸ਼ੂਕਦਾ ਬਿਆਸ ਦਰਿਆ। ਛੰਬ ਛੱਡ ਕੇ ਜਾਣ ਦਾ ਕੋਈ ਰਸਤਾ ਨਹੀਂ ਸੀ। ਲਖਪਤ ਦੀਆਂ ਫੌਜਾਂ ਬੜੀ ਤੇਜ਼ੀ ਨਾਲ ਮਾਰੋ-ਮਾਰ ਕਰਦੀਆਂ ਵੱਧ ਰਹੀਆਂ ਸਨ। ਇਸ ਵਿਸ਼ਾਲ ਜੰਗੀ ਘੇਰੇ ਵਿਚ ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਸੁੱਖਾ ਸਿੰਘ ਮਾੜੀ ਕੰਬੋਕੀ, ਸਰਦਾਰ ਗੁਰਦਿਆਲ ਸਿੰਘ ਡਲੇਵਾਲ ਅਗਵਾਈ ਕਰ ਰਹੇ ਸਨ।

ਕੁਝ ਸਿੰਘਾਂ ਨੇ ਇਹ ਬਿਖੜਾ ਪੈਂਡਾ ਤਹਿ ਕਰਕੇ ਰਾਵੀ ਦਰਿਆ ਪਾਰ ਕਰਕੇ ਕਠੂਆ ਤੇ ਬਸੌਲੀ ਵੱਲ ਚਾਲੇ ਪਾ ਦਿੱਤੇ। ਅੱਗੋਂ ਪਹਾੜੀ ਰਾਜਿਆਂ ਨੇ ਗੋਲੀਆਂ ਦੀ ਬੁਛਾੜ ਕਰ ਦਿੱਤੀ। ਸਿੰਘ ਫਿਰ ਵੀ ਚੜ੍ਹਦੀ ਕਲਾ ਵਿਚ ਜੈਕਾਰੇ ਲਾਉਂਦੇ ਦੁਸ਼ਮਣ 'ਤੇ ਟੁੱਟ ਪਏ। ਉਹ ਰਣਭੂਮੀ ਵਿਚ ਜੂਝ ਰਹੇ ਸਨ। ਇਸ ਘਮਸਾਨ ਦੇ ਗਹਿਗੱਚ ਯੁੱਧ ਵਿਚ 7000 ਸਿੰਘ ਸ਼ਹੀਦੀ ਪਾ ਗਏ। ਲਖਪਤ ਰਾਏ ਦੀ ਫੌਜ ਦੇ ਨਾਮੀ ਜਰਨੈਲ ਵੀ ਮਾਰੇ ਗਏ। ਲੱਗਭੱਗ 3000 ਸਿੰਘਾਂ ਨੂੰ ਫੜ ਕੇ ਲਾਹੌਰ ਦੇ ਨਖਾਸ ਚੌਂਕ ਵਿਚ ਸ਼ਹੀਦ ਕਰ ਦਿੱਤਾ ਗਿਆ।

ਕਈ ਸਿੰਘ ਜੰਗਲ ਦੀ ਅੱਗ ਤੇ ਦਰਿਆ ਦੀ ਮਾਰ ਹੇਠ ਸ਼ਹੀਦੀਆਂ ਪਾ ਗਏ। ਪਹਿਲਾਂ ਇਸ ਯੁੱਧ ਨੂੰ ਸਿਰਫ਼ ਘੱਲੂਘਾਰਾ ਹੀ ਕਿਹਾ ਜਾਂਦਾ ਸੀ। ਮੁਗਲਾਂ ਦੇ ਦੋ ਦਹਾਕੇ ਚੱਲੇ ਇਸ ਤਸ਼ੱਦਦ ਵਿਚ। ਫਿਰ 1762 ਈ: ਵਿਚ ਕੁੱਪ-ਰਹੀੜੇ ਦੇ ਅਸਥਾਨ 'ਤੇ ਹੋਏ ਸਿੱਖਾਂ ਦੇ ਭਾਰੀ ਕਤਲੇਆਮ ਤੋਂ ਬਾਅਦ ਇਸ ਨੂੰ 'ਛੋਟਾ ਘੱਲੂਘਾਰਾ' ਕਿਹਾ ਜਾਣ ਲੱਗ ਪਿਆ। ਘੱਲੂਘਾਰੇ ਦਾ ਮਤਲਬ ਹੈ- 'ਸਭ ਕੁਝ ਬਰਬਾਦ ਹੋ ਜਾਣਾ'। ਘੱਲੂਘਾਰਾ ਅਫ਼ਗਾਨੀ ਬੋਲੀ ਵਿਚੋਂ ਹੈ।

**ਅੰਤਿਕਾ:-** ਇਤਿਹਾਸ ਗਵਾਹ ਹੈ ਕਿ ਸਿੰਘ ਜਦ ਵੀ ਯੁੱਧ ਵਿਚ ਜੂਝੇ, ਉਹਨਾਂ ਆਪਣੀ ਨਿੱਜੀ ਹੋਂਦ ਨੂੰ ਧਰਮ ਯੁੱਧ ਵਿਚ ਸਮਰਪਣ ਕੀਤਾ ਹੈ। ਉਹਨਾਂ ਕਦੇ ਮੌਤ ਨਾਲ ਸਮਝੌਤਾ ਨਹੀਂ ਕੀਤਾ। ਜੂਝ ਕੇ ਮਰਨ ਮਿਟਣ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਗਾਉਂਦੇ ਸਨ:

ਸਿਰੁ ਜਾਵੇ ਤਾ ਜਾਵੇ ਮੇਰਾ ਸਿਖੀ ਸਿਦਕ ਨਾ ਜਾਵੇ
ਸਮੂਹ ਸ਼ਹੀਦਾਂ ਨੂੰ ਕੌਮ ਦਾ ਪ੍ਰਣਾਮ।

# ਕਿਰਤ ਕਨੂੰਨ 'ਚ ਤਬਦੀਲੀ, ਕ੍ਰਿਤ ਕਾਨੂੰਨਾਂ ਦਾ ਦੌਰ ਖ਼ਤਮ ਕਰਨ ਦੀ ਚਾਲ



ਗੁਰਮੀਤ ਸਿੰਘ ਪਲਾਹੀ
91-98158-02070

ਰਾਜਸਥਾਨ, ਗੁਜਰਾਤ, ਹਰਿਆਣਾ, ਹਿਮਾਚਲ ਪ੍ਰਦੇਸ਼, ਉੜੀਸਾ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਦੇਸ਼ ਦੇ ਕਈ ਹੋਰ ਸੂਬਿਆਂ ਨੇ ਮਜ਼ਦੂਰਾਂ ਦਾ ਪ੍ਰਤੀ ਦਿਨ ਕੰਮ ਕਰਨ ਦਾ ਸਮਾਂ 8 ਘੰਟੇ ਤੋਂ ਵਧਾਕੇ 12 ਘੰਟੇ ਤੱਕ ਕਰ ਦਿੱਤਾ ਹੈ। ਮਜ਼ਦੂਰਾਂ ਦੇ ਪ੍ਰਤੀ ਹਫ਼ਤਾ 72 ਘੰਟੇ ਓਵਰ ਟਾਈਮ ਕਰਵਾਉਣ ਅਤੇ ਮਾਲਕਾਂ ਨੂੰ ਆਪਣੀ ਸਹੂਲਤ ਦੇ ਮੁਤਾਬਕ ਸਮਾਂ ਬਦਲਣ ਦੀ ਖੁੱਲ੍ਹ ਦਿੱਤੀ ਗਈ ਹੈ। ਆਰਥਿਕ ਮੰਦੀ ਅਤੇ ਮਜ਼ਦੂਰਾਂ ਦੀ ਘਾਟ ਦੇ ਮੱਦੇ ਨਜ਼ਰ ਇਹ ਕਾਨੂੰਨ ਅਗਲੇ ਤਿੰਨ ਸਾਲਾਂ ਅਰਥਾਤ 1000 ਦਿਨਾਂ ਲਈ ਲਾਗੂ ਕੀਤੇ ਗਏ ਹਨ ਅਤੇ ਸਾਰੇ ਕਿਰਤ ਕਨੂੰਨ ਪਾਲਣਾ ਕਰਨ ਤੋਂ ਉੱਤਰ ਪ੍ਰਦੇਸ਼, ਗੁਜਰਾਤ ਤੇ ਮੱਧ ਪ੍ਰਦੇਸ਼ ਸਰਕਾਰਾਂ ਵਲੋਂ ਮਾਲਕਾਂ ਨੂੰ ਛੋਟ ਦਿੱਤੀ ਗਈ ਹੈ। ਭਾਵੇਂ ਕਿ ਉੱਤਰ ਪ੍ਰਦੇਸ਼ ਦੀ ਸਰਕਾਰ ਨੂੰ ਮਜ਼ਦੂਰ ਜੱਥੇਬੰਦੀਆਂ ਦੇ ਦਬਾਅ ਹੇਠ ਮਾਲਕਾਂ ਨੂੰ ਦਿੱਤੀਆਂ ਇਹ ਛੋਟਾਂ ਵਾਪਿਸ ਲੈਣੀਆਂ ਪਈਆਂ ਹਨ।

ਦੇਸ਼ ਵਿੱਚ ਅੰਦਾਜ਼ਨ 200 ਸੂਬਿਆਂ 'ਚ ਕਿਰਤ ਕਾਨੂੰਨ ਹਨ ਅਤੇ ਲਗਭਗ 50 ਕੇਂਦਰੀ ਸਰਕਾਰ ਵਲੋਂ ਬਣਾਏ ਕਿਰਤ ਕਾਨੂੰਨ ਹਨ।ਇਹਨਾ ਵਿੱਚ ਫੈਕਟਰੀ ਐਕਟ 1948, ਦੀ ਕੰਨਟਰੈਕਟਰ ਲੇਬਰ ਐਕਟ 1970, ਸ਼ਾਪਸ ਐਂਡ ਕਮਰਸ਼ੀਅਲ ਇਸਟੈਬਲਿਸ਼ਮੈਂਟ ਐਕਟ ਕਾਮਿਆਂ ਦੀ ਕੰਮ ਦੀਆਂ ਹਾਲਤਾਂ ਬਾਰੇ ਹੈ ਜਦਕਿ ਘੱਟੋ-ਘੱਟ ਵੇਜ ਐਕਟ 1948, ਪੇਮੈਂਟ ਆਫ਼ ਵੇਜ ਐਕਟ 1936 ਕਾਮਿਆਂ ਦੀਆਂ ਤਨਖਾਹਾਂ ਸਬੰਧੀ, ਇੰਮਪਲਾਈਜ਼ ਪ੍ਰਾਵੀਡੈਂਟ ਫੰਡ ਐਕਟ 1952 ਵਰਕਮੈਨ ਕੰਮਪਨਸੇਸ਼ਨ ਐਕਟ 1927, ਇੰਮਪਲਾਈਜ਼ ਸਟੇਟ ਸਬੰਧੀ ਅਤੇ ਦੀ ਇੰਡਸਟਰੀਅਲ ਡਿਸਪਿਊਟ ਐਕਟ 1947 ਇੰਡਸਟਰੀਅਲ ਇਸਟੈਬਲਿਸ਼ਮੈਂਟਸ (ਸੈਟਿੰਗ ਆਰਡਰ) ਐਕਟ 1946 ਰੁਜ਼ਗਾਰ ਸੁਰੱਖਿਆ ਅਤੇ ਉਦਯੋਗਿਕ ਰਿਸ਼ਤਿਆਂ ਸਬੰਧੀ ਹੈ।

ਇਹ ਕਾਨੂੰਨ ਫੈਕਟਰੀਆਂ, ਦੁਕਾਨਾਂ, ਵਪਾਰਕ ਅਦਾਰਿਆਂ ਆਦਿ ਤੇ ਲਾਗੂ ਹੁੰਦੇ ਹਨ, ਜਿਹਨਾ ਵਿੱਚ ਕਿਰਤੀ ਦੇ ਕੰਮ ਦੇ ਘੰਟੇ, ਓਵਰ ਟਾਈਮ, ਹਫਤਾਵਾਰੀ ਛੁੱਟੀ, ਸਲਾਨਾ ਛੁੱਟੀਆਂ, ਔਰਤਾਂ ਦੇ ਰੁਜ਼ਗਾਰ, ਘੱਟੋ-ਘੱਟ ਤਨਖਾਹ ਬਾਰੇ ਵੇਰਵੇ ਜਾਂ ਨਿਯਮ ਦਰਜ਼ ਹਨ। ਪਰ ਸਭ ਤੋਂ ਮਹੱਤਵਪੂਰਨ ਇੰਡਸਟਰੀਅਲ ਡਿਸਪਿਊਟ ਐਕਟ 1947 ਹੈ,ਜਿਹੜਾ ਵਰਕਰਾਂ ਦੀ ਛਾਂਟੀ, ਹੜਤਾਲਾਂ ਅਤੇ ਕਾਰਖ਼ਾਨਿਆਂ ਨੂੰ ਬੰਦ ਕਰਨ ਸਬੰਧੀ ਹੈ। ਜੇਕਰ ਇਹ ਸਾਰੇ ਕਿਰਤ ਕਾਨੂੰਨ ਭੰਗ ਕਰ ਦਿੱਤੇ ਜਾਂਦੇ ਹਨ ਤਾਂ ਸਾਰੇ ਕਿਰਤੀ ਅਣਸੰਗਠਿਤ ਖੇਤਰ 'ਚ ਪੁੱਜ ਜਾਣਗੇ ਅਤੇ ਕੰਮ ਦੀ ਦਿਹਾੜੀ ਘੱਟ ਜਾਏਗੀ ਅਤੇ ਕਾਮਿਆਂ ਨੂੰ ਕਿਧਰੇ ਵੀ ਸ਼ਕਾਇਤ ਕਰਨ ਦਾ ਮੌਕਾ ਨਹੀਂ ਮਿਲੇਗਾ। ਪਿਛਲੇ ਤਿੰਨ ਦਹਾਕਿਆਂ ਤੋਂ ਸੱਤਾਧਾਰੀ ਧਿਰ ਵਿੱਚ ਇਹ ਆਮ ਰਾਏ ਬਣ ਰਹੀ ਹੈ ਕਿ ਕਿਰਤੀਆਂ ਦੇ ਹਿੱਤ ਲਈ ਬਣਾਏ ਗਏ ਇਹ ਕਾਨੂੰਨ, ਮੁਕਤ ਬਜ਼ਾਰ ਦੇ ਵਿਕਾਸ ਵਿੱਚ ਰੋੜਾ ਬਣ ਰਹੇ ਹਨ। ਇਹ ਵਿਚਾਰ ਅਸਲ ਵਿੱਚ ਭਾਰਤੀ ਅਰਥ ਵਿਵਸਥਾ ਵਿੱਚ ਹੋ ਰਹੇ ਨਿਰੰਤਰ ਉਦਾਰੀਕਰਨ ਦਾ ਸਿੱਟਾ ਹੈ। ਮਜ਼ਦੂਰ ਹਿਤੂ ਕਾਨੂੰਨ, ਮਾਲਕਾਂ ਅਨੁਸਾਰ ਉਤਪਾਦਨ ਵਿਵਸਥਾ ਵਿੱਚ ਬਜ਼ਾਰ ਦੀਆਂ ਜ਼ਰੂਰਤਾਂ ਦੇ ਅਨੁਸਾਰ ਰੋਜ਼ਗਾਰ ਸਬੰਧਾਂ ਵਿੱਚ ਅਸਥਾਈਕਰਨ ਕਰਨ ਵਾਲੀਆਂ ਹਾਲਤਾਂ ਨੂੰ ਲਾਗੂ ਕਰਨ 'ਚ ਅੜਿੱਕਾ ਹਨ। ਪਰ ਦੂਜੇ ਪਾਸੇ ਸੱਚਾਈ ਇਹ ਹੈ ਕਿ ਮਜ਼ਦੂਰ ਵਰਗ ਦਾ ਇੱਕ ਵੱਡਾ ਹਿੱਸਾ ਮਜ਼ਦੂਰ ਕਿਰਤ ਕਾਨੂੰਨ ਦੇ ਘੇਰੇ ਤੋਂ ਬਾਹਰ ਰਿਹਾ ਹੈ। ਕਿਰਤ ਕਾਨੂੰਨ ਤਾਂ ਸਥਾਈ ਕੰਮਾਂ ਅਤੇ ਵੱਡੇ ਕਾਰੋਬਾਰੀ ਹਾਊਸਾਂ ਆਦਿ ਵਿਚ ਹੀ ਲਾਗੂ ਹੁੰਦੇ ਰਹੇ ਹਨ। ਛੋਟੇ ਉਦਯੋਗ ਜਾਂ ਅਸਥਾਈ ਕੰਮਾਂ 'ਚ ਇਹ ਕਾਨੂੰਨ ਜਾਂ ਤਾਂ ਲਾਗੂ ਹੀ ਨਹੀਂ ਕੀਤੇ ਜਾਂਦੇ ਜਾਂ ਹੱਥ ਕੰਡੇ ਵਰਤਕੇ ਮਾਲਕਾਂ ਵਲੋਂ ਇਹਨਾ ਤੋਂ ਬਚਿਆ ਜਾਂਦਾ ਹੈ। ਕਿਰਤ ਕਾਨੂੰਨ ਕਿਰਤੀ ਲਈ 8 ਘੰਟੇ ਦਿਹਾੜੀ ਦਾ ਪ੍ਰਵਾਧਾਨ ਕਰਦਾ ਹੈ ਅਤੇ ਇੱਕ ਹਫ਼ਤੇ ਵਿੱਚ 48 ਘੰਟੇ ਕੰਮ ਕਰਨ ਦੀ ਆਗਿਆ ਦਿੰਦਾ ਹੈ। ਫੈਕਟਰੀ ਐਕਟ 1948 ਅਨੁਸਾਰ 18 ਘੰਟਿਆਂ ਦੀ ਘੱਟ ਉਮਰ ਵਾਲਾ ਵਿਅਕਤੀ ਕੰਮ ਤੇ ਨਹੀਂ ਰੱਖਿਆ ਜਾ ਸਕਦਾ ਅਤੇ ਕਿਸੇ ਵੀ ਕਿਰਤੀ ਤੋਂ ਦਿਨ ਵਿੱਚ 8 ਘੰਟੇ ਤੋਂ ਬਾਅਦ ਵੱਧ ਤੋਂ ਵੱਧ ਢਾਈ ਘੰਟੇ ਓਵਰ ਟਾਈਮ ਕਰਵਾਇਆ ਜਾ ਸਕਦਾ ਹੈ। ਕਿਰਤੀ ਨੂੰ ਹੱਕ ਹੈ ਕਿ ਉਹ ਕੰਮ ਦੀਆਂ ਹਾਲਤਾਂ ਬਾਰੇ ਜਾਣੇ, ਉਹ ਉਸ ਕੰਮ ਨੂੰ ਕਰੇ ਜਾਂ ਨਾ ਕਰੇ ਅਤੇ ਉਸਨੂੰ ਹੱਕ ਹੈ ਕਿ ਉਹ ਆਪਣੀ ਜ਼ਿੰਦਗੀ ਨੂੰ ਜ਼ੋਖਮ 'ਚ ਪਾਉਣ ਵਾਲੇ ਕੰਮ ਤੋਂ ਨਾਂਹ ਕਰੇ।



ਪਰ ਉਦਾਰੀਕਰਨ ਦੇ 1990 ਦੇ ਦਹਾਕੇ ਤੋਂ ਬਾਅਦ ਮਾਲਕਾਂ ਨੇ ਕਾਰਵਾਈ ਕਰਕੇ ਕਿਰਤ ਕਾਨੂੰਨ ਨੂੰ ਪਹਿਲਾਂ ਹੀ ਪ੍ਰਭਾਵੀ ਹੋਣ ਤੋਂ ਰੋਕਣ ਲਈ ਕੰਮ ਕੀਤਾ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੇ ਪੱਧਰ ਉਤੇ ਇਹੋ ਜਿਹੇ ਕਦਮ ਚੁਕਵਾਏ ਗਏ ਜਿਸ ਨਾਲ ਫੈਕਟਰੀਆਂ ਦਾ ਸਰਕਾਰੀ ਨਿਰੀਖਣ ਵਿੱਧੀਬੱਧ ਨਾ ਹੋਵੇ, ਮਾਲਕ ਆਪਣੀ ਮਰਜ਼ੀ ਨਾਲ ਨਿਯਮ ਲਾਗੂ ਕਰਨ, ਘੱਟੋ-ਘੱਟ ਤਨਖ਼ਾਹ ਲਾਗੂ ਨਾ ਕਰਨੀ ਪਵੇ, ਕੋਈ ਮੁਆਵਜ਼ਾ ਨਾ ਦੇਣਾ ਪਵੇ, ਸੁਰੱਖਿਆ ਮਾਣਕਾਂ ਨੂੰ ਨਾ ਅਪਨਾਉਣਾ ਪਵੇ ਆਦਿ। ਕੋਰੋਨਾ ਆਫ਼ਤ ਲੌਕਡਾਊਨ ਸਮੇਂ ਐਮਰਜੈਂਸੀ ਜਿਹੀ ਸਥਿਤੀ 'ਚ ਮਾਲਕਾਂ ਅਤੇ ਕਾਰਪੋਰੇਟ ਸੈਕਟਰ ਨੂੰ ਇਸ ਲੇਬਰ ਲਾਅ ਨੂੰ ਕਮਜ਼ੋਰ ਕਰਨ ਦਾ ਸੁਨਿਹਰੀ ਮੌਕਾ ਪ੍ਰਦਾਨ ਕਰ ਦਿੱਤਾ ਹੈ। ਸਰਕਾਰ ਆਮ ਆਦਮੀ ਦੀ ਸਿੱਖਿਆ ਅਤੇ ਸਿਹਤ ਸਹੂਲਤਾਂ ਵਰਗੇ ਆਪਣੇ ਫ਼ਰਜ਼ਾਂ ਦੇ ਨਾਲ-ਨਾਲ ਹੁਣ ਮਜ਼ਦੂਰਾਂ ਦੇ ਹਿੱਤਾਂ ਨੂੰ ਵੀ ਛਿੱਕੇ ਟੰਗਕੇ, ਮਜ਼ਦੂਰਾਂ ਦੇ ਘੱਟੋ-ਘੱਟ ਨੀਅਤ ਸਮੇਂ ਅਤੇ ਲੇਬਰ ਲਾਅ 'ਚ ਮਿਲੇ ਹੱਕਾਂ ਨੂੰ ਪੈਰਾਂ ਹੇਠ ਦਰੜ ਰਹੀ ਹੈ। ਪੂੰਜੀਪਤੀ ਅਤੇ ਰਾਜ ਸੱਤਾ, ਵੱਡੇ ਕਾਰੋਬਾਰੀਆਂ ਦੇ ਹਿੱਤਾਂ ਦੀ ਰਾਖੀ ਕਰਦਿਆਂ ਕੋਰੋਨਾ ਆਫ਼ਤ ਸਮੇਂ ਆਰਥਿਕ ਮੰਦਵਾੜੇ ਦੇ ਵਿਚੋਂ ਦੇਸ਼ ਨੂੰ ਬਾਹਰ ਕੱਢਣ ਦੇ ਨਾਮ ਉਤੇ ਵੱਡੀਆਂ ਛੋਟਾਂ ਦੇ ਰਹੀ ਹੈ ਕਿਉਂਕਿ ਉਹ ਸਮਝਦੀ ਹੈ ਕਿ ਆਮ ਹਾਲਤਾਂ 'ਚ ਮਜ਼ਦੂਰ ਸੰਗਠਨ ਮਜ਼ਦੂਰਾਂ ਦੇ ਹੱਕਾਂ 'ਚ ਆਵਾਜ਼ ਉਠਾਉਣਗੇ ਅਤੇ ਵਿਰੋਧ ਪ੍ਰਗਟ ਕਰਨਗੇ। ਇਹਨਾ ਮਜ਼ਦੂਰ ਵਿਰੋਧੀ ਫ਼ੈਸਲਿਆਂ ਦਾ ਅਸਰ ਨਾ ਸਿਰਫ਼ ਮਜ਼ਦੂਰਾਂ ਉਤੇ ਬਲਕਿ ਪੂਰੀ ਅਰਥਵਿਵਸਥਾ ਅਤੇ ਪੂਰੇ ਸਮਾਜ ਉਤੇ ਪਵੇਗਾ। ਕੰਮ ਦੇ ਘੰਟੇ ਵਧਣ ਨਾਲ ਜਿਥੇ ਮਜ਼ਦੂਰਾਂ ਦਾ ਸੋਸ਼ਣ ਵਧੇਗਾ, ਉਥੇ ਤਿੰਨ ਮਜ਼ਦੂਰਾਂ ਦਾ ਕੰਮ ਦੋ ਮਜ਼ਦੂਰਾਂ ਤੋਂ ਲਿਆ ਜਾਏਗਾ, ਜਿਸ ਨਾਲ ਪਹਿਲਾਂ ਹੀ ਵਧੀ ਹੋਈ ਬੇਰੁਜ਼ਗਾਰੀ ਹੋਰ ਵੀ ਵਧੇਗੀ। ਇਸਦੇ ਨਾਲ-ਨਾਲ ਕੰਮ ਕਰਨ ਵਾਲੇ ਕਿਰਤੀ ਦੀ ਤਾਕਤ ਵਿੱਚ ਵੀ ਕਮੀ ਦਿਖੇਗੀ। ਕਿਰਤ ਕਾਨੂੰਨ ਵਿੱਚ ਇਹ ਬਦਲਾਅ ਮਜ਼ਦੂਰ ਜਮਾਤ ਲਈ ਮਾਰੂ ਸਿੱਧ ਹੋਏਗਾ। ਜਿਸ ਨਾਲ ਮਜ਼ਦੂਰਾਂ ਦੀ ਕੰਮ ਕਰਨ ਵਾਲੀਆਂ ਪ੍ਰਸਥਿਤੀਆਂ ਬਹੁਤ ਹੀ ਭੈੜੀਆਂ ਹੋ ਜਾਣਗੀਆਂ। ਮਾਲਿਕ ਮਜ਼ਦੂਰਾਂ ਦੀ ਤਨਖਾਹ ਆਪਣੇ ਢੰਗ ਨਾਲ ਨੀਅਤ ਕਰਨਗੇ। ਮੁਆਵਜ਼ੇ ਨਿਰਧਾਰਤ ਕਰਨ, ਛੁੱਟੀ ਦੇਣ ਜਾਂ ਫਿਰ ਓਵਰ ਟਾਈਮ ਕੰਮ ਲੈਣ ਦਾ ਹੱਕ ਸਿਰਫ਼ ਮਾਲਕ ਦੇ ਕੋਲ ਹੀ ਰਹਿ ਜਾਏਗਾ। ਪਹਿਲਾਂ ਹੀ ਅਣਸੰਗਠਿਤ ਖੇਤਰ ਵਿੱਚ ਘੱਟ ਤਨਖਾਹ ਉਤੇ ਵੱਡੀ ਗਿਣਤੀ ਮਰਦ ਮਜ਼ਦੂਰ ਅਤੇ ਔਰਤਾਂ ਜੀਅ ਤੋੜਕੇ ਕੰਮ ਕਰ ਰਹੇ ਹਨ। ਇਸ ਖੇਤਰ ਵਿੱਚ ਸਰਕਾਰੀ ਕਾਨੂੰਨਾਂ ਦੀ ਕੋਈ ਮੌਜੂਦਗੀ ਨਹੀਂ ਦਿਸਦੀ। ਜਦ ਫੈਕਟਰੀਆਂ ਦੇ ਮਾਲਕ ਮਨਮਾਨੀਆਂ ਕਰਨਗੇ, ਤਾਂ ਕਿਰਤੀ ਇਹਨਾ ਵਿਚੋਂ ਕੰਮ ਛੱਡਕੇ ਅਸੰਗਠਿਤ ਖੇਤਰ ਵਿੱਚ ਜਾਣ ਲਈ ਮਜ਼ਬੂਰ ਹੋ ਜਾਣਗੇ। ਇਹ ਸਥਿਤੀ ਕਿਰਤੀਆਂ ਵਿੱਚ ਅਨਸ਼ਿਚਤਿਤਾ ਦਾ ਵਾਤਾਵਰਨ ਸਿਰਜੇਗੀ ਅਤੇ ਪਹਿਲਾਂ ਹੀ ਅਣਸੰਗਠਿਤ ਖੇਤਰ ਦੇ ਕਾਮਿਆਂ ਦੀ ਅਸੁਰੱਖਿਅਤਾ ਵਿੱਚ ਵਾਧਾ ਕਰੇਗੀ।

ਅੱਜ ਜਦੋਂ ਅਰਥ ਵਿਵਸਥਾ ਸੁਸਤ ਹੈ, ਸਮਾਜਿਕ ਤਾਣੇ ਬਾਣੇ ਵਿੱਚ ਤਣਾਅ ਹੈ, ਸਿਹਤ ਪ੍ਰਣਾਲੀ ਵਿੱਚ ਜ਼ਰੂਰਤੋਂ ਵੱਧ ਦਬਾਅ ਹੈ, ਉਸ ਹਾਲਤ ਵਿੱਚ ਮਜ਼ਦੂਰਾਂ ਦੇ ਜੀਵਨ, ਜੀਵਿਕਾ ਅਤੇ ਆਜ਼ਾਦੀ ਦੇ ਸਤਰ ਦਾ ਧਿਆਨ ਰੱਖਣਾ ਸਰਕਾਰ ਦਾ ਫਰਜ਼ ਹੈ। ਪਰ ਸਰਕਾਰ ਇਸ ਤੋਂ ਮੁੱਖ ਮੋੜ ਰਹੀ ਹੈ।

ਮਹਾਂਮਾਰੀ ਇੱਕ ਸਮਾਜਿਕ ਮੁੱਦਾ ਹੈ। ਮਹਾਂਮਾਰੀ ਦਾ ਪ੍ਰਭਾਵ ਸਭ ਤੋਂ ਵੱਧ ਕਿਰਤੀ ਵਰਗ ਉਤੇ ਪਿਆ ਹੈ। ਇਸ ਮਹਾਂਮਾਰੀ ਕਾਰਨ ਸ਼ਰਾਬ ਖੋਰੀ ਵਧੀ ਹੈ। ਘਰੇਲੂ ਹਿੰਸਾ 'ਚ ਵਾਧਾ ਹੋਇਆ ਹੈ। ਆਤਮ ਹੱਤਿਆਵਾਂ ਵਧੀਆਂ ਹਨ। ਮਜ਼ਦੂਰ ਕਿਰਤੀ ਘਰੋਂ ਬੇਘਰ ਹੋਇਆ ਹੈ ਅਤੇ ਸੁਰੱਖਿਅਤ ਥਾਵਾਂ ਦੀ ਭਾਲ ਵਿੱਚ ਹੈ। ਇਸਦੇ ਨਾਲ ਹੀ ਮੌਤ ਅਤੇ ਬੀਮਾਰੀ, ਗਰੀਬੀ ਅਤੇ ਬੇਰੁਜ਼ਗਾਰੀ ਨੇ ਪੈਰ ਪਸਾਰੇ ਹਨ। ਮਾਨਸਿਕ ਤੌਰ ਤੇ ਵੀ ਲੋਕ ਟੁੱਟੇ ਹਨ ਅਤੇ ਪ੍ਰੇਸ਼ਾਨੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਦੇਸ਼ ਦੀ ਵੰਡ ਤੋਂ ਬਾਅਦ ਭਾਰਤ ਵਿੱਚ ਇਹ ਇੱਕ ਵੱਡੀ ਤ੍ਰਾਸਦੀ ਹੈ ਅਤੇ 1929-32 ਵਿਸ਼ਵ ਪੱਧਰੀ ਆਰਥਿਕ ਮੰਦੀ ਤੋਂ ਬਾਅਦ ਦੀ ਇਹ ਸਭ ਤੋਂ ਵੱਡੀ ਵਿਸ਼ਵ ਮੰਦੀ ਹੈ। ਇਸ ਮੰਦੀ ਦੇ ਦੌਰ 'ਚੋਂ ਉਭਾਰ ਲਈ ਮਜ਼ਦੂਰਾਂ ਦੀ ਭੂਮਿਕਾ ਅਹਿਮ ਹੈ। ਉਹਨਾ ਦੇ ਕਿਰਤ ਕਾਨੂੰਨ ਵਿੱਚ ਵਿਆਪਕ ਤਬਦੀਲੀ ਉਹਨਾ ਦੀ ਜ਼ਿੰਦਗੀ ਹੋਰ ਵੀ ਔਖੀ ਕਰ ਦੇਵੇਗੀ। ਅਸਲ ਵਿੱਚ ਕ੍ਰਿਤ ਕਾਨੂੰਨਾਂ ਵਿੱਚ ਬਦਲਾਅ ਦਾ ਅਸਰ ਸਿਰਫ਼ ਮਜ਼ਦੂਰਾਂ ਉਤੇ ਨਹੀਂ ਬਲਕਿ ਪੂਰੀ ਅਰਥ ਵਿਵਸਥਾ ਅਤੇ ਸਮੁੱਚੇ ਸਮਾਜ ਉਤੇ ਪਵੇਗਾ। ਸਰਕਾਰ ਵਲੋਂ ਕ੍ਰਿਤ ਕਾਨੂੰਨ ਵਿੱਚ ਬਦਲਾਅ 20ਵੀ ਸਦੀ ਦੇ ਕਿਰਤ ਕਾਨੂੰਨਾਂ ਦਾ ਦੌਰ ਖਤਮ ਕਰਨ ਦੀ ਇੱਕ ਉਦਾਹਰਨ ਹੈ। *(ਪੰਜਾਬੀ ਫੀਚਰ ਸਿੰਡੀਕੇਟ ਵਲੋਂ ਜਾਰੀ)*

# ਪੰਜਾਬ ਵਿਚ ਫ਼ਸਲੀ ਵੰਨ-ਸੁਵੰਨਤਾ ਸਮੇਂ ਦੀ ਲੋੜ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

12 ਮਈ, 2020 ਨੂੰ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰ ਨੂੰ ਸੰਬੋਧਨ ਕਰਦੇ ਹੋਏ ਮੁਲਕ ਨੂੰ ਆਤਮ-ਨਿਰਭਰ ਬਣਾਉਣ ਉੱਤੇ ਜ਼ੋਰ ਦਿੰਦੇ ਹੋਏ ਸਥਾਨਿਕਤਾ ਵੱਲ ਵਧੇਰੇ ਧਿਆਨ ਲਈ ਕਿਹਾ ਹੈ। ਵਿਸ਼ਵ ਆਰਥਿਕ ਸੰਗਠਨ ਦੁਆਰਾ ਅੰਕੜਿਆਂ ਦੀ ਆਨਲਾਈਨ ਇਕ ਜਰਮਨ ਪੋਰਟਲ ਸਟੈਟਿਸਟਾ ਦੇ ਇਕ ਤਾਜੇ ਅਧਿਐਨ ਨੂੰ ਸਾਂਝਾ ਕਰਨ ਅਨੁਸਾਰ ਦੁਨੀਆ ਦੇ ਕੁਝ ਮੁਲਕਾਂ ਦੇ ਲੋਕਾਂ ਦਾ ਮੰਨਣਾ ਹੈ ਕਿ ਸਰਮਾਏਦਾਰ/ਕਾਰਪੋਰੇਟ ਆਰਥਿਕ ਵਿਕਾਸ ਮਾਡਲ ਆਮ ਲੋਕਾਂ ਦੇ ਹਿੱਤਾਂ ਦੇ ਉਲਟ ਕੰਮ ਕਰਦਾ ਹੈ। ਇਹ ਵਿਕਾਸ ਮਾਡਲ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਉੱਪਰ ਆਧਾਰਿਤ ਹੈ। ਇਸ ਸੰਦਰਭ ਵਿਚ ਮੁਲਕ ਦੇ ਪ੍ਰਧਾਨ ਮੰਤਰੀ ਵੱਲੋਂ ਆਤਮ-ਨਿਰਭਰਤਾ ਅਤੇ ਸਥਾਨਿਕਤਾ ਉੱਪਰ ਜ਼ੋਰ ਦੇਣਾ ਬਹੁਤ ਤਰਕਸੰਗਤ ਹੈ। ਕਰੋਨਾਵਾਇਰਸ ਦੀ ਮਹਾਂਮਾਰੀ ਦੇ ਸੰਕਟ ਨੇ ਦੁਨੀਆਂ ਦੇ ਲਗਭਗ ਸਾਰੇ ਮੁਲਕਾਂ ਦੀਆਂ ਅਰਥਵਿਵਸਥਾਵਾਂ ਨੂੰ ਬਹੁਤ ਸੁਨੇਹੇ ਦਿੱਤੇ ਹਨ। ਇਨ੍ਹਾਂ ਵਿਚੋਂ ਇਕ ਬਹੁਤ ਹੀ ਅਹਿਮ ਸੁਨੇਹਾ ਇਹ ਹੈ ਕਿ ਮਨੁੱਖਤਾ ਦੀ ਜੀਵਨ-ਰੇਖਾ ਨੂੰ ਚੱਲਦੇ ਰੱਖਣ ਲਈ ਕਾਰਾਂ, ਕੋਠੀਆਂ, ਹਵਾਈ ਜਹਾਜ਼ਾਂ, ਮੋਬਾਇਲ ਫੋਨਾਂ ਅਤੇ ਇਸ ਤਰ੍ਹਾਂ ਦੀਆਂ ਹੋਰ ਵਸਤਾਂ ਨਹੀਂ, ਸਗੋਂ ਖੇਤੀਬਾੜੀ ਜ਼ਰੂਰੀ ਹੈ।

ਪੰਜਾਬ ਮੁਲਕ ਦਾ ਉਹ ਸੂਬਾ ਹੈ ਜਿਸ ਨੇ ਖੇਤੀਬਾੜੀ ਉਤਪਾਦਕਤਾ ਅਤੇ ਉਤਪਾਦਨ ਵਿਚ ਬਹੁਤ ਮੱਲਾਂ ਮਾਰੀਆਂ ਹਨ। ਮੁਲਕ ਵਿਚ ਦੂਜੀ ਪੰਜ ਸਾਲਾਂ ਯੋਜਨਾ ਦੌਰਾਨ ਮੁੱਖ ਤਰਜੀਹ ਖੇਤੀਬਾੜੀ ਖੇਤਰ ਦੇ ਵਿਕਾਸ ਦੀ ਜਗ੍ਹਾ ਉਦਯੋਗਿਕ ਖੇਤਰ ਦੇ ਵਿਕਾਸ ਨੂੰ ਦੇਣ ਦੇ ਨਤੀਜੇ ਵਜੋਂ ਮੁਲਕ ਨੂੰ ਅਨਾਜ ਪਦਾਰਥਾ ਦੀ ਥੁੜ੍ਹ ਦਾ ਸਾਹਮਣਾ ਕਰਾ ਪਿਆ ਅਤੇ 1964-66 ਦੌਰਾਨ ਮੁਲਕ ਦੇ ਕਈ ਖੇਤਰਾਂ ਵਿਚ ਪਏ ਸੋਕੇ ਨੇ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ। ਅਨਾਜ ਪਦਾਰਥਾਂ ਦੇ ਸੰਬੰਧ ਵਿਚ ਮੁਲਕ ਦੀ ਹਾਲਤ ਇਤਨੀ ਪਤਲੀ ਹੋ ਗਈ ਸੀ ਕਿ ਉਸ ਸਮੇਂ ਦੀ ਕੇਂਦਰ ਸਰਕਾਰ ਨੂੰ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਦਾ ਸਾਹਮਣਾ ਕਰਨਾਂ ਪਿਆ ਅਤੇ ਆਖ਼ੀਰ ਵਿਚ ਜਾਕੇ ਕੇਂਦਰ ਸਰਕਾਰ ਨੇ ਅਮਰੀਕਾ ਤੋਂ ਪੀ.ਐੱਲ.480 ਅਧੀਨ ਅਨਾਜ ਦਰਾਮਦ ਕੀਤਾ ਜਿਸ ਦੀ ਮੁਲਕ ਨੂੰ ਵੱਡੀ ਕੀਮਤ ਤਾਰਨੀ ਪਈ। ਉਸ ਸਮੇਂ ਕੇਂਦਰ ਸਰਕਾਰ ਨੇ ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ ਮੁਲਕ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਅਪਣਾਉਣ ਦਾ ਫ਼ੈਸਲਾ ਲਿਆ। ਇਹ ਜੁਗਤ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਆਧੁਨਿਕ ਅਭਿਆਸਾਂ ਦਾ ਇਕ ਪੁਲੰਦਾ ਸੀ। ਕੇਂਦਰ ਸਰਕਾਰ ਨੇ ਮੁਲਕ ਦੇ ਵੱਖ-ਵੱਖ ਖੇਤਰਾਂ ਦੇ ਵੱਖ-ਵੱਖ ਪਹਿਲੂਆਂ ਨੂੰ ਵਿਚਾਰਕੇ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਪਹਿਲ ਦੇ ਆਧਾਰ ਉੱਤੇ ਪੰਜਾਬ ਸੂਬੇ ਵਿਚ ਸ਼ੁਰੂ ਕਰਨ ਦਾ ਨਿਰਣਾ ਕੀਤਾ। ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਅਤੇ ਕੁਦਰਤੀ ਅਮੀਰ ਸਾਧਨਾਂ ਸਦਕੇ 'ਖੇਤੀਬਾੜੀ ਦੀ ਨਵੀਂ ਜੁਗਤ' ਪੰਜਾਬ ਸੂਬੇ ਵਿਚ ਕਾਮਯਾਬ ਹੋਈ। ਪੰਜਾਬ ਸੂਬੇ ਦੀ ਕਾਮਯਾਬੀ ਸਦਕਾ ਮੁਲਕ ਦੀ ਕੇਂਦਰ ਸਰਕਾਰ ਨੂੰ ਬਾਹਰਲੇ ਮੁਲਕਾਂ ਤੋਂ ਅਨਾਜ ਦਰਾਮਦ ਕਰਨ ਦੀ ਲੋੜ ਨਾ ਰਹੀ। ਪੰਜਾਬ ਸੂਬੇ ਵਿਚ ਇਹ ਕਾਮਯਾਬੀ ਕਣਕ ਦੀ ਉਤਪਾਦਿਕਤਾ ਅਤੇ ਉਤਪਾਦਨ ਵਿਚ ਕੀਤੇ ਗਏ ਅਥਾਹ ਵਾਧੇ ਦੇ ਰੂਪ ਵਿਚ ਹੋਈ। ਕੇਂਦਰ ਸਰਕਾਰ ਨੇ ਇਸ ਕਾਮਯਾਬੀ ਨੂੰ ਦੇਖਦੇ ਹੋਏ ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਦੁਆਰਾ ਝੋਨੇ ਦੀ ਫ਼ਸਲ ਕਿਸਾਨਾਂ ਦੇ ਸਿਰ ਮੜ੍ਹ ਦਿੱਤੀ ਕਿਉਂਕਿ ਸਾਉਣੀ ਦੀਆਂ ਹੋਰ ਜਿਨਸਾਂ ਦੇ ਮੁਕਾਬਲੇ ਵਿਚ ਛੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਸਿਰਫ਼ ਜ਼ਿਆਦਾ ਹੀ ਨਹੀਂ ਰੱਖੀ, ਸਗੋਂ ਝੋਨੇ ਦੀ ਜਿਨਸ ਦਾ ਮੰਡੀਕਰਨ ਵੀ ਯਕੀਨੀ ਬਣਾਇਆ।

ਝੋਨਾ ਪੰਜਾਬ ਸੂਬੇ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਢੁਕਵੀਂ ਫ਼ਸਲ ਨਹੀਂ ਸੀ। ਪੰਜਾਬ ਸੂਬੇ ਵਿਚ ਝੋਨੇ ਦੀ ਵੱਡੇ ਪੱਧਰ ਉੱਪਰ ਲਵਾਈ ਤੋਂ ਪਹਿਲਾਂ ਇੱਥੋਂ ਦੇ ਸ਼ਿਵਾਲਕ ਨੀਮ-ਪਹਾੜੀ ਖੇਤਰਾਂ ਵਿਚ ਬਾਸਮਤੀ ਦੀ ਫ਼ਸਲ ਹੁੰਦੀ ਸੀ ਅਤੇ ਇਸ ਜਿਨਸ ਨੂੰ ਦੁਨੀਆਂ ਵਿਚ ਸਭ ਤੋਂ ਬਿਹਤਰ ਮੰਨਿਆ ਗਿਆ ਸੀ। ਇਸ ਤਰ੍ਹਾਂ ਦੇ ਤੱਥ ਦਾ ਖੁਲਾਸਾ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੀ ਇਕ ਖੋਜਾਰਥਣ ਮੁੰਦਰਾ ਮੁਖਰਜੀ ਨੇ ਆਪਣੇ ਪੀਐੱਚ.ਡੀ. ਦੇ ਅਧਿਐਨ ਵਿਚ ਕੀਤਾ ਹੈ। ਉਸ ਸਮੇਂ ਪੰਜਾਬ ਸੂਬੇ ਵਿਚ ਫ਼ਸਲੀ ਵੰਨ-ਸੁਵੰਨਤਾ ਇਸ ਪ੍ਰਕਾਰ ਮਿਲਦੀ ਸੀ ਕਿ ਆਮ ਤੌਰ ਉੱਤੇ ਇੱਥੇ ਕਣਕ, ਛੋਲੇ, ਜੌਂ, ਅਲਸੀ, ਤਾਰਾਮੀਰਾ, ਸਰੋਂ, ਮੇਥੇ, ਮੂੰਗੀ, ਮਾਂਹ,



ਕਪਾਹ-ਨਰਮਾ, ਮੱਕੀ, ਜਵਾਰ, ਬਾਜਰਾ, ਮੂੰਗਫਲੀ, ਗਵਾਰਾ, ਲੋਬੀਆ, ਬਾਸਮਤੀ, ਸਣ, ਨਸੁਕੜਾ, ਬਰਸੀਮ ਅਤੇ ਹੋਰ ਹਰੇ ਚਾਰੇ, ਹਾੜ੍ਹੀ ਅਤੇ ਸਾਉਣੀ ਦੀਆਂ ਸਬਜ਼ੀਆਂ ਅਤੇ ਇਕ ਸਲਾਨਾ ਫ਼ਸਲ ਕਮਾਦ ਦੀਆਂ ਫ਼ਸਲਾਂ ਹੁੰਦੀਆਂ ਸਨ। ਇੱਥੋਂ ਦੀ ਧਰਤੀ, ਹਵਾ, ਪਾਣੀ ਅਤੇ ਲੋਕ ਵਰਤਮਾਨ ਸਮੇਂ ਦੇ ਮੁਕਾਬਲੇ ਵਿਚ ਜ਼ਿਆਦਾ ਠੀਕ ਸਨ। ਉਸ ਸਮੇਂ ਇਹ ਕੁਦਰਤੀ ਖੇਤੀਬਾੜੀ ਹੀ ਸੀ ਜਿਸ ਉੱਪਰ ਅੱਜਕੱਲ੍ਹ ਸੰਜ਼ੀਦਾ ਵਿਚਾਰ-ਵਟਾਂਦਰਾ ਹੋ ਰਿਹਾ ਹੈ।

ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੰਜਾਬ ਸੂਬੇ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ, ਛੋਟੇ ਪੇਂਡੂ ਕਾਰੀਗਰਾਂ ਅਤੇ ਇੱਥੋਂ ਦੇ ਕੁਦਰਤੀ ਸਾਧਨਾਂ-ਜ਼ਮੀਨ ਹੇਠਲਾ ਪਾਣੀ, ਉਪਜਾਊ ਭੂਮੀ ਆਦਿ ਨੇ ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਵਿਚ ਅਥਾਹ ਯੋਗਦਾਨ ਪਾਇਆ। ਛੋਟੇ ਜਿਹੇ (1.54 ਫ਼ੀਸਦ) ਸੂਬੇ ਪੰਜਾਬ ਨੇ ਲੰਮੇ ਲਈ ਕੇਂਦਰੀ ਅਨਾਜ ਭੰਡਾਰ ਵਿਚ ਦੋ ਮੁੱਖ ਖੇਤੀਬਾੜੀ ਜਿਨਸਾਂ-ਕਣਕ ਅਤੇ ਝੋਨੇ ਦੇ ਸੰਬੰਧ ਵਿਚ 50 ਫੀਸਦ ਦੇ ਕਰੀਬ ਯੋਗਦਾਨ ਪਾਇਆ। ਭਾਵੇਂ ਕੇਂਦਰ ਸਰਕਾਰ ਵੱਲੋਂ ਦੂਜੇ ਸੂਬਿਆਂ ਦੇ ਖੇਤੀਬਾੜੀ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤੇ ਜਾਣ ਕਾਰਨ ਪੰਜਾਬ ਸੂਬੇ ਦੇ ਇਸ ਯੋਗਦਾਨ ਵਿਚ ਕੁਝ ਕਮੀ ਆਈ, ਪਰ ਫਿਰ ਵੀ ਇਹ ਯੋਗਦਾਨ 32-33 ਫ਼ੀਸਦ ਦੇ ਕਰੀਬ ਹੈ। ਇਸ ਸੰਬੰਧ ਵਿਚ ਦੋ ਮਹੱਤਵਪੂਰਨ ਤੱਥਾਂ ਦਾ ਜਿਕਰ ਕਰਨਾ ਜ਼ਰੂਰੀ ਹੈ। ਪਹਿਲਾਂ, ਪੰਜਾਬ ਸੂਬੇ ਦੇ ਕਿਸਾਨਾਂ ਨੇ ਕੇਂਦਰੀ ਅਨਾਜ ਭੰਡਾਰ ਵਿਚ ਇਹ ਯੋਗਦਾਨ ਘਾਟਾ ਝੱਲ ਕੇ ਪਾਇਆ ਅਤੇ ਪੰਜਾਬ ਸਰਕਾਰ ਨੇ ਲਗਾਤਾਰ ਵਿੱਤੀ ਬੋਝ ਝੱਲਿਆ। ਦੂਜੇ, ਜਦੋਂ ਕੁਦਰਤੀ ਆਫ਼ਤਾਂ ਜਿਵੇਂ ਸੋਕਾ, ਹੜ੍ਹ ਆਦਿ ਕਾਰਨ ਮੁਲਕ ਵਿਚ ਫ਼ਸਲਾਂ ਦਾ ਨੁਕਸਾਨ ਹੁੰਦਾ ਹੈ ਤਾਂ ਮੁਲਕ ਦੀ ਅਨਾਜ ਸੁਰੱਖਿਆ ਦਾ ਥੰਮ ਇਕੱਲਾ ਪੰਜਾਬ ਸੂਬਾ ਹੀ ਹੁੰਦਾ ਹੈ।

ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੰਜਾਬ ਸੂਬੇ ਦੇ ਸਿਰ ਮੜ੍ਹੀ ਗਈ ਝੋਨੇ ਦੀ ਫ਼ਸਲ ਨੇ ਇੱਥੇ ਜ਼ਮੀਨ ਹੇਠਲੇ ਪਾਣੀ, ਵਾਤਾਵਰਨ, ਭੂਮੀ ਦੀ ਸਿਹਤ, ਕਿਸਾਨਾਂ ਅਤੇ ਹੋਰ ਲੋਕਾਂ ਦੀ ਜ਼ਿੰਦਗੀ ਉੱਪਰ ਬਹੁਤ ਹੀ ਮਾਰੂ ਅਸਰ ਪਾਇਆ ਹੈ। ਕਮਾਲ ਦੀ ਫ਼ਸਲੀ ਵੰਨ-ਸੁਵੰਨਤਾ ਵਾਲੇ ਸੂਬੇ ਵਿਚ ਫ਼ਸਲੀ-ਚੱਕਰ ਮੁੱਖ ਤੌਰ ਉੱਤੇ ਦੋ ਫ਼ਸਲਾਂ-ਕਣਕ ਅਤੇ ਝੋਨੇ ਤੱਕ ਹੀ ਸੀਮਿਤ ਹੋ ਗਿਆ। ਕੁਦਰਤੀ ਖੇਤੀਬਾੜੀ ਅਤੇ ਫ਼ਸਲਾਂ ਦੀ ਵੰਨ-ਸੁਵੰਨਤਾ ਲੰਘੇ ਸਮੇਂ ਦੀਆਂ ਗੱਲਾਂ ਹੋ ਗਈਆਂ। ਅੱਜ ਤੱਕ ਝੋਨੇ ਦੀ ਲਵਾਈ ਮੁੱਖ ਤੌਰ ਉੱਤੇ ਛੱਪੜ-ਸਿੰਚਾਈ ਵਿਧੀ ਨਾਲ ਹੁੰਦੀ ਹੈ ਜਿਸ ਕਾਰਨ ਜ਼ਮੀਨ ਹੇਠਲਾ ਪਾਣੀ ਲਗਾਤਾਰ ਥੱਲੇ ਜਾ ਰਿਹਾ ਹੈ। ਵਰਤਮਾਨ ਸਮੇਂ ਦੌਰਾਨ ਪੰਜਾਬ ਸੂਬੇ ਦੇ ਤਿੰਨ-ਚੌਥਾਈ ਤੋਂ ਵੱਧ ਵਿਕਾਸ ਖੰਡਾਂ ਵਿਚ ਜ਼ਮੀਨ ਹੇਠਲਾ ਪਾਣੀ ਖ਼ਤਰਨਾਕ ਪੱਧਰ ਤੱਕ ਥੱਲੇ ਚਲਾ ਗਿਆ ਹੈ। ਇਹ ਉਹ ਹੀ ਵਿਕਾਸ ਖੰਡ ਹਨ ਜਿੱਥੇ ਝੋਨੇ ਦੀ ਲਵਾਈ ਹੁੰਦੀ ਹੈ। ਝੋਨੇ ਦੀਆਂ ਛੱਪੜ-ਸਿੰਚਾਈ ਦੀਆਂ ਲੋੜਾਂ ਲਈ ਪੰਜਾਬ ਸੂਬੇ ਵਿਚ ਟਿਊਬਵੈੱਲਾਂ ਦੀ ਗਿਣਤੀ ਵਿਚ ਚਿੰਤਾਜਨਕ ਵਾਧਾ ਹੋਇਆ ਹੈ। 1960-61 ਵਿਚ ਟਿਊਬਵੈੱਲਾਂ ਦੀ ਗਿਣਤੀ ਸਿਰਫ਼ 7445 ਸੀ ਜੋ ਵਰਤਮਾਨ ਸਮੇਂ ਦੌਰਾਨ 15 ਲੱਖ ਦੇ ਕਰੀਬ ਹੈ। ਪੰਜਾਬ ਸੂਬੇ ਵਿਚ 73 ਫ਼ੀਸਦ ਸਿੰਚਾਈ ਟਿਊਬਵੈੱਲਾਂ ਅਤੇ 27 ਫ਼ੀਸਦ ਨਹਿਰਾਂ ਰਾਹੀਂ ਹੁੰਦੀ ਹੈ। ਜ਼ਮੀਨ ਹੇਠਲੇ ਪਾਣੀ ਦੇ ਲਗਾਤਾਰ ਥੱਲੇ ਜਾਣ ਕਾਰਨ ਸੂਬੇ ਦੇ ਬਹੁਤ ਹਿੱਸਿਆਂ ਵਿਚ ਮੋਨੋਬਲਾਕ ਮੋਟਰਾਂ ਦੇ ਕੰਮ ਛੱਡ ਜਾਣ ਕਾਰਨ ਕਿਸਾਨਾਂ ਨੂੰ ਸਬਮਰਸੀਬਲ ਮੋਟਰਾਂ ਲਵਾਉਣੀਆਂ ਪਈਆਂ। ਇਨ੍ਹਾਂ ਮੋਟਰਾਂ ਦੇ ਬੋਰ ਕਰਨ ਅਤੇ ਇਨ੍ਹਾਂ ਦੀਆਂ ਮੋਨੋਬਲਾਕ ਮੋਟਰਾਂ ਦੇ ਮੁਕਾਬਲੇ ਉੱਚੀਆਂ ਕੀਮਤਾਂ ਕਿਸਾਨਾਂ ਸਿਰ ਕਰਜ਼ੇ ਦੇ ਵਾਧੇ ਅਤੇ ਉਨ੍ਹਾਂ ਵਿਚ ਪਸਰੀ ਘੋਰ ਗ਼ਰੀਬੀ ਅਤੇ ਕੁਝ ਕੇਸਾਂ ਵਿਚ ਉਨ੍ਹਾਂ ਦੇ ਮਜਬੂਰਨ ਜ਼ਮੀਨ ਵੇਚਣ ਦਾ ਕਾਰਨ ਬਣੇ। ਪੰਜਾਬ ਦੇ ਲਗਭਗ ਬਹੁਤ ਜ਼ਿਆਦਾ ਹਿੱਸਿਆਂ ਵਿਚ ਜ਼ਮੀਨ ਹੇਠਲਾ ਪਾਣੀ ਪੀਣਯੋਗ ਨਹੀਂ ਰਿਹਾ। ਪੰਜਾਬ ਸੂਬੇ ਵਿਚ ਜ਼ਮੀਨ ਹੇਠਲਾ ਪਾਣੀ ਅੱਜ ਇਕ ਗੰਭੀਰ ਸਮੱਸਿਆ ਹੈ, ਪਰ ਆਉਣ ਵਾਲੇ ਸਮੇਂ ਵਿਚ ਇਹ ਕਿਹੜਾ ਰੁੱਖ ਅਖ਼ਤਿਆਰ ਕਰੇਗਾ ਇਸ ਦਾ ਸਹਿਜੇ ਹੀ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਝੋਨੇ ਦੀ ਫ਼ਸਲ ਲਈ ਛੱਪੜ-ਸਿੰਚਾਈ ਕਾਰਨ ਪੈਦਾ ਹੋਈ ਮੀਥੇਨ ਗੈਸ ਅਤੇ ਕਿਸਾਨਾਂ ਦੀ ਮਜ਼ਬੂਰੀਵੱਸ ਝੋਨੇ ਦੀ ਪਰਾਲੀ ਨੂੰ ਲਗਾਈ ਗਈ ਅੱਗ ਨਾਲ ਪੈਦਾ ਹੋਏ ਧੂੰਆਂ, ਪਰਾਲੀ ਦੇ ਅੱਧਜਲੇ ਅਤੇ ਮਿੱਟੀ ਦੇ ਕਣ ਅਤੇ ਕਾਰਬਨ ਡਾਇਆਕਸਾਈਡ ਗੈਸ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਕਾਰਨ ਪੰਜਾਬ ਸੂਬੇ ਦਾ ਵਾਤਾਵਰਨ ਗੰਧਲਾ ਹੋ ਗਿਆ ਹੈ ਜਿਸ ਦੇ ਨਤੀਜੇ ਵਜੋਂ ਸਾਹ, ਚਮੜੀ, ਅੱਖਾਂ, ਫੇਫੜਿਆਂ ਅਤੇ ਹੋਰ ਬਿਮਾਰੀਆਂ ਕਾਰਨ ਇੱਥੋਂ ਦੇ ਲੋਕਾਂ ਦਾ ਜਿਊਣਾ ਤਾਂ ਦੁੱਭਰ ਹੋਇਆ ਹੀ ਹੈ, ਪਰ ਇਸ ਦੇ ਨਾਲ ਨਾਲ ਪਰਾਲੀ ਨੂੰ ਜਲਾਉਣ ਕਾਰਨ ਉਸ ਦਾ ਧੂੰਆਂ ਕੁਝ ਦਿਨਾਂ ਲਈ ਦਿੱਲੀ ਨਿਵਾਸੀਆਂ ਦੀਆਂ ਪਹਿਲਾਂ ਤੋਂ ਹੀ ਗੰਧਲੇ ਵਾਤਾਵਰਨ ਕਾਰਨ ਝੱਲੀਆਂ ਜਾਂਦੀਆਂ ਸਮੱਸਿਆਵਾਂ ਨੂੰ ਹੋਰ ਵਧਾ ਦਿੰਦਾ ਹੈ। ਇਸ ਸਾਲ ਕਰੋਨਾਵਾਇਰਸ ਮਹਾਂਮਾਰੀ ਕਾਰਨ ਸਾਹ ਦੀ ਬਿਮਾਰੀ ਅਤੇ ਗਲੇ ਦੀ ਖਾਜ ਦੇ ਵਧਣ ਦਾ ਇਕ ਕਾਰਨ ਪਰਾਲੀ ਨੂੰ ਅੱਗ ਲਗਾਉਣਾ ਹੋ ਸਕਦਾ ਹੈ।

ਇਸ ਸਾਲ ਕਰੋਨਾਵਾਇਰਸ ਦੀ ਮਹਾਂਮਾਰੀ ਕਾਰਨ ਪੰਜਾਬ ਸੂਬੇ ਵਿਚ ਝੋਨੇ ਦੀ ਲਵਾਈ ਲਈ ਪਰਵਾਸੀ ਮਜ਼ਦੂਰਾਂ ਦੇ ਆਉਣ ਦੀ ਕੋਈ ਵੀ ਸੰਭਾਵਨਾ ਦਿਖਾਈ ਨਹੀਂ ਦਿੰਦੀ, ਸਗੋਂ ਇੱਥੇ ਰਹਿ ਰਹੇ ਪਰਵਾਸੀ ਮਜ਼ਦੂਰ ਕਿਸੇ ਵੀ ਕੀਮਤ ਉੱਪਰ ਵਾਪਿਸ ਆਪਣੇ ਸੂਬਿਆਂ ਨੂੰ ਜਾ ਰਹੇ ਹਨ ਜਾਂ ਜਾਣ ਦੀ ਲਗਾਤਾਰ ਕੋਸ਼ਿਸ਼ ਵਿਚ ਹਨ ਜਿਸ ਕਾਰਨ ਝੋਨੇ ਦੀ ਲਵਾਈ ਵਿਚ ਸਮੱਸਿਆਵਾਂ ਆਉਂਦੀਆਂ ਦਿਖਾਈ ਦਿੰਦੀਆਂ ਹਨ। ਪੰਜਾਬ ਸੂਬੇ ਦੇ ਸਥਾਨਿਕ ਮਜ਼ਦੂਰਾਂ ਵੱਲੋਂ ਝੋਨਾ ਲਾਉਣ ਲਈ ਮੰਗੀ ਗਈ ਅਤੇ ਕੁਝ ਪਿੰਡਾਂ ਵਿਚ ਕਿਸਾਨਾਂ ਵੱਲੋਂ ਤੈਅ ਕੀਤੀ ਮਜ਼ਦੂਰੀ ਦਰ ਕਈ ਸਮੱਸਿਆਵਾਂ ਦਾ ਕਾਰਨ ਬਣ ਰਹੀ ਹੈ ਜਿਸ ਨੂੰ ਕਈ ਕਿਸਾਨ ਅਤੇ ਖੇਤ ਮਜ਼ਦੂਰ ਜੱਥੇਬੰਦੀਆਂ ਸਿਆਣਪ ਨਾਲ ਹੱਲ ਕਰਨ ਦੇ ਯਤਨ ਜਾਰੀ ਹਨ। ਸਰਕਾਰ ਸਿਰਫ਼ ਇਸ ਸਮੇਂ ਲਈ ਤਾਂ ਸਥਾਨਿਕ ਮਜ਼ਦੂਰਾਂ ਨੂੰ ਝੇਨੇ ਦੀ ਲਵਾਈ ਲਈ ਮਗਨਰੇਗਾ ਅਧੀਨ ਮਜ਼ਦੂਰੀ ਦੇਵੇ ਅਤੇ ਬਾਕੀ ਦੀ ਮਜ਼ਦੂਰੀ ਕਿਸਾਨ ਦੇਣ। ਮਜ਼ਦੂਰਾਂ ਦੀ ਜਗ੍ਹਾ ਮਸ਼ੀਨਾਂ ਨਾਲ ਝੋਨੇ ਦੀ ਲਵਾਈ ਸੰਬੰਧੀ ਵੀ ਕੁਝ ਖ਼ਬਰਾਂ ਆ ਰਹੀਆਂ ਹਨ। ਇਸ ਵਿਚ ਕੋਈ ਵੀ ਸ਼ੱਕ ਹੋ ਹੀ ਨਹੀਂ ਸਕਦਾ ਕਿ ਮਸ਼ੀਨਾਂ ਨਾਲ ਕੰਮ ਜਲਦੀ ਹੋ ਜਾਂਦਾ ਹੈ, ਪਰ ਇਸ ਨਾਲ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਵਿਚ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਵਿਚ ਪੈਦਾ ਹੋਣ ਵਾਲੀ ਬੇਰੁਜ਼ਗਾਰੀ, ਕਿਸਾਨਾਂ ਸਿਰ ਕਰਜ਼ੇ ਦਾ ਵਧਣਾ ਅਤੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦਾ ਉਜਾੜਾ ਕਿਤੇ ਵੱਡੀਆਂ ਸਮੱਸਿਆਵਾਂ ਹਨ। ਮਸ਼ੀਨਾਂ ਦੀ ਵਰਤੋਂ ਬਾਰੇ ਇਸ ਤਰ੍ਹਾਂ ਵਿਚਾਰ ਲੈਨਿਨ ਨੇ ਆਪਣੀ ਪੁਸਤਕ "ਡਿਵੈਲਪਮੈਂਟ ਆਫ਼ ਕੈਪੀਟੇਲਿਜ਼ਮ ਇਨ ਰਸੀਆ" ਵਿਚ ਵੀ ਦਿੱਤੇ ਹਨ। ਇਸ ਤੋਂ ਬਿਨਾ ਝੋਨੇ ਦੀ ਫ਼ਸਲ ਪੰਜਾਬ ਸੂਬੇ ਦੀ ਭੂਮੀ ਦੀ ਸਿਹਤ ਨੂੰ ਵਿਗਾੜਨ ਦਾ ਇਕ ਕਾਰਨ ਹੈ। ਕਣਕ ਅਤੇ ਝੋਨੇ ਦੇ ਫ਼ਸਲੀ-ਚੱਕਰ ਨੇ ਬਹੁਤ ਸਾਰੇ ਕੀਟ-ਪਤੰਗਿਆਂ ਦਾ ਸਫ਼ਾਇਆ ਕੀਤਾ ਹੈ ਜਿਸ ਕਾਰਨ ਫ਼ਸਲਾਂ ਦੀਆਂ ਬਿਮਾਰੀਆਂ ਵਿਚ ਵਾਧਾ ਹੋਇਆ ਹੈ। ਮੁਲਕ ਦੇ ਪ੍ਰਧਾਨ ਮੰਤਰੀ ਦੁਆਰਾ ਆਤਮ-ਨਿਰਭਰਤਾ ਅਤੇ ਸਥਾਨਿਕਤਾ ਉੱਤੇ ਜ਼ੋਰ ਅਤੇ ਵਧੇਰੇ ਧਿਆਨ ਦੇਣ ਦੇ ਸੰਬੰਧ ਵਿਚ ਸਮੇਂ ਦੀ ਮੰਗ ਹੈ ਕਿ ਪੰਜਾਬ ਸੂਬੇ ਦੇ ਪਾਏ ਹੋਏ ਯੋਗਦਾਨ ਅਤੇ ਇੱਥੇ ਪੈਦਾ ਹੋਈਆਂ ਸਮੱਸਿਆਵਾਂ ਦੇ ਹੱਲ ਲਈ ਕੇਂਦਰ ਸਰਕਾਰ ਇਸ ਸੂਬੇ ਵਿਚ ਫ਼ਸਲੀ ਵੰਨ-ਸੁਵੰਨਤਾ ਨੂੰ ਮੁੜਕੇ ਲਿਆਉਣ ਵਿਚ ਬਣਦੀ ਮਦਦ ਕਰਨਾ ਯਕੀਨੀ ਬਣਾਵੇ।

# ਕਰੋਨਾ 'ਚ ਕੀ ਕਰੀਏ

ਕੁਲਦੀਪ ਦੁਸਾਂਝ

ਇਹ ਸਚਾਈ ਮੰਨ ਲਈ ਗਈ ਹੈ ਕਿ ਰਚਨਾਤਮਿਕਤਾ ਹਰ ਇਨਸਾਨ ਦੀ ਮੁੱਢਲੀ ਜ਼ਰੂਰਤ ਹੈ। ਹਰ ਕੋਈ ਕਿਸ ਹੱਦ ਤਕ ਰਚਨਾਤਮਿਕ ਹੁੰਦਾ ਹੈ। ਬੱਸ ਲੋੜ ਹੈ ਤਾਂ ਉਸ ਯੋਗਤਾ ਨੂੰ ਤਲਾਸ਼ਣ ਦੀ। ਕੋਰੋਨਾ ਵਰਗੇ ਦਿਨਾਂ ਵਿਚ ਇਸਨੂੰ ਅਪਣਾਇਆ ਜਾ ਸਕਦਾ ਹੈ। ਰਚਨਾਤਮਿਕਤਾ ਦਿਲ-ਦਿਮਾਗ-ਹੱਥਾਂ ਦਾ ਸੁਮੇਲ ਹੈ । ਇਸ ਕਿਰਿਆ ਨੂੰ ਹੌਬੀ ਵੀ ਆਖਿਆ ਜਾਂਦਾ ਹੈ। ਇਹ ਘਰ ਅੰਦਰ ਤੇ ਦੂਜੀ ਬਾਹਰ ਵਿੱਚ ਵੰਡੀ ਜਾਂਦੀ ਹੈ। ਇਥੇ ਘਰ ਅੰਦਰ ਰਹਿ ਕੇ ਕਰਨ ਵਾਲੀਆਂ ਗਤੀਵਿਧੀਆਂ ਦੀ ਗਲ ਕਰਦੇ ਹਾਂ ।

**ਲਿਖਣਾ**

ਲਿਖਣਾ ਉਪਰ ਲਿਖੀਆਂ ਤਿੰਨੋ ਗਲਾਂ ਦਾ ਵਧੀਆ ਗਠ-ਜੋੜ ਹੈ। ਇਹ ਧਾਰਨਾ ਗਲਤ ਹੈ ਕਿ ਮੈਂ ਤਾਂ ਕਦੇ ਕੁੱਝ ਲਿਖਿਆ ਹੀ ਨਹੀਂ । ਬਸ ਅੱਜ ਤੋਂ ਹੀ ਕਾਗਜ਼ ਪੈਨਸਿਲ ਪਕੜੋ ਤੇ ਸ਼ੁਰੂ ਹੋ ਜਾਉ , ਇਸ ਦੇ ਹੌਲੀ-ਹੌਲੀ ਨਤੀਜੇ ਦੇਖੋ। ਲਿਖਣਾ ਜਿਆਦਾ ਪੜ੍ਹੇ-ਲਿਖਿਆਂ ਦੀ ਮਲਕੀਅਤ ਨਹੀਂ। ਕਿਸੇ ਘਟਨਾ ਬਾਰੇ ਜਾਂ ਰੋਜ਼ਾਨਾ ਡਾਇਰੀ ਲਿਖਣ ਤੋਂ ਸ਼ੁਰੂ ਕਰ ਸਕਦੇ ਹਾਂ । ਜੇ ਲਿਖਣਾ ਸੌਣ ਤੋਂ ਪਹਿਲਾਂ ਕੀਤਾ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਇਹ ਗਤੀਵਿਧੀ ਉਮਰ ਭਰ ਦਾ ਸਾਥ ਹੈ । ਖੁਸ਼ਵੰਤ ਸਿੰਘ ਵਰਗੇ ਲੇਖਕ ਅਖੀਰ ਤੱਕ ਰਚਨਾਤਮਿਕ ਰਹੇ । ਦੋਸਤੋ ਲਿਖਣਾ ਇਕ ਅਲੱਗ ਖੁਸ਼ੀ ਦਾ ਸੋਮਾ ਹੈ।

ਗੀਤ-ਸੰਗੀਤ ਸੁਣਨਾ ਤਾਂ ਆਨੰਦਮਈ ਹੈ, ਪਰ ਸਿੱਖਣਾ ਹੋਰ ਵੀ ਵਧੀਆ ਹੈ। ਇਸ ਵਿੱਚ ਵੀ ਦਿਲ-ਦਿਮਾਗ-ਹੱਥਾਂ ਦਾ ਸੁਮੇਲ ਹੈ । ਹਰਮੋਨੀਅਮ, ਗੀਟਾਰ, ਵਾਇਲਨ, ਤਬਲਾ , ਕੈਸੀਓ ਵਗੈਰਾ ਕੋਈ ਵੀ ਸਾਜ ਸਿੱਖਿਆ ਜਾ ਸਕਦਾ ਹੈ। ਇਹ ਹੌਬੀ ਵੀ ਉਮਰ ਭਰ ਦਾ ਸਾਥ ਹੈ। ਇਥੇ ਅਸੀ ਡਰਾਇੰਗ, ਪੇਂਟਿੰਗ, ਸ਼ਿਲਪਕਾਰੀ, ਕਾਰਪੈਂਟਰੀ, ਡਾਂਸ ਆਦਿ ਵੀ ਸ਼ਾਮਲ ਕਰ ਸਕਦੇ ਹਾਂ। ਸਿੱਖਣ ਲਈ ਬਾਬਾ ਗੂਗਲ ਤੇ ਭੈਣ ਯੂ-ਟਿਊਬ ਹਾਜ਼ਰ ਹਨ। ਇਹੋ ਜਿਹੀਆਂ ਸਰਗਰਮੀਆਂ ਬੱਚਿਆਂ ਲਈ ਬਹੁਤ ਲਾਭਕਾਰੀ ਹਨ।

**ਸੈਰ ਤੇ ਯੋਗ**

ਘਰ 'ਚ ਸੈਰ ਕਰਦਿਆਂ ਅਸੀਂ ਸੀੜੀਆਂ ਦਾ ਚੜ੍ਹਨਾ-ਉਤਰਨਾ ਵੀ ਕਰ ਸਕਦੇ ਹਾਂ । ਸੁਭਾ-ਸਵੇਰੇ ਯੋਗ, ਕਪਾਲ ਪਾਤੀ ਤੇ ਲੋਮ-ਵਿਲੋਮ ਵਧੀਆ ਕਿਰਿਆਵਾਂ ਹਨ। ਰੱਸੀ ਟੱਪਣਾ ਵੀ ਲਾਭਦਾਇਕ ਹੈ। ਸਵੇਰ ਸਾਰ ਪੰਛੀ ਵੀ ਆਪਣਾ ਗੀਤ ਛੇੜਦੇ ਹਨ। ਕਦੇ ਕਦਾਈਂ ਆਸਮਾਨੀ ਉੱਡਦੇ ਚਿੱਟੇ ਕਬੂਤਰ ਵੀ ਦੇਖਣੇ ਚਾਹੀਦੇ ਹਨ।

**ਕੁਝ ਹੋਰ**

ਖਾਣਾ ਬਨਾਉਣ ਤੇ ਯੂ-ਟਿਊਬ ਤੋਂ ਖਾਣਾ ਬਣਾਉਣ ਦੀ ਨਵੀਂ ਵਿਧੀ ਵੀ ਸਿਖੀ ਜਾ ਸਕਦੀ ਹੈ। ਇਸ ਨਾਲ ਘਰਵਾਲੀ ਵੀ ਖੁਸ਼ ਹੁੰਦੀ ਹੈ। ਇੰਝ ਹੀ ਕਿਚਨ ਗਾਰਡਨ, ਵਾੜ-ਲਾਨ ਕੱਟਣਾ, ਫੁੱਲ ਉਗਾਉਣੇ,ਪਾਣੀ ਦੇਣਾ ਵੀ ਵਕਤ



ਗੁਜ਼ਾਰਨ ਦੇ ਵਧੀਆ ਤਰੀਕੇ ਹਨ।

ਦਿਮਾਗੀ ਕਸਰਤ ਲਈ, ਸੁਡੂਕੂ, ਚੈਸ, ਟੁੱਟੀਆਂ ਚੀਜ਼ਾਂ ਦਾ ਇਸਤੇਮਾਲ, ਬੱਚਿਆਂ ਨੂੰ ਪੜ੍ਹਾਉਣ ਆਦਿ ਲਾਭਦਾਇਕ ਹਨ। ਇਸ ਨਾਲ ਡੀਮੈਂਸ਼ੀਆ ਤੋ ਬਚਾ ਹੋ ਸਕਦਾ ਹੈ। ਅੱਜਕਲ, ਮਜ਼ਾਕ ਵਜੋਂ, ਸੋਸ਼ਲ ਮੀਡੀਆ ਤੇ ਪਤੀ ਘਰ ਦੇ ਕੰਮ ਕਰਦੇ ਦੇਖਦੇ ਹਾਂ। ਦੋਸਤੋ ਇਹ ਸਿੱਧ ਹੋ ਚੁੱਕਾ ਹੈ ਕਿ ਘਰ ਦੀ ਸਫਾਈ, ਪੋਚਾ ਮਾਰਨਾਂ, ਘਰ-ਕਾਰ ਦੇ ਸ਼ੀਸ਼ੇ ਸਾਫ ਕਰਨਾ ਆਦਿ ਕੋਲੈਸਟਰੋਲ ਨੂੰ ਘਟ ਕਰਦੇ ਹਨ। ਇਸ ਕਰਕੇ ਪਤੀਆਂ ਨੂੰ ਇਨ੍ਹਾਂ ਕੰਮਾਂ ਤੋਂ ਗੁਰੇਜ਼ ਕਰਨ ਦੀ ਲੋੜ ਨਹੀਂ ਲਗਦੀ। ਪਤਨੀ ਦੀ ਸਹਾਇਤਾ ਤੇ ਤੁਹਾਡੀ ਵਰਜਿਸ਼ ਦੋਨੋਂ ਹੋ ਜਾਂਦੇ ਹਨ।

**ਅੰਤ-** ਆਉ ਇਸ ਔਖੇ ਵਕਤ ਦਾ ਉਪਯੋਗ ਕਰੀਏ ਤੇ ਕੁੱਝ ਨਵਾਂ ਸਿੱਖੀਏ। ਉਪਰੋਕਤ ਹੌਬੀਜ ਤੋਂ ਇਲਾਵਾ, ਕਿਤਾਬਾਂ-ਅਖਬਾਰਾਂ ਪੜ੍ਹਨਾ, ਟੀ ਵੀ ਦੇਖਣਾ, ਭਗਤੀ ਤੇ ਪੂਜਾ ਪਾਠ ਕਰਨਾ ਵੀ ਸ਼ਾਮਿਲ ਹਨ। ਆਉ ਇਨ੍ਹਾਂ ਦਿਨਾਂ 'ਚ ਖੁਸ਼ ਰਹੀਏ ਤੇ ਖੁਸ਼ੀ ਵੰਡੀਏ।

**ਵਿਚਾਰ ਆਪੋ-ਆਪਣਾ**

# ਗੁਰੂ-ਡੰਮ ਦਾ ਸਹੀ ਹੱਲ - ਗੁਰਬਾਣੀ ਦੀ ਸਹੀ ਵਿਆਖਿਆ



ਧਰਮ ਸਿੰਘ ਨਿਹੰਗ ਸਿੰਘ
ਸੱਚ ਖੋਜ ਅਕੈਡਮੀ, ਬਰੇਲੀ (ਯੂ ਪੀ)
91-98727-34342

ਗੁਰਮਤਿ ਸੱਚ ਸਰੂਪ ਪਰਮੇਸ਼ਰ ਦਾ ਗਿਆਨ ਕਰਵਾਉਣ ਵਿਚ ਸਮਰੱਥ ਹੈ। ਸੰਸਾਰ ਦੀਆਂ ਬਾਕੀ ਸਾਰੀਆਂ ਹੀ ਮੱਤਾਂ ਦਾ ਮਨੋਰਥ ਭਾਵੇਂ ਨਿਰਾਕਾਰ ਪਰਮੇਸ਼ਰ ਦੀ ਸੋਝੀ ਕਰਵਾਉਣਾਂ ਹੀ ਹੈ ਪਰ ਗੁਰਮਤਿ ਤੋਂ ਬਿਨਾਂ ਹੋਰ ਕੋਈ ਵੀ ਮੱਤ ਨਿਰਾਕਾਰ ਦੀ ਸੋਝੀ ਕਰਵਾਉਣ ਵਿਚ ਸਮਰੱਥ ਨਹੀਂ ਹੈ। ਇਹੀ ਕਾਰਨ ਹੈ ਕਿ ਅੱਜ ਸਾਰੇ ਸੰਸਾਰ ਦੇ ਲੋਕਾਂ ਨੇ ਗੁਰਬਾਣੀKਗੁਰਮਤਿ ਨੂੰ ਸਰਬ ਸ੍ਰੇਸ਼ਟ ਮੰਨ ਲਿਆ ਹੈ। ਗੁਰਬਾਣੀ ਵਿਚ ਉਸ ਸਮੇਂ ਦੀਆਂ ਮੱਤਾਂ ਦੀ ਵਿਚਾਰਧਾਰਾ ਦਰਜ ਹੈ ਤੇ ਉਨਾਂ ਦੀਆਂ ਕਮੀਆਂ ਦੱਸ ਕੇ ਸੱਚ ਦੇ ਮਾਰਗ ਵੱਲ ਉਨ੍ਹਾਂ ਮੱਤਾਂ ਨੂੰ ਮੋੜਨ ਦੇ ਸੁਝਾਅ ਵੀ ਨਾਲੋਂ ਨਾਲ ਦਿੱਤੇ ਹੋਏ ਹਨ।

ਧਰਮਾਂ ਦੇ ਖੇਤਰ ਵਿਚ ਵੱਡੀ ਸਮੱਸਿਆ ਇਹ ਹੈ ਕਿ ਅਧੂਰੇ ਗੁਰੂ ਵੀ ਆਪਣੇ ਆਪ ਨੂੰ ਅਧੂਰਾ ਮੰਨਣ ਲਈ ਤਿਆਰ ਨਹੀਂ ਹੁੰਦੇ। ਆਪਣੇ ਆਪ ਨੂੰ ਅਧੂਰਾ ਮੰਨ ਲੈਣਾ ਜਾਂ ਆਪਣੀ ਕਮੀ ਨੂੰ ਮੰਨ ਲੈਣਾ ਉਨ੍ਹਾਂ ਲਈ ਮੌਤ ਤੁਲ ਜਾਪਦਾ ਹੈ। ਇਸ ਲਈ ਇਹ ਸ਼ਾਤਰ ਲੋਕ ਜਾਂ ਤਾਂ ਇਸ ਸੱਚੀ ਮੱਤ ਦਾ ਵਿਰੋਧ ਕਰਨਾ ਆਰੰਭ ਕਰ ਦਿੰਦੇ ਹਨ ਜਾਂ ਇਹ ਇਸ ਸੱਚੀ ਬਾਣੀ ਨੂੰ ਇਸ ਢੰਗ ਨਾਲ ਸਮਝਾਉਂਦੇ ਹਨ ਜਿਸ ਨਾਲ ਉਨ੍ਹਾਂ ਦਾ ਗੁਰੂ-ਡੰਮ, ਇਸ ਗਿਆਨ ਖੜਗ ਦੀ ਤਿੱਖੀ ਮਾਰ ਤੋਂ ਬਚ ਸਕੇ। ਗੁਰਬਾਣੀ ਦੇ ਅਰਥ ਤੋੜ-ਮਰੋੜ ਕੇ ਪ੍ਰਚਾਰੇ ਜਾਣੇ ਗੁਰਬਾਣੀ ਦੇ ਮੰਨਣ ਵਾਲਿਆਂ ਲਈ ਦੁਖਦਾਈ ਹਾਲਤ ਪੈਦਾ ਕਰ ਦਿੰਦੇ ਹਨ, ਜਿਸ ਤੋਂ ਗੁਰਬਾਣੀ ਨੂੰ ਮੰਨਣ ਵਾਲਿਆਂ ਵਿੱਚ ਘਬਰਾਹਟ ਅਤੇ ਭੜਕਾਹਟ ਦਾ ਪੈਦਾ ਹੋ ਜਾਣਾ ਕੁਦਰਤੀ ਗੱਲ ਹੈ।

ਅਜਿਹੀ ਹਾਲਤ ਭਾਵੇਂ ਕੋਈ ਪਹਿਲੀ ਵਾਰ ਨਹੀਂ ਬਣੀ- ਗੁਰੂ ਸਾਹਿਬਾਨ ਤੋਂ ਲੈ ਕੇ ਅਜਿਹਾ ਕੁਝ ਮਨਮੱਤੀਆਂ ਅਤੇ ਉਸ ਸਮੇਂ ਦੀਆਂ ਸਰਕਾਰਾਂ ਦੀ ਮਿਲੀਭੁਗਤ ਨਾਲ ਹੁੰਦਾ ਰਿਹਾ ਹੈ। ਬਲਕਿ ਗੁਰੂ ਸਾਹਿਬਾਨ ਤੋਂ ਪਹਿਲਾਂ ਵੀ ਜੇ ਵੇਖਿਆ ਵਿਚਾਰਿਆ ਜਾਵੇ ਤਾਂ ਭਗਤਾਂ ਦੇ ਸਮੇਂ ਵੀ ਮਨਮੱਤੀਆਂ ਵੱਲੋਂ ਪ੍ਰਮੇਸ਼ਰ ਦੀ ਇਸ ਸੱਚੀ-ਸੁੱਚੀ ਬਾਣੀ ਦਾ ਵਿਰੋਧ ਕੀਤਾ ਜਾਂਦਾ ਰਿਹਾ ਹੈ ਜਿਸ ਦੇ ਪ੍ਰਮਾਣ ਭਗਤਾਂ ਦੀ ਆਪਣੀ ਬਾਣੀ ਅਤੇ ਇਤਿਹਾਸ ਵਿਚੋਂ ਮਿਲਦੇ ਹਨ। ਭਗਤ ਕਬੀਰ ਜੀ ਅਤੇ ਭਗਤ ਨਾਮਦੇਵ ਜੀ ਨੂੰ ਹਾਥੀ ਅੱਗੇ ਸੁਟਵਾਉਣ ਜਿਹੇ ਕਾਰਿਆਂ ਪਿੱਛੇ ਦਰਅਸਲ ਅਜਿਹੇ ਦੰਭੀਆਂ ਦਾ ਹੀ ਹੱਥ ਸੀ। ਭਗਤ ਰਵਿਦਾਸ ਜੀ ਤਾਂ ਬਾਣੀ ਅੰਦਰ ਹੀ ਆਖ ਰਹੇ ਹਨ ਕਿ ਪਾਂਡੇ ਲੋਕ ਮੈਨੂੰ ਢੇਢ (ਅਤਿ ਨੀਚ) ਆਖ ਰਹੇ ਹਨ ਕਿਉਂਕਿ ਮੈਂ ਪਰਮੇਸ਼ਰ ਦੀ ਗੱਲ ਕਰ ਰਿਹਾ ਹਾਂ।

ਏ ਪੰਡੀਆ ਮੋਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ।।੨।।

(ਰਾਗ ਮਲਾਰ, ਭਗਤ ਨਾਮਦੇਵ ਜੀ, ਪੰਨਾ-੧੨੯੨)

ਭਗਤ ਜੀ ਨੇ ਪਰਮੇਸ਼ਰ ਦੀ ਗੱਲ ਕਰਨੀ ਬੰਦ ਨਹੀਂ ਕੀਤੀ। ਆਖਰਕਰ ਇਨ੍ਹਾਂ ਝੂਠੀ ਮੱਤ ਦੇ ਧਾਰਨੀ ਗੁਰੂ-ਡੰਮ ਦੇ ਪੁਜਾਰੀਆਂ ਨੂੰ ਹੀ ਹਾਰ ਮੰਨਣੀ ਪਈ ਜਿਸ ਦਾ ਜ਼ਿਕਰ ਭਗਤ ਜੀ ਕਰਦੇ ਹੋਏ ਆਖ ਰਹੇ ਹਨ ਕਿ ਬਿਪਰਾਂ ਦੇ ਪ੍ਰਧਾਨ ਹੁਣ ਮੇਰੇ ਅੱਗੇ ਡੰਡਉਤ ਤਾਂ ਕਰਦੇ ਹਨ। ਪਰ ਹੇ ਪਰਮੇਸ਼ਰ ! ਇਹ ਮੇਰੀ ਜਿੱਤ ਨਹੀਂ, ਇਹ ਤੇਰੇ ਨਾਮ ਅੱਗੇ ਝੁਕ ਗਏ ਹਨ।

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ।।੩।।੧।।

(ਰਾਗ ਮਲਾਰ, ਭਗਤ ਰਵਿਦਾਸ ਜੀ, ਪੰਨਾ-੧੨੯੩)

ਗੁਰੂ ਕਾਲ ਸਮੇਂ ਵੀ ਇਨ੍ਹਾਂ ਮਨਮੱਤੀਆਂ ਅਤੇ ਮੌਕੇ ਦੀਆਂ ਸਰਕਾਰਾਂ ਦੀ ਮਿਲੀ-ਭੁਗਤ ਨਾਲ ਗੁਰੂ-ਘਰ ਦੇ ਜੰਮਪਲਾਂ ਨੂੰ ਆਪਣੇ ਮਾਇਆ ਜਾਲ 'ਚ ਫਸਾ ਕੇ ਇਨ੍ਹਾਂ ਸ਼ਾਤਰ ਲੋਕਾਂ ਨੇ ਗੁਰਮਤਿ ਦੇ ਪ੍ਰਚਾਰ ਨੂੰ ਢਾਹ ਲਾਉਣ ਲਈ ਗੁਰੂ-ਘਰ ਦੇ ਸਮਾਨੰਤਰ ਇਕ ਅਜਿਹੀ ਮੱਤ ਚਲਾਉਣ ਦੀਆਂ ਚਾਲਾਂ ਚੱਲੀਆਂ ਜਿਸ ਨਾਲ ਇਨ੍ਹਾਂ ਦੀਆਂ ਆਪਣੀਆਂ ਮੱਤਾਂ ਅਤੇ ਗੁਰਮਤਿ ਵਿਚਲਾ ਅੰਤਰ ਸਮਾਪਤ ਕਰਕੇ ਇਨ੍ਹਾਂ ਦੇ ਦੰਭ ਦਾ ਬਚਾਅ ਹੋ ਜਾਂਦਾ । ਪਰ ਗੁਰੂ ਸਾਹਿਬਾਨ ਨਾਮ ਰੰਗ ਵਿਚ ਰੰਗੇ ਅਡੋਲ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ।

ਅੰਤ ਨੂੰ ਕੂੜ ਕਪਟ ਦੀਆਂ ਮੱਤਾਂ ਆਪ ਹੀ ਸਮੇਂ ਦੀ ਮਾਰ ਨਾਲ ਦਮ ਤੋੜ ਗਈਆਂ। ਉਨ੍ਹਾਂ ਮੱਤਾਂ ਵਿਚ ਕੋਈ ਵੀ ਮੱਤ ਜਿਸਨੇ ਗੁਰੂ ਘਰ ਦਾ ਵਿਰੋਧ ਕੀਤਾ ਉਹ ਅੱਜ ਦਿਖਾਈ ਨਹੀਂ ਦੇ ਰਹੀ।

ਜਿਵੇਂ ਪਹਿਲਾਂ ਵੀ ਸੰਕੇਤ ਕੀਤਾ ਜਾ ਚੁਕਾ ਹੈ ਕਿ ਗੁਰਮਤਿ ਦੀ ਹੋਂਦ ਉਨ੍ਹਾਂ ਲੋਕਾਂ ਲਈ ਖਤਰੇ ਦੀ ਘੰਟੀ ਬਣੀ ਰਹਿੰਦੀ ਹੈ ਜਿਹੜੇ ਧਰਮ ਦੇ ਨਾਂ 'ਤੇ ਪਾਖੰਡਵਾਦ ਨੂੰ ਚਲਾਉਣ ਵਾਲੇ ਹੁੰਦੇ ਹਨ। ਵਰਨਾ ਗੁਰਮਤਿ ਤਾਂ ਸਾਰੀਆਂ ਮੱਤਾਂ ਨੂੰ ਉਸ ਤੋਂ ਅਗਲਾ ਰਸਤਾ ਦੱਸਦੀ ਹੈ ਜਿਥੇ ਜਾ ਕੇ ਉਨ੍ਹਾਂ ਮੱਤਾਂ ਵਿਚ ਖੜੋਤ ਆ ਜਾਂਦੀ ਹੈ। ਕਿਸੇ ਵੀ ਵਿਅਕਤੀ ਜਾਂ ਮੱਤ ਦੇ ਗਿਆਨ ਵਿਚ ਆਈ ਖੜੋਤ ਨੂੰ ਤੋੜ ਕੇ, ਉਸ ਦੇ ਗਿਆਨ ਵਿਚ ਵਾਧਾ ਕਰਨ ਨੂੰ ਦੁਨੀਆਂ ਦਾ ਕੋਈ ਵੀ ਸੂਝਵਾਨ ਵਿਅਕਤੀ ਬੁਰਾ ਨਹੀਂ ਮੰਨ ਸਕਦਾ। ਬੁਰਾ ਕੇਵਲ ਓਹੀ ਲੋਕ ਮੰਨਦੇ ਹਨ ਜਿਨ੍ਹਾਂ ਨੇ ਝੂਠ ਦੀਆਂ ਦੁਕਾਨਾਂ ਖੋਲ੍ਹ ਰੱਖੀਆਂ ਹਨ।

ਗੁਰਬਾਣੀ ਦਾ ਸੱਚ ਸੰਸਾਰ ਦੇ ਲੋਕਾਂ ਦੇ ਮਨਾਂ ਵਿਚ ਗਿਆਨ ਦਾ ਸੂਰਜ ਪ੍ਰਗਟ ਕਰਨ ਵਾਲਾ ਹੈ। ਮਨਮੁਖ ਉੱਲੂ ਤਾਂ ਸੂਰਜ ਦਾ ਵਿਰੋਧ ਕਰੇਗਾ ਹੀ ਕਿਉਂਕਿ ਉਸ ਦਾ ਗੁਰੂ-ਡੰਮ ਤਾਂ ਹਨੇਰੇ ਵਿਚ ਹੀ ਪ੍ਰਫੁੱਲਤ ਹੁੰਦਾ ਜਾਂ ਫਲਦਾ ਫੂਲਦਾ ਹੈ। ਗੁਰਬਾਣੀ ਮਨੁੱਖ ਨੂੰ ਸੋਝੀ ਪ੍ਰਦਾਨ ਕਰਦੀ ਹੈ ਤੇ ਇਸ ਕਰਕੇ ਸਧਾਰਨ ਆਦਮੀ ਇਨ੍ਹਾਂ ਪਾਖੰਡਵਾਦੀਆਂ ਦੇ ਭਰਮ ਜਾਲ 'ਚ ਫਸਣ ਤੋਂ ਸੁਚੇਤ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਇਨ੍ਹਾਂ ਦੰਭੀ ਅਖੌਤੀ ਆਪੂੰ ਬਣੇ ਗੁਰੂਆਂ ਵੱਲੋਂ ਗੁਰਮਤਿ ਦੇ ਵਿਰੋਧ ਦਾ! ਸੰਸਾਰ ਵਿੱਚ ਦੋ ਪ੍ਰਕਾਰ ਦੇ ਗੁਰੂ ਹੁੰਦੇ ਹਨ - ਅਸਲੀ ਗੁਰੂ ਅਤੇ ਨਕਲੀ ਗੁਰੂ॥

ਅਸਲੀ ਗੁਰੂ ਦੀ ਪਛਾਣ ਇਹ ਹੈ ਕਿ ਉਹ ਮਨੁੱਖਤਾ ਦਾ ਭਰਮ ਨਾਸ ਕਰਕੇ ਦੁਨੀਆਂ ਦੇ ਹਰ ਬਸ਼ਿੰਦੇ ਨੂੰ ਆਪਣੇ ਵਰਗਾ ਸੂਝਵਾਨ ਬਣਾਉਂਦਾ ਹੈ। ਅਸਲੀ ਗੁਰੂ ਕੋਲ ਇਤਨਾ ਗਿਆਨ ਦਾ ਭੰਡਾਰ ਹੁੰਦਾ ਹੈ ਜਿਸ ਨੂੰ ਅਥਾਹ ਹੀ ਕਿਹਾ ਜਾ ਸਕਦਾ ਹੈ। ਇਸ ਲਈ ਸੱਚੇ ਗੁਰੂ ਨੂੰ ਕਿਸੇ ਸਮੇਂ ਵੀ ਅਜਿਹਾ ਖਤਰਾ ਨਹੀਂ ਰਹਿੰਦਾ ਕਿ ਮੈਥੋਂ ਗਿਆਨ ਪ੍ਰਾਪਤ ਕਰਕੇ ਕੋਈ ਦੂਸਰਾ ਮੈਥੋਂ ਅੱਗੇ ਨਾ ਲੰਘ ਜਾਵੇ। ਉਹ ਤਾਂ ਸਗੋਂ ਸਾਰੀ ਲੋਕਾਈ ਨੂੰ ਹੀ ਆਪਣੇ ਵਰਗਾ ਬਣਾ ਲੈਣਾ ਲੋਚਦਾ ਰਹਿੰਦਾ ਹੈ ਜਦੋਂ ਕਿ ਨਕਲੀ ਗੁਰੂ ਅਲਪ ਬੁੱਧੀ ਦਾ ਮਾਲਕ ਹੁੰਦਾ ਹੈ। ਉਸ ਨੂੰ ਹਮੇਸ਼ਾ ਹੀ ਖਤਰਾ ਬਣਿਆ ਰਹਿੰਦਾ ਹੈ ਕਿ ਮੈਥੋਂ ਕੋਈ ਅੱਗੇ ਨਾ ਲੰਘ ਜਾਵੇ ਜਾਂ ਮੇਰੇ ਅਲਪ ਗਿਆਨ ਦਾ ਕਿਸੇ ਨੂੰ ਪਤਾ ਨਾ ਲੱਗ ਜਾਵੇ। ਇਸੇ ਲਈ ਉਹ ਲੋਕਾਂ ਨੂੰ ਸੂਝਵਾਨ ਬਣਾਉਣ ਦੀ ਥਾਂ ਭਰਮ ਭੁਲੇਖਿਆਂ ਵਿਚ ਉਲਝਾਈ ਰੱਖਣ ਵਾਲਾ ਹੀ ਹੁੰਦਾ ਹੈ। ਇਸੇ ਵਿਚ ਉਸ ਦੇ ਗੁਰੂ-ਡੰਮ ਦਾ ਬਚਾਅ ਸੰਭਵ ਹੁੰਦਾ ਹੈ। ਉਪਰੋਕਤ ਕਾਰਨਾਂ ਕਰਕੇ ਇਹ ਅਨਮੱਤੀਏ ਇਸ ਸੱਚੀ ਸੁੱਚੀ ਮੱਤ ਦੇ ਵਿਰੋਧੀ ਹੁੰਦੇ ਹਨ।

ਹੁਣ ਅਸੀਂ ਇਹ ਵੇਖਾਂਗੇ ਕਿ ਗੁਰਮਤਿ ਤੋਂ ਬਿਨਾਂ ਬਾਕੀ ਸਾਰੀਆਂ ਮੱਤਾਂ ਸਮੇਂ ਸਮੇਂ ਸਰਕਾਰਾਂ ਦੀਆਂ ਅੱਖਾਂ ਵਿੱਚ ਕਿਉਂ ਨਹੀਂ ਰੜਕਦੀਆਂ? ਉਹਦਾ ਕਾਰਨ ਇਹ ਹੈ ਕਿ "ਪਾੜੋ ਅਤੇ ਰਾਜ ਕਰੋ" ਦੀ ਨੀਤੀ ਉਨ੍ਹਾਂ ਸਾਰੀਆਂ ਸਰਕਾਰਾਂ ਦੀ ਹੀ ਹੁੰਦੀ ਹੈ। ਜਿਨਾਂ ਸਰਕਾਰਾਂ ਦੇ ਹਾਕਮ ਮਨਭਾਉਂਦੇ ਹੁਕਮ ਚਲਾਉਣ ਦੇ ਇੱਛੁਕ ਹੋਣ। ਜਦਕਿ ਗੁਰਮਤਿ ਸੰਸਾਰ ਦੀਆਂ ਸਾਰੀਆਂ ਮੱਤਾਂ ਨੂੰ ਇੱਕ ਪਲੇਟਫਾਰਮ ਉੱਤੇ ਲਿਆ ਕੇ ਆਪਸੀ ਮੱਤਭੇਦ ਦੂਰ ਕਰਵਾ ਕੇ ਸੰਸਾਰ ਦੇ ਸਾਰੇ ਲੋਕਾਂ ਦਾ ਭਲਾ ਚਾਹੁਣ ਅਤੇ ਕਰਨ ਵਾਲੇ ਰਾਜ ਪ੍ਰਬੰਧ ਵਾਲੀ ਵਿਚਾਰਧਾਰਾ ਨਾਲ ਟਕਰਾਅ ਦਾ ਮੁੱਖ ਕਾਰਨ ਹੀ ਇਹ ਹੈ ਕਿ ਉਨ੍ਹਾਂ ਦੇ "ਪਾੜੋ ਤੇ ਰਾਜ ਕਰੋ" ਦਾ ਵਿਰੋਧ ... ਇਹ ਮੱਤ ਕਰ ਰਹੀ ਹੈ। ਝੂਠੇ ਅਤੇ ਅਨਿਆਈ ਰਾਜ ਪ੍ਰਬੰਧ ਨਾਲ ਇਸ ਮੱਤ ਦਾ ਟਕਰਾਅ ਮੁੱਢ ਕਦੀਮ ਤੋਂ ਹੀ ਚਲਿਆ ਆ ਰਿਹਾ ਹੈ । ਇਹ ਗੁਰਮਤਿ ਹੀ ਹੈ ਜਿਹੜੀ ਸੰਸਾਰ ਦੇ ਰਾਜਿਆਂ ਨੂੰ ਝੂਠੇ ਚਾਰ ਦਿਨ ਦੇ ਘੜੱਮ ਚੌਧਰੀ ਆਖ ਕੇ ਇਨ੍ਹਾਂ ਦੀ ਨਿਰਾਦਰੀ ਨਿਰਭੈਤਾ ਨਾਲ ਕਰਦੀ ਹੈ। ਪਰਮੇਸ਼ਰ ਤੋਂ ਬਿਨਾਂ ਗੁਰਮਤਿ ਅਨੁਸਾਰ ਦੂਸਰਾ ਕੋਈ ਰਾਜਾ ਹੈ ਹੀ ਨਹੀਂ।

ਕੋਊ ਹਰਿ ਸਮਾਨਿ ਨਹੀ ਰਾਜਾ ।।
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ।।੧।।ਰਹਾਉ।।

(ਰਾਗ ਬਿਲਾਵਲ, ਭਗਤ ਕਬੀਰ ਜੀ, ਪੰਨਾ-੮੫੬)

ਗੁਰਮਤਿ ਦੀਆਂ ਉਪਰੋਕਤ ਟਿੱਪਣੀਆਂ ਰਾਜਿਆਂ ਨੂੰ ਉਨ੍ਹਾਂ ਖਿਲਾਫ਼ ਬਗ਼ਾਵਤ ਦੀ ਘੰਟੀ ਭਾਸਦੀਆਂ ਹਨ। ਇਸ ਲਈ ਇਸ ਮੱਤ ਨੂੰ ਦਿਸ਼ਾਹੀਣ ਕਰਨ ਲਈ ਸਮੇਂ ਦੀਆਂ ਸਰਕਾਰਾਂ ਦੂਸਰੀਆਂ ਝੂਠੀਆਂ ਮੱਤਾਂ ਨੂੰ ਆਪਣੇ ਫਾਇਦੇ ਲਈ ਵਰਤਦੀਆਂ ਰਹਿੰਦੀਆਂ ਹਨ।

ਅੱਜ 'ਪਖੰਡੀ ਬਾਬਿਆਂ' ਦੀ ਕਹਾਣੀ ਪਿੱਛੇ, ਇਹੀ ਸ਼ਰਾਰਤ ਕੰਮ ਕਰ ਰਹੀ ਭਾਸਦੀ ਹੈ। ਜੇ ਅਸੀਂ ਗੁਰਮਤਿ ਅਨੁਸਾਰ ਸਰਬੱਤ ਦੇ ਭਲੇ ਦੀ ਗੱਲ ਕਰੀਏ ਤਾਂ ਸ਼ਾਇਦ ਅੱਜ ਦੀ ਸਰਕਾਰ ਵੱਲੋਂ ਸਾਡਾ ਵਿਰੋਧ ਏਨਾ ਨਾ ਹੋਵੇ ਜਿੰਨਾ ਵਿਰੋਧ ਅੱਜ ਸਾਨੂੰ ਝੱਲਣਾ ਪੈ ਰਿਹਾ ਹੈ।

ਇਸ ਵਿਚ ਸਾਡਾ ਕਸੂਰ ਕੇਵਲ ਏਨਾ ਹੈ ਕਿ ਜਦੋਂ ਅਸੀਂ ਕੇਵਲ ਸਿੱਖਾਂ ਦੇ ਭਲੇ ਤਕ ਹੀ ਆਪਣੀ ਗੱਲ ਸੀਮਤ ਕਰ ਦਿੰਦੇ ਹਾਂ ਤਾਂ ਸੰਸਾਰ ਨੂੰ ਇਹ ਸੁਨੇਹਾ ਜਾਂਦਾ ਹੈ ਕਿ ਅੱਜ ਦੇ ਸਿੱਖਾਂ ਨੇ ਗੁਰਮਤਿ ਵਿਚਾਰਧਾਰਾ ਤੋਂ ਵੱਖਰਾ ਰਸਤਾ ਅਪਣਾਅ ਲਿਆ ਹੈ।

ਜੇ ਅਸੀਂ ਗੁਰਮਤਿ ਅਨੁਸਾਰ ਸਰਬੱਤ ਦੇ ਭਲੇ ਦੀ ਲੜਾਈ ਲੜੀਏ ਜਾਂ ਹੁਣ ਹੀ ਲੜਨੀ ਸ਼ੁਰੂ ਕਰ ਦੇਈਏ, ਤਾਂ ਕੋਈ ਵਜ਼ਾ ਨਹੀਂ ਕਿ ਸਾਰੀ ਦੁਨੀਆਂ ਦੇ ਸੂਝਵਾਨ ਲੋਕ ਸਾਡੀ ਮੱਦਦ ਲਈ ਸਾਡੇ ਨਾਲ ਆ ਖੜੇ ਹੋਣ। ਸੋ ਸਾਡੇ ਲਈ ਅੱਜ ਇਹ ਗੰਭੀਰਤਾ ਨਾਲ ਵਿਚਾਰਨ ਦਾ ਸਮਾਂ ਆ ਗਿਆ ਹੈ ਕਿ ਅਸੀਂ ਗੁਰੂ ਕੀ ਮੱਤ ਅਨੁਸਾਰ ਸਰਬੱਤ ਦੇ ਭਲੇ ਦੇ ਝੰਡਾ ਬਰਦਾਰ ਬਣੀਏ ਅਤੇ ਸਿੱਖਾਂ ਅਤੇ ਕੇਵਲ ਸਿੱਖਾਂ ਦੀ ਚਿੰਤਾ ਛੱਡ ਕੇ ਸਿੱਖੀ ਦੀ ਚਿੰਤਾ ਵੱਲ ਧਿਆਨ ਦੇਈਏ। ਨਹੀਂ ਤਾਂ ਪਿਛਲੇ ਦੋ ਢਾਈ ਸੌ ਸਾਲਾਂ ਵਿਚ ਸਿੱਖਾਂ ਦੀ ਚਿੰਤਾ ਕਰਨ ਕਰਕੇ ਜੋ ਅਸੀਂ ਖੱਟਿਆ ਅਤੇ ਗਵਾਇਆ ਹੈ ਅੱਜ ਉਹ ਸਾਡੇ ਸਾਹਮਣੇ ਹੀ ਹੈ।

ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਗੁਰੂ ਸਾਹਿਬਾਨ ਅਤੇ ਖਾਲਸੇ ਨੇ ਆਪਣੀ ਹੋਂਦ ਨੂੰ ਬਚਾਉਣ ਲਈ ਸੰਸਾਰੀ ਹਥਿਆਰਾਂ ਜਿਵੇਂ ਤਲਵਾਰ, ਤੁਪਕ, ਤੀਰ ਆਦਿ ਦੀ ਵਰਤੋਂ ਵੀ ਕੀਤੀ ਹੈ ਪਰ ਉਹ ਸਮਾਂ ਹਰ ਵੇਲੇ ਨਹੀਂ ਹੋਇਆ ਕਰਦਾ। ਤਲਵਾਰ ਦੇ ਮੁੱਠੇ 'ਤੇ ਤਾਂ ਹੱਥ ਉਦੋਂ ਹੀ ਜਾਣਾ ਚਾਹੀਦਾ ਹੈ ਜਦੋਂ ਗੱਲਬਾਤ ਦੇ ਸਾਰੇ ਹੀਲੇ ਵਸੀਲੇ ਖਤਮ ਹੋ ਜਾਣ।

ਗੁਰਮਤਿ ਰੂਪੀ ਗਿਆਨ ਖੜਗ ਦੀ ਧਾਰ ਇਸ ਕਦਰ ਤਿੱਖੀ ਅਤੇ ਬਾਰੀਕ ਹੈ ਕਿ ਝੂਠ ਤੇ ਟਿਕੀ ਦੁਨੀਆਂ ਦੀ ਕੋਈ ਵੀ ਮੱਤ ਇਸ ਦੇ ਅੱਗੇ ਟਿਕ ਨਹੀਂ ਸਕਦੀ।

ਪਰ ਅੱਜ ਸਮੱਸਿਆ ਇਹ ਹੈ ਕਿ ਗੁਰਮਤਿ ਦੀ ਉਹ ਸੋਝੀ ਜਿਹੜੀ ਗੁਰੂ ਸਾਹਿਬਾਨ ਵੇਲੇ ਜਾਂ ਉਨ੍ਹਾਂ ਤੋਂ ਕੁਝ ਸਮਾਂ ਬਾਅਦ ਉਨ੍ਹਾਂ ਦੇ ਪੜਾਏ ਹੋਏ ਸਿੰਘਾਂ ਕੋਲ ਸੀ ਅੱਜ ਸਾਡੇ ਕੋਲ ਨਹੀਂ ਹੈ ਕਿਉਂਕਿ ਦਸਮ ਪਾਤਸ਼ਾਹ ਤੋਂ ਬਾਅਦ ਗੁਰਮਤਿ ਦੇ ਪ੍ਰਚਾਰ ਤੇ ਪਾਬੰਦੀ ਲਾ ਦਿੱਤੀ ਗਈ ਸੀ ਅਤੇ ਗੁਰਮਤਿ ਦੀ ਸੋਝੀ ਰੱਖਣ ਵਾਲਿਆਂ ਨੂੰ ਇਕ ਇਕ ਕਰਕੇ ਸ਼ਹੀਦ ਕਰ ਦਿੱਤਾ ਗਿਆ ਸੀ। ਉਸ ਤੋਂ ਬਾਅਦ ਜਿਨ੍ਹਾਂ ਵਿਦਵਾਨਾਂ ਨੇ ਗੁਰਬਾਣੀ ਦੇ ਟੀਕੇ ਲਿਖੇ, ਉਹ ਦੂਜੀਆਂ ਮੱਤਾਂ ਤੋਂ ਪ੍ਰਭਾਵਿਤ ਵਿਦਵਾਨ ਸਨ। ਗੁਰਬਾਣੀ ਵਿਚ ਬਹੁਤ ਕੁਝ ਅਜਿਹਾ ਹੈ ਜਾਂ ਇਉਂ ਕਹਿ ਲਓ ਗੁਰਬਾਣੀ ਦੀ ਗੂਹਜ ਕਥਾ ਸਮਝਣ ਵਾਲੀ ਘੱਟ ਅਤੇ ਬੁੱਝਣ ਵਾਲੀ ਜ਼ਿਆਦਾ ਹੈ।

ਸਮਝਣ ਵਾਲੀ ਤਾਂ ਗੱਲ ਵਿਦਵਾਨਾਂ ਦੇ ਪੱਲੇ ਪੈ ਗਈ ਅਤੇ ਬੁੱਝਣ ਵਾਲੀ ਗੱਲ ਪੱਲੇ ਪੈਣੀ ਅਜੇ ਬਾਕੀ ਹੈ। ਅਸਲੀ ਲੜਾਈ ਬੁੱਝਣ ਵਾਲੀ ਗੱਲ ਪੱਲੇ ਪੈਣ ਨਾਲ ਹੀ ਜਿੱਤੀ ਜਾਣੀ ਹੈ। ਬੁੱਝਣ ਵਾਲੀ ਗੱਲ, ਬੁੱਝਣ ਉਪਰੰਤ ਹੀ ਸਿੱਖ ਦੀ ਬੁੱਧੀ, ਬਿਬੇਕ ਬੁੱਧੀ ਵਿਚ ਬਦਲ ਜਾਂਦੀ ਹੈ। ਬਿਬੇਕ ਬੁੱਧੀ ਹੀ ਹਰ ਕਿਸਮ ਦੇ ਭਰਮ ਜਾਲ ਨੂੰ ਕੱਟਣ ਵਿਚ ਸਮਰੱਥ ਹੈ। ਇਨ੍ਹਾਂ ਭਰਮ ਗਿਆਨੀ, ਦੰਭੀ-ਪਾਖੰਡੀ ਗੁਰੂਆਂ ਨਾਲ ਬਿਬੇਕ ਬੁੱਧੀ ਵਾਲੇ ਗੁਰਮੁਖ ਹੀ ਸਿੱਝ ਸਕਦੇ ਹਨ। ਸੋ ਪਹਿਲੇ ਪੜਾਅ ਉੱਤੇ ਸਾਨੂੰ ਗੁਰਮੁੱਖਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਇਸ ਪਾਖੰਡਵਾਦ ਦੇ ਮੋਰਚੇ ਦੇ ਖਿਲਾਫ਼ ਅਗਲੀਆਂ ਸਫ਼ਾਂ 'ਚ ਹੋ ਕੇ ਗਿਆਨ ਖੜਗ ਦੀ ਲੜਾਈ ਲੜਨ ਲਈ ਕਮਰਕੱਸਾ ਕਰਨਾ ਚਾਹੀਦਾ ਹੈ।

ਪਰੰਤੂ ਜਿਵੇਂ ਕਿ ਅਸੀਂ ਉੱਪਰ ਵੀ ਲਿਖਿਆ ਹੈ ਕਿ ਗੁਰਬਾਣੀ ਅੰਦਰਲੀ ਬੁੱਝਣ ਵਾਲੀ ਗੱਲ ਅਜੇ ਤਕ ਸਾਡੀ ਪਕੜ ਤੋਂ ਹੀ ਪਰੇ ਹੈ। ਇਸੇ ਲਈ ਉਸ ਦਾ ਪ੍ਰਚਾਰ ਵੀ ਸਿੱਖ ਸੰਗਤ ਵਿੱਚ ਨਹੀਂ ਹੋ ਰਿਹਾ। ਅੱਜ ਦਾ ਸਾਡਾ ਪ੍ਰਚਾਰਕ ਜਾਂ ਰਾਗੀ ਗੂੜ ਗਿਆਨ ਜਾਂ ਤੱਤ ਗਿਆਨ ਦੀਆਂ ਗੱਲਾਂ ਤਾਂ ਕੀ- ਉਹ ਲੋਕਾਂ ਦੇ ਸਧਾਰਨ ਸਵਾਲਾਂ ਦੇ ਜਵਾਬ ਦੇਣ ਵਿਚ ਵੀ ਅਸਮਰੱਥ ਹੈ। ਸਾਡੇ ਤਰੀਕਿਆਂ ਵਿਚ ਆਪਾ ਵਿਰੋਧੀ ਗੱਲਾਂ ਦਰਜ ਹਨ। ਇਸੇ ਲਈ ਸਾਡੇ ਪ੍ਰਚਾਰਕ ਆਪਣੇ ਆਪ ਨੂੰ ਫਸਿਆ ਹੋਇਆ ਮਹਿਸੂਸ ਕਰ ਰਹੇ ਹਨ। ਬਹੁਤ ਕੁਝ ਸਾਡੇ ਇਤਿਹਾਸ ਵਿਚ ਅਜਿਹਾ ਹੈ ਜੋ ਗੁਰਬਾਣੀ ਦੀ ਵਿਚਾਰਧਾਰਾ ਦੇ ਹੀ ਵਿਰੁੱਧ ਹੈ। ਅਜਿਹੀ ਹਾਲਤ ਵਿੱਚ ਪਖੰਡੀ ਬਾਬਿਆਂ ਦਾ ਪੈਦਾ ਹੁੰਦੇ ਰਹਿਣਾ ਕੁਦਰਤੀ ਗੱਲ ਹੈ।

ਜੇ ਅਸੀਂ ਇਹ ਚਾਹੁੰਦੇ ਹਾਂ ਕਿ ਇਨ੍ਹਾਂ ਰੋਜ਼ ਪੈਦਾ ਹੋਣ ਵਾਲੇ ਡੰਮੀਆਂ ਦਾ ਪੈਦਾ ਹੋਣਾ ਹਮੇਸ਼ਾ ਲਈ ਰੋਕ ਦਿੱਤਾ ਜਾਵੇ ਤਾਂ ਸਾਨੂੰ ਸਭ ਤੋਂ ਪਹਿਲਾਂ ਗੁਰਮਤਿKਗੁਰਬਾਣੀ ਦੀ ਸੋਝੀ ਤੇ ਅਰਥ ਬੋਧ ਰੱਖਣ ਵਾਲੇ ਗੁਰਮੁੱਖ ਵਿਦਵਾਨਾਂ ਨੂੰ ਇਕ ਪਲੇਟਫਾਰਮ ਤੇ ਇਕੱਠੇ ਕਰਕੇ ਗੁਰਮਤਿ ਦੇ ਟੀਕੇ ਨਵੇਂ ਸਿਰਿਓਂ ਤਿਆਰ ਕਰਵਾਉਣੇ ਚਾਹੀਦੇ ਹਨ। ਨਾਲ ਦੀ ਨਾਲ ਕਿਸੇ ਚੈਨਲ ਤੋਂ ਗੁਰਮਤਿ ਵਿਚਾਰਧਾਰਾ ਦੀ ਸੋਝੀ ਪ੍ਰਸਾਰਿਤ ਕਰਨ ਦੇ ਉਪਰਾਲੇ ਸ਼ੁਰੂ ਕਰ ਦੇਣੇ ਚਾਹੀਦੇ ਹਨ।

ਆਪਣੇ ਇਤਿਹਾਸ ਨੂੰ ਗੁਰਮਤਿ ਅਨੁਸਾਰ ਸੋਧ ਕੇ ਪ੍ਰਚਾਰਨਾ ਪ੍ਰਸਾਰਨਾ ਚਾਹੀਦਾ ਹੈ। ਗੁਰਮਤਿ ਦੇ ਸਹੀ ਅਰਥ ਸਮਝੇ ਬਿਨਾਂ ਸਾਡੇ ਅੰਦਰ ਮੱਤਭੇਦ ਰਹਿਣਗੇ ਹੀ। ਗੁਰਮਤਿ ਨੂੰ ਗ੍ਰਹਿਣ ਕਰਨਾ ਹੀ ਗੁਰਸਿੱਖਾਂ ਲਈ ਭਗਤੀ ਕਰਨਾ ਹੈ ਪਰ ਗੁਰਮਤਿ ਬਾਰੇ ਸਾਡੀ ਵਿਆਖਿਆ ਗੁਰਮਤਿ ਅਨੁਸਾਰੀ ਹੀ ਹੋਣੀ ਚਾਹੀਦੀ ਹੈ। ਅੱਜ ਸਾਡੇ ਵੱਖਰੇ-ਵੱਖਰੇ ਰਾਹਾਂ ਦਾ ਕਾਰਨ ਹੀ ਇਹ ਹੈ ਕਿ ਅਸੀਂ ਗੁਰਮਤਿ ਦੀ ਸਹੀ ਵਿਆਖਿਆ ਹੁਣ ਤਕ ਦੇਣ ਤੋਂ ਅਸਮਰੱਥ ਹਾਂ।

ਗੁਰਮਤਿ ਦੀ ਸਹੀ ਵਿਆਖਿਆ ਹੀ ਅੱਜ ਸਾਡੀਆਂ ਸਮੱਸਿਆਵਾਂ ਦਾ ਵਾਹਦ ਹੱਲ ਹੈ। ਇਸ ਲਈ ਸਾਡੀ ਇਹ ਗੁਰੂ ਰੂਪ ਪੰਥ ਖਾਲਸੇ ਨੂੰ ਸਨਿਮਰ ਬੇਨਤੀ ਹੈ ਕਿ ਗੁਰੂ ਲਈ ਸਭ ਕੁਝ ਭੁੱਲ ਕੇ ਇਕ ਥਾਂ ਗੁਰਮੁੱਖਾਂ ਵਾਂਗ ਬੈਠੀਏ ਅਤੇ ਅਨਮੱਤੀਆਂ ਲਈ 'ਗੁਰਮਤਿ ਦਾ ਸੱਚ' ਗੁਰਬਾਣੀ 'ਚੋਂ ਲੱਭੀਏ ਜਿਸ ਦਾ ਇਕ ਕਿਣਕਾ ਹੀ ਅਜਿਹੇ ਦੰਭੀਆਂ ਦਾ ਖੁਰਾ ਖੋਜ ਮਿਟਾਉਣ ਦੀ ਸ਼ਕਤੀ ਰੱਖਦਾ ਹੈ।

**ਅੱਜ ਭੋਗ 'ਤੇ ਵਿਸ਼ੇਸ਼**

# ਕਿਰਤ ਸੱਭਿਆਚਾਰ ਨਾਲ ਜੁੜਿਆ ਇਨਸਾਨ ਸੀ --ਅਜੈਬ ਸਿੰਘ ਗਰਚਾ





ਜਗਰੂਪ ਸਿੰਘ ਜਰਖੜ
91-98143-00722

ਇਸ ਦੁਨੀਆਂ ਵਿੱਚ ਆਉਣ ਵਾਲੇ ਹਰ ਇਨਸਾਨ ਦੀ ਜ਼ਿੰਦਗੀ ਦਾ ਇੱਕ ਮਕਸਦ ਹੈ ਕਿਰਤ ਕਰਨਾ ਪਰਮਾਤਮਾ ਦੇ ਬੰਦਗੀ ਕਰਨਾ ,ਲੋਕ ਸੇਵਾ ਕਰਨਾ ਜਦ ਕਿ ਫਲ ਦੇਣਾ ਪ੍ਰਮਾਤਮਾ ਦੇ ਹੱਥ ਹੁੰਦਾ ਹੈ ਹੈ ਜੋ ਇਨਸਾਨ ਆਪਣੀ ਜ਼ਿੰਦਗੀ ਦੇ ਇਸ ਮਕਸਦ ਤੇ ਪਹਿਰਾ ਦਿੰਦਾ ਹੈ ਉਹ ਆਪਣਾ ਜੀਵਨ ਸਫਲਾ ਕਰਕੇ ਜਾਂਦਾ ਹੈ ਇਹੋ ਜਿਹੇ ਹੀ ਇਨਸਾਨ ਸਨ ਅਜੈਬ ਸਿੰਘ ਗਰਚਾ ।

ਸਰਦਾਰ ਅਜੈਬ ਸਿੰਘ ਗਰਚਾ ਬੀਤੀ 11 ਮਈ ਨੂੰ ਪ੍ਰਮਾਤਮਾ ਵੱਲੋਂ ਦਿੱਤੇ ਸਵਾਸਾਂ ਦੀ ਪੂੰਜੀ ਭੋਗ ਕੇ ਇਸ ਦੁਨੀਆ ਤੋਂ ਰੁੱਖਸਤ ਗਏ ਹਨ ਅਜੈਬ ਸਿੰਘ ਗਰਚਾ ਮੇਰੇ ਸਤਿਕਾਰਯੋਗ ਮਾਮਾ ਜੀ ਸਨ ਉਹ ਪੰਜ ਭੈਣ ਭਰਾ ਸਨ ਉਨ੍ਹਾਂ ਦਾ ਜਨਮ ਸਾਲ 1937 ਨੂੰ ਪਿਤਾ ਕਰਤਾਰ ਸਿੰਘ ਅਤੇ ਮਾਤਾ ਤੇਜ ਕੌਰ ਦੀ ਕੁੱਖੋਂ ਪਿੰਡ ਢੰਡਾਰੀ ਕਲਾਂ ਜ਼ਿਲਾ ਲੁਧਿਆਣਾ ਤੋਂ ਹੋਇਆ ਇੱਕ ਸਾਧਾਰਨ ਪਰਿਵਾਰ ਤੋਂ ਆਪਣੀ ਜ਼ਿੰਦਗੀ ਦਾ ਸਫਰ ਸ਼ੁਰੂ ਕਰਕੇ ਸਾਧਾਰਨ ਜੀਵਨ ਬਤੀਤ ਕਰਦਿਆਂ ਆਪ ਅਤੇ ਆਪਣੇ ਪਰਿਵਾਰ ਨੂੰ ਉੱਚ ਬੁਲੰਦੀਆਂ ਤੇ ਪਹੁੰਚਾਇਆ ਉਨ੍ਹਾਂ ਦਾ ਵੱਡਾ ਭਰਾ ਬਲਵੰਤ ਸਿੰਘ ਗਰਚਾ ਡੀ ਆਈ ਜੀ ਅਹੁਦੇ ਤੱਕ ਪਹੁੰਚੇ ਜਦ ਕਿ ਛੋਟਾ ਭਰਾ ਜਰਨੈਲ ਸਿੰਘ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਇੱਕ ਪ੍ਰੋਫੈਸਰ ਦੇ ਅਹੁਦੇ ਤੇ ਨਿਯੁਕਤ ਹੁੰਦਿਆਂ ਫਿਰ ਅਮਰੀਕਾ ਵਰਗੇ ਮੁਲਕ ਵਿੱਚ ਸੈਟਲ ਹੋਏ ਇਸ ਤੋਂ ਇਲਾਵਾ ਉਨ੍ਹਾਂ ਦਾ ਇੱਕ ਬੇਟਾ ਸੁਖਵਿੰਦਰ ਸਿੰਘ ਗਰਚਾ ਅਤੇ ਚਾਰ ਬੇਟੀਆਂ ਗੁਰਮੀਤ, ਜਸਵੀਰ ਗੁਰਪ੍ਰੀਤ , ਜਸਪ੍ਰੀਤ ਕੌਰ ਪੜ੍ਹ ਲਿਖ ਕੇ ਵਧੀਆ ਸੰਸਕਾਰਾਂ ਨਾਲ ਸਮਾਜ ਦੇ ਇੱਕ ਵਧੀਆ ਮੁਕਾਮ ਤੇ ਪਹੁੰਚ ਕੇ ਆਪਣੀ ਜ਼ਿੰਦਗੀ ਦਾ ਵਧੀਆ ਨਿਰਵਾਹ ਕਰ ਰਹੀਆਂ ਹਨ । ਉਨ੍ਹਾਂ ਨੇ ਪਿੰਡ ਢੰਡਾਰੀ ਦੇ ਜ਼ਮੀਨ ਦੇ ਕੁਝ ਏਕੜਾ ਤੋਂ ਪਿੰਡ ਗੋਬਿੰਦਪੁਰਾ ਨਵਾਂ ਪਿੰਡ ਜਾ ਕੇ 50 ਏਕੜ ਦੇ ਕਰੀਬ ਰਕਬਾ ਆਪਣੇ ਤਨ ਮਨ ਧਨ ਦੀ ਮਿਹਨਤ ਨਾਲ ਪੂਰੇ ਪਰਿਵਾਰ ਲਈ ਜੋੜਿਆ, ਖੇਤੀਬਾੜੀ ਨਾਲ ਸਬੰਧਤ ਮਿਹਨਤ ਉਨ੍ਹਾਂ ਦੇ ਹਿਰਦੇ ਵਿੱਚ ਜੁੜੀ ਹੋਈ ਸੀ ਉਹ ਇੱਕ ਕਿਰਤ ਸੱਭਿਆਚਾਰ ਨਾਲ ਜੁੜੇ ਹੋਏ ਇਨਸਾਨ ਸਨ , ਉਹ ਇੱਕ ਮੌਜ਼ੀ ਜੱਟ ਸੀ ਉਸ ਨੇ ਜ਼ਿੰਦਗੀ ਮਾਣੀ ਹੈ ਭੋਗੀ ਨਹੀਂ, ਲੋਕਾਂ ਦੇ ਕੱਪੜੇ ਬਰਾਂਡਡ ਹੁੰਦੇ ਹਨ ਪਰ ਅਜੈਬ ਸਿੰਘ ਗਰਚਾ ਦੀ ਸੋਚ ਬਰਾਂਡਡ ਸੀ ਇਸ ਕਰਕੇ ਅੱਜ ਗਰਚਾ ਪਰਿਵਾਰ ਨੂੰ ਇਲਾਕੇ ਵਿੱਚ ਇੱਕ ਵੱਡਾ ਨਾਮਣਾ ਮਿਲਿਆ ਹੈ ਜੇਕਰ ਅੱਜ ਗਰਚਾ ਪਰਿਵਾਰ ਸਮਾਜ ਵਿੱਚ ਕਿਸੇ ਮੁਕਾਮ ਤੇ ਹੈ ਉਸ ਵਿੱਚ ਅਜੈਬ ਸਿੰਘ ਗਰਚਾ ਦੀ ਇੱਕ ਵੱਡੀ ਭੂਮਿਕਾ ਸੀ । ਕੁਝ ਮਹੀਨੇ ਪਹਿਲਾਂ ਮੇਰੇ ਮਾਤਾ ਅਤੇ ਉਨ੍ਹਾਂ ਦੀ ਵੱਡੀ ਭੈਣ ਨਛੱਤਰ ਕੌਰ ਇਸ ਦੁਨੀਆ ਤੋਂ ਅਕਾਲ ਚਲਾਣਾ ਕਰ ਗਏ ਸਨ ਮਾਹੌਲ ਪਹਿਲਾਂ ਹੀ ਗਮਗੀਨ ਸੀ ਸਾਡੇ ਪਰਿਵਾਰਾਂ ਲਈ ਇਹ ਦੂਸਰਾ ਵੱਡਾ ਸਦਮਾ ਹੈ ।

ਜੇਕਰ ਅਜੈਬ ਸਿੰਘ ਗਰਚਾ ਦੀ ਜ਼ਿੰਦਗੀ ਦਾ ਲੇਖਾ ਜੋਖਾ ਕਰੀਏ ਉਹ ਆਪਣਾ ਜੀਵਨ ਸਫਲਾ ਕਰ ਕੇ ਗਏ ਹਨ ਵਧੀਆ ਉਮਰ ਭੋਗ ਕੇ ਅਤੇ ਜ਼ਿੰਦਗੀ ਦਾ ਵਧੀਆ ਪੈਂਡਾ ਤੈਅ ਕਰਕੇ ਗਏ ਹਨ ਪਰਿਵਾਰ ਨੂੰ ਵਧੀਆ ਸੰਸਕਾਰ ਦੇਕੇ ਗਏ ਹਨ ਸਵਰਗੀ ਅਜੈਬ ਸਿੰਘ ਗਰਚਾ ਦੇ ਨਮਿੱਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 20 ਮਈ ਦਿਨ ਬੁੱਧਵਾਰ ਨੂੰ ਦੁਪਹਿਰ 12 ਤੋਂ 2ਵਜੇ ਤੱਕ ਉਨ੍ਹਾਂ ਦੇ ਗ੍ਰਹਿ ਪਿੰਡ ਗੋਵਿੰਦਪੁਰਾ (ਨਵਾਂ ਪਿੰਡ) ਨੇੜੇ ਪਾਇਲ ਜ਼ਿਲ੍ਹਾ ਲੁਧਿਆਣਾ ਵਿਖੇ ਹੋਵੇਗੀ। ਕਰੋਨਾ ਵਾਇਰਸ ਦੀ ਮਹਾਂਮਾਰੀ ਫ਼ੈਲੀ ਕਾਰਨ ਦੋਸਤਾ ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸੀਮਤ ਬੰਦੇ ਹੀ ਅੰਤਿਮ ਅਰਦਾਸ ਵਿੱਚ ਪਹੁੰਚਣ ਦੀ ਕਿਰਪਾਲਤਾ ਕਰਨ । ਹਾਲਾਤ ਠੀਕ ਹੋਣ ਤੇ ਫਿਰ ਉਨ੍ਹਾਂ ਦੀ ਯਾਦ ਦੇ ਵਿੱਚ ਸਮਾਗਮ ਰੱਖ ਕੇ ਦੁੱਖ ਸਾਂਝਾ ਕੀਤਾ ਜਾਵੇਗਾ ।

# ਦਫ਼ਤਰੀ ਰਾਜਨੀਤੀ ਅਤੇ ਦਫ਼ਤਰੀ ਸਕਰਾਤਮਕਤਾ ਤੇ ਸੁਹਿਰਦਤਾ!



ਗੋਬਿੰਦਰ ਸਿੰਘ ਢੀਂਡਸਾ
bardwal[gobinder@gmail[com

ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਵਿੱਚ ਪ੍ਰਸ਼ਾਸਨਿਕ ਅਤੇ ਆਪਣੇ ਖਿੱਤੇ ਨਾਲ ਸੰਬੰਧਤ ਟੀਚਿਆਂ ਦੀ ਪ੍ਰਾਪਤੀ ਲਈ ਦਫ਼ਤਰਾਂ ਅਤੇ ਦਫ਼ਤਰੀ ਅਮਲੇ ਦੀ ਜ਼ਰੂਰਤ ਹੁੰਦੀ ਹੈ ਜਿਸਦੇ ਸਦਕਾ ਇਹ ਆਪਣੇ ਕਾਰਜਾਂ ਨੂੰ ਸੰਤੁਲਨਤਾ ਨਾਲ ਨੇਪਰੇ ਚਾੜਦੇ ਹਨ। ਦਫ਼ਤਰ ਇਹਨਾਂ ਅਦਾਰਿਆਂ ਦਾ ਕੇਂਦਰ ਬਿੰਦੂ ਹੁੰਦੇ ਹਨ ਅਤੇ ਉਹਨਾਂ ਦੀ ਸਫ਼ਲਤਾ ਦਫ਼ਤਰੀ ਅਮਲੇ ਭਾਵ ਅਧਿਕਾਰੀਆਂ ਅਤੇ ਕਰਮਚਾਰੀਆਂ ਤੇ ਨਿਰਭਰ ਕਰਦੀ ਹੈ। ਹਰ ਵਿਅਕਤੀ ਜਾਂ ਕਰਮਚਾਰੀ ਦੇ ਕੰਮ ਕਰਨ ਦੇ ਦੋ ਨਜ਼ਰੀਆਂ ਜਾਂ ਪਹੁੰਚ ਹੁੰਦੀ ਹੈ ਸਕਰਾਤਮਕ ਅਤੇ ਨਕਰਾਤਮਕ। ਯੋਗ ਅਤੇ ਸਕਰਾਤਮਕ ਪਹੁੰਚ ਰੱਖਣ ਵਾਲੇ ਅਧਿਕਾਰੀ ਅਤੇ ਕਰਮਚਾਰੀ ਆਪਣੀ ਕਾਰਜਸ਼ੈਲੀ ਸਦਕਾ ਚੰਗੇ ਨਤੀਜੇ ਦਿੰਦੇ ਹਨ ਉੱਥੇ ਹੀ ਦਫ਼ਤਰਾਂ ਵਿੱਚ ਨਕਰਾਤਮਕ ਪਹੁੰਚ ਰੱਖਣ ਵਾਲੇ ਕਰਮਚਾਰੀ ਜਿੱਥੇ ਸਾਥੀ ਕਰਮਚਾਰੀਆਂ ਦਾ ਨੁਕਸਾਨ ਕਰਦੇ ਹਨ ਉੱਥੇ ਹੀ ਅਦਾਰੇ ਦੀਆਂ ਸੇਵਾਵਾਂ ਅਤੇ ਟੀਚਿਆਂ ਨੂੰ ਪਿਛਾਂਹ ਵੱਲ ਡਾਢਾ ਧੱਕਾ ਮਾਰਦੇ ਹਨ।



ਦਫ਼ਤਰਾਂ ਵਿੱਚ ਹਲਕੀ ਮਾਨਸਿਕਤਾ ਵਾਲੇ ਕਰਮਚਾਰੀਆਂ ਦਾ ਸੁਭਾਅ ਹੀ ਹੁੰਦਾ ਹੈ ਦੂਜੇ ਦੇ ਕੰਮਾਂ ਵਿੱਚ ਸਿੱਧੇ ਜਾਂ ਅਸਿੱਧੇ ਢੰਗਾਂ ਨਾਲ ਰੁਕਾਵਟ ਪੈਦਾ ਕਰਦੇ ਹਨ। ਅਜਿਹੇ ਕਰਮਚਾਰੀ ਪ੍ਰਾਪਤ ਆਦੇਸ਼ਾਂ, ਕੰਮਾਂ ਨੂੰ ਪਹਿਲਾਂ ਹੀ ਨਕਰਾਤਮਕ ਪਹੁੰਚ ਨਾਲ ਸ਼ੁਰੂ ਕਰਦੇ ਹਨ। ਚਾਪਲੂਸ, ਚੁਗਲਬਾਜ਼, ਆਯੋਗ ਅਤੇ ਨਕਰਾਤਮਕ ਕਰਮਚਾਰੀਆਂ ਦਾ ਦਫਤਰ ਵਿੱਚ ਆਪਣਾ ਵਿਸ਼ੇਸ਼ ਰੁੱਤਬਾ ਬਣਾਈ ਰੱਖਣ ਦਾ ਜ਼ਿਆਦਾ ਰੁਝਾਨ ਹੁੰਦਾ ਹੈ। ਦਫ਼ਤਰੀ ਮਾੜੇ ਅਨਸਰ, ਉੱਚ ਅਧਿਕਾਰੀਆਂ ਦੇ ਦੂਜੇ ਕਰਮਚਾਰੀਆਂ ਪ੍ਰਤੀ ਕੰਨ ਭਰਦੇ ਰਹਿੰਦੇ ਹਨ, ਚਾਲਾਕੀਆਂ ਨਾਲ ਭਰਪੂਰ ਮਿੱਠੇ ਠੱਗ ਹੁੰਦੇ ਹਨ। ਅਜਿਹੇ ਕਰਮਚਾਰੀ ਅਫ਼ਸਰ ਜਾਂ ਉੱਚ ਅਧਿਕਾਰੀ ਦੇ ਵਿਸ਼ਵਾਸ ਦਾ ਬਹੁਤ ਨਜ਼ਾਇਜ਼ ਫਾਇਦਾ ਚੁੱਕਦੇ ਹਨ ਅਤੇ ਅਧਿਕਾਰੀ ਦੀ ਜਾਣਕਾਰੀ ਤੋਂ ਬਿਨ੍ਹਾਂ ਬਾਕੀ ਅਮਲੇ ਉੱਪਰ ਸਿੱਧੇ ਅਸਿੱਧੇ ਢੰਗਾਂ ਨਾਲ ਖ਼ੁਦ ਫੈਸਲੇ ਥੋਪਣ ਦੇ ਵਿਕਾਰ ਤੋਂ ਪੀੜਤ ਹੋ ਜਾਂਦੇ ਹਨ। ਇੱਥੇ ਸੰਬੰਧਤ ਅਧਿਕਾਰੀ ਦਾ ਫ਼ਰਜ਼ ਬਣਦਾ ਹੈ ਉਹ ਕੰਨਾਂ ਦਾ ਕੱਚਾ ਨਾ ਬਣੇ, ਲਾਈ ਲੱਗ ਨਾ ਬਣੇ ਅਤੇ ਕਰਮਚਾਰੀਆਂ ਸੰਬੰਧੀ, ਅਦਾਰੇ ਦੀ ਮਾਣ ਅਤੇ ਕਾਰਜਸ਼ੀਲਤਾ ਨਾਲ ਕੋਈ ਸਮਝੌਤਾ ਨਾ ਕਰੇ, ਉੱਚ ਅਧਿਕਾਰੀ ਨੂੰ ਫੈਸਲੇ ਆਪਣੇ ਵਿਵੇਕ ਨਾਲ ਲੈਣੇ ਚਾਹੀਦੇ ਹਨ। ਅਧਿਕਾਰੀ ਦਾ ਲਾਈਲੱਗ ਹੋਣਾ ਉਸਦੀ ਯੋਗਤਾ ਅਤੇ ਵਿਵੇਕ ਤੇ ਸਵਾਲੀਆਂ ਨਿਸ਼ਾਨ ਖੜ੍ਹਾ ਕਰਦਾ ਹੈ। ਸਿਫਾਰਸ਼ਾਂ ਰਾਹੀਂ ਆਏ ਆਯੋਗ ਵਿਅਕਤੀ, ਯੋਗ ਅਤੇ ਕੰਮ ਕਰਨ ਵਾਲੇ ਕਰਮਚਾਰੀਆਂ ਦੇ ਕੰਮਾਂ ਵਿੱਚ ਰੁਕਾਵਟ ਪੈਦਾ ਕਰਨ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਹੈ।

ਯੋਗ ਅਤੇ ਕੁਸ਼ਲ ਕਰਮਚਾਰੀ ਲਈ ਜ਼ਰੂਰੀ ਹੈ ਕਿ ਉਹ ਦਫ਼ਤਰੀ ਰਾਜਨੀਤੀ ਨੂੰ ਆਪਣੇ ਉੱਪਰ ਭਾਰੂ ਨਾ ਹੋਣ ਦੇਵੇ ਅਤੇ ਸਜਗਤਾ ਨਾਲ ਰਹੇ। ਕਈ ਵਾਰ ਦਫ਼ਤਰਾਂ ਵਿੱਚ ਅਜਿਹੇ ਸਹਿਕਰਮੀਆਂ ਨਾਲ ਕੰਮ ਕਰਨਾ ਪੈਂਦਾ ਹੈ ਜੋ ਯੋਗ ਨਹੀਂ ਹੁੰਦੇ ਅਤੇ ਆਪਣੇ ਉੱਚ ਅਧਿਕਾਰੀ ਦੇ ਅੱਗੇ ਆਪਣੀ ਵਾਹ-ਵਾਹ ਕਰਦੇ ਨਹੀਂ ਥੱਕਦੇ ਅਤੇ ਦੂਜਿਆਂ ਨੂੰ ਮਾੜਾ ਦਿਖਾਉਣ ਜਾਂ ਸਾਬਿਤ ਕਰਨ ਵਿੱਚ ਆਪਣੀ ਜਿੱਤ ਸਮਝਦੇ ਹਨ, ਸੋ ਦਫ਼ਤਰੀ ਮਾਹੌਲ ਸੰਬੰਧੀ ਹਮੇਸ਼ਾ ਚੌਕੰਨੇ ਰਹਿਣਾ ਚਾਹੀਦਾ ਹੈ ਅਤੇ ਆਪਣੀ ਸਥਿਤੀ ਬਿਲਕੁਲ ਸਪੱਸ਼ਟ ਰੱਖਣੀ ਚਾਹੀਦੀ ਹੈ। ਦੂਜਿਆਂ ਨਾਲ ਮਿਲ ਕੇ ਰਹਿਣਾ ਚੰਗੀ ਗੱਲ ਹੈ ਪਰੰਤੂ ਆਪਣੇ ਨਿੱਜੀ ਜੀਵਨ ਦੀਆਂ ਗੱਲਾਂ ਨੂੰ ਸਹਿ-ਕਰਮੀਆਂ ਨਾਲ ਸਾਂਝੀਆਂ ਕਰਨ ਤੋਂ ਬਚਣਾ ਚਾਹੀਦਾ ਹੈ। ਸਹਿਕਰਮੀਆਂ ਤੇ ਯਕੀਨ ਕਰੋ ਪਰੰਤੂ ਅੰਧਵਿਸ਼ਵਾਸ ਨਹੀਂ ਕਰਨਾ ਚਾਹੀਦਾ। ਕਿਸੇ ਇੱਕ ਦੇ ਕਹੇ ਤੇ ਦੂਜੇ ਸਹਿਕਰਮੀ ਨੂੰ ਮਾੜਾ ਨਹੀਂ ਮੰਨਣਾ ਚਾਹੀਦਾ ਸਗੋਂ ਸੰਬੰਧਤ ਵਿਅਕਤੀ ਨੂੰ ਖੁਦ ਜਾਣਨ ਦੀ ਕੋਸ਼ਿਸ ਕਰਨੀ ਚਾਹੀਦੀ ਹੈ। ਜਦ ਕੋਈ ਤੁਹਾਡੇ ਕੋਲ ਕਿਸੇ ਦੀ ਚੁਗਲੀ ਕਰ ਰਿਹਾ ਹੈ ਤਾਂ ਯਾਦ ਰਹੇ ਕਿਸੇ ਹੋਰ ਕੋਲ ਉਹ ਤੁਹਾਡੀ ਚੁਗਲੀ ਕਰ ਸਕਦਾ ਹੈ, ਕਮੈਂਟ ਕਰਨ ਤੋਂ ਬਚਣਾ ਚਾਹੀਦਾ ਹੈ। ਕਿਸੇ ਦੇ ਦਬਾਅ ਹੇਠ ਆ ਕੇ ਗਲਤ ਦਾ ਸਾਥ ਨਹੀਂ ਦੇਣਾ ਚਾਹੀਦਾ ਸਗੋਂ ਆਪਣਾ ਪੱਖ ਰੱਖਣ ਦੀ ਆਦਤ ਪਾਉਣੀ ਚਾਹੀਦੀ ਹੈ। ਇਹ ਯਕੀਨੀ ਬਣਾਇਆ ਜਾਵੇ ਕਿ ਤੁਹਾਡਾ ਵਿਵਹਾਰ ਨਿਮਰਤਾ ਭਰਪੂਰ ਹੋਵੇ, ਅਜਿਹਾ ਵਿਵਹਾਰ ਦੂਜਿਆਂ ਨੂੰ ਖਿੱਚ ਪੈਦਾ ਕਰਦਾ ਹੈ। ਕਿਸੇ ਕਾਰਨ ਨਾ ਤਾਂ ਜ਼ਿਆਦਾ ਖੁਸ਼ ਹੀ ਹੋਣਾ ਚਾਹੀਦਾ ਹੈ ਅਤੇ ਨਾਂਹੀ ਕਿਸੇ ਕਾਰਨ ਜਿਆਦਾ ਗੱਸੇ ਵਿੱਚ ਆਉਣਾ ਚਾਹੀਦਾ ਹੈ, ਆਪਣੇ ਸੁਭਾਅ ਵਿੱਚ ਸਹਿਜਤਾ ਅਤੇ ਸਥਿਰਤਾ ਬਣਾਈ ਰੱਖਣੀ ਚਾਹੀਦੀ ਹੈ।

ਯੋਗ ਅਤੇ ਕੁਸ਼ਲ ਕਰਮਚਾਰੀ ਕਿਸੇ ਤਰ੍ਹਾਂ ਦੀ ਗਲਤੀ ਹੋਣ ਤੇ ਗਲਤੀ ਸਵੀਕਾਰ ਕਰਨ ਦਾ ਗੁਣ ਰੱਖਦੇ ਹਨ ਅਤੇ ਉਹਨਾਂ ਦੇ ਵਿਵਹਾਰ ਵਿੱਚ ਵੀ ਸਕਰਾਤਮਕਤਾ ਅਤੇ ਸੁਹਿਰਤਦਾ ਦੀ ਝਲਕ ਸਪੱਸ਼ਟ ਨਜ਼ਰੀ ਆਉਂਦੀ ਹੈ। ਦਫ਼ਤਰਾਂ ਵਿੱਚ ਆਪਣੀ ਮਰਿਆਦਾ ਦਾ ਹਮੇਸ਼ਾਂ ਖ਼ਿਆਲ ਰੱਖਣਾ ਚਾਹੀਦਾ ਹੈ। ਜੇਕਰ ਕੋਈ ਤੁਹਾਡੇ ਖ਼ਿਲਾਫ ਰਾਜਨੀਤੀ ਕਰ ਰਿਹਾ ਹੈ ਤਾਂ ਉਸ ਨਾਲ ਇਕੱਲੇ ਗੱਲ ਕਰਨਾ ਚਾਹੀਦਾ ਹੈ ਤਾਂ ਜੇ ਉਹ ਸਮਝਦਾਰ ਹੋਵੇਗਾ ਤਾਂ ਤੁਹਾਡੇ ਤੋਂ ਮਾਫ਼ੀ ਮੰਗੇਗਾ, ਨਹੀਂ ਫਿਰ ਉਸਦੇ ਦੁਆਰਾ ਸ਼ੁਰੂ ਕੀਤੀ ਗਈ ਸਿਆਸਤ ਜਾਂ ਲੜਾਈ ਨੂੰ ਤੁਹਾਨੂੰ ਅੰਤ ਤੱਕ ਪਹੁੰਚਾਣਾ ਲਾਜ਼ਮੀ ਹੋਵੇਗਾ ਅਤੇ ਖੁਦ ਦੀ ਕਾਬਲੀਅਤ ਸਾਬਿਤ ਕਰਨੀ ਪਵੇਗੀ। ਸਮੇਂ ਰਹਿੰਦੇ ਉੱਚ ਅਧਿਕਾਰੀ ਨਾਲ ਸੰਬੰਧਤ ਤੱਥਾਂ ਤੇ ਗੱਲ ਕੀਤੀ ਜਾ ਸਕਦੀ ਹੈ। ਆਪਣੇ ਕੰਮ ਤੇ ਫੋਕਸ ਕਰਨਾ ਚਾਹੀਦਾ ਹੈ। ਆਪਣੇ ਟੀਮ ਲੀਡਰ ਜਾਂ ਉੱਚ ਅਧਿਕਾਰੀ ਨੂੰ ਹਮੇਸ਼ਾ ਭਰੋਸੇ ਵਿੱਚ ਲੈ ਕੇ ਚੱਲਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਸ਼ਿਕਾਇਤ ਦਾ ਮੌਕਾ ਨਾ ਦੇਵੋ। ਤੁਹਾਡੇ ਲਈ ਜ਼ਰੂਰੀ ਹੈ ਕਿ ਤੁਹਾਡਾ ਕੰਮ ਬੋਲੇ ਅਤੇ ਤੁਹਾਡੀ ਯੋਗਤਾ ਤੇ ਕੋਈ ਪ੍ਰਸ਼ਨ ਚਿੰਨ ਨਾ ਲਗਾ ਸਕੇ।

ਕਿਸੇ ਯੋਗ ਕਰਮਚਾਰੀ ਦੇ ਖ਼ਿਲਾਫ਼ ਦਫ਼ਤਰੀ ਰਾਜਨੀਤੀ ਵਿੱਚ ਸ਼ਾਮਿਲ ਹੋਣਾ ਚੰਗੀ ਗੱਲ ਨਹੀਂ ਸਗੋਂ ਇਸਤੋਂ ਪਾਸਾ ਵੱਟਣਾ ਹੀ ਜ਼ਿਆਦਾ ਸਮਝਦਾਰੀ ਹੋਵੇਗੀ। ਤੁਹਾਡੇ ਜਵਾਬ ਸਿੱਧੇ ਸਪਾਟ ਸਪੱਸ਼ਟ ਹੋਣੇ ਚਾਹੀਦੇ ਹਨ ਜਿਸ ਨਾਲ ਕੰਮ ਕਰਨ ਵਿੱਚ ਤੁਹਾਨੂੰ ਦਿੱਕਤ ਹੈ, ਉੱਥੇ ਨਾਂਹ ਕਹਿਣਾ ਚੰਗਾ ਹੈ, ਉਹਨਾਂ ਦੇ ਪੱਟੇ ਟੋਏ ਵਿੱਚ ਡਿੱਗਣ ਨਾਲੋਂ। ਦਫ਼ਤਰਾਂ ਵਿੱਚ ਮਾੜੇ ਸਹਿਕਰਮੀਆਂ ਨਾਲ ਨਿਪਟਣ ਵਿੱਚ ਤੁਹਾਡਾ ਆਤਮ ਵਿਸ਼ਵਾਸ ਹੀ ਤੁਹਾਡਾ ਹਥਿਆਰ ਹੈ।

ਚੁਗਲਖੋਰ ਅਤੇ ਚਾਪਲੂਸ ਕਰਮਚਾਰੀ ਦੀ ਅਸਲੀਅਤ ਜ਼ਿਆਦਾ ਦੇਰ ਤੱਕ ਛੁਪੀ ਨਹੀਂ ਰਹਿ ਸਕਦੀ ਅਤੇ ਉਹ ਆਪਣੀਆਂ ਕੋਝੀਆਂ ਹਰਕਤਾਂ ਕਾਰਨ ਆਪਣੇ ਸਹਿਕਰਮੀਆਂ ਦੀ ਨਜ਼ਰਾਂ ਚ ਆਪਣਾ ਵੱਕਾਰ ਗੁਆ ਲੈਂਦਾ ਹੈ। ਸੰਸਾਰ ਦਾ ਨਿਯਮ ਹੈ ਕਿ ਕਦੇ ਕਿਸੇ ਬਿਨ੍ਹਾਂ ਕੁਝ ਨਹੀਂ ਰੁੱਕਦਾ, ਇਸ ਲਈ ਨਕਰਾਤਮਕ ਕਰਮਚਾਰੀਆਂ ਨੂੰ ਆਪਣੀ ਕਾਰਜਸ਼ੈਲੀ ਵਿੱਚ ਸੁਧਾਰ ਕਰਨਾ ਚਾਹੀਦਾ ਹੈ, ਇਹੋ ਅਦਾਰੇ ਅਤੇ ਸਹਿਕਰਮੀਆਂ ਲਈ ਸਹੀ ਹੋਵੇਗਾ।

ਇਹ ਕੋਈ ਅੱਤਕੱਥਨੀ ਨਹੀਂ ਕਿ ਵਿਅਕਤੀ ਦੇ ਵਿਵਹਾਰ ਅਤੇ ਕਾਰਜਸ਼ੈਲੀ ਵਿੱਚ ਉਸਦੇ ਮਾਤਾ ਪਿਤਾ ਤੋਂ ਮਿਲੇ ਸੰਸਕਾਰ, ਪੜ੍ਹਾਈ ਅਤੇ ਸੋਚ ਦਾ ਪ੍ਰਗਟਾਵਾ ਹੁੰਦਾ ਹੈ।

ਇਸ ਲਈ ਹਰ ਵਿਅਕਤੀ ਅਤੇ ਕਰਮਚਾਰੀ ਨੂੰ ਚਾਹੀਦਾ ਹੈ ਕਿ ਉਹ ਨਕਰਾਤਮਕਤਾਂ ਤੋਂ ਲਾਂਭੇ ਹੋ ਆਪਣੇ ਵਿਵਹਾਰ ਅਤੇ ਕਾਰਜਸ਼ੈਲੀ ਵਿੱਚ ਸਕਰਾਤਮਕਤਾ ਅਤੇ ਸੁਹਿਰਦਤਾ ਦਾ ਲੇਪ ਕਰੇ।

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd #
100 Sacramento, CA 95834



Chicago's Pizza with a Twist
Call: 1-209-398-2221








Parvinder Dhesi
Kulwant Sandhu
1471 B St., Unit B, Livingston, CA 95334

# ਇੱਕ ਸਲਾਮ ਸਿੱਖਿਆ ਖੇਤਰ ਅੰਦਰ ਨਿੱਤ ਨਵੀਆਂ ਮੰਜ਼ਿਲਾਂ ਸਰ ਕਰਦੇ ਕਰਮਯੋਗੀ ਕੰਪਿਊਟਰ ਅਧਿਆਪਕਾਂ ਨੂੰ..

ਨੋਬਲ ਪੁਰਸਕਾਰ ਜੇਤੂ ਮਲਾਲਾ ਯੂਸਫ਼ਜ਼ਈ ਦਾ ਕਥਨ ਹੈ ਕਿ "ਇੱਕ ਬੱਚਾ, ਇੱਕ ਅਧਿਆਪਕ, ਇੱਕ ਕਿਤਾਬ ਅਤੇ ਇੱਕ ਪੈੱਨ ਦੁਨੀਆ ਬਦਲ ਸਕਦੇ ਹਨ।" ਕਹਿਣ ਤੋਂ ਭਾਵ ਇਹ ਹੈ ਕਿ ਇਲਮ ਦੀ ਤਾਕਤ ਨਾਲ ਕਿਸੇ ਵੀ ਦੇਸ਼ ਅਤੇ ਸਮਾਜ ਦਾ ਬਹੁਪੱਖੀ ਵਿਕਾਸ ਕੀਤਾ ਜਾ ਸਕਦਾ ਹੈ। ਇਸ ਮਿਸ਼ਨ ਵਿੱਚ ਕੇਂਦਰ ਬਿੰਦੂ ਦੀ ਭੂਮਿਕਾ ਵਿੱਚ ਆਪਣਾ ਰੋਲ ਅਧਿਆਪਕ ਨੇ ਨਿਭਾਉਣਾ ਹੁੰਦਾ ਹੈ।

ਸੋ, ਆਓ, ਅੱਜ ਕੁੱਝ ਅਜਿਹੇ ਮਾਣਮੱਤੇ ਕੰਪਿਊਟਰ ਅਧਿਆਪਕਾਂ ਦੀ ਜਾਣਕਾਰੀ ਤੁਹਾਡੇ ਨਾਲ ਸਾਂਝੀ ਕਰਾਂਗੇ ਜਿਹੜੇ ਕਿ ਆਪਣੇ ਇਸ ਪਾਕ-ਪਵਿੱਤਰ ਕਿਤੇ ਦੀ ਅਹਿਮੀਅਤ ਪਹਿਚਾਣ ਦੇ ਹੋਏ ਆਪਣੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵਿੱਚ ਉਚੇਚਾ ਯੋਗਦਾਨ ਪਾ ਰਹੇ ਹਨ।

'ਕੰਪਿਊਟਰ ਸਾਇੰਸ ਪੰਜਾਬ' ਨਾਮਕ ਯੂ ਟਿਊਬ ਚੈਨਲ ਅਤੇ 'ਨਿਰਮਾਣ ਕੈਂਪਸ' ਨਾਂ ਦੀ ਵੈੱਬਸਾਈਟ ਚਲਾਉਣ ਵਾਲਾ ਵਿਕਾਸ ਕਾਂਸਲ: ਇਸ ਲੜੀ ਵਿੱਚ ਪਹਿਲਾ ਨਾਮ ਜੋ ਆਉਂਦਾ ਹੈ, ਉਹ ਹੈ, ਵਿਕਾਸ ਕਾਂਸਲ ਜੀ ਦਾ, ਜੋ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੀਆਂ) ਸੁਨਾਮ ਊਧਮ ਸਿੰਘ ਵਾਲਾ ਵਿਖੇ ਬੜੀ ਹੀ ਤਨਦੇਹੀ ਨਾਲ ਸੇਵਾਵਾਂ ਨਿਭਾ ਰਹੇ ਹਨ। ਆਪ ਪਿਛਲੇ ਲੰਮੇ ਸਮੇਂ ਤੋਂ ਕੰਪਿਊਟਰ ਵਿਸ਼ੇ ਦੇ ਆਨਲਾਈਨ ਨੋਟਸ ਤਿਆਰ ਕਰ ਕੇ ਵਿਦਿਆਰਥੀਆ ਨੂੰ ਮੁਹੱਈਆ ਕਰਵਾ ਰਹੇ ਹਨ। ਵਿਕਾਸ ਜੀ ਦੁਆਰਾ ਚਲਾਇਆ ਜਾ ਰਿਹਾ ਯੂ ਟਿਊਬ ਚੈਨਲ 'ਕੰਪਿਊਟਰ ਸਾਇੰਸ ਪੰਜਾਬ' ਵੀ ਵਿਦਿਆਰਥੀ ਅਤੇ ਅਧਿਆਪਕ ਵਰਗ ਵਿੱਚ ਕਾਫ਼ੀ ਲੋਕਪ੍ਰਿਆ ਹੋ ਰਿਹਾ ਹੈ। ਵਿਕਾਸ ਕਾਂਸਲ ਪੰਜਾਬ ਸਕੂਲ ਸਿੱਖਿਆ ਵਿਭਾਗ ਦੀ ਸਿਲੇਬਸ ਕਮੇਟੀ ਅਤੇ ਉਡਾਣ ਪ੍ਰੋਜੈਕਟ ਨਾਲ ਵੀ ਜੁੜੇ ਹੋਏ ਹਨ। ਆਪ ਦੀ ਸੇਵਾਵਾਂ ਕਾਰਨ ਆਪ ਜੀ ਨੂੰ ਵਿਭਾਗ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਸਨਮਾਨਿਆ ਜਾ ਚੁੱਕਾ ਹੈ। ਵਿਕਾਸ ਜੀ ਦੁਆਰਾ ਤਿਆਰ ਕੀਤੀ ਗਈ ਵੈੱਬਸਾਈਟ cspunjab.nirmancampus.co.in ਜਿਸ ਉੱਪਰ ਵਿਦਿਆਰਥੀ ਵਰਗ ਨੂੰ ਕੰਪਿਊਟਰ ਵਿਸ਼ੇ ਨਾਲ ਸਬੰਧਿਤ ਵਡਮੁੱਲੀ ਜਾਣਕਾਰੀ ਮਿਲ ਸਕਦੀ ਹੈ, ਨੂੰ ਵੀ ਵਿਜ਼ਟ ਕੀਤਾ ਜਾ ਸਕਦਾ ਹੈ। ਯੂ.ਜੀ.ਸੀ ਵੱਲੋਂ ਨੈੱਟ ਪਾਸ ਅਤੇ ਵਰਤਮਾਨ ਸਮੇਂ ਕੰਪਿਊਟਰ ਵਿਸ਼ੇ ਉੱਪਰ ਪੀ.ਐੱਚ.ਡੀ ਕਰ ਰਹੇ, ਵਿਕਾਸ ਕਾਂਸਲ ਅਗਾਂਹ ਕੰਪਿਊਟਰ ਵਿਸ਼ੇ ਨਾਲ ਸਬੰਧਿਤ ਐਪ ਡਿਜ਼ਾਈਨ ਕਰਨ ਬਾਰੇ ਵੀ ਯਤਨਸ਼ੀਲ ਹਨ।



ਨੈਸ਼ਨਲ ਆਈ.ਸੀ.ਟੀ ਅਵਾਰਡ ਜੇਤੂ ਬਰਿੰਦਰ ਸਿੰਘ: ਜੇਕਰ ਗੱਲ ਕਰੀਏ, ਸ਼੍ਰੀ ਬਰਿੰਦਰ ਸਿੰਘ ਜੀ ਦੀ ਤਾਂ ਉਨ੍ਹਾਂ ਵੱਲੋਂ ਸਿੱਖਿਆ ਖੇਤਰ ਵਿੱਚ ਨਿਭਾਈਆਂ ਜਾ ਰਹੀਆਂ ਮਾਣਮੱਤੀਆ ਸੇਵਾਵਾਂ ਕਾਰਨ, ਬੀਤੇ ਵਰ੍ਹੇ, ਉਨ੍ਹਾਂ ਨੂੰ ਨੈਸ਼ਨਲ ਆਈ.ਸੀ.ਟੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਜਲੰਧਰ ਜ਼ਿਲ੍ਹੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁਸਰੋਪੁਰ ਵਿਖੇ ਸੇਵਾ ਨਿਭਾਂ ਰਹੇ ਬਰਿੰਦਰ ਸਿੰਘ, ਵਰਤਮਾਨ ਸਮੇਂ, ਤਾਲਾਬੰਦੀ ਦੌਰਾਨ, ਆਨਲਾਈਨ ਪਲੇਟਫ਼ਾਰਮ ਜ਼ੂਮ-ਐਪ ਦੇ ਮਾਧਿਅਮ ਰਾਹੀ ਪੰਜਾਬ ਦੇ ਵਿਲੱਖਣ ਪ੍ਰਾਪਤੀਆਂ ਕਰਨ ਵਾਲੇ ਕੰਪਿਊਟਰ ਅਧਿਆਪਕਾਂ ਨੂੰ ਅਧਿਆਪਕ ਵਰਗ ਦੇ ਰੂ-ਬ-ਰੂ ਕਰਵਾ ਰਹੇ ਹਨ।

ਬਰਿੰਦਰ ਸਿੰਘ ਜੀ ਦੀ ਜ਼ਿੰਦਗੀ ਦਾ ਅਸਲ ਮਕਸਦ ਵਿਦਿਆਰਥੀਆ ਨੂੰ ਸਿੱਖਿਆ ਦੇ ਨਾਲ ਨਾਲ ਨੈਤਿਕ-ਕਦਰਾਂ ਕੀਮਤਾਂ ਵਿੱਚ ਪਰਪੱਕ ਕਰਨ ਤੋਂ ਹੈ। ਇਸ ਤੋਂ ਪਹਿਲਾ ਉਹ ਗੁਰਦਾਸਪੁਰ ਜ਼ਿਲ੍ਹੇ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਹਰਗੋਬਿੰਦਪੁਰ ਵਿਖੇ ਵੀ ਸ਼ਾਨਦਾਰ ਸੇਵਾਵਾਂ ਨਿਭਾ ਚੁੱਕੇ ਹਨ। ਜ਼ਿਕਰਯੋਗ ਹੈ ਕਿ ਬਰਿੰਦਰ ਜੀ ਨੇ ਹਰਗੋਬਿੰਦਪੁਰ ਸਕੂਲ ਵਿਖੇ ਡਿਜੀਟਲ ਰੂਪ ਵਿੱਚ ਖਿਡਾਰਣ ਦੀ ਟ੍ਰੇਨਿੰਗ ਦਾ ਖ਼ਾਸ ਪ੍ਰਬੰਧ ਕੀਤਾ, ਜਿਸ ਦੇ ਫਲਸਰੂਪ ਇਸ ਸਕੂਲ ਦੀਆਂ ਵਿਦਿਆਰਥਣਾਂ ਦੀ ਖੇਡਣ ਤਕਨੀਕ ਵਿੱਚ ਚੋਖਾ ਸੁਧਾਰ ਵੇਖਣ ਨੂੰ ਮਿਲਿਆ ਅਤੇ ਉਹ ਰਾਜ ਪੱਧਰੀ ਅਤੇ ਰਾਸ਼ਟਰ ਪੱਧਰੀ ਮੁਕਾਬਲਿਆਂ ਵਿਚ ਜੇਤੂ ਰਹੀਆ।

ਸਰਕਾਰੀ ਸਕੂਲ ਅੰਦਰ ਪਹਿਲਾ ਕੰਪਿਊਟਰ ਪਾਰਕ ਬਣਾਉਣ ਵਾਲਾ ਅੰਮ੍ਰਿਤਪਾਲ ਸਿੰਘ: ਪੰਜਾਬ ਦਾ ਮਾਨਚੈਸਟਰ ਕਹੇ ਜਾਂਦੇ, ਜ਼ਿਲ੍ਹੇ ਲੁਧਿਆਣੇ ਦੇ ਪ੍ਰਸਿੱਧ ਸਥਾਨ ਛਪਾਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਬਤੌਰ ਕੰਪਿਊਟਰ ਅਧਿਆਪਕ ਵਜੋਂ ਤਾਇਨਾਤ ਸ. ਅੰਮ੍ਰਿਤਪਾਲ ਸਿੰਘ ਉਰਫ਼ ਪਾਲੀ ਖ਼ਾਦਿਮ (ਸਾਹਿਤਕ ਨਾਮ) ਅਜਿਹੇ ਪਹਿਲੇ ਸਰਕਾਰੀ ਸਕੂਲ ਦੇ ਕੰਪਿਊਟਰ ਅਧਿਆਪਕ ਹਨ, ਜਿਨ੍ਹਾਂ ਨੇ ਆਪਣੇ ਸਕੂਲ ਵਿੱਚ ਕੰਪਿਊਟਰ ਪਾਰਕ ਦਾ ਨਿਰਮਾਣ ਕੀਤਾ। ਕੰਪਿਊਟਰ ਵਿਸ਼ੇ ਨਾਲ ਸਬੰਧਿਤ ਹੋਣ ਦੇ ਨਾਲ-ਨਾਲ ਪਾਲੀ ਖ਼ਾਦਿਮ ਦਾ ਸਾਹਿਤ ਦੇ ਖੇਤਰ ਵਿੱਚ ਵੀ ਇੱਕ ਵੱਖਰਾ ਮੁਕਾਮ ਹੈ। ਪੰਜਾਬ ਦੇ ਲੋਕ ਸਾਜਾਂ ਉੱਪਰ ਇਸ ਅਧਿਆਪਕ ਦੀ ਪਕੜ ਬਾਕਮਾਲ ਹੈ, ਅੰਮ੍ਰਿਤਪਾਲ ਜੀ ਦੇ ਕਈ ਵਿਦਿਆਰਥੀ ਪ੍ਰਸਿੱਧ ਲੋਕ ਗਾਇਕ ਵਜੋਂ ਪੰਜਾਬੀ ਗਾਇਕੀ ਦੇ ਖੇਤਰ ਵਿੱਚ ਨਾਮਣਾ ਖੱਟ ਰਹੇ ਹਨ। ਅੰਮ੍ਰਿਤਪਾਲ ਜੀ ਦੀ ਗ਼ਜ਼ਲਾਂ ਦੀ ਇੱਕ ਪੁਸਤਕ "ਸਵੈ ਦੀ ਤਸਦੀਕ" ਛਪ ਚੱਕੀ ਹੈ। ਪੰਜਾਬੀ ਰੰਗ-ਮੰਚ ਨਾਲ ਵੀ ਜੁੜੇ ਹੋਣ ਕਾਰਨ, ਉਹ, ਜਲੰਧਰ ਦੂਰਦਰਸ਼ਨ ਤੋਂ ਪ੍ਰਸਾਰਿਤ ਕਈ ਪ੍ਰੋਗਰਾਮਾਂ ਵਿਚ ਵੀ ਆਪਣੀ ਕਲਾ ਦਾ ਲੋਹਾ ਮਨਾ ਚੁੱਕੇ ਹਨ। ਅਗਾਂਹ ਵੀ, ਉਹ ਆਪਣੇ ਸਾਹਿਤਕ ਖੇਤਰ ਵਿੱਚ ਨਵੀਆਂ ਪੈੜਾ ਸਿਰਜਣ ਲਈ ਕਾਰਜਸ਼ੀਲ ਹਨ। ਪਾਲੀ ਖ਼ਾਦਿਮ ਦੀਆਂ ਇਨ੍ਹਾਂ ਬਹੁਪੱਖੀ ਸੇਵਾਵਾਂ ਕਾਰਨ ਉਨ੍ਹਾਂ ਨੂੰ ਵਿਭਾਗ ਅਤੇ ਹੋਰ ਸੰਸਥਾਵਾ ਵੱਲੋਂ ਸਨਮਾਨਿਆ ਜਾ ਚੁੱਕਾ ਹੈ। ਯੂਟਿਊਬ ਚੈਨਲ 'ਪਾਲੀ ਖ਼ਾਦਿਮ' ਉੱਪਰ ਉਨ੍ਹਾਂ ਵੱਲੋਂ ਸਮੇਂ-ਸਮੇਂ ਤੇ ਆਪਣੇ ਦੁਆਰਾ ਸਿੱਖਿਆ ਅਤੇ ਸਾਹਿਤ ਦੇ ਖੇਤਰ ਵਿਚ ਕੀਤੇ ਜਾ ਰਹੇ ਕਾਰਜ ਸ਼ੇਅਰ ਕੀਤੇ ਜਾਂਦੇ ਹਨ।

**'ਸਰਬੰਸ' ਸਾਫ਼ਟਵੇਅਰ ਬਣਾਉਣ ਵਾਲਾ ਹਰਜੀਤ ਸਿੰਘ:** ਸਰਦਾਰ ਹਰਜੀਤ ਸਿੰਘ ਜੋ ਕਿ ਸਰਕਾਰੀ ਹਾਈ ਸਕੂਲ ਰੋਹਜੜੀ, ਜ਼ਿਲ੍ਹਾ ਜਲੰਧਰ ਵਿੱਚ ਕੰਪਿਊਟਰ ਅਧਿਆਪਕ ਵਜੋਂ ਸੇਵਾ ਨਿਭਾ ਰਹੇ ਹਨ। ਉਨ੍ਹਾਂ ਵੱਲੋਂ ਇਕ ਅਜਿਹਾ ਸਾਫ਼ਟਵੇਅਰ ਤਿਆਰ ਕੀਤਾ ਗਿਆ ਹੈ ਜੋ ਵਿਦਿਆਰਥੀਆ ਨੂੰ ਆਪਣੀ ਮਾਤ ਭਾਸ਼ਾ ਵਿੱਚ ਕੰਪਿਊਟਰ ਪ੍ਰੋਗਰਾਮਿੰਗ ਸਿੱਖਣ ਦੀ ਸੁਵਿਧਾ ਪ੍ਰਦਾਨ ਕਰਦਾ ਹੈ। ਹਰਜੀਤ ਸਿੰਘ ਵੱਲੋਂ ਤਿਆਰ ਕੀਤੇ ਇਸ ਸਾਫ਼ਟਵੇਅਰ ਨੂੰ 'ਸਰਬੰਸ' ਨਾਮ ਦਿੱਤਾ ਗਿਆ ਹੈ ।



ਇਸ ਸਾਫ਼ਟਵੇਅਰ ਨੂੰ ਬਣਾਉਣ ਪਿੱਛੇ ਮੁੱਖ ਉਦੇਸ਼ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆ ਨੂੰ ਕੰਪਿਊਟਰ ਪ੍ਰੋਗਰਾਮਿੰਗ ਦੀ ਕੋਡਿੰਗ ਪੰਜਾਬੀ ਭਾਸ਼ਾ ਵਿੱਚ ਉਪਲਬਧ ਕਰਵਾਉਣਾ ਹੈ। 'ਸਰਬੰਸ' ਵਿੱਚ ਵਿਦਿਆਰਥੀ ਗਰਾਫ਼ਿਕਸ ਅਤੇ ਪੇਂਟ ਟੂਲਜ਼ ਵਿੱਚ ਕੰਮ ਕਰ ਕੇ ਪ੍ਰੋਗਰਾਮਿੰਗ ਦੇ ਬੁਨਿਆਦੀ ਸਿਧਾਂਤਾਂ ਨੂੰ ਅਸਾਨੀ ਨਾਲ ਸਿੱਖ ਸਕਦੇ ਹਨ।

ਇਸ ਸੰਸਕਰਨ ਵਿੱਚ ਆਪਰੇਟਰਜ਼, ਵੇਰੀਏਬਲਜ਼, ਲੂਪਸ, ਫੰਕਸ਼ਨ, ਰਿਕਰਸ਼ਨ ਆਦਿ ਕਮਾਂਡਜ਼ ਸ਼ਾਮਲ ਹਨ। ਸਭ ਤੋ ਵੱਡੀ ਖ਼ਾਸੀਅਤ ਇਹ ਵੀ ਹੈ ਕਿ ਇਹ ਸਾਫ਼ਟਵੇਅਰ http://sarbans.com/ ਵੈੱਬਸਾਈਟ ਤੋਂ ਮੁਫ਼ਤ ਡਾਊਨਲੋਡ ਕੀਤਾ ਜਾ ਸਕਦਾ ਹੈ। ਵਰਤਮਾਨ ਸਮੇਂ ਹਰਜੀਤ ਸਿੰਘ ਜੀ ਸਿੱਖਿਆ ਖੇਤਰ ਨਾਲ ਸਬੰਧਿਤ ਕਿਸੇ ਖ਼ਾਸ ਪ੍ਰੋਜੈਕਟ ਉੱਪਰ ਕੰਮ ਕਰ ਰਹੇ ਹਨ। ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਜਲਦ ਹੀ ਇਸ ਵਿੱਚ ਕਾਮਯਾਬੀ ਹਾਸਿਲ ਕਰ ਕੇ ਸਾਡੇ ਸਾਹਮਣੇ ਆਉਣਗੇ। ਹਰਜੀਤ ਸਿੰਘ ਹਮੇਸ਼ਾ ਹੀ ਆਪਣੇ ਵਿਦਿਆਰਥੀਆਂ ਅੰਦਰ ਇਖ਼ਲਾਕੀ ਗੁਣ ਧਾਰਨ ਕਰਨ ਲਈ ਤਤਪਰ ਰਹਿੰਦੇ ਹੋਏ, ਉਨ੍ਹਾਂ ਨਾਲ ਕੰਪਿਊਟਰ ਖੇਤਰ ਨਾਲ ਸਬੰਧਿਤ ਅਗਾਂਹ ਵਧੂ ਤਕਨੀਕਾਂ ਦੀ ਸਾਂਝ ਪਾਉਂਦੇ ਰਹਿੰਦੇ ਹਨ।

ਦੋਆਬਾ ਰੇਡੀਉ ਉੱਪਰ ਕੰਪਿਊਟਰ ਵਿਸ਼ੇ ਦੇ ਪ੍ਰਚਾਰ ਅਤੇ ਪਸਾਰ ਲਈ ਯਤਨਸ਼ੀਲ ਪਰਵਿੰਦਰ ਸਿੰਘ: ਹੁਣ ਗੱਲ ਕਰਦੇ ਹਾਂ, ਸ਼੍ਰੀ ਪਰਵਿੰਦਰ ਸਿੰਘ ਦੀ ਜੋ ਸਰਕਾਰੀ ਹਾਈ ਸਮਾਰਟ ਸਕੂਲ ਰਾਮਪੁਰ ਮੰਡੇਰ ਵਿੱਚ ਬਤੌਰ ਕੰਪਿਊਟਰ ਅਧਿਆਪਕ ਵਜੋਂ ਸੇਵਾ ਨਿਭਾ ਰਹੇ ਹਨ। ਪਰਵਿੰਦਰ ਸਿੰਘ ਦੇ ਕਾਰਜਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਦੁਆਰਾ ਸਮੇਂ-ਸਮੇਂ ਉੱਤੇ ਵਿਦਿਆਰਥੀਆ ਲਈ ਆਨਲਾਈਨ ਨੋਟਸ ਤਿਆਰ ਕੀਤੇ ਜਾਂਦੇ ਹਨ, ਇਸ ਹੀ ਸੰਦਰਭ ਵਿੱਚ, ਅੱਜਕੱਲ੍ਹ ਉਹ ਕੰਪਿਊਟਰ ਵਿਸ਼ੇ ਦੇ 10ਵੀ ਜਮਾਤ ਦੇ ਈ.ਕੰਟੈਂਟ ਤਿਆਰ ਕਰਨ ਵਿੱਚ ਰੁੱਝੇ ਹੋਏ ਹਨ। ਇਸ ਦੇ ਨਾਲ ਹੀ ਉਹ ਤਾਲਾਬੰਦੀ ਦੇ ਦੌਰਾਨ 'ਦੁਆਬਾ ਰੇਡੀਉ' ਦੇ 'ਸੁਣੋ ਸੁਣਾਵਾਂ ਪਾਠ ਪੜਾਵਾ' ਪ੍ਰੋਗਰਾਮ ਅਧੀਨ ਕੰਪਿਊਟਰ ਵਿਸ਼ੇ ਮਾਹਿਰ ਵਜੋਂ ਆਪਣੀ ਹਾਜ਼ਰੀ ਬਾਖ਼ੂਬੀ ਲਗਾ ਰਹੇ ਹਨ। ਹੋਰ ਉਪਲਬਧੀਆਂ ਵਿੱਚ ਬਤੌਰ ਕੈਰੀਅਰ ਕੌਂਸਲਰ ਵੀ ਵਿਦਿਆਰਥੀਆ ਨੂੰ ਉੱਚ ਵਿਦਿਆ ਪ੍ਰਾਪਤੀ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਪਰਵਿੰਦਰ ਸਿੰਘ ਆਪਣੇ ਯੂਟਿਊਬ ਚੈਨਲ 'ਲਰਨਰਜ਼ ਜੀਐਚਐਸ ਰਾਮਪੁਰ ਮੰਡੇਰ' ਰਾਹੀ ਵਿਦਿਆਰਥੀ ਵਰਗ ਨਾਲ ਹਮੇਸ਼ਾ ਜੁੜੇ ਰਹਿੰਦੇ ਹਨ। ਵਿਭਾਗ ਵੱਲੋਂ ਜਾਰੀ ਸਵੱਛ ਕੰਪਿਊਟਰ ਲੈਬ ਪ੍ਰਤੀਯੋਗਤਾ ਤਹਿਤ ਉਨ੍ਹਾਂ ਦੇ ਸਕੂਲ ਦੀ ਲੈਬ ਪਿਛਲੇ ਦੋ ਸਾਲਾਂ ਤੋਂ ਲਗਾਤਾਰ ਜ਼ਿਲ੍ਹਾ ਪੱਧਰ ਉੱਪਰ ਪਹਿਲੇ ਸਥਾਨ ਤੇ ਰਹੀ। ਉਨ੍ਹਾਂ ਦੇ ਇਨ੍ਹਾਂ ਕਾਰਜਾਂ ਕਾਰਨ ਸਰਕਾਰ, ਵਿਭਾਗ ਅਤੇ ਹੋਰ ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਮੌਜੂਦਾ ਸਮੇਂ ਜਿੱਥੇ ਤਾਲਾਬੰਦੀ ਦੇ ਦੌਰਾਨ ਸਿੱਖਿਆ ਸੰਸਥਾਵਾ ਬੰਦ ਹਨ। ਇਸ ਮੌਕੇ ਵਿਦਿਆਰਥੀ ਦੀ ਪੜਾਈ ਨੂੰ ਮੁੱਖ ਰੱਖਦੇ ਹੋਏ ਸਕੂਲ ਸਿਖਿਆ ਵਿਭਾਗ ਨੇ ਕਈ ਅਹਿਮ ਕਦਮ ਉਠਾਏ। ਇਨ੍ਹਾਂ ਵਿੱਚ ਮੁੱਖ ਕਦਮ ਸੀ, ਵਿਦਿਆਰਥੀਆ ਦਾ ਆਨਲਾਈਨ ਨਤੀਜਾ ਘੋਸ਼ਿਤ ਕਰਨਾ ਅਤੇ ਵਿਦਿਆਰਥੀਆ ਦਾ ਸਕੂਲ ਵਿੱਚ ਆਨਲਾਈਨ ਦਾਖਲਾ ਕਰਵਾਉਣ ਦਾ ਵਿਕਲਪ ਮੁਹੱਈਆ ਕਰਵਾਉਣਾ, ਅਜਿਹੇ ਵਿੱਚ ਕਈ ਅਜਿਹੇ ਕੰਪਿਊਟਰ ਅਧਿਆਪਕ ਸਾਹਮਣੇ ਆਏ ਜਿਨ੍ਹਾਂ ਨੇ ਆਪਣੇ-ਆਪਣੇ ਸਕੂਲ ਦੇ ਆਨਲਾਈਨ ਗੂਗਲ ਫਾਰਮਜ਼, ਵੈੱਬਸਾਈਟ ਜਾਂ ਐਪਸ ਦਾ ਨਿਰਮਾਣ ਕੀਤਾ ਤਾਂ ਜੋ ਵਿਦਿਆਰਥੀਆ ਨੂੰ ਕਿਸੇ ਵੀ ਪ੍ਰਕਾਰ ਦੀ ਮੁਸ਼ਕਿਲ ਨਾ ਆਵੇ।ਵੈਸੇ ਕਈ ਅਧਿਆਪਕਾਂ ਨੇ ਤਾਂ ਪਿਛਲੇ ਕਾਫ਼ੀ ਲੰਮੇ ਸਮੇਂ ਤੋਂ ਹੀ ਆਪਣੀਆਂ ਸਕੂਲ ਵੈੱਬਸਾਈਟ ਬਣਾ ਰੱਖੀਆਂ ਸਨ।

**ਈ-ਸਿੱਖਿਆ ਐਪ ਦਾ ਨਿਰਮਾਣ ਕਰਨ ਵਾਲਾ ਮਲਕੀਤ ਸਿੰਘ:** ਅਜਿਹੇ ਹੀ ਕੰਪਿਊਟਰ ਅਧਿਆਪਕ ਹਨ ਸ਼੍ਰੀ ਮਲਕੀਤ ਸਿੰਘ ਜਿਨਾ ਨੇ ਆਪਣੇ ਸਕੂਲ ਸਰਕਾਰੀ ਸੈਕੰਡਰੀ ਸਕੂਲ ਦਾਤੇਵਾਸ (ਜ਼ਿਲ੍ਹਾ ਮਾਨਸਾ) ਦੀ ਵੈੱਬਸਾਈਟ ਤਿਆਰ ਕੀਤੀ ਹੋਈ ਹੈ। ਉਨ੍ਹਾਂ ਨੇ ਆਪਣੀ ਵੈੱਬਸਾਈਟ (gssdatewas.in) ਵਿਦਿਆਰਥੀ ਅਤੇ ਅਧਿਆਪਕ ਵਰਗ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਡਿਜ਼ਾਈਨ ਕੀਤੀ ਅਤੇ ਤੁਹਾਨੂੰ ਇਸ ਵੈੱਬਸਾਈਟ ਨੂੰ ਵਿਜ਼ਟ ਕਰਕੇ ਖ਼ੁਦ ਹੀ ਇਸ ਪੱਖ ਦਾ ਨਮੂਨਾ ਮਿਲ ਜਾਏਗਾ। ਇਸ ਦੇ ਨਾਲ ਹੀ ਉਨ੍ਹਾਂ 'ਈ-ਸਿੱਖਿਆ' ਨਾਮ ਦੀ ਬਿਹਤਰੀਨ ਐਪ ਵੀ ਡਿਜ਼ਾਈਨ ਕੀਤੀ ਹੈ ਜਿਸ ਵਿੱਚ ਵੀ ਸਕੂਲ ਨਾਲ ਸਬੰਧਿਤ ਵਿੱਦਿਅਕ ਗਤੀਵਿਧੀਆਂ ਸ਼ੇਅਰ ਕੀਤੀਆਂ ਗਈਆਂ ਹਨ। ਸਵੱਛ ਕੰਪਿਊਟਰ ਲੈਬ ਵਿੱਚ ਵੀ ਇਹ ਸਕੂਲ ਜੇਤੂ ਰਹਿ ਚੁੱਕਾ ਹੈ।




**ਸਰਹੱਦੀ ਖੇਤਰ ਦੇ ਸਕੂਲ ਦੀ ਵੈੱਬਸਾਈਟ ਡਿਜ਼ਾਈਨ ਕਰਤਾ ਅਮਿੱਤ ਧਾਮੀਜ਼ਾ:** ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਜਲਾਲਾਬਾਦ (ਜ਼ਿਲ੍ਹਾ ਫ਼ਾਜ਼ਿਲਕਾ) ਪੱਛਮੀ ਦੇ ਸ਼੍ਰੀ ਅਮਿੱਤ ਧਾਮੀਜਾ ਦੁਆਰਾ ਵੀ ਬਹੁਤ ਹੀ ਖ਼ੂਬਸੂਰਤ ਵੈੱਬਸਾਈਟ (gmsssjalalabad-boys.com) ਡਿਵਲੈਪ ਕੀਤੀ ਗਈ ਹੈ। ਹੋਰ ਗਤੀਵਿਧੀਆ ਵਿੱਚ ਉਹ ਬਤੌਰ ਮਾਸਟਰ ਟ੍ਰੈਨਰ ਦੀ ਸੇਵਾਵਾਂ ਵੀ ਪ੍ਰਦਾਨ ਕਰ ਰਹੇ ਹਨ। ਇਸ ਸਕੂਲ ਦੀ ਲੈਬ ਨੂੰ ਵੀ ਪੰਜਾਬ ਆਈ.ਸੀ.ਟੀ ਦੇ ਫੇਸ ਬੁੱਕ ਪੇਜ ਉੱਪਰ ਵਿਖਾਇਆ ਗਿਆ ਹੈ।

**ਕੁਇਜ਼ ਪ੍ਰਤੀਯੋਗਤਾ ਅਤੇ ਸਕੂਲ ਦੇ ਵੈੱਬ-ਪੋਰਟਲ ਦਾ ਡਿਵੈਲਪਰ ਰਾਕੇਸ਼ ਕੁਮਾਰ:** ਇਸ ਤਰ੍ਹਾਂ ਹੀ ਰਾਕੇਸ਼ ਕੁਮਾਰ ਕੰਪਿਊਟਰ ਅਧਿਆਪਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਲਮਗੜ੍ਹ (ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ) ਨੇ ਵੀ ਆਪਣੀ ਸਕੂਲ ਦੀ ਵੈੱਬਸਾਈਟ ਦਾ ਨਿਰਮਾਣ ਕੀਤਾ ਹੈ।ਜਿਸ ਦਾ ਕੀ ਵੈੱਬ ਐਡਰੈੱਸ: gsssballam-garh.com ਹੈ।

ਆਪ ਜੀ ਵੱਲੋਂ ਕੰਪਿਊਟਰ ਸਾਇੰਸ ਵਿਸ਼ੇ ਨਾਲ ਸਬੰਧਿਤ ਤਿਆਰ ਕੀਤੇ ਕੁਇਜ਼ ਪ੍ਰਤੀਯੋਗਤਾ ਦਾ ਵਿਦਿਆਰਥੀਆਂ ਨੇ ਵਿਸ਼ੇਸ਼ ਲਾਭ ਉਠਾਇਆ। ਇਸ ਤੋਂ ਪਹਿਲਾ ਰਾਕੇਸ਼ ਜੀ ਆਈ.ਸੀ.ਟੀ ਮੁਕਤਸਰ ਅਤੇ ਡੀਈਓ ਮੁਕਤਸਰ ਨਾਮਕ ਵੈੱਬਸਾਈਟਾਂ ਦਾ ਵੀ ਨਿਰਮਾਣ ਕਰ ਚੁੱਕੇ ਹਨ।

**ਯੂ-ਟਿਊਬ ਚੈਨਲ ਅਤੇ ਸਕੂਲ ਵੈੱਬਸਾਈਟ ਬਣਾਉਣ ਵਾਲਾ ਵਿਸ਼ਾਲ ਵੱਤਸ:** ਇਸ ਪ੍ਰਕਾਰ ਹੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕਰਨੀ ਖੇੜਾ (ਜ਼ਿਲ੍ਹਾ ਫ਼ਾਜ਼ਿਲਕਾ) ਵਿਖੇ ਕੰਪਿਊਟਰ ਅਧਿਆਪਕ ਵਜੋਂ ਤਾਇਨਾਤ ਸ਼੍ਰੀ ਵਿਸ਼ਾਲ ਵਤਸ ਜੀ ਦੁਆਰਾ ਆਪਣੇ ਸਕੂਲ ਦੀ ਵੈੱਬਸਾਈਟ ਅਤੇ ਯੂ ਟਿਊਬ ਚੈਨਲ ਬਣਾ ਕੇ ਸਿੱਖਿਆ ਖੇਤਰ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ। gssskarnikhera.com ਉੱਪਰ ਵਿਜ਼ਟ ਕਰਕੇ ਸਕੂਲ ਬਾਰੇ ਮੁਕੰਮਲ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ।

**ਬਠਿੰਡੇ ਦੇ ਮੋੜ ਮੰਡੀ ਸਕੂਲ ਦੀ ਇਕ ਮਿਆਰੀ ਵੈੱਬਸਾਈਟ ਚਲਾਉਣ ਵਾਲਾ ਪੰਕਜ ਕੁਮਾਰ:** ਅਗਾਂਹ ਗੱਲ ਕਰੀਏ ਤਾਂ ਸ਼੍ਰੀ ਪੰਕਜ ਕੁਮਾਰ ਜੋ ਕਿ ਬਠਿੰਡਾ ਜ਼ਿਲ੍ਹੇ ਦੇ ਮੋੜ ਮੰਡੀ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿੱਚ ਆਪਣੀਆ ਸੇਵਾਵਾਂ ਨਿਭਾਂ ਰਹੇ ਹਨ, ਨੇ ggsss-maur.com ਨਾਮਕ ਵੈੱਬਸਾਈਟ ਤਿਆਰ ਕੀਤੀ ਹੈ। ਇਸ ਵੈੱਬਸਾਈਟ ਦੀ ਦਿੱਖ ਬੜੀ ਹੀ ਪ੍ਰਭਾਵਸ਼ਾਲੀ ਅਤੇ ਸਮਗਰੀ ਬਹੁਤ ਹੀ ਸੁਚਾਰੂ ਰੂਪ ਵਿਚ ਪ੍ਰਕਾਸ਼ਿਤ ਕੀਤੀ ਗਈ ਹੈ।



ਜਗਜੀਤ ਸਿੰਘ ਗਣੇਸ਼ਪੁਰ
91-94655-76022

**ਸਕੂਲ ਗਤੀਵਿਧੀਆਂ ਨੂੰ ਆਨਲਾਈਨ ਵੈੱਬਸਾਈਟ ਦੇ ਰੂਪ ਵਿੱਚ ਪ੍ਰਕਾਸ਼ਿਤ ਕਰਨ ਵਾਲਾ ਇੰਦਰਜੀਤ ਸਿੰਘ:** ਸ਼੍ਰੀ ਇੰਦਰਜੀਤ ਸਿੰਘ ਜੋ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਆਰਿਫ਼ ਕੇ (ਜ਼ਿਲ੍ਹਾ ਫ਼ਿਰੋਜ਼ਪੁਰ) ਵਿਖੇ ਕੰਪਿਊਟਰ ਅਧਿਆਪਕ ਵਜੋਂ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਹਨ, ਨੇ ਵੀ ਆਪਣੀ ਸਕੂਲ ਦੀ ਵੈੱਬਸਾਈਟ ਬੜੀ ਹੀ ਮਿਹਨਤ ਨਾਲ ਤਿਆਰ ਕੀਤੀ ਹੈ ਅਤੇ ਉਨ੍ਹਾਂ ਦੀ ਮਿਹਨਤ ਦਾ ਨਮੂਨਾ ਵੈੱਬਸਾਈਟ ਨੂੰ (gsssarifke.com) ਵਿਜ਼ਟ ਕਰਨ ਆਪ-ਮੁਹਾਰੇ ਹੀ ਲੱਗ ਜਾਂਦਾ ਹੈ।

'ਕਮਲ ਇਨਫੋਟੈਕ' ਨਾਮਕ ਯੂ ਟਿਊਬ ਚੈਨਲ ਚਲਾਉਣ ਵਾਲਾ ਕਮਲ ਕਿਸ਼ੋਰ: ਇਨ੍ਹਾਂ ਸਭ ਦੇ ਨਾਲ-ਨਾਲ ਕਈ ਕੰਪਿਊਟਰ ਅਧਿਆਪਕ ਗਿਆਨ ਦਾ ਸਾਗਰ ਕਹਿ ਜਾਣ ਵਾਲੇ ਸ਼ੋਸਲ ਮੀਡੀਆ ਪਲੇਟਫ਼ਾਰਮ ਯੂ-ਟਿਊਬ ਉੱਪਰ ਹੀ ਆਪਣੀ ਯੋਗ ਹਾਜ਼ਰੀ ਲਗਾ ਰਹੇ ਹਨ, ਜਿੰਨਾ ਵਿੱਚ ਸ਼੍ਰੀ ਕਮਲ ਕੁਮਾਰ (ਸਰਕਾਰੀ ਹਾਈ ਸਕੂਲ ਮੈਲੀ, ਜ਼ਿਲ੍ਹਾ ਹੁਸ਼ਿਆਰਪੁਰ) ਜੋ ਕਿ ਆਪਣੇ ਯੂ-ਟਿਊਬ ਚੈਨਲ 'ਕਮਲ ਇਨਫੋਟੈਕ' ਰਾਹੀ ਵਿਦਿਆਰਥੀਆਂ ਨਾਲ ਕੰਪਿਊਟਰ ਵਿਸ਼ੇ ਨਾਲ ਸਬੰਧਿਤ ਵੀਡੀਉਜ਼ ਸਮੇਂ-ਸਮੇਂ ਤੇ ਸਾਂਝੀਆਂ ਕਰਦੇ ਰਹਿੰਦੇ ਹਨ।

ਸਕੂਲ ਦਾ ਯੂ ਟਿਊਬ ਚੈਨਲ ਬਣਾ ਕੇ ਸਕੂਲ ਦੀ ਗਤੀਵਿਧੀਆ ਨੂੰ ਆਨਲਾਈਨ ਕਰਨ ਵਾਲਾ ਸੰਦੀਪ ਯਾਦਵ: ਸੰਦੀਪ ਯਾਦਵ, ਜਿਹੜੇ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਅਮਲਾਲਾ (ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ) ਵਿਖੇ ਸੇਵਾ ਨਿਭਾ ਰਹੇ ਹਨ, ਉਹ ਵੀ ਆਪਣੇ ਸਕੂਲ ਦੇ ਯੂ ਟਿਊਬ ਚੈਨਲ ਰਾਹੀ ਸਿੱਖਿਆ ਖੇਤਰ ਨਾਲ ਸਬੰਧਿਤ ਸਕੂਲ ਦੀਆਂ ਗਤੀਵਿਧੀਆ ਬੜੇ ਹੀ ਪ੍ਰਭਾਵਸ਼ਾਲੀ ਰੂਪ ਵਿੱਚ ਅੱਪਲੋਡ ਕਰਦੇ ਰਹਿੰਦੇ ਹਨ।

**ਸੂਬਾ ਪ੍ਰਧਾਨ ਸ. ਗੁਰਵਿੰਦਰ ਸਿੰਘ ਤਰਨ-ਤਾਰਨ, ਕੰਪਿਊਟਰ ਅਧਿਆਪਕ ਯੂਨੀਅਨ, ਪੰਜਾਬ ਜੀ ਦਾ ਸੁਨੇਹਾ:** ਮੈਨੂੰ ਬੜਾ ਮਾਣ ਮਹਿਸੂਸ ਹੋ ਰਿਹਾ ਹੈ ਕਿ ਮੈਨੂੰ ਇਕ ਅਜਿਹੇ ਕੇਡਰ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਮਿਲੀ ਹੋਈ ਹੈ, ਜਿਸ ਕੇਡਰ ਦੇ ਅਧਿਆਪਕ ਸਿੱਖਿਆ ਵਿਭਾਗ ਅੰਦਰ ਆਪਣੀ ਬਹੁਪੱਖੀ ਭੂਮਿਕਾ ਬੜੀ ਹੀ ਲਗਨ ਅਤੇ ਸਮਰਪਣ ਭਾਵਨਾ ਨਾਲ ਨਿਭਾ ਰਹੇ ਹਨ।

ਸਿੱਖਿਆ ਖੇਤਰ ਵਿੱਚ ਸੂਚਨਾ ਤਕਨਾਲੋਜੀ ਦੇ ਨਵੀਨਤਮ ਸਾਧਨਾ ਰਾਹੀ ਵਿਦਿਆਰਥੀ ਵਰਗ ਤੱਕ ਆਪਣੀ ਪਹੁੰਚ ਬਣਾਉਣਾ ਬਹੁਤ ਹੀ ਸ਼ਲਾਘਾਯੋਗ ਕਾਰਜ ਹਨ। ਸਰਕਾਰੀ ਸਕੂਲਾਂ ਦੀਆਂ ਵੈੱਬਸਾਈਟ ਅਤੇ ਐਪ ਜਾਂ ਹੋਰ ਆਨਲਾਈਨ ਐਪਲੀਕੇਸ਼ਨਜ਼ ਡਿਜ਼ਾਈਨ ਕਰਨਾ ਜਿੱਥੇ ਇਨ੍ਹਾਂ ਅਧਿਆਪਕਾਂ ਦੀ ਕਾਰਜਕੁਸ਼ਲਤਾ ਸਿੱਧ ਕਰਦਾ ਹੈ ਓਥੇ ਹੀ ਇਸ ਨਾਲ ਸਮਾਜ ਵਿੱਚ ਸਕੂਲ ਸਿੱਖਿਆ ਵਿਭਾਗ ਦੀ ਵੀ ਇਕ ਅਗਾਂਹਵਧੂ ਤਸਵੀਰ ਪੇਸ਼ ਹੋਈ ਹੈ।

ਇਸ ਲੜੀ ਵਿੱਚ ਅਗਾਂਹ ਵੀ ਹੋਰ ਕਰਮਯੋਗੀ ਕੰਪਿਊਟਰ ਜ਼ਰੂਰ ਸ਼ਾਮਿਲ ਕੀਤੇ ਜਾਣਗੇ, ਅਜਿਹੀ ਮੇਰੀ ਉਮੀਦ ਹੈ ਕਿਉਂਕਿ ਇਨ੍ਹਾਂ ਮਾਣਮੱਤੇ ਅਧਿਆਪਕਾਂ ਤੋਂ ਇਲਾਵਾ ਹੋਰ ਵੀ ਕਈ ਅਨਮੋਲ ਹੀਰੇ ਸਿੱਖਿਆ ਖੇਤਰ ਵਿੱਚ ਆਪਣੀਆਂ ਬੇਮਿਸਾਲ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਸਰਕਾਰ ਅਤੇ ਵਿਭਾਗ ਨੂੰ ਵੀ ਪਹਿਲ ਦੇ ਅਧਾਰ ਓਪਰ ਕੰਪਿਊਟਰ ਅਧਿਆਪਕਾਂ ਦੀਆਂ ਲੰਮੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਦਾ ਨਿਪਟਾਰਾ ਕਰਦੇ ਹੋਏ ਉਨ੍ਹਾਂ ਦੇ ਬਣਦੇ ਹੱਕ ਦੇਣੇ ਚਾਹੀਦੇ ਹਨ ਤਾਂ ਕਿ ਉਹ ਹੋਰ ਸਵੈਮਾਣ ਨਾਲ ਆਪਣੀਆਂ ਸੇਵਾਵਾਂ ਨਿਭਾ ਸਕਣ। ਸੂਬਾ ਪ੍ਰਧਾਨ ਸ. ਗੁਰਵਿੰਦਰ ਸਿੰਘ ਤਰਨਤਾਰਨ, ਕੰਪਿਊਟਰ ਅਧਿਆਪਕ ਯੂਨੀਅਨ, ਪੰਜਾਬ।

ਅੱਜ ਦੇ ਸਮੇਂ ਕੰਪਿਊਟਰ ਸਿੱਖਿਆ ਦੋਹਰੇ ਰੂਪ ਵਿਚ ਵਿਦਿਆਰਥੀਆਂ ਦੇ ਸਨਮੁੱਖ ਹੋ ਰਹੀ ਹੈ। ਪਹਿਲਾ ਤਾਂ ਇੱਕ ਵਿਸ਼ੇ ਦੇ ਰੂਪ ਵਿਚ ਤੇ ਦੂਜਾ ਇੱਕ ਮਾਧਿਅਮ ਵਜੋਂ ਜਿਸ ਦੀ ਵਰਤੋਂ ਕਰਕੇ ਵਿਦਿਆਰਥੀ ਦੂਜੇ ਵਿਸ਼ਿਆਂ ਨੂੰ ਹੋਰ ਵੀ ਸਰਲ ਰੂਪ ਵਿੱਚ ਸਿੱਖ ਸਕਦੇ ਹਨ। ਆਸ ਕੀਤੀ ਜਾ ਸਕਦੀ ਹੈ ਕਿ ਮੇਰੇ ਇਹ ਅਧਿਆਪਕ ਸਾਥੀ ਅਗਾਂਹ ਵੀ ਸਿੱਖਿਆ ਦੇ ਖੇਤਰ ਵਿਚ ਹੋਰ ਵੀ ਨਵੀਆਂ ਮੰਜ਼ਿਲਾਂ ਸਰ ਕਰਦੇ ਜਾਣਗੇ..ਆਮੀਨ!

# ਪਲੈਟੋ ਦੀ ਫਿਲਾਸਫੀ, ਗੁਰਮਤਿ ਤੇ ਅਜੋਕਾ ਸਾਮਰਾਜਵਾਦ



ਗੁਰਬਚਨ ਸਿੰਘ
91-98156-98451

ਕੁਝ ਪਛਮ-ਪ੍ਰਸਤ ਪੜ੍ਹੇ-ਲਿਖੇ ਸਜਣਾਂ ਨੂੰ ਇਹ ਗੱਲ ਬੜੀ ਅਜੀਬ ਲਗ ਸਕਦੀ ਹੈ ਕਿ ਕਰੀਬ ਢਾਈ ਹਜਾਰ ਸਾਲ ਪਹਿਲਾਂ ਯੂਨਾਨ ਵਿਚ ਪੈਦਾ ਹੋਏ ਮਹਾਨ ਚਿੰਤਕ ਪਲੈਟੋ ਦੀ ਫਿਲਾਸਫੀ ਦਾ ਭਲਾ ਗੁਰਮਤਿ ਨਾਲ ਕੀ ਰਿਸ਼ਤਾ ਹੋ ਸਕਦਾ ਹੈ? ਇਨ੍ਹਾਂ ਸਜਣਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸੰਸਾਰ ਭਰ ਦੀ ਫਿਲਾਸਫੀ, ਭਾਵੇਂ ਉਹ ਪਛਮ ਦੀ ਹੈ ਜਾਂ ਪੂਰਬ ਦੀ, ਇਕ-ਦੂਜੇ ਨਾਲੋਂ ਟੁਟ ਕੇ ਨਹੀਂ ਬਲਕਿ ਇਕ-ਦੂਜੇ ਦੀ ਨਿਰੰਤਰਤਾ ਵਿਚ ਵਿਕਸਿਤ ਹੋਈ ਹੈ। ਗੁਰਮਤਿ ਵਿਚਲੀ ਫਿਲਾਸਫੀ ਕਿਉਂਕਿ ਪੂਰਬ ਅਤੇ ਪਛਮ ਦੀ ਫਿਲਾਸਫੀ ਨੂੰ ਆਪਣੇ ਆਤਮ ਵਿਚ ਸਮੇਟ ਕੇ ਵਿਕਸਿਤ ਹੋਈ ਹੈ, ਇਸ ਲਈ ਇਸ ਦਾ ਪਲੈਟੋ ਦੀ ਫਿਲਾਸਫੀ ਨਾਲ ਵੀ ਸਿਧਾ ਰਿਸ਼ਤਾ ਹੈ। ਇਹ ਰਿਸ਼ਤਾ ਉਦੋਂ ਸਪਸ਼ਟ ਹੁੰਦਾ ਹੈ, ਜਦੋਂ ਦੋਹਾਂ ਫਿਲਾਸਫੀਆਂ ਨੂੰ ਇਕ-ਦੂਜੇ ਦੇ ਪ੍ਰਸੰਗ ਵਿਚ ਰਖ ਕੇ ਪੜ੍ਹਿਆ ਜਾਂਦਾ ਹੈ।

ਇਥੇ ਪਲੈਟੋ ਬਾਰੇ ਜਿਆਦਾ ਦਸਣ ਦੀ ਲੋੜ ਨਹੀਂ ਜਾਪਦੀ। ਇਹ ਸਚਾਈ ਸਰਬ ਪ੍ਰਵਾਨਿਤ ਹੈ ਕਿ ਪਛਮੀ ਸਭਿਅਤਾ ਤੇ ਪਛਮੀ ਤਰਜ ਦੀ ਜਮਹੂਰੀਅਤ ਦਾ ਆਧਾਰ ਪਲੈਟੋ ਦੀ ਫਿਲਾਸਫੀ ਅਤੇ ਇਸਾਈ ਧਰਮ ਹੈ। ਕਮਿਊਨਿਸਟ ਚਿੰਤਕ ਕਾਰਲ ਮਾਰਕਸ ਤੇ ਫ੍ਰੈਡਰਿਕ ਏਂਗਲਜ ਨੇ ਆਪਣੀਆਂ ਲਿਖਤਾਂ ਵਿਚ ਇਸ ਧਾਰਨਾ ਨੂੰ ਸਥਾਪਿਤ ਕੀਤਾ ਹੈ। ਇਸ ਦੀ ਪੁਸ਼ਟੀ ਬਾਬਾ ਸਾਹਿਬ ਡਾ. ਅੰਬੇਡਕਰ, ਸਿਰਦਾਰ ਕਪੂਰ ਸਿੰਘ ਤੇ ਡਾ. ਗੁਰਭਗਤ ਸਿੰਘ ਨੇ ਵੀ ਕੀਤੀ ਹੈ। ਇਹ ਸਰਬ ਪ੍ਰਵਾਨਿਤ ਹੈ ਕਿ ਪਲੈਟੋ ਦੀ ਫਿਲਾਸਫੀ ਨੇ ਅਜੋਕੀ ਪਛਮੀ ਫਿਲਾਸਫੀ ਤੇ ਸਭਿਅਤਾ ਦਾ ਮੁਢ ਬੰਨਿਆ ਹੈ।

ਪਲੈਟੋ ਦੀ ਜਗਤ ਪ੍ਰਸਿਧ ਤੇ ਅਹਿਮ ਮੰਨੀ ਜਾਂਦੀ ਕਿਰਤ ਗਣਰਾਜ (ਰਿਪਬਲਿਕ) ਹੈ। ਆਪਣੀ ਇਸ ਲਿਖਤ ਵਿਚ ਉਸਨੇ ਮਨੁਖੀ ਜਿੰਦਗੀ ਦੇ ਸਾਰੇ ਪਖਾਂ ਸਮੇਤ ਇਕ ਆਦਰਸ਼ ਜਮਹੂਰੀਅਤ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਉਸਦੀ ਇਹ ਲਿਖਤ ਹੁਣ ਤਕ ਦੁਨੀਆਂ ਭਰ ਵਿਚ ਸਭ ਤੋਂ ਵਧ ਪੜ੍ਹੀਆ ਗਈਆ ਲਿਖਤਾਂ ਵਿਚੋ ਇਕ ਹੈ। ਇਸ ਲਿਖਤ ਦਾ ਲਗਪਗ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਹੋ ਚੁਕਾ ਹੈ। ਇਹ ਸਾਰੀ ਕਿਤਾਬ ਵਾਰਤਾਲਾਪ ਦੇ ਰੂਪ ਵਿਚ ਲਿਖੀ ਗਈ ਹੈ। ਆਪਣੀ ਇਸ ਕਿਰਤ ਵਿਚ ਪਲੈਟੋ ਨੇ ਨਰਕ-ਸਵਰਗ ਦੀ ਹੋਂਦ ਅਤੇ ਚੰਗੀਆਂ ਬੁਰੀਆਂ ਆਤਮਾਵਾਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਇਸ ਲਿਖਤ ਦਾ ਅੰਤ ਪਲੈਟੋ ਨੇ ਇਕ ਕਥਾ ਸੁਣਾ ਕੇ ਕੀਤਾ ਹੈ। ਇਹ ਕਥਾ ਜਿਥੇ ਨਰਕ-ਸਵਰਗ ਬਾਰੇ ਬੜੀ ਦਿਲਚਸਪ ਜਾਣਕਾਰੀ ਦੇਂਦੀ ਹੈ, ਉਥੇ ਆਤਮਾਵਾਂ ਦੇ ਅਮਰ ਹੋਣ ਦਾ 'ਸਚ' ਵੀ ਬੜੇ ਦਿਲਚਸਪ ਢੰਗ ਨਾਲ ਪੇਸ਼ ਕਰਦੀ ਹੈ। ਪਛਮੀ ਮਨੁਖ ਦੀ ਸੋਚ ਵਿਚ ਨਰਕ ਸਵਰਗ ਦਾ ਅਧਾਰ ਅਜਿਹੇ ਫਿਲਾਸਫਰਾਂ ਦੀਆਂ ਕਥਾਵਾਂ ਹੀ ਬਣੀਆ ਹਨ। ਇਸ ਕਥਾ ਵਿਚਲੇ ਅਜੀਬ ਨਾਵਾਂ ਵਿਚ ਉਲਝਣ ਦੀ ਬਜਾਇ ਇਸ ਦੀ ਕਥਨ ਸ਼ੈਲੀ ਅਤੇ ਇਸਦੇ ਤਤ ਉਤੇ ਗੌਰ ਕਰਨ ਦੀ ਲੋੜ ਹੈ। ਇਹ ਕਥਾ ਭਾਵੇਂ ਲੰਬੀ ਹੈ ਪਰ ਪਲੈਟੋ ਦੀ ਕਲਪਨਾ ਸ਼ਕਤੀ ਦੇ ਨਜਾਰੇ ਮਾਣਨ ਲਈ ਇਹ ਸਾਰੀ ਕਥਾ ਪੜ੍ਹਣਯੋਗ ਹੈ।

..."ਚੰਗਾ, ਤਾਂ ਮੈਂ ਹੁਣ ਤੁਹਾਨੂੰ ਇਕ ਕਥਾ ਸੁਣਾਵਾਂ। ਇਹ ਉਨ੍ਹਾਂ ਕਥਾਵਾਂ ਵਿਚੋਂ ਨਹੀਂ ਜਿਹੜੀਆ ਓਡਿਸਿਸ ਨੇ ਬਹਾਦਰ ਏਲਸੀਨੋਸ ਨੂੰ ਸੁਣਾਈਆ ਸਗੋਂ ਇਹ ਪਾਮਫੀਲਿਆ ਦੇ ਨਿਵਾਸੀ ਏਰਮੇਨਿਅਸ ਦੇ ਬਹਾਦਰ ਪੁਤਰ ਏਰ ਦੀ ਕਹਾਣੀ ਹੈ। ਉਹ ਯੁਧ ਵਿਚ ਮਾਰਿਆ ਗਿਆ ਅਤੇ ਦਸ ਦਿਨਾਂ ਮਗਰੋਂ ਜਦੋਂ ਲੋਕਾਂ ਨੇ ਲਾਸ਼ਾਂ ਚੁਕੀਆਂ ਤਾਂ ਹੋਰ ਸਾਰੇ ਸਰੀਰ ਤਾਂ ਸੜ ਚੁਕੇ ਸਨ ਪਰ ਇਸ ਦੇ ਸਰੀਰ ਉਤੇ ਕੋਈ ਅਸਰ ਨਹੀਂ ਸੀ। ਸੋ ਉਸ ਦੀ ਲਾਸ਼ ਨੂੰ ਸਾੜਨ ਲਈ ਉਹ ਘਰ ਲੈ ਗਏ। ਬਾਰ੍ਹਵੇਂ ਦਿਨ ਜਦੋਂ ਏਰ ਦੀ ਲਾਸ਼ ਨੂੰ ਚਿਖਾ ਉਤੇ ਰਖਿਆ ਗਿਆ ਤਾਂ ਉਹ ਮੁੜ ਜੀਉਂਦਾ ਹੋ ਗਿਆ। ਪਰਲੋਕ ਵਿਚ ਉਸ ਨੇ ਜੋ ਕੁਝ ਦੇਖਿਆ ਸੀ ਉਹ ਲੋਕਾਂ ਨੂੰ ਸੁਣਾ ਦਿਤਾ। ਉਸ ਨੇ ਕਿਹਾ ਕਿ ਜਦੋਂ ਮੇਰੀ ਆਤਮਾ ਨੇ ਸਰੀਰ ਛਡਿਆ ਤਾਂ ਮੈਂ ਬਹੁਤ ਸਾਰੇ ਮਨੁਖਾਂ ਨਾਲ ਯਾਤਰਾ ਲਈ ਚਲ ਪਿਆ। ਚਲਦਿਆਂ-ਚਲਦਿਆਂ ਅਸੀਂ ਇਕ ਗੁਪਤ ਥਾਂ ਉਤੇ ਪਹੁੰਚੇ ਜਿਥੇ ਧਰਤੀ ਹੇਠਾਂ ਖੁਲ੍ਹਣ ਵਾਲੇ ਦਰਵਾਜ਼ੇ ਸਨ। ਇਹ ਦੋਵੇਂ ਦਰਵਾਜ਼ੇ ਨਾਲ-ਨਾਲ ਹੀ ਸਨ। ਇਨ੍ਹਾਂ ਦੇ ਸਾਹਮਣੇ ਉਪਰ ਅਸਮਾਨ ਵਿਚ ਵੀ ਦੋ ਦਰਵਾਜ਼ੇ ਸਨ। ਵਿਚਕਾਰਲੀ ਥਾਂ ਵਿਚ ਨਿਆਂ ਕਰਨ ਵਾਲਿਆਂ ਦੀ ਕਚਹਿਰੀ ਲਗੀ ਹੋਈ ਸੀ। ਜਦੋਂ ਨਿਆਈਂ ਮਨੁਖਾਂ ਦੇ ਮਾਮਲੇ ਦਾ ਫੈਸਲਾ ਹੋ ਚੁਕਦਾ ਤਾਂ ਫੈਸਲੇ ਅਨੁਸਾਰ ਉਨ੍ਹਾਂ ਨੂੰ ਬੰਨ੍ਹ ਕੇ ਆਗਿਆ ਦਿਤੀ ਜਾਂਦੀ ਕਿ ਅਸਮਾਨੀ ਰਾਹ ਤੋਂ ਸਿਧੇ ਹਥ ਵੱਲ ਉਪਰ ਚੜ੍ਹ ਜਾਉ। ਇਸੇ ਤਰ੍ਹਾਂ ਅਨਿਆਈਂ ਵਿਅਕਤੀਆਂ ਨੂੰ ਉਲਟੇ ਹਥ ਵੱਲੋਂ ਹੇਠਾਂ ਉਤਰਨ ਦਾ ਹੁਕਮ ਮਿਲਦਾ। ਇਨ੍ਹਾਂ ਦੇ ਕਰਮਾਂ ਦੇ ਚਿੰਨ੍ਹ ਵੀ ਨਾਲ ਹੀ ਹੁੰਦੇ ਸਨ ਪਰ ਪਿਠ ਵਾਲੇ ਪਾਸੇ ਲਟਕੇ ਹੁੰਦੇ ਸਨ।

ਮੈਂ ਜਦੋਂ ਨੇੜੇ ਪਹੁੰਚਿਆ ਤਾਂ ਮੈਨੂੰ ਆਖਿਆ ਗਿਆ ਕਿ ਤੂੰ ਉਹ ਦੂਤ ਹੈਂ ਜੋ ਇਸ ਲੋਕ ਦੀਆਂ ਖ਼ਬਰਾਂ ਮਨੁਖਾਂ ਤਕ ਲੈ ਕੇ ਜਾਏਂਗਾ। ਮੈਨੂੰ ਹੁਕਮ ਮਿਲਿਆ ਕਿ ਜੋ ਵੀ ਦੇਖਣ ਸੁਣਨ ਦੀਆਂ ਗੱਲਾਂ ਹਨ ਉਹ ਮੈਂ ਸਭ ਦੇਖ ਸੁਣ ਲਵਾਂ। ਮੈਂ ਨਜ਼ਰ ਮਾਰੀ ਤਾਂ ਦੇਖਿਆ ਕਿ ਜਦੋਂ ਫੈਸਲਾ ਸੁਣਾ ਦਿਤਾ ਜਾਂਦਾ ਸੀ ਤਾਂ ਧਰਤੀ ਅਤੇ ਆਸਮਾਨ ਦੇ ਇਕ-ਇਕ ਦਰਵਾਜ਼ੇ ਤੋਂ ਤਾਂ ਆਤਮਾਵਾਂ ਜਾ ਰਹੀਆਂ ਸਨ ਅਤੇ ਦੂਜੇ ਦੋਹਾਂ ਦਰਵਾਜ਼ਿਆਂ ਤੋਂ ਆਤਮਾਵਾਂ ਕੁਝ ਤਾਂ ਗਰਦ ਵਿਚ ਲਿਪਟੀਆਂ ਅਤੇ ਯਾਤਰਾ ਨਾਲ ਥਕ ਕੇ ਚੂਰ ਹੋਈਆਂ ਪ੍ਰਿਥਵੀ ਦੇ ਅੰਦਰੋਂ ਉਪਰ ਆਉਂਦੀਆਂ ਅਤੇ ਕਈ ਜਗਮਗ ਕਰਦੀਆਂ ਆਸਮਾਨ ਤੋਂ ਹੇਠਾਂ ਉਤਰਦੀਆਂ ਸਨ। ਅਜਿਹਾ ਪ੍ਰਤੀਤ ਹੁੰਦਾ ਕਿ ਸਾਰੀਆਂ ਆਤਮਾਵਾਂ ਕਿਸੇ ਲੰਮੀ ਯਾਤਰਾ ਤੋਂ ਹੁਣੇ ਮੁੜ ਕੇ ਆ ਰਹੀਆਂ ਹਨ। ਇਹ ਸਾਰੀਆਂ ਅਨੰਦ ਸਹਿਤ ਹਰੀਆਂ ਭਰੀਆਂ ਥਾਂਵਾਂ ਵੱਲ ਜਾਂਦੀਆਂ ਅਤੇ ਉਥੇ ਜਾ ਕੇ ਜਿਵੇਂ ਕੋਈ ਪੜਾਅ ਜਾਂ ਇਕੱਠ ਹੁੰਦਾ ਹੈ, ਜਿਹੜੀਆਂ ਆਤਮਾਵਾਂ ਇਕ-ਦੂਜੀ ਤੋਂ ਜਾਣੂ ਸਨ ਆਪਸ ਵਿਚ ਗਲੇ ਮਿਲਦੀਆਂ ਅਤੇ ਖੂਬ ਗੱਲਾਂ ਕਰਦੀਆਂ। ਧਰਤੀ ਵਿਚੋਂ ਆਉਣ ਵਾਲੀਆਂ ਆਤਮਾਵਾਂ ਬੜੀ ਬੇਸਬਰੀ ਨਾਲ ਉਪਰ ਦਾ ਹਾਲ ਪੁਛਦੀਆਂ ਅਤੇ ਆਸਮਾਨ ਵਿਚੋਂ ਆਉਣ ਵਾਲੀਆਂ ਆਤਮਾਵਾਂ ਹੇਠਾਂ ਦਾ ਹਾਲ ਪੁਛਦੀਆਂ। ਸਾਰੀਆਂ ਇਕ ਦੂਜੀ ਨੂੰ ਯਾਤਰਾ ਦੀਆਂ ਘਟਨਾਵਾਂ ਸੁਣਾਉਂਦੀਆਂ। ਹੇਠੋਂ ਆਉਣ ਵਾਲੀਆਂ ਆਤਮਾਵਾਂ ਜੋ ਕੁਝ ਉਨ੍ਹਾਂ ਉਤੇ ਪ੍ਰਿਥਵੀ ਦੀ ਯਾਤਰਾ ਵਿਚ ਬੀਤੀ ਸੀ (ਅਤੇ ਇਹ ਯਾਤਰਾ ਇਕ ਹਜ਼ਾਰ ਵਰ੍ਹੇ ਦੀ ਸੀ) ਇਸ ਦੀ ਯਾਦ ਉਤੇ ਰੋਂਦੀਆਂ ਅਤੇ ਸੋਗ ਮਨਾਉਂਦੀਆਂ। ਉਪਰੋਂ ਆਉਣ ਵਾਲੀਆਂ ਆਤਮਾਵਾਂ ਆਕਾਸ਼ ਲੋਕ ਦੇ ਅਨੰਦ ਅਤੇ ਕਲਪਨਾਸ਼ੀਲ ਸੌਂਦਰਯ ਦਾ ਵਰਣਨ ਕਰਦੀਆਂ।

ਗਲਾਕਨ! ਸਾਰਾ ਕਿਸਾ ਤਾਂ ਬਹੁਤ ਸਮਾਂ ਲੈ ਲਵੇਗਾ। ਸੰਖੇਪ ਵਿਚ ਏਰ ਨੇ ਇਹ ਕਿਹਾ ਕਿ ਇਨ੍ਹਾਂ ਆਤਮਾਵਾਂ ਨੇ ਕਿਸੇ ਦੇ ਨਾਲ ਜੋ ਬੁਰਾਈ ਕੀਤੀ ਸੀ, ਉਸ ਦੀ ਦਸ ਗੁਣਾ ਸਜ਼ਾ ਉਨ੍ਹਾਂ ਨੂੰ ਭੁਗਤਣੀ ਪਈ। ਅਰਥਾਤ ਜੇ ਸੌ ਵਰ੍ਹੇ ਵਿਚ ਇਕ ਵਾਰੀ ਬੁਰਾਈ ਕੀਤੀ ਸੀ (ਅਤੇ ਮਨੁਖ ਦੀ ਉਮਰ ਦਾ ਇਥੋਂ ਅੰਦਾਜ਼ਾ ਲਾਇਆ ਜਾਂਦਾ ਹੈ) ਤਾਂ ਉਹ ਦਸ ਗੁਣਾਂ ਸਜ਼ਾ ਹਜ਼ਾਰ ਵਰ੍ਹੇ ਵਿਚ ਪੂਰੀ ਹੋਈ। ਮਿਸਾਲ ਲਈ ਜੇ ਕੋਈ ਅਨੇਕ ਮੌਤਾਂ ਦਾ ਕਾਰਨ ਬਣਿਆ ਹੋਵੇ, ਜੇ ਕਿਸੇ ਨੇ ਨਗਰਾਂ ਅਤੇ ਫੌਜਾਂ ਨੂੰ ਗੁਲਾਮ ਬਣਾਇਆ ਹੋਵੇ, ਉਸ ਨੇ ਲੋਕਾਂ ਨਾਲ ਵਿਸਾਹਘਾਤ ਕੀਤਾ ਹੋਵੇ ਜਾਂ ਕਿਸੇ ਹੋਰ ਦੁਰਾਚਾਰੀ ਆਚਰਣ ਦਾ ਭਾਗੀ ਹੋਵੇ ਤਾਂ ਸਾਰੇ ਪਾਪਾਂ ਲਈ ਇਕ-ਇਕ ਕਰਕੇ ਦਸ ਗੁਣਾ ਸਜ਼ਾ ਮਿਲਦੀ ਹੈ। ਇਸੇ ਤਰ੍ਹਾਂ ਪਰਉਪਕਾਰ, ਨਿਆਂ ਤੇ ਪਵਿਤਰਤਾ ਦਾ ਇਨਾਮ ਵੀ ਇਸੇ ਅਨੁਪਾਤ ਵਿਚ ਮਿਲਦਾ ਹੈ।



ਇਸ ਦੇ ਦੁਹਰਾਉਣ ਦੀ ਤਾਂ ਇਥੇ ਲੋੜ ਨਹੀਂ ਕਿ ਜੋ ਕੁਝ ਉਸ ਨੇ ਛੋਟੇ ਬੱਚਿਆਂ ਬਾਰੇ ਕਿਹਾ, ਜੋ ਪੈਦਾ ਹੁੰਦੇ ਹੀ ਮਰ ਜਾਂਦੇ ਹਨ। ਦੇਵਤਿਆਂ ਅਤੇ ਮਾਪਿਆਂ ਨਾਲ, ਆਗਿਆ ਜਾਂ ਆਗਿਆ-ਪਾਲਣ ਬਾਰੇ, ਖੂਨੀਆਂ ਬਾਰੇ ਉਸ ਨੇ ਬਹੁਤ ਵਡੀਆਂ-ਵਡੀਆਂ ਸਜ਼ਾਵਾਂ ਅਤੇ ਇਨਾਮਾਂ ਦਾ ਵਰਣਨ ਕੀਤਾ। ਉਹ ਕਹਿੰਦਾ ਸੀ ਕਿ ਜਦੋਂ ਇਕ ਆਤਮਾ ਨੇ ਦੂਜੀ ਆਤਮਾ ਤੋਂ ਪੁਛਿਆ ਕਿ "ਆਰਡੀਅਸ ਮਹਾਨ ਤੂੰ ਕਿਥੇ?" ਤਾਂ ਮੈਂ ਖੁਦ ਹਾਜ਼ਰ ਸਾਂ। (ਇਹ ਆਰਡੀਅਸ ਏਰ ਦੇ ਕਾਲ ਤੋਂ ਕੋਈ ਹਜ਼ਾਰ ਸਾਲ ਪਹਿਲਾਂ ਹੋਇਆ ਸੀ।) ਇਹ ਪਾਮਫੀਲਿਆ ਨਗਰ ਦਾ ਤਾਨਾਸ਼ਾਹ ਰਾਜਾ ਸੀ। ਆਪਣੇ ਬੁਢੇ ਪਿਓ ਅਤੇ ਭਰਾ ਨੂੰ ਇਸ ਨੇ ਜਾਨੋਂ ਮਾਰ ਦਿਤਾ ਸੀ। ਕਹਿੰਦੇ ਹਨ ਕਿ ਅਜਿਹੇ ਹੀ ਬਹੁਤ ਸਾਰੇ ਗੁਨਾਹਾਂ ਦਾ ਉਹ ਭਾਗੀ ਸੀ। ਦੂਜੀ ਆਤਮਾ ਨੇ ਉਤਰ ਦਿਤਾ ਕਿ "ਉਹ ਇਥੇ ਨਹੀਂ ਆਇਆ, ਨਾ ਹੀ ਕਦੇ ਆਏ" ਅਤੇ ਉਹ ਇਨ੍ਹਾਂ ਭਿਆਨਕ ਦ੍ਰਿਸ਼ਾਂ ਵਿਚੋਂ ਇਕ ਸੀ, ਜਿਹੜੇ ਅਸੀਂ ਆਪਣੀ ਅੱਖੀਂ ਵੇਖੇ।

ਅਸੀਂ ਗੁਫਾ ਦੇ ਬੂਹੇ ਉਤੇ ਖੜੇ ਸੀ ਅਤੇ ਕਿਉਂਕਿ ਆਪਣਾ ਸਾਰਾ ਅਨੁਭਵ ਪ੍ਰਾਪਤ ਕਰ ਚੁਕੇ ਸੀ, ਇਸ ਲਈ ਹੁਣ ਉਪਰ ਚੜ੍ਹਨ ਹੀ ਵਾਲੇ ਸੀ ਕਿ ਅਚਾਨਕ ਆਰਡੀਅਸ ਅਤੇ ਹੋਰ ਕਈ ਜਣੇ ਨਜ਼ਰੀਂ ਪਏ। ਇਨ੍ਹਾਂ ਵਿਚੋਂ ਬਹੁਤੇ ਤਾਨਾਸ਼ਾਹ ਰਾਜੇ ਸਨ ਤੇ ਇਨ੍ਹਾਂ ਅਤਿਆਚਾਰੀਆਂ ਤੋਂ ਇਲਾਵਾ ਹੋਰ ਲੋਕ ਵੀ ਸਨ। ਜੋ ਦੁਨੀਆ ਵਿਚ ਬੜੇ-ਬੜੇ ਗੁਨਾਹਗਾਰ ਰਹਿ ਚੁਕੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਇਹ ਹੁਣ ਉਚ-ਲੋਕ ਨੂੰ ਵਾਪਸ ਜਾਂਦੇ ਹਨ। ਪਰ ਜਦੋਂ ਵੀ ਕੋਈ ਸਜ਼ਾ ਭੋਗਣ ਤੋਂ ਪਹਿਲਾਂ ਉਸ ਬੂਹੇ ਅੰਦਰ ਵੜਨ ਦਾ ਯਤਨ ਕਰਦਾ ਤਾਂ ਉਸ ਬੂਹੇ ਵਿਚੋਂ ਇਕ ਚੀਕ ਨਿਕਲਦੀ ਅਤੇ ਕੁਝ ਭਿਆਨਕ ਸ਼ਕਲਾਂ ਵਾਲੇ ਅਗਨ-ਮੁਖੀ ਮਨੁਖ ਇਨ੍ਹਾਂ ਨੂੰ ਫੜ ਕੇ ਆਪਣੇ ਨਾਲ ਲੈ ਜਾਂਦੇ। ਆਰਡੀਅਸ ਤੇ ਕੁਝ ਹੋਰ ਲੋਕਾਂ ਨੂੰ ਤਾਂ ਹੱਥ ਪੈਰ ਬੰਨ੍ਹ ਕੇ ਹੇਠਾਂ ਸੁਟ ਦਿਤਾ ਤੇ ਫਿਰ ਪੂਰੇ ਰਾਹ ਉਨ੍ਹਾਂ ਨੂੰ ਖੂਬ ਘਸੀਟਿਆ। ਉਨ੍ਹਾਂ ਦੀ ਪਿਠ ਭੰਨੀ ਅਤੇ ਰਾਹਗੀਰਾਂ ਨੂੰ ਦਸਦੇ ਗਏ ਕਿ ਇਨ੍ਹਾਂ ਨੇ ਇਹ ਗੁਨਾਹ ਕੀਤੇ ਸਨ ਤੇ ਅਸੀਂ ਇਨ੍ਹਾਂ ਨੂੰ ਫਿਰ ਨਰਕ ਵਿਚ ਸੁਟਣ ਦੇ ਲਈ ਲਿਜਾ ਰਹੇ ਹਾਂ। ਅਸੀਂ ਜੋ ਬਹੁਤ ਸਾਰੇ ਤਸੀਹੇ ਸਹੇ ਹਨ, ਉਨ੍ਹਾਂ ਵਿਚੋਂ ਕੋਈ ਮੁਸੀਬਤ ਇਸ ਘੜੀ ਤੋਂ ਔਖੀ ਨਹੀਂ ਸੀ। ਜਦੋਂ ਅਸੀਂ ਸੋਚਦੇ ਸੀ ਕਿ ਸਾਡੇ ਲਈ ਇਹ ਸ਼ਬਦ ਨਾ ਨਿਕਲੇ ਪਰ ਸ਼ਾਂਤੀ ਰਹੀ ਤਾਂ ਅਸੀਂ ਇਕ-ਇਕ ਕਰਕੇ ਖੁਸ਼ੀ ਸਹਿਤ ਉਤੇ ਚੜ੍ਹ ਆਏ। ਏਰ ਦੇ ਦਸਣ ਅਨੁਸਾਰ ਇਹ ਤਾਂ ਸਨ ਉਥੋਂ ਦੇ ਬਦਲੇ ਤੇ ਸਜ਼ਾਵਾਂ ਅਤੇ ਫਿਰ ਇਨਾਮ ਤੇ ਵਰ ਵੀ ਇਤਨੇ ਹੀ ਮਹਾਨ ਸਨ।

ਇਹ ਆਤਮਾਵਾਂ ਸੱਤ ਦਿਨਾਂ ਤਕ ਇਸ ਹਰੀ-ਭਰੀ ਥਾਂ ਠਹਿਰੀਆਂ। ਅਠਵੇਂ ਦਿਨ ਉਨ੍ਹਾਂ ਨੂੰ ਹੁਕਮ ਮਿਲਿਆ ਕਿ ਫਿਰ ਯਾਤਰਾ ਸ਼ੁਰੂ ਕਰਨ। ਚੌਥੇ ਦਿਨ ਉਹ ਇਕ ਅਜਿਹੀ ਥਾਂ ਉਤੇ ਪਹੁੰਚੀਆਂ, ਜਿਥੋਂ ਚਾਨਣ ਦੀ ਕਿਰਨ ਦਿਖਾਈ ਦਿੰਦੀ ਸੀ। ਸਿਧੀ ਜਿਵੇਂ ਕੋਈ ਮੀਨਾਰ ਧਰਤੀ ਅਤੇ ਅਸਮਾਨ ਦੇ ਆਰ-ਪਾਰ ਹੋਵੇ। ਰੰਗ ਵਿਚ ਸਤਰੰਗੀ ਪੀਂਘ ਵਾਂਗ ਪਰ ਪਵਿਤਰ ਅਤੇ ਉਜਲੀ। ਇਕ ਦਿਨ ਹੋਰ ਚਲ ਕੇ ਅਸੀਂ ਇਸ ਥਾਂ ਉਤੇ ਪਹੁੰਚ ਗਏ। ਇਥੇ ਇਸ ਚਾਨਣੇ ਵਿਚ ਅੱਖਾਂ ਨੇ ਆਸਮਾਨ ਦੀਆਂ ਜੰਜੀਰਾਂ ਦੇ ਕਿਨਾਰੇ ਦੇਖੇ। ਜੋ ਉਪਰੋਂ ਲਟਕੀਆਂ ਹੋਈਆਂ ਸਨ। ਇਹ ਚਾਨਣਾ ਆਕਾਸ਼ ਦੀ ਗੰਢ ਹੈ ਅਤੇ ਸਾਰੇ ਬ੍ਰਹਿਮੰਡ ਨੂੰ ਇਉਂ ਜਕੜੀ ਬੈਠੀ ਹੈ ਜਿਵੇਂ ਤਿੰਨ ਖੰਭਾਂ ਵਾਲੇ ਜਹਾਜ਼ ਦੀਆਂ ਹੇਠਲੀਆਂ ਕੜੀਆਂ। ਜ਼ੰਜੀਰ ਦੇ ਇਨ੍ਹਾਂ ਸਿਰਿਆਂ ਉਤੋਂ ਲੋੜਾਂ ਦਾ ਤਕਲਾ ਲਟਕਿਆ ਹੈ ਅਤੇ ਇਸ ਉਤੇ ਸਾਰੇ ਚੱਕਰ ਹੁੰਦੇ ਹਨ। ਇਸ ਤਕਲੇ ਦੀ ਛੜ ਅਤੇ ਚਕਰ ਫੌਲਾਦ ਦੇ ਹਨ ਅਤੇ ਫਿਰ ਕੁਝ ਫੌਲਾਦ ਦੇ ਅਤੇ ਕੁਝ ਮਸਾਲ ਦੇ। ਫਿਰਕੀ ਦੀ ਸ਼ਕਲ ਓਹੀ ਹੈ ਜਿਹੜੀ ਇਸ ਧਰਤੀ ਉਤੇ ਹੁੰਦੀ ਹੈ। ਏਰ ਨੇ ਇਸ ਦਾ ਜੋ ਵਰਣਨ ਕੀਤਾ, ਉਸ ਤੋਂ ਪਤਾ ਚਲਦਾ ਹੈ ਕਿ ਇਕ ਵਡੀ ਸਾਰੀ ਫਿਰਕੀ, ਜਿਸ ਨੂੰ ਅੰਦਰੋਂ ਬਿਲਕੁਲ ਖੋਖਲਾ ਕਰ ਦਿਤਾ ਗਿਆ ਹੈ, ਇਸ ਦੇ ਅੰਦਰ ਇਸ ਤੋਂ ਜ਼ਰਾ ਛੋਟੀ ਫਿਰਕੀ ਬਿਠਾ ਦਿਤੀ ਗਈ ਹੈ। ਇਸ ਦੇ ਅੰਦਰ ਇਕ ਹੋਰ, ਫਿਰ ਇਕ ਹੋਰ ਅਤੇ ਇਸੇ ਤਰ੍ਹਾਂ ਚਾਰ ਹੋਰ ਅਤੇ ਕੁਲ ਮਿਲਾ ਕੇ ਅਠ ਫਿਰਕੀਆਂ ਹਨ। ਇਉਂ ਜਿਵੇਂ ਇਕ ਭਾਂਡੇ ਵਿਚ ਦੂਜਾ ਭਾਂਡਾ ਰਖ ਦਿਤਾ ਗਿਆ ਹੋਵੇ। ਉਪਰ ਵਲੋਂ ਤਾਂ ਇਨ੍ਹਾਂ ਫਿਰਕੀਆਂ ਦੇ ਸਿਰੇ ਦਿਖਾਈ ਦਿੰਦੇ ਹਨ ਪਰ ਹੇਠਾਂ ਸਾਰੀਆਂ ਦੀਆਂ ਸਾਰੀਆਂ ਮਿਲ ਕੇ ਇਕ ਫਿਰਕੀ ਬਣਾਉਂਦੀਆਂ ਹਨ। ਇਸ ਦੇ ਅੰਦਰ ਇਕ ਤਕਲਾ ਹੁੰਦਾ ਹੈ ਜਿਹੜਾ ਅਠਵੀਂ ਫਿਰਕੀ ਵਿਚੋਂ ਦੀ ਲੰਘਦਾ ਹੈ।

ਪਹਿਲੀ ਫਿਰਕੀ ਜੋ ਸਭ ਤੋਂ ਬਾਹਰ ਹੈ, ਉਸ ਦਾ ਕਿਨਾਰਾ ਵੀ ਸਭ ਤੋਂ ਵਡਾ ਹੈ। ਦੂਜੇ ਦੇ ਕਿਨਾਰੇ ਇਸ ਕ੍ਰਮ ਨਾਲ ਛੋਟੇ ਹਨ। ਵਧਾਈ ਵਿਚ ਛੇਵੀਂ ਦਾ ਨੰਬਰ ਪਹਿਲੀ ਦੇ ਮਗਰੋਂ ਹੈ। ਛੇਵੀਂ ਦੇ ਮਗਰੋਂ ਚੌਥੀ ਦਾ। ਇਸ ਦੇ ਮਗਰੋਂ ਅੱਠਵੀਂ ਤੇ ਪੰਜਵੀਂ ਦਾ ਅਤੇ ਛੇਵਾਂ ਨੰਬਰ ਪੰਜਵੀਂ ਦਾ ਹੈ। ਤੀਜੀ ਸਤਵੇਂ ਨੰਬਰ ਉਤੇ ਹੈ ਅਤੇ ਦੂਜੀ ਸਭ ਤੋਂ ਅੰਤ ਵਿਚ ਅਠਵੇਂ ਨੰਬਰ ਉਤੇ ਹੈ। ਸਭ ਤੋਂ ਵਡੀ ਫਿਰਕੀ (ਅਰਥਾਤ ਅਚਲ ਤਾਰੇ) ਬਹੁਰੰਗੀ ਅਤੇ ਜੜਾਊ ਹੈ। (ਸੂਰਜ) ਸਭ ਤੋਂ ਵਧੇਰੇ ਚਮਕੀਲਾ ਹੈ। ਅਠਵੀਂ (ਚੰਦ) ਸਤਵੀਂ ਦੇ ਚਾਨਣੇ ਤੋਂ ਰੰਗ ਪ੍ਰਾਪਤ ਕਰਦੀ ਹੈ। ਦੂਜੀ ਅਤੇ ਪੰਜਵੀਂ (ਸ਼ਨੀ ਅਤੇ ਬੁਧ) ਰੰਗ ਪਖੋਂ ਆਪਸ ਵਿਚ ਮਿਲਦੀਆਂ ਹਨ। ਹਾਂ ਹੋਰਾਂ ਦੇ ਮੁਕਾਬਲੇ ਜ਼ਰਾ ਪਿਛੇ। ਤੀਜੀ (ਸ਼ੁਕਰ) ਦਾ ਚਾਨਣਾ ਸਭ ਤੋਂ ਵਧੇਰੇ ਚਿਟਾ ਹੈ। ਚੌਥੀ (ਮੰਗਲ) ਕੁਝ ਲਾਲੀ ਉਤੇ ਹੈ ਅਤੇ ਛੇਵੀਂ (ਵੀਰ) ਚਿਟੇਪਣ ਵਿਚ ਦੂਜੇ ਨੰਬਰ ਉਤੇ ਹੈ। ਚੰਗਾ! ਸੰਪੂਰਣ ਤਕਲੇ ਦੀ ਤਾਂ ਇਕੋ ਹੀ ਚਾਲ ਹੈ ਪਰ ਜਦੋਂ ਇਹ ਸਮੁਚਾ ਚਕਰ ਇਕ ਪਾਸੇ ਵੱਲ ਘੁੰਮਦਾ ਹੈ ਤਾਂ ਅੰਦਰਲੇ ਸਤ ਚਕਰ ਉਲਟੀ ਦਿਸ਼ਾ ਵਿਚ ਹੌਲੀ-ਹੌਲੀ ਚਲਣ ਲਗਦੇ ਹਨ। ਇਨ੍ਹਾਂ ਵਿਚੋਂ ਅਠਵਾਂ ਸਭ ਤੋਂ ਤੇਜ਼ ਚਲਦਾ ਹੈ। ਇਸ ਦੇ ਮਗਰੋਂ ਚਾਲ ਦੇ ਪਖ ਤੋਂ ਸਤਵੇਂ, ਛੇਵੇਂ ਅਤੇ ਪੰਜਵੇਂ ਦਾ ਨੰਬਰ ਹੈ। ਸਾਰੇ ਨਾਲੋਂ ਨਾਲ ਘੁੰਮਦੇ ਹਨ। ਫਿਰ ਇਸ ਉਲਟੀ ਚਾਲ ਦੇ ਨਿਯਮ ਅਧੀਨ ਤੇਜ਼ੀ ਦੇ ਨੁਕਤੇ ਤੋਂ ਤੀਜੇ ਨੰਬਰ ਉਤੇ ਚੌਥਾ ਚੱਕਰ ਆਉਂਦਾ ਸੀ, ਚੌਥੇ ਨੰਬਰ ਉਤੇ ਤੀਜਾ ਅਤੇ ਪੰਜਵੇਂ ਨੰਬਰ ਉਤੇ ਦੂਜਾ। ਤਕਲਾ ਜ਼ਰੂਰੀ ਲੋੜਾਂ ਦੇ ਗੋਡਿਆਂ ਉਤੇ ਘੁੰਮਦਾ ਹੈ।

ਹਰ ਚਕਰ ਦੇ ਉਤੇ ਇਕ ਗਾਉਣ ਵਾਲੀ ਹੈ। ਜੋ ਉਸ ਦੇ ਨਾਲ-ਨਾਲ ਚੱਕਰ ਖਾਂਦੀ ਅਤੇ ਇਕੋ ਸੁਰ ਵਿਚ ਗਾਈ ਜਾਂਦੀ ਹੈ। ਅਠਾਂ ਦੀ ਮਿਲ ਕੇ ਇਕ ਅਜੀਬ ਆਵਾਜ਼ ਪੈਦਾ ਹੁੰਦੀ ਹੈ। ਇਹਨਾਂ ਦੇ ਚਾਰੋਂ ਪਾਸੇ ਇਕੋ ਜਿਹੇ ਫਰਕ ਨਾਲ ਤਿੰਨਾਂ ਦਾ ਇਕ ਹੋਰ ਦਲ ਹੈ। ਇਹ ਆਪਣੇ-ਆਪਣੇ ਸਿੰਘਾਸਨ ਉਤੇ ਬੈਠੀਆਂ ਹਨ। ਇਹ ਨੀਯਤੀ ਦੀਆਂ ਧੀਆਂ ਅਤੇ ਕਿਸਮਤ ਦੀਆਂ ਦੇਵੀਆਂ ਹਨ। ਇਨ੍ਹਾਂ ਨੇ ਚਿਟੇ ਰੰਗ ਦੇ ਕਪੜੇ ਪਾਏ ਹੋਏ ਹਨ। ਹਰੇਕ ਦੇ ਸਿਰ ਉਤੇ ਇਕ-ਇਕ ਫੁਲਾਂ ਦੀ ਮਾਲਾ ਹੈ। ਲਾਚੇਸਿਸ, ਕਲੋਥੋਂ, ਐਟ੍ਰੋਪੋਸ ਇਨ੍ਹਾਂ ਦੇ ਨਾਂ ਹਨ। ਇਹ ਆਪਣੀ ਆਵਾਜ਼ ਗਾਉਣ ਵਾਲੀਆਂ ਦੀ ਆਵਾਜ਼ ਨਾਲ ਮਿਲਾ ਕੇ ਗਾਉਂਦੀਆਂ ਹਨ। ਲਾਚੇਸਿਸ ਭੂਤ ਕਾਲ ਦਾ ਗੀਤ ਗਾਉਂਦੀ ਹੈ। ਕਲੋਥੋਂ ਵਰਤਮਾਨ ਦਾ ਅਤੇ ਐਟ੍ਰੋਪੋਸ ਭਵਿਖ ਦਾ। ਕਲੋਥੋਂ ਆਪਣੇ ਸਜੇ ਹਥ ਨਾਲ ਕਦੇ-ਕਦੇ ਤਕਲੇ ਦੇ ਬਾਹਰ ਵਾਲੇ ਚਕਰ ਨੂੰ ਜ਼ਰਾ ਘੁੰਮਾ ਦੇਂਦੀ ਹੈ। ਐਟ੍ਰੋਪੋਸ ਪੁਠੇ ਹਥ ਨਾਲ ਅੰਦਰੂਨੀ ਚੱਕਰਾਂ ਨੂੰ ਛੋਹ ਕੇ ਉਨ੍ਹਾਂ ਦੀ ਗਤੀ ਸਾਧਦੀ ਹੈ। ਲਾਚੇਸਿਸ ਵਾਰੀ-ਵਾਰੀ ਦੋਹਾਂ ਨੂੰ ਛੋਂਹਦੀ ਰਹਿੰਦੀ ਹੈ, ਕਦੇ ਇਕ ਹਥ ਨਾਲ ਤੇ ਕਦੇ ਦੂਜੇ ਹਥ ਨਾਲ।

ਏਰ ਅਤੇ ਦੂਜੀਆਂ ਆਤਮਾਵਾਂ ਜਦੋਂ ਇਥੇ ਪਹੁੰਚੀਆਂ ਤਾਂ ਉਨ੍ਹਾਂ ਦਾ ਫਰਜ਼ ਸੀ ਕਿ ਸਭ ਤੋਂ ਪਹਿਲਾਂ ਲਾ-ਚੇਸਿਸ ਦੇ ਕੋਲ ਜਾਣ। ਪਰ ਇਸ ਤੋਂ ਪਹਿਲਾਂ ਇਕ ਦੇਵਦੂਤ ਪ੍ਰਗਟ ਹੋਇਆ ਜਿਸ ਨੇ ਇਨ੍ਹਾਂ ਸਾਰਿਆਂ ਨੂੰ ਢੰਗ ਸਿਰ ਖੜ੍ਹਾ ਕੀਤਾ। ਫਿਰ ਲਾਚੇਸਿਸ ਦੇ ਪੈਰਾਂ ਵਿਚੋਂ ਕਿਸਮਤ ਅਤੇ ਜੀਵਨ ਦੇ ਕੁਝ ਨਮੂਨੇ ਲੈ ਕੇ ਉਹ ਇਕ ਉਚੇ ਮੰਚ ਉਤੇ ਚੜ੍ਹ ਗਿਆ ਅਤੇ ਇਨ੍ਹਾਂ ਨੂੰ ਇਸ ਤਰ੍ਹਾਂ ਸੰਬੋਧਿਤ ਕੀਤਾ। "ਨੀਯਤੀ ਦੀ ਧੀ ਲਾਚੇਸਿਸ ਦਾ ਜ਼ਰੂਰੀ ਸੁਨੇਹਾ ਸੁਣੋ! ਹੇ ਨਾਸ਼ਮਾਨ ਆਤਮਾਓ! ਜੀਉਣ ਮਰਨ ਦਾ ਇਕ ਹੋਰ ਚਕਰ ਦੇਖੋ। ਤੁਹਾਡਾ ਦੇਵਦੂਤ ਤੁਹਾਨੂੰ ਦਿਤਾ ਨਹੀਂ ਜਾਏਗਾ ਸਗੋਂ ਤੁਸੀਂ ਆਪ ਆਪਣੇ-ਆਪਣੇ ਦੇਵਦੂਤ ਦੀ ਚੋਣ ਕਰੋਗੇ। ਜਿਹੜਾ ਪਹਿਲੀ ਪਰਚੀ ਕਢੇਗਾ, ਉਸੇ ਨੂੰ ਪਹਿਲੀ ਚੋਣ ਦਾ ਹੱਕ ਹੋਵੇਗਾ। ਫਿਰ ਉਹ ਜਿਸ ਜੀਵਨ ਦੀ ਚੋਣ ਕਰੇਗਾ, ਓਹੀ ਉਸ ਦੀ ਕਿਸਮਤ ਬਣ ਜਾਏਗੀ। ਨੇਕੀ ਪੂਰੀ ਤਰ੍ਹਾਂ ਆਜ਼ਾਦ ਹੈ। ਉਸ ਦਾ ਕੋਈ ਮਾਲਿਕ ਨਹੀਂ। ਜਿਹੜਾ ਵੀ ਇਸ ਦੀ ਜਿੰਨੀ ਇਜ਼ਤ ਜਾਂ ਬੇਇਜ਼ਤੀ ਕਰੇਗਾ, ਓਨੀ ਹੀ ਇਹ ਉਸ ਨੂੰ ਵਧ ਜਾਂ ਘਟ ਮਿਲੇਗੀ। ਜ਼ਿੰਮੇਵਾਰੀ ਚੋਣ ਕਰਨ ਵਾਲੇ ਦੀ ਹੈ ਅਤੇ ਰਬ ਉਸ ਤੋਂ ਵਖ ਹੈ।"

ਵਿਆਖਿਆਕਾਰ ਨੇ ਇਹ ਕਹਿ ਕੇ ਬਿਨਾਂ ਕਿਸੇ ਭੇਦਭਾਵ ਦੇ ਇਨ੍ਹਾਂ ਸਾਹਮਣੇ ਪਰਚੀਆਂ ਖਿਲਾਰ ਦਿਤੀਆਂ। ਜੋ ਪਰਚੀ ਜਿਸ ਦੇ ਕੋਲ ਪਈ ਸੀ ਉਸ ਨੇ ਚੁਕ ਲਈ। ਇਸ ਤਰ੍ਹਾਂ ਏਰ ਤੋਂ ਇਲਾਵਾ ਸਾਰਿਆਂ ਨੇ ਪਰਚੀਆਂ ਚੁਕੀਆਂ (ਉਸ ਨੂੰ ਪਰਚੀ ਚੁਕਣ ਦੀ ਇਜਾਜ਼ਤ ਨਹੀਂ ਸੀ)। ਹਰੇਕ ਨੇ ਦੇਖਿਆ ਕਿ ਉਸ ਨੂੰ ਕਿਹੜਾ ਨੰਬਰ ਮਿਲਦਾ ਹੈ। ਹੁਣ ਵਿਆਖਿਆਕਾਰ ਨੇ ਉਨ੍ਹਾਂ ਸਾਹਮਣੇ ਧਰਤੀ ਉਤੇ ਜੀਵਨ ਦੇ ਨਮੂਨੇ ਰਖ ਦਿਤੇ। ਜਿੰਨੀਆਂ ਆਤਮਾਵਾਂ ਉਥੇ ਹਾਜ਼ਰ ਸਨ, ਉਨ੍ਹਾਂ ਤੋਂ ਕਿਤੋਂ ਵਧੇਰੇ ਜੀਵਨ-ਕਰਮ ਸਨ ਅਤੇ ਵਿਕੋਲਿਤਰੇ। ਹਰ ਤਰ੍ਹਾਂ ਦੇ ਜਾਨਵਰਾਂ ਦੇ ਜੀਵਨ ਸਨ ਅਤੇ ਹਰ ਤਰ੍ਹਾਂ ਦੇ ਮਨੁਖਾਂ ਦੇ। ਅਤਿਆਚਾਰੀ ਤਾਨਾਸ਼ਾਹੀ ਜੀਵਨ ਵੀ ਸਨ। ਕੁਝ ਅਜਿਹੀ ਉਮਰ ਕਿ ਅਤਿਆਚਾਰੀ ਦਾ ਜੀਵਨ ਭੋਗਣ ਮਗਰੋਂ ਵੀ ਬਾਕੀ ਬਚ ਰਹੇ, ਕੁਝ ਅਜਿਹੀ ਕਿ ਵਿਚਾਲਿਓਂ ਹੀ ਕਟ ਜਾਏ ਅਤੇ ਕੁਝ ਅਜਿਹੇ ਵੀ ਜਿਸ ਦਾ ਅੰਤ ਗਰੀਬੀ, ਬੇਘਰੀ ਅਤੇ ਫ਼ਕੀਰੀ ਵਿਚ ਹੋਵੇ। ਫਿਰ ਸੂਰਬੀਰਾਂ ਦੇ ਜੀਵਨ ਸਨ। ਕੁਝ ਅਜਿਹਿਆਂ ਦੇ ਜੋ ਆਪਣੇ ਰੂਪ ਸੌਂਦਰਯ, ਤਾਕਤ ਤੇ ਖੇਡਾਂ ਵਿਚ ਨਿਪੁੰਨਤਾ ਲਈ ਪ੍ਰਸਿਧ ਸਨ। ਕੁਝ ਅਜਿਹਿਆਂ ਦੇ ਜੋ ਆਪਣੀ ਉਚੀ ਕੁਲ ਵਿਚ ਜਨਮ ਜਾਂ ਆਪਣੇ ਵਡੇਰਿਆਂ ਦੇ ਗੁਣਾਂ ਕਾਰਨ ਮਸ਼ਹੂਰ ਸਨ। ਕੁਝ ਜੀਵਨ ਅਜਿਹਿਆਂ ਦੇ ਵੀ ਸਨ ਜਿਹੜੇ ਆਪਣੇ ਔਗੁਣਾਂ ਕਰਕੇ ਬਦਨਾਮ ਸਨ।

ਇਸੇ ਤਰ੍ਹਾਂ ਇਸਤਰੀਆਂ ਦੇ ਜੀਵਨ ਵੀ ਸਨ। ਪਰ ਇਨ੍ਹਾਂ ਆਤਮਾਵਾਂ ਦੇ ਸੁਭਾਅ ਨਿਸ਼ਚਿਤ ਨਹੀਂ ਸਨ। ਕਿਉਂਕਿ ਆਤਮਾ ਜਦੋਂ ਨਵਾਂ ਜੀਵਨ ਗ੍ਰਹਿਣ ਕਰਦੀ ਹੈ ਤਾਂ ਜ਼ਰੂਰੀ ਹੈ ਕਿ ਉਹ ਬਿਲਕੁਲ ਬਦਲ ਜਾਏ। ਪਰ ਹੋਰ ਸਾਰੀਆਂ ਵਿਸ਼ੇਸ਼ਤਾਵਾਂ ਮੌਜੂਦ ਸਨ। ਸਾਰੀਆਂ ਦੀਆਂ ਸਾਰੀਆਂ ਇਕ-ਦੂਜੇ ਨਾਲ ਮਿਲਦੀਆਂ-ਜੁਲਦੀਆਂ। ਗਰੀਬੀ ਸਿਹਤ ਅਤੇ ਰੋਗਾਂ ਦੇ ਤਤ ਵੀ ਰਲਵੇਂ ਹੀ ਸਨ। ਇਸ ਤੋਂ ਇਲਾਵਾ ਦੂਜੀਆਂ ਨੀਚ ਸਥਿਤੀਆਂ ਵੀ ਮੌਜੂਦ ਸਨ।

ਪਿਆਰੇ ਗਲਾਕਨ! ਇਹ ਹੈ ਮਾਨਵ-ਜੀਵਨ ਦਾ ਮਹਾਨ ਸੰਕਟ ਅਤੇ ਇਥੇ ਹੀ ਸਭ ਤੋਂ ਜ਼ਿਆਦਾ ਹੁਸ਼ਿਆਰੀ ਦੀ ਲੋੜ ਹੈ। ਹਰੇਕ ਨੂੰ ਚਾਹੀਦਾ ਹੈ ਕਿ ਹੋਰ ਸਭ ਤਰ੍ਹਾਂ ਦੇ ਗਿਆਨ ਨੂੰ ਤਿਆਗ ਕੇ ਬਸ ਇਸੇ ਚੀਜ਼ ਦੀ ਖੋਜ ਅਤੇ ਪ੍ਰਾਪਤੀ ਵਿਚ ਲਗ ਜਾਏ। ਇਸ ਵਿਚ ਕੋਈ ਹੈਰਾਨੀ ਨਹੀਂ ਕਿ ਅਸੀਂ ਭਲੇ ਬੁਰੇ ਵਿਚ ਫਰਕ ਲਭਣਾ ਸਿਖ ਜਾਈਏ, ਜਾਂ ਸਾਨੂੰ ਕੋਈ ਅਜਿਹਾ ਵਿਅਕਤੀ (ਗੁਰੂ) ਮਿਲ ਜਾਏ ਜੋ ਸਾਨੂੰ ਇਹ ਚੀਜ਼ ਵੀ ਸਿਖਾ ਸਕੇ ਜਿਸ ਨਾਲ ਜਦੋਂ ਅਤੇ ਜਿਥੇ ਵੀ ਕਿਤੇ ਮੌਕਾ ਮਿਲੇ ਅਸੀਂ ਨੇਕ ਜੀਵਨ ਦੀ ਚੋਣ ਕਰ ਸਕੀਏ। ਸਾਨੂੰ ਇਸ ਦੇ ਕਾਰਨਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਇਹ ਚੀਜ਼ਾਂ ਜੋ ਅਸੀਂ ਉਪਰ ਦਸੀਆਂ ਹਨ, ਉਨ੍ਹਾਂ ਵਿਚੋਂ ਹਰੇਕ ਪਹਿਲਾਂ ਵਖ-ਵਖ ਅਤੇ ਫਿਰ ਮਿਲ ਕੇ ਨੇਕੀ ਜਾਂ ਭਲਾਈ ਉਤੇ ਕੀ ਅਸਰ ਪਾਉਂਦੀਆਂ ਹਨ। ਇਹ ਵੀ ਜਾਣਨਾ ਪਏਗਾ ਕਿ ਜੇ ਕਿਸੇ ਵਿਸ਼ੇਸ਼ ਆਤਮਾ ਵਿਚਲੇ ਰੂਪ ਸੌਂਦਰਯ ਨੂੰ ਗਰੀਬੀ ਜਾਂ ਦਰਿਦ੍ਰਤਾ ਨਾਲ ਮਿਲਾ ਦੇਈਏ ਤਾਂ ਇਸ ਦਾ ਕੀ ਅਸਰ ਪਏਗਾ। ਚੰਗੇ ਜਾਂ ਮਾੜੇ, ਵਿਅਕਤੀਗਤ ਸਥਿਤੀ ਜਾਂ ਸਾਮੂਹਿਕ ਰੁਤਬਾ ਅਧਿਕਾਰ, ਤਾਕਤ ਜਾਂ ਕਮਜ਼ੋਰੀ, ਚਲਾਕੀ ਜਾਂ ਬੇਵਕੂਫੀ, ਆਤਮਾ ਦੇ ਸਾਰੇ ਸੁਭਾਵਿਕ ਗੁਣ ਅਤੇ ਇਨ੍ਹਾਂ ਦੇ ਆਪਸੀ ਸੁਮੇਲ ਦਾ ਅਸਰ, ਇਨ੍ਹਾਂ ਸਾਰਿਆਂ ਦੇ ਚੰਗੇ ਮਾੜੇ ਪ੍ਰਭਾਵਾਂ ਤੋਂ ਇਸ ਨੂੰ ਜਾਣੂ ਹੋਣਾ ਚਾਹੀਦਾ ਹੈ, ਤਾਂ ਕਿਤੇ ਜਾ ਕੇ ਆਤਮਾ ਦੇ ਰੂਪ ਨੂੰ ਦੇਖ ਕੇ ਤੇ ਇਨ੍ਹਾਂ ਸਾਰੀਆਂ ਗੱਲਾਂ ਉਤੇ ਵਿਚਾਰ ਕਰਕੇ ਉਹ ਦਸ ਸਕੇਗਾ ਕਿ ਕਿਹੜਾ ਜੀਵਨ ਨੇਕ ਹੈ ਅਤੇ ਕਿਹੜਾ ਨਹੀਂ ਅਤੇ ਇਸ ਤਰ੍ਹਾਂ ਦੀ ਚੋਣ ਕਰੇਗਾ ਕਿ ਜਿਹੜੀ ਜੀਵਨ ਆਤਮਾ ਨੂੰ ਵਧੇਰੇ ਅਨਿਆਈਂ ਦਸੇ, ਉਹ ਮਾੜਾ ਅਤੇ ਜਿਹੜਾ ਵਧੇਰੇ ਨਿਆਈਂ ਦਸੇ, ਉਹ ਚੰਗਾ ਹੈ। ਬਾਕੀ ਦੂਜੀਆਂ ਗੱਲਾਂ ਨੂੰ ਉਹ ਅਖੋਂ ਓਹਲੇ ਕਰ ਦੇਵੇਗਾ। ਅਸੀਂ ਦੇਖ ਹੀ ਚੁਕੇ ਹਾਂ ਕਿ ਜੀਵਨ ਤੇ ਮੌਤ ਦੋਹਾਂ ਵਿਚ ਹੀ ਇਹੋ ਸਭ ਤੋਂ ਉਤਮ ਚੋਣ ਹੈ।

ਮਨੁੱਖ ਨੂੰ ਚਾਹੀਦਾ ਹੈ ਕਿ ਪਰਲੋਕ ਵਿਚ ਵੀ ਉਹ ਆਪਣੇ ਨਾਲ ਸਥਾਈ ਅਤੇ ਨਿਆਂ ਉਤੇ ਦ੍ਰਿੜ ਸ਼ਰਧਾ ਲੈ ਕੇ ਜਾਏ। ਜੋ ਕਦੇ ਵੀ ਨਾ ਡੋਲੇ। ਜਿਸ ਨਾਲ ਕਿ ਉਥੇ ਵੀ ਧਨ, ਲੋਭ, ਝੂਠ ਤੇ ਕਪਟ ਉਸ ਦੀ ਨਜ਼ਰ ਨੂੰ ਚੁੰਧਿਆ ਨਾ ਸਕਣ। ਇਹ ਨਾ ਹੋਵੇ ਕਿ ਅਤਿਆਚਾਰ, ਤਾਨਾਸ਼ਾਹੀ ਤੇ ਦੂਜੇ ਕੰਮਾਂ ਵਾਲੇ ਜੀਵਨ ਨੂੰ ਅਪਨਾ ਕੇ ਇਹ ਦੂਜਿਆਂ ਨੂੰ ਦੁਖ ਦੇਵੇ ਅਤੇ ਆਪਣੇ-ਆਪ ਨੂੰ ਵੀ ਨੁਕਸਾਨ ਪੁਚਾਉਣ ਦਾ ਕਾਰਣ ਬਣੇ। ਇਸ ਨੂੰ ਜਾਣਨਾ ਚਾਹੀਦਾ ਹੈ ਕਿ ਇਸੇ ਜੀਵਨ ਵਿਚ ਨਹੀਂ ਸਗੋਂ ਇਸ ਦੇ ਮਗਰੋਂ ਵੀ ਸਾਰੀਆਂ ਮੰਜ਼ਿਲਾਂ ਉਤੇ ਜਿਥੋਂ ਤਕ ਹੋ ਸਕੇ ਇਹ ਦੋਵੇਂ ਪਾਸੇ ਦੀਆਂ ਕੰਨੀਆਂ ਛਡ ਕੇ ਆਪਣੇ ਲਈ ਵਿਚਕਾਰਲਾ ਰਾਹ ਚੁਣੇ। ਕਿਉਂਕਿ ਇਹੋ ਹੀ ਸੁਖ ਅਤੇ ਖੁਸ਼ਹਾਲੀ ਦਾ ਰਾਹ

**(ਬਾਕੀ ਅਗਲੇ ਸਫੇ 'ਤੇ)**

# ਪਲੈਟੋ ਦੀ ਫਿਲਾਸਫੀ, ਗੁਰਮਤਿ ਤੇ ਅਜੋਕਾ ਸਾਮਰਾਜਵਾਦ

ਹੈ। ਪਰਲੋਕ ਦੇ ਇਸ ਸੁਨੇਹਾ ਲਿਆਉਣ ਵਾਲੇ ਨੇ ਫੇਰ ਦਸਿਆ ਕਿ ਇਸ ਮੌਕੇ ਉਤੇ ਦੇਵਦੂਤ ਨੇ ਫਿਰ ਆਖਿਆ "ਬਿਲਕੁਲ ਅੰਤ ਵਿਚ ਆਉਣ ਵਾਲੇ ਲਈ ਵੀ ਜੇ ਇਹ ਜਾਣ-ਬੁਝ ਕੇ ਚੋਣ ਕਰਦਾ ਹੈ, ਇਹ ਨਾ ਹੋਵੇ ਕਿ ਉਹ ਲਾਪ੍ਰਵਾਹ ਹੋ ਜਾਏ। ਜੋ ਸਭ ਤੋਂ ਅਖੀਰ ਵਿਚ ਹੈ, ਉਸ ਦੇ ਨਿਰਾਸ਼ ਹੋਣ ਦੀ ਕੋਈ ਵਜ੍ਹਾ ਨਹੀਂ"।

ਜਦੋਂ ਉਹ ਇਹ ਕਹਿ ਚੁਕਾ, ਤਾਂ ਜਿਸ ਨੂੰ ਸਭ ਤੋਂ ਪਹਿਲਾਂ ਚੋਣ ਦਾ ਹਕ ਮਿਲਿਆ ਸੀ ਉਹ ਅਗੇ ਵਧਿਆ ਅਤੇ ਉਸਨੇ ਤਾਨਾਸ਼ਾਹੀ ਜੀਵਨ ਨੂੰ ਆਪਣੇ ਲਈ ਚੁਣ ਲਿਆ। ਉਸ ਦਾ ਦਿਮਾਗ ਕਿਉਂਕਿ ਮੂਰਖਤਾ ਅਤੇ ਲੋਭ ਨਾਲ ਕਮਜ਼ੋਰ ਹੋ ਚੁਕਾ ਸੀ, ਉਸ ਨੇ ਇਸ ਲਈ ਚੋਣ ਤੋਂ ਪਹਿਲਾਂ ਸਾਰੀ ਸਥਿਤੀ ਉਤੇ ਵਿਚਾਰ ਨਹੀਂ ਕੀਤਾ ਅਤੇ ਪਹਿਲੀ ਨਜ਼ਰੇ ਉਸ ਨੂੰ ਇਹ ਗੱਲ ਨਹੀਂ ਸੁਝੀ, ਕਿ ਹੋਰ ਬੁਰਾਈਆਂ ਦੇ ਨਾਲ ਉਸ ਦੀ ਕਿਸਮਤ ਵਿਚ ਇਹ ਵੀ ਲਿਖਿਆ ਸੀ ਕਿ ਉਹ ਆਪਣੀ ਸੰਤਾਨ ਨੂੰ ਆਪ ਹੀ ਖਾ ਜਾਏਗਾ। ਜਦੋਂ ਜਰਾ ਸੋਚਣ ਦਾ ਮੌਕਾ ਮਿਲਿਆ ਅਤੇ ਵੇਖਿਆ ਕਿ ਮੇਰੀ ਕਿਸਮਤ ਵਿਚ ਕੀ-ਕੀ ਆਇਆ ਹੈ ਤਾਂ ਲਗਾ ਛਾਤੀ ਪਿਟਣ। ਪਰ ਆਪਣੀ ਬਦਕਿਸਮਤੀ ਦਾ ਦੋਸ਼ ਆਪਣੇ ਸਿਰ ਮੜ੍ਹਨ ਦੀ ਥਾਵੇਂ ਲਗਾ ਕਿਸਮਤ ਅਤੇ ਦੇਵਤਿਆਂ ਨੂੰ ਕੋਸਣ।

ਸੁਣੋ! ਇਹ ਉਨ੍ਹਾਂ ਲੋਕਾਂ ਵਿਚੋਂ ਸੀ, ਜਿਹੜੇ ਆਕਾਸ਼ ਵਿਚੋਂ ਆਏ ਸਨ। ਪਿਛਲੇ ਜੀਵਨ ਵਿਚ ਇਹ ਇਕ ਅਤਿਅੰਤ ਚੰਗੀ ਰਿਆਸਤ ਵਿਚ ਰਹਿ ਚੁਕਾ ਸੀ। ਪਰ ਉਸ ਦੀ ਨੇਕੀ ਸੁਭਾਅ ਕਰਕੇ ਸੀ। ਇਸ ਦੇ ਕੋਲ ਫਿਲਾਸਫੀ ਦਾ ਕੋਈ ਗਿਆਨ ਨਹੀਂ ਸੀ। ਇਹੋ ਅਵਸਥਾ ਹੋਰਨਾਂ ਦੀ ਵੀ ਸੀ, ਜਿਨ੍ਹਾਂ ਨੇ ਚੋਣ ਸਮੇਂ ਇਸੇ ਤਰ੍ਹਾਂ ਦਾ ਧੋਖਾ ਖਾਧਾ। ਇਨ੍ਹਾਂ ਵਿਚੋਂ ਬਹੁਤੇ ਆਸਮਾਨ ਵਿਚੋਂ ਆਏ ਸਨ। ਪਰਖ ਅਤੇ ਖੋਜ-ਪੜਤਾਲ ਵਿਚ ਇਹ ਅਜੇ ਸਿਆਣੇ ਨਹੀਂ ਸਨ ਹੋਏ। ਹਾਂ ਪ੍ਰਿਥਵੀ ਤੋਂ ਆਉਣ ਵਾਲੇ ਕਿਉਂਕਿ ਕਸ਼ਟ ਭੋਗ ਚੁਕੇ ਸਨ, ਇਸ ਲਈ ਉਨ੍ਹਾਂ ਨੂੰ ਚੋਣ ਦੀ ਜਲਦੀ ਨਹੀਂ ਸੀ। ਕੁਝ ਤਾਂ ਅਨੁਭਵਹੀਣਤਾ ਕਰਕੇ ਅਤੇ ਕੁਝ ਇਸ ਕਰਕੇ ਕਿ ਪਰਚੀਆਂ ਦਾ ਨਿਕਲਣਾ ਤਾਂ ਰਬ ਉਤੇ ਨਿਰਭਰ ਕਰਦਾ ਸੀ। ਬਹੁਤ ਸਾਰੀਆਂ ਆਤਮਾਵਾਂ ਨੇ ਬੁਰੀ ਬਦਲੇ ਚੰਗੀ ਅਤੇ ਬਹੁਤੀਆਂ ਨੇ ਚੰਗੀ ਬਦਲੇ ਬੁਰੀ ਕਿਸਮਤ ਹਾਸਲ ਕੀਤੀ। ਸਾਡੇ ਸੁਨੇਹਾ ਲਿਆਉਣ ਵਾਲੇ ਦਾ ਕਥਨ ਹੈ ਕਿ ਜੇ ਇਸ ਸੰਸਾਰ ਵਿਚ ਆਉਣ ਮਗਰੋਂ ਮਨੁਖ ਆਪਣੇ-ਆਪ ਨੂੰ ਪੂਰੀ ਤਰ੍ਹਾਂ ਸਚੀ ਫਿਲਾਸਫੀ ਅਗੇ ਅਰਪਣ ਕਰ ਦੇਵੇ ਅਤੇ ਫਿਰ ਪਰਚੀ ਕਢਣ ਦੇ ਮਾਮਲੇ ਵਿਚ ਵੀ ਜਰਾ ਕਿਸਮਤ ਵਾਲਾ ਹੋਵੇ, ਤਾਂ ਉਹ ਇਥੇ ਅਨੰਦ ਵਿਚ ਰਹੇ ਅਤੇ ਦੂਜੇ ਜੀਵਨ ਵਿਚ ਉਸ ਦੀ ਯਾਤਰਾ ਤੇ ਫਿਰ ਉਥੋਂ ਵਾਪਸੀ ਕਸ਼ਟਦਾਇਕ ਭੂੰ-ਗਰਭ ਸਥਿਤ ਰਾਹ ਤੋਂ ਨਾ ਹੋਵੇ ਸਗੋਂ ਬਹੁਤ ਸਮਤਲ ਆਸਮਾਨੀ ਰਾਹਾਂ ਥਾਣੀਂ ਲੰਘੇ।

ਉਹ ਕਹਿੰਦਾ ਸੀ ਕਿ ਇਹ ਦ੍ਰਿਸ਼ ਬਹੁਤ ਹੈਰਾਨੀਜਨਕ ਸੀ। ਆਤਮਾਵਾਂ ਦੀ ਚੋਣ ਅਕਸਰ ਪਿਛਲੇ ਜੀਵਨ ਦੇ ਅਨੁਭਵਾਂ ਉਤੇ ਆਧਾਰਿਤ ਸੀ। ਮਿਸਾਲ ਲਈ ਉਥੇ ਕਿਤੇ ਇਸ ਨੇ ਉਹ ਆਤਮਾਵਾਂ ਦੇਖੀਆਂ ਜੋ ਕਦੇ ਓਰਫੀਅਸ ਸਨ। ਇਸ ਦੀ ਕਿਉਂਕਿ ਇਸਤਰੀਆਂ ਨੇ ਹਤਿਆ ਕੀਤੀ ਸੀ, ਇਸ ਲਈ ਇਹ ਇਸਤਰੀਆਂ ਦੇ ਢਿਡ ਵਿਚੋਂ ਜੰਮਣ ਤੋਂ ਵੀ ਨਫਰਤ ਕਰਦਾ ਸੀ। ਇਸਤਰੀਆਂ ਦੀ ਸੰਪੂਰਨ ਜਾਤ ਨਾਲ ਇਸ ਵੈਰ ਕਰਕੇ ਉਸ ਨੇ ਹੰਸ ਦਾ ਜੀਵਨ ਚੁਣਿਆ। ਉਸ ਨੇ ਟੇਮੀਰਿਸ ਦੀ ਆਤਮਾ ਨੂੰ ਵੀ ਬੁਲਬੁਲ ਦਾ ਜੀਵਨ ਚੁਣਦਿਆਂ ਦੇਖਿਆ। ਇਸ ਦੇ ਉਲਟ ਚਿੜੀਆਂ ਹੰਸ ਅਤੇ ਦੂਜੇ ਗਾਉਣ ਵਾਲੇ ਪੰਛੀ ਬਣਨਾ ਚਾਹੁੰਦੀਆਂ ਸਨ। ਜਿਸ ਦੀ ਆਤਮਾ ਨੂੰ 20ਵਾਂ ਨੰਬਰ ਮਿਲਿਆ, ਉਸ ਨੇ ਸ਼ੇਰ ਦਾ ਜੀਵਨ ਚੰਗਾ ਸਮਝਿਆ। ਇਹ ਤਲਾਮੋਨ ਦੇ ਪੁਤਰ ਅਜਕਸ ਦੀ ਆਤਮਾ ਸੀ। ਜੋ ਇਸ ਲਈ ਮਨੁਖੀ ਜੀਵਨ ਨਹੀਂ ਲੈਣਾ ਚਾਹੁੰਦੀ ਸੀ, ਕਿ ਹਥਿਆਰਾਂ ਬਾਰੇ ਉਸ ਨਾਲ ਅਨਿਆਂ ਕੀਤਾ ਗਿਆ ਸੀ। ਇਸ ਦੇ ਮਗਰੋਂ ਐਗਮੇਮਨੋਨ ਦੀ ਵਾਰੀ ਸੀ। ਇਸ ਨੇ ਓਕਾਬ ਦਾ ਜੀਵਨ ਪਸੰਦ ਕੀਤਾ। ਕਿਉਂਕਿ ਅਜਕਸ ਵਾਂਗ ਆਪਣੇ ਕਸ਼ਟਾਂ ਦਾ ਵਿਚਾਰ ਕਰਕੇ, ਇਹ ਵੀ ਮਾਨਵ ਸੁਭਾਅ ਤੋਂ ਘ੍ਰਿਣਾ ਕਰਦਾ ਸੀ। ਲਗਭਗ ਵਿਚਾਲੇ ਐਟਾਲੈਂਟਾ ਦੀ ਵਾਰੀ ਆਈ। ਉਸ ਨੇ ਜਦੋਂ ਇਕ ਖਿਡਾਰੀ ਪਹਿਲਵਾਨ ਦੀ ਪ੍ਰਸਿਧੀ ਦੇਖੀ ਤਾਂ ਉਹ ਆਪਣੇ ਲਾਲਚ ਨੂੰ ਲੁਕਾ ਨਾ ਸਕਿਆ। ਇਸ ਦੇ ਮਗਰੋਂ ਪੈਨੋਪੀਅਸ ਦੇ ਪੁਤਰ ਏਪੀਅਸ ਨੇ ਫਫੇਕੁਟਣੀ ਇਸਤਰੀ ਦਾ ਜੀਵਨ ਚੁਣਿਆ। ਅੰਤ ਵਿਚ ਚੋਣ ਕਰਨ ਵਾਲਿਆਂ ਤੋਂ ਕਿਤੇਂ ਦੂਰ ਥੇਰਟਾਈਟਸ ਬੈਠਾ ਸੀ। ਉਸ ਨੇ ਬਾਂਦਰ ਦਾ ਜੀਵਨ ਪਸੰਦ ਕੀਤਾ। ਹੁਣ ਓਡਿਸਿਸ ਦੀ ਆਤਮਾ ਆਈ। ਕਿਉਂਕਿ ਇਸ ਦੀ ਵਾਰੀ ਅਖੀਰਲੀ ਸੀ, ਉਸ ਨੇ ਵੀ ਆਪਣੇ ਲਈ ਚੋਣ ਕਰਨੀ ਸੀ। ਪਿਛਲੇ ਰਗੜਿਆਂ ਦੀ ਯਾਦ ਨੇ ਉਸ ਦਾ ਹੌਸਲਾ ਢਾਹ ਦਿਤਾ। ਉਹ ਬੜੀ ਦੇਰ ਏਧਰ-ਓਧਰ ਆਮ ਨਾਗਰਿਕ ਦਾ ਜੀਵਨ ਲਭਦਾ ਰਿਹਾ। ਜਿਸ ਨੂੰ ਕੋਈ ਚਿੰਤਾ ਜਾਂ ਕੋਈ ਸੋਗ ਨਾ ਹੋਵੇ। ਇਹ ਲਭਣ ਵਿਚ ਜਰਾ ਮੁਸ਼ਕਿਲ ਪੇਸ਼ ਆਈ। ਕਿਉਂਕਿ ਇਹ ਇਕ ਪਾਸੇ ਵੱਲ ਨੂੰ ਪਿਆ ਸੀ ਅਤੇ ਇਸ ਵੱਲ ਕਿਸੇ ਨੇ ਵੀ ਧਿਆਨ ਨਹੀਂ ਸੀ ਦਿਤਾ। ਇਸ ਨੇ ਜਦੋਂ ਇਹ ਜੀਵਨ ਦੇਖਿਆ ਤਾਂ ਬੋਲਿਆ ਕਿ ਮੈਨੂੰ ਅਖੀਰਲੀ ਥਾਂ ਉਤੇ ਸਭ ਤੋਂ ਪਹਿਲਾਂ ਚੁਣਨ ਦਾ ਹਕ ਮਿਲਦਾ ਤਾਂ ਵੀ ਮੈਂ ਇਸੇ ਜੀਵਨ ਨੂੰ ਚੁਣਦਾ। ਇਹ ਜੀਵਨ ਲੈ ਕੇ ਸਚਮੁਚ ਉਹ ਬੜਾ ਖੁਸ਼ ਸੀ। ਇਹੋ ਨਹੀਂ ਕਿ ਮਨੁਖ ਹੀ ਪਸ਼ੂਆਂ ਦਾ ਜੀਵਨ ਚੁਣਦੇ ਸਨ, ਮੈਂ ਇਹ ਲਾਜ਼ਮੀ ਤੌਰ ਉਤੇ ਕਹਿ ਦਿਆਂ ਕਿ ਜੰਗਲੀ ਅਤੇ ਪਾਲਤੂ ਜਾਨਵਰ ਵੀ ਆਪਸ ਵਿਚ ਆਪਣਾ ਜੀਵਨ ਬਦਲ ਰਹੇ ਸਨ ਅਤੇ ਆਪਣੇ ਸੁਭਾਅ ਅਨੁਸਾਰ ਜੀਵਨ ਚੁਣ ਰਹੇ ਸਨ। ਮਿਸਾਲ ਲਈ ਚੰਗੇ ਕੋਮਲ ਸੁਭਾਅ ਭਲੇਮਾਣਸਾਂ ਦਾ ਜੀਵਨ ਅਤੇ ਬੁਰੇ ਜੰਗਲੀਆਂ ਦਾ।

ਕਿਸੇ ਵੀ ਤਰ੍ਹਾਂ ਨਾਲ ਜਦੋਂ ਸਾਰੀਆਂ ਆਤਮਾਵਾਂ ਆਪਣੇ-ਆਪਣੇ ਜੀਵਨ ਦੀ ਚੋਣ ਕਰ ਚੁਕੀਆਂ ਤਾਂ ਚੋਣ ਕਰਮ ਦੇ ਅਨੁਸਾਰ ਲਾਚੇਸਿਸ ਕੋਲ ਪਹੁੰਚੀਆਂ। ਇਸ ਨੇ ਉਨ੍ਹਾਂ ਨਾਲ ਇਕ ਦੇਵਦੂਤ ਤੋਰ ਦਿਤਾ ਜੋ ਉਨ੍ਹਾਂ ਨੇ ਆਪਣੇ ਲਈ ਚੁਣਿਆ ਸੀ ਤਾਂ ਕਿ ਉਹ ਉਨ੍ਹਾਂ ਦੇ ਜੀਵਨ ਦੀ ਦੇਖਭਾਲ ਅਤੇ ਚੋਣ ਪੂਰੀ ਕਰੇ। ਇਹ ਦੇਵਦੂਤ ਉਨ੍ਹਾਂ ਨੂੰ ਪਹਿਲਾਂ ਕਲੋਥੋਂ ਕੋਲ ਲੈ ਗਿਆ। ਉਸ ਨੇ ਆਪਣੇ ਹਥ ਨਾਲ ਜਿਸ ਚਕਰ ਨੂੰ ਉਹ ਚਲਾ ਰਹੀ ਸੀ, ਉਸ ਵਿਚ ਪਰਚੀਆਂ ਰਖ ਕੇ ਚਕਰ ਦਿਤਾ ਅਤੇ ਇਉਂ ਸਭ ਦੀ ਕਿਸਮਤ ਪਕੀ ਹੋ ਗਈ। ਫਿਰ ਇਹ ਆਪ ਤਕਲੇ ਨੂੰ ਛੋਹ ਕੇ ਇਨ੍ਹਾਂ ਨੂੰ ਐਟ੍ਰੋਪੋਸ ਕੋਲ ਲੈ ਗਿਆ, ਜੋ ਕਿਸਮਤ ਦੇ ਧਾਗੇ ਕਤ ਰਹੀ ਸੀ, ਜਿਸ ਨਾਲ ਕਿ ਉਹ ਅਬਦਲ ਹੋ ਜਾਣ। ਇਥੋਂ ਉਹ ਬਿਨਾਂ ਮੂੰਹ ਮੋੜਿਆਂ ਜ਼ਰੂਰੀ ਬਿਪਤਾ ਦੇ ਸਿਧਾਂਤ ਦੇ ਹੇਠੋਂ ਦੀ ਲੰਘੇ। ਜਦੋਂ ਸਾਰੇ ਇਸ ਦੇ ਹੇਠੋਂ ਨਿਕਲ ਚੁਕੇ ਤਾਂ ਇਕ ਹੋਰ ਸੜਦੇ ਬਲਦੇ ਮੈਦਾਨ ਵਿਚ ਪਹੁੰਚੇ। ਇਹ ਇਕ ਮੈਦਾਨ ਸੀ, ਜਿਸ ਵਿਚ ਨਾ ਕੋਈ ਦਰਖਤ ਤੇ ਨਾ ਕੋਈ ਪੱਤਾ ਸੀ ਤੇ ਨਾ ਹੀ ਹਰਿਆਲੀ ਦਾ ਕੋਈ ਚਿੰਨ੍ਹ ਸੀ।

ਸ਼ਾਮ ਹੁੰਦਿਆਂ-ਹੁੰਦਿਆਂ ਪੁਰਸਲਾਤ (ਨਰਕ ਤੇ ਸਵਰਗ ਵਿਚਕਾਰ ਇਕ ਨਦੀ ਦੇ ਪੁਲ) ਦੇ ਕੰਢੇ ਉਨ੍ਹਾਂ ਨੇ ਪੜਾਅ ਕੀਤਾ। ਇਸ ਨਦੀ ਦਾ ਪਾਣੀ ਕਿਸੇ ਭਾਂਡੇ ਵਿਚ ਨਹੀਂ ਆਉਂਦਾ ਸੀ। ਹਰੇਕ ਨੂੰ ਮਜਬੂਰ ਕੀਤਾ ਗਿਆ ਕਿ ਉਹ ਉਸ ਵਿਚੋਂ ਥੋੜ੍ਹਾ-ਥੋੜ੍ਹਾ ਪਾਣੀ ਪੀਣ। ਜਿਨ੍ਹਾਂ ਨੇ ਦਿਮਾਗ ਤੋਂ ਕੰਮ ਨਹੀਂ ਲਿਆ ਉਹ ਲੋੜੋਂ ਵਧ ਪੀ ਗਏ ਅਤੇ ਪੀਂਦਿਆਂ ਹੀ ਸਾਰੀਆਂ ਗੱਲਾਂ ਭੁਲ ਗਏ। ਫਿਰ ਸਭ ਸੁਤੇ ਪਏ ਸਨ ਕਿ ਅਧੀ ਰਾਤ ਨੂੰ ਬਿਜਲੀ ਤੇ ਹਵਾ ਦਾ ਤੂਫਾਨ ਅਤੇ ਭੁਚਾਲ ਆਉਣਾ ਸ਼ੁਰੂ ਹੋਇਆ। ਜਿਵੇਂ ਟੁਟੇ ਹੋਏ ਤਾਰੇ ਏਧਰ-ਓਧਰ ਹੋ ਜਾਂਦੇ ਹਨ, ਇਹ ਸਾਰੇ ਵਖੋ-ਵਖ ਰਾਹਾਂ ਰਾਹੀਂ ਆਪਣੇ-ਆਪਣੇ ਜਨਮ ਸਥਾਨ ਤਕ ਪਹੁੰਚਾ ਦਿਤੇ ਗਏ। ਸਾਡੇ ਸੁਨੇਹਾ ਲਿਆਉਣ ਵਾਲੇ ਨੂੰ ਇਹ ਪਾਣੀ ਨਹੀਂ ਪੀਣ ਦਿਤਾ ਗਿਆ। ਪਰ ਉਹ ਕਿਵੇਂ ਅਤੇ ਕਿਸ ਤਰ੍ਹਾਂ ਸਰੀਰ ਵਿਚ ਵਾਪਸ ਆਇਆ, ਇਸ ਦਾ ਆਪ ਉਸ ਨੂੰ ਕੁਝ ਪਤਾ ਨਹੀਂ। ਸਵੇਰੇ ਜਦ ਉਸ ਦੀ ਅੱਖ ਖੁੱਲ੍ਹੀ ਤਾਂ ਉਸਨੇ ਵੇਖਿਆ ਕਿ ਉਹ ਅਰਥੀ ਉਤੇ ਲੰਮਾਂ ਪਿਆ ਹੈ।

ਅਤੇ ਇਉਂ ਮੇਰੇ ਪਿਆਰੇ ਗਲਾਕਨ! ਇਹ ਕਥਾ ਬਾਕੀ ਰਹਿ ਗਈ, ਖਤਮ ਨਹੀਂ ਹੋਈ। ਹੁਣ ਜੇ ਅਸੀਂ ਵੀ ਇਕਰਾਰ ਦੇ ਪਕੇ ਰਹੀਏ ਤਾਂ ਇਹ ਸਾਨੂੰ ਵੀ ਬਚਾਅ ਲਵੇ ਅਤੇ ਅਸੀਂ ਸ਼ਾਂਤੀ ਨਾਲ ਆਪਣੀ ਆਤਮਾ ਲਬੇੜੇ ਬਗੈਰ ਪੁਰਸਲਾਤ ਨੂੰ ਪਾਰ ਕਰ ਲਈਏ। ਸੋ ਮੇਰੀ ਸਲਾਹ ਹੈ ਕਿ ਅਸੀਂ ਸਦਾ ਇਸ ਆਸਮਾਨੀ ਰਾਹ ਉਤੇ ਚਲਦੇ ਰਹੀਏ। ਸਦਾ ਨਿਆਂ ਅਤੇ ਨੇਕੀ ਦਾ ਰਾਹ ਚੁਣੀਏ। ਹਮੇਸ਼ਾਂ ਇਹ ਵਿਸ਼ਵਾਸ ਰਖੀਏ ਕੇ ਆਤਮਾ ਅਮਰ ਹੈ ਅਤੇ ਹਰ ਤਰ੍ਹਾਂ ਦੀ ਨੇਕੀ ਬਦੀ ਸਹਿ ਸਕਦੀ ਹੈ। ਇਉਂ ਅਸੀਂ ਇਕ-ਦੂਜੇ ਦੀਆਂ ਨਜ਼ਰਾਂ ਵਿਚ ਪ੍ਰਿਯਾ ਤੇ ਆਦਰਯੋਗ ਰਹਾਂਗੇ ਅਤੇ ਦੇਵਤਿਆਂ ਦੀ ਨਜ਼ਰ ਵਿਚ ਵੀ। ਜਦੋਂ ਤਕ ਇਥੇ ਹਾਂ ਤਾਂ ਇਥੇ ਅਤੇ ਉਸ ਸਮੇਂ ਵੀ ਜਦੋਂ ਇਨਾਮ ਲਈ ਅਸੀਂ ਉਸ ਖੇਡ ਵਿਚ ਬਾਜ਼ੀ ਜਿਤਣ ਵਾਲਿਆਂ ਵਾਂਗ ਜਾਵਾਂਗੇ, ਜੋ ਇਨਾਮ ਹਾਸਲ ਕਰਨ ਲਈ ਚਕਰ ਕਟਦੇ ਹਨ। ਇਸ ਨਾਲ ਇਸ ਜੀਵਨ ਵਿਚ ਸਾਡਾ ਭਲਾ ਹੋਵੇਗਾ ਅਤੇ ਇਸ ਹਜ਼ਾਰ ਵਰ੍ਹਿਆਂ ਦੀ ਯਾਤਰਾ ਵਿਚ ਵੀ, ਜਿਸ ਦਾ ਅਸੀਂ ਜ਼ਿਕਰ ਕਰ ਰਹੇ ਸੀ।" ਇਥੇ ਆ ਕੇ ਪਲੈਟੋ ਦੀ ਇਹ ਦਿਲਚਸਪ ਕਥਾ ਸਮਾਪਤ ਹੋ ਜਾਂਦੀ ਹੈ।

ਗੁਰਮਤਿ ਨੇ ਨਰਕ-ਸੁਰਗ ਤੇ ਪੁਨਰ ਜਨਮ ਬਾਰੇ ਬਣੇ ਸਾਰੇ ਭਰਮਾਂ ਦਾ ਬੜੀ ਦ੍ਰਿੜਤਾ ਨਾਲ ਖੰਡਨ ਕੀਤਾ ਹੈ। ਗੁਰਮਤਿ ਨੇ ਇਸ ਸਾਰੇ ਭਰਮਜਾਲ ਨੂੰ ਸਿਰਿਓਂ ਹੀ ਨਕਾਰ ਦਿਤਾ ਹੈ।

ਮੇਰੀ ਮੇਰੀ ਧਾਰਿ ਬੰਧਨਿ ਬੰਧਿਆ॥
ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ॥ (ਗੁਰੂ ਗ੍ਰੰਥ ਸਾਹਿਬ, ਪੰਨਾ 762)

ਯਥਾ ਮੇਰੀ-ਮੇਰੀ ਦੀ ਸਾਰੀ ਲਾਲਸਾ ਮਨੁਖ ਦੇ ਮਨ ਨੂੰ ਪਈ ਇਕ ਜਕੜ ਹੈ ਅਤੇ ਨਰਕ, ਸੁਰਗ ਤੇ ਅਵਤਾਰਾਂ ਦੀ ਸਾਰੀ ਕਲਪਨਾ ਨਿਰੋਲ ਝੂਠ ਹੈ।

ਕਵਨੁ ਨਰਕੁ ਕਵਨੁ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰਪ੍ਰਸਾਦੇ॥
(ਪੰਨਾ 969)

ਯਥਾ ਨਰਕ-ਸੁਰਗ ਦੀ ਸਾਰੀ ਚਰਚਾ ਨੂੰ ਸਪਸ਼ਟ ਸ਼ਬਦਾਂ ਵਿਚ ਨਕਾਰਦਿਆਂ ਹੋਇਆਂ ਗੁਰਮਤਿ ਬਚਨ ਕਰਦੀ ਹੈ ਕਿ ਸੰਤਾਂ ਨੇ ਨਰਕ-ਸੁਰਗ ਦੇ ਸਾਰੇ ਵਰਤਾਰੇ ਦਾ ਹੀ ਖੰਡਨ ਕਰ ਦਿਤਾ ਹੈ। ਹੁਣ ਉਹ ਆਪਣੇ ਗੁਰੂ ਵਲੋਂ ਦਿਤੇ ਆਤਮਿਕ ਗਿਆਨ ਦੀ ਰੌਸ਼ਨੀ ਵਿਚ ਨਰਕ-ਸੁਰਗ ਦੀ ਕੋਈ ਪ੍ਰਵਾਹ ਨਹੀਂ ਕਰਦੇ।

ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ॥ ੧॥

ਯਥਾ ਗੁਰਮਤਿ ਨਸੀਹਤ ਕਰ ਰਹੀ ਹੈ ਕਿ ਸਵਰਗ ਵਿਚ ਜਾਣ ਦੀ ਕਦੇ ਇਛਾ ਨਾ ਕਰੀਏ ਅਤੇ ਨਰਕ ਵਿਚ ਜਾਣ ਤੋਂ ਕਦੇ ਡਰੀਏ ਨਾ। ਕਿਉਂਕਿ ਜੋ ਹੋਣਾ ਹੈ ਉਹ ਹੋ ਕੇ ਰਹਿਣਾ ਹੈ। ਭਾਵ ਜੋ ਕੁਝ ਕੁਦਰਤ ਦੇ ਨੇਮਾਂ ਵਿਚ ਵਾਪਰ ਰਿਹਾ ਹੈ, ਓਹੀ ਕੁਝ ਹੋਣਾ ਹੈ।

ਖੋਲਿ ਕਿਵਾਰ ਦਿਖਾਲੇ ਦਰਸਨੁ ਪੁਨਰਪਿ ਜਨਮਿ ਨ ਆਈਐ॥
(ਪੰਨਾ 383)

ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ॥
(ਪੰਨਾ 433)

ਯਥਾ ਗੁਰੂ ਨੇ ਸਾਡੀ ਅਕਲ ਦੇ ਦਰਵਾਜੇ ਖੋਲ੍ਹ ਕੇ ਸਾਨੂੰ ਇਹ ਅਨੁਭਵੀ ਸੋਝੀ ਦਿਤੀ ਹੈ ਕਿ ਕਿਸੇ ਮਨੁਖ ਦਾ ਪੁਨਰ ਜਨਮ ਨਹੀਂ ਹੁੰਦਾ। ਕਰਤਾ ਭਾਵ ਸਿਰਜਣਹਾਰ ਆਪ ਹੀ ਆਪਣੇ ਨਾਲ ਮੇਲ ਕਰਵਾ ਲੈਂਦਾ ਹੈ। ਪੁਨਰ ਜਨਮ ਦੀ ਕੋਈ ਹੋਂਦ ਨਹੀਂ। ਏਕੋ ਕਰਤਾ ਭਾਵ ਸਿਰਜਣਹਾਰ ਦੇ ਹੁਕਮ ਅਨੁਸਾਰ ਹੀ ਸੰਸਾਰ ਵਿਚ ਆਉਣ-ਜਾਣ ਭਾਵ ਜੰਮਣ-ਮਰਣ ਬਣਿਆ ਹੋਇਆ ਹੈ। ਬੰਦਾ ਐਵੇਂ ਮੈਂ-ਮੇਰੀ ਦੇ ਭਰਮ ਵਿਚ ਫਸ ਕੇ ਨਰਕ-ਸੁਰਗ ਅਤੇ ਅਵਤਾਰਾਂ ਦੇ ਭਰਮਜਾਲ ਵਿਚ ਭਟਕ ਰਿਹਾ ਹੈ।

ਇਥੇ ਸਪਸ਼ਟ ਕਰਨ ਵਾਲਾ ਨੁਕਤਾ ਇਹ ਹੈ ਕਿ ਮਨੁਖ ਜਾਤੀ ਦੇ ਪਦਾਰਥਕ ਤੇ ਸਭਿਆਚਾਰਕ ਵਿਕਾਸ ਦੇ ਨਾਲ-ਨਾਲ ਮਨੁਖ ਜਾਤੀ ਦਾ ਸਾਮੂਹਿਕ ਅਨੁਭਵੀ ਗਿਆਨ ਵੀ ਵਿਕਾਸ ਕਰਦਾ ਆ ਰਿਹਾ ਹੈ। ਇਹ ਸਾਮੂਹਿਕ ਅਨੁਭਵੀ ਗਿਆਨ ਆਤਮਿਕ ਗਿਆਨ (ਫਿਲਾਸਫੀ) ਦੇ ਰੂਪ ਵਿਚ ਮਨੁਖ ਦੇ ਦਿਸਹਦਿਆਂ ਨੂੰ ਲਗਾਤਾਰ ਵਸੀਹ ਕਰ ਰਿਹਾ ਹੈ। ਆਤਮਿਕ ਗਿਆਨ (ਫਿਲਾਸਫੀ) ਦੇ ਵਸੀਹ ਹੋ ਰਹੇ ਇਨ੍ਹਾਂ ਦਿਸਹਦਿਆਂ ਨੇ ਹੀ ਮਨੁਖ ਨੂੰ ਨਰਕ-ਸਵਰਗ ਤੇ ਆਤਮਾਵਾਂ ਦੇ ਅਮਰ ਹੋਣ ਭਾਵ ਪੁਨਰ ਜਨਮ ਦੇ ਭਰਮਜਾਲ ਵਿਚੋਂ ਮੁਕਤੀ ਦਿਵਾਈ ਹੈ। ਜਿਸਦੀ ਗੁਰਮਤਿ ਤੇ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਇਕ ਮਿਸਾਲ ਹੈ। ਪਲੈਟੋ ਵੇਲੇ ਫਿਲਾਸਫੀ ਦੇ ਗਿਆਨ ਦੀ ਇਹ ਸੀਮਤਾਈ ਹੀ ਉਸ ਨੂੰ ਆਪਣੀ ਸਾਰੀ ਸੁਹਿਰਦਤਾ ਦੇ ਬਾਵਜੂਦ ਨਰਕ-ਸਵਰਗ ਤੇ ਆਤਮਾਵਾਂ ਦੇ ਅਮਰ ਹੋਣ ਦੇ ਭਰਮਜਾਲ ਵੱਲ ਲੈ ਗਈ। ਪਰ ਕਿੰਨੀ ਦਿਲਚਸਪ ਗੱਲ ਹੈ ਕਿ ਪਲੈਟੋ ਵਰਗਾ ਮਹਾਨ ਫਿਲਾਸਫਰ ਜਦੋਂ ਨਰਕ ਸਵਰਗ ਦੀ ਕਲਪਨਾ ਵੀ ਕਰਦਾ ਹੈ ਤਾਂ ਉਹ ਧਰਤੀ ਦੇ ਕਿੰਨਾ ਨੇੜੇ ਹੈ। ਉਸ ਦੀ ਕਥਾ ਵਿਚੋਂ ਇਹ ਗੱਲ ਵਾਰ-ਵਾਰ ਝਲਕਦੀ ਹੈ ਕਿ ਹਰਿਆਵਲ ਸਵਰਗ ਦਾ ਇਕ ਲਛਣ ਹੈ। ਹਰਿਆਵਲ ਦਾ ਸੰਕਲਪ ਹੁਣ ਤਕ ਮਨੁਖ ਨੂੰ ਅਨੰਦਿਤ ਕਰਦਾ ਆਇਆ ਹੈ। ਕਿਉਂਕਿ ਹਰਿਆਵਲ ਮਨੁਖ ਲਈ ਅਤਿ ਲੋੜੀਂਦੀਆਂ ਉਪਜਾਂ ਨੂੰ ਪ੍ਰਗਟ ਕਰਦੀ ਹੈ ਅਤੇ ਉਸ ਨੂੰ ਕੁਦਰਤ ਨਾਲ ਨੇੜਤਾ ਦਾ ਅਹਿਸਾਸ ਕਰਵਾਉਂਦੀ ਹੈ। ਸਵਰਗ ਤੋਂ ਉਤਰੀਆਂ ਆਤਮਾਵਾਂ ਹਰੀ ਭਰੀ ਧਰਤੀ ਉਤੇ ਬੈਠਦੀਆਂ ਹਨ, ਜਦੋਂ ਕਿ ਧਰਤੀ ਤੋਂ ਆਈਆਂ ਆਤਮਾਵਾਂ ਗਰਦ ਨਾਲ ਲਿਪਟੀਆਂ ਹੋਈਆਂ ਹਨ। ਹਰਿਆਵਲ ਸਵਰਗ ਦਾ ਲਛਣ ਹੈ ਅਤੇ ਗਰਦੋ-ਗੁਬਾਰ ਨਰਕ ਦਾ ਲਛਣ ਹੈ।

ਯਕੀਨਨ ਇਹ ਜਾਣਨਾ ਹੋਰ ਵੀ ਦਿਲਚਸਪ ਹੈ ਕਿ ਪਲੈਟੋ ਵਰਗਾ ਮਹਾਨ ਫਿਲਾਸਫਰ ਜਦੋਂ ਨਰਕ ਸਵਰਗ ਦੀ ਕਲਪਨਾ ਵੀ ਕਰਦਾ ਹੈ ਤਾਂ ਇਸ ਕਲਪਨਾ ਪਿਛੇ ਉਸਦਾ ਮੰਤਵ ਕਿੰਨਾ ਉਚਾ ਤੇ ਸੁਚਾ ਹੈ। ਇਸ ਕਲਪਨਾ ਪਿਛੇ ਉਸਦਾ ਮੰਤਵ ਲੋਕਾਂ ਨੂੰ ਗੁੰਮਰਾਹ ਕਰਨਾ ਨਹੀਂ ਸਗੋਂ ਆਮ ਲੋਕਾਂ ਨੂੰ ਬਦੀ ਵਲੋਂ ਮੋੜ ਕੇ ਨੇਕੀ ਵਾਸਤੇ ਪ੍ਰੇਰਨਾ ਹੈ। ਲੋਕਾਂ ਦੇ ਮਨਾਂ ਨੂੰ ਆਪਣੇ ਨਿਕੇ-ਨਿਕੇ ਸੁਆਰਥ ਤਿਆਗ ਕੇ ਸਮੂਹ ਦੀ ਭਲਾਈ ਲਈ ਤਿਆਰ ਕਰਨਾ ਹੈ। ਅਜੋਕੇ ਸਾਮਰਾਜੀ ਪੂੰਜੀਵਾਦ ਦੇ ਦੌਰ ਵਿਚ ਜਦੋਂ ਕੁਝ ਕੁ ਗਿਣਤੀ ਦੇ ਅੰਨ੍ਹੇ ਬੋਲੇ ਧਨਾਢ ਲੋਕ ਆਪਣੀ ਮੁਨਾਫੇ ਦੀ ਸ਼ੈਤਾਨੀ ਹਵਸ ਨੂੰ ਪੂਰਾ ਕਰਨ ਲਈ ਕਰੋੜਾਂ-ਕਰੋੜ ਲੋਕਾਂ ਨੂੰ ਇਸ ਧਰਤੀ ਉਤੇ ਨਰਕੀ ਜਿੰਦਗੀ ਜਿਉਣ ਲਈ ਮਜਬੂਰ ਕਰ ਰਹੇ ਹਨ, ਉਦੋਂ ਮਹਾਨ ਪਲੈਟੋ ਦੇ ਇਹ ਸ਼ਬਦ ਮਨ ਨੂੰ ਕਿੰਨਾ ਸਕੂਨ ਦੇਂਦੇ ਹਨ- "ਪਿਆਰੇ ਗਲਾਕਨ! ਇਹ ਹੈ ਮਾਨਵ-ਜੀਵਨ ਦਾ ਮਹਾਨ ਸੰਕਟ ਤੇ ਇਥੇ ਹੀ ਸਭ ਤੋਂ ਜ਼ਿਆਦਾ ਹੁਸ਼ਿਆਰੀ ਦੀ ਲੋੜ ਹੈ। ਹਰੇਕ ਮਨੁਖ ਨੂੰ ਚਾਹੀਦਾ ਹੈ ਕਿ ਹੋਰ ਸਭ ਤਰ੍ਹਾਂ ਦੇ ਗਿਆਨ ਨੂੰ ਤਿਆਗ ਕੇ ਬਸ ਇਸੇ ਚੀਜ਼ ਦੀ ਖੋਜ ਅਤੇ ਪ੍ਰਾਪਤੀ ਵਿਚ ਲਗ ਜਾਏ।... ਕਿ ਅਸੀਂ ਭਲੇ ਬੁਰੇ ਵਿਚ ਫਰਕ ਲਭਣਾ ਸਿਖ ਜਾਈਏ ਜਾਂ ਸਾਨੂੰ ਕੋਈ ਅਜਿਹਾ ਵਿਅਕਤੀ ਮਿਲ ਜਾਏ ਜੋ ਸਾਨੂੰ ਇਹ ਚੀਜ਼ ਵੀ ਸਿਖਾ ਸਕੇ ਕਿ ਜਿਸ ਨਾਲ ਜਦੋਂ ਅਤੇ ਜਿਥੇ ਵੀ ਕਿਤੇ ਮੌਕਾ ਮਿਲੇ ਅਸੀਂ ਨੇਕ ਜੀਵਨ ਦੀ ਚੋਣ ਕਰ ਸਕੀਏ। ... ਮਨੁਖ ਨੂੰ ਚਾਹੀਦਾ ਹੈ ਕਿ ਪਰਲੋਕ ਵਿਚ ਵੀ ਆਪਣੇ ਨਾਲ ਸਥਾਈ ਅਤੇ ਨਿਆਂ ਉਤੇ ਦ੍ਰਿੜ ਸ਼ਰਧਾ ਲੈ ਕੇ ਜਾਏ। ਜੋ ਕਦੇ ਵੀ ਡੋਲੇ ਨਾ। ਜਿਸ ਨਾਲ ਕਿ ਉਥੇ ਵੀ ਧਨ, ਲੋਭ, ਝੂਠ ਤੇ ਕਪਟ ਉਸ ਦੀ ਨਜ਼ਰ ਨੂੰ ਚੁੰਧਿਆ ਨਾ ਸਕਣ। ਇਹ ਨਾ ਹੋ ਜਾਏ ਕਿ ਅਤਿਆਚਾਰੀ ਤੇ ਤਾਨਾਸ਼ਾਹੀ ਤੇ ਦੂਜੇ ਕੰਮਾਂ ਨਾਲ ... ਇਹ ਦੂਜਿਆਂ ਮਨੁਖਾਂ ਨੂੰ ਦੁਖ ਦੇਵੇ ਅਤੇ ਆਪਣੇ-ਆਪ ਨੂੰ ਵੀ ਨੁਕਸਾਨ ਪੁਚਾਉਣ ਦਾ ਕਾਰਣ ਬਣੇ। ... ਇਹੋ ਹੀ ਸੁਖ ਅਤੇ ਖੁਸ਼ਹਾਲੀ ਦਾ ਰਾਹ ਹੈ।" ਸਾਨੂੰ ਇਹ ਮੰਨ ਕੇ ਚਲਣਾ ਚਾਹੀਦਾ ਹੈ ਕਿ ਸਾਡੇ ਪੁਰਖੇ ਬੜੇ ਮਹਾਨ ਸਨ। ਸਾਡੇ ਜਿਨ੍ਹਾਂ ਪੁਰਖਿਆਂ ਨੇ ਧਰਮਾਂ ਦੀ ਬੁਨਿਆਦ ਰਖੀ ਜਾਂ ਜਿਨ੍ਹਾਂ ਨੇ ਇਨ੍ਹਾਂ ਦਾ ਅਗੇ ਵਿਸਥਾਰ ਕੀਤਾ, ਉਹ ਮਹਾਨ ਮਨਾਂ ਦੇ ਮਾਲਕ ਸਨ। ਉਨ੍ਹਾਂ ਮਹਾਨ ਮਨਾਂ ਨੇ ਜੇ ਕੁਝ ਕੋਰੀ ਕਲਪਨਾ ਵੀ ਕੀਤੀ, ਤਾਂ ਉਨ੍ਹਾਂ ਪਿਛੇ ਵੀ ਉਨ੍ਹਾਂ ਦਾ ਮੰਤਵ ਬੜਾ ਮਹਾਨ ਸੀ। ਦਰਅਸਲ ਮਨੁਖੀ ਸਭਿਅਤਾ ਦੇ ਆਦਿ ਕਾਲ ਤੋਂ ਨੇਕੀ ਅਤੇ ਬਦੀ ਦੇ ਸੰਕਲਪ ਹੋਂਦ ਵਿਚ ਚਲਦੇ ਆ ਰਹੇ ਹਨ। ਨੇਕੀ ਤੋਂ ਭਾਵ ਸਮਾਜੀ ਭਲਾਈ ਜਾਂ ਪਰਉਪਕਾਰ ਦਾ ਜਜ਼ਬਾ ਹੈ ਅਤੇ ਬਦੀ ਤੋਂ ਭਾਵ ਸਮਾਜੀ ਭਲਾਈ ਨੂੰ ਅਣਗੌਲਿਆ ਕਰਕੇ ਆਪਣੇ ਸੁਆਰਥ ਨੂੰ ਪੂਰਿਆਂ ਕਰਨਾ ਹੈ। ਨੇਕੀ ਅਤੇ ਬਦੀ ਕਿਸੇ ਧਰਮ ਨਾਲ ਸਬੰਧਤ ਸ਼ਬਦ ਨਹੀਂ ਹਨ ਸਗੋਂ ਇਹ ਮਨੁਖ ਜਾਤੀ ਦੇ ਹੋਏ ਸਮਾਜੀ ਅਤੇ ਸਭਿਆਚਾਰਕ ਵਿਕਾਸ ਦੀ ਦੇਣ ਹਨ। ਨੇਕੀ ਅਤੇ ਬਦੀ ਦੇ ਸੰਕਲਪ ਮਨੁਖੀ ਸਭਿਅਤਾ ਦੀ ਚੂਲ ਹਨ। ਇਹ ਕਿਸੇ ਨਾ ਕਿਸੇ ਰੂਪ ਵਿਚ ਦੁਨੀਆ ਭਰ ਦੇ ਸਾਰੇ ਸਭਿਆਚਾਰਾਂ ਵਿਚ ਮੌਜੂਦ ਹਨ। ਨੇਕੀ ਸਮਾਜੀਕਰਨ ਦੀ ਪ੍ਰਤੀਕ ਹੈ ਅਤੇ ਬਦੀ ਸਮਾਜ ਨੂੰ ਅਣਗੌਲਿਆ ਕਰਕੇ ਮਨੁਖੀ ਮਨ ਵਿਚ ਪੈਦਾ ਹੋਈਆਂ ਨਿਜੀ ਲਾਲਸਾਵਾਂ ਨੂੰ ਪੂਰਾ ਕਰਨ ਦੀ ਪ੍ਰਤੀਕ ਹੈ। ਸਮੂਹ ਨਾਲੋਂ ਟੁਟ ਕੇ ਆਪਣੇ ਬੇਲੋੜੇ ਜਾਤੀ ਹਿਤਾਂ ਦੀ ਕੀਤੀ ਗਈ ਪੈਰਵਾਈ ਹੈ। ਨੇਕੀ ਪੁੰਨ ਦੇ ਸੰਕਲਪ ਦਾ ਪ੍ਰਤੀਕ ਸਮਝੀ ਜਾਂਦੀ ਹੈ ਅਤੇ ਬਦੀ ਦਾ ਰਿਸ਼ਤਾ ਹਮੇਸ਼ਾ ਪਾਪ ਦੇ ਸੰਕਲਪ ਨਾਲ ਜੋੜਿਆ ਜਾਂਦਾ ਹੈ। ਪੁੰਨ ਭਾਵ ਕਿਸੇ ਦੂਜੇ ਦਾ ਭਲਾ ਕਰਨਾ ਅਰਥਾਤ ਸਮਾਜੀ ਭਲਾਈ ਨੂੰ ਨਿਜੀ ਭਲਾਈ ਤੋਂ ਉਪਰ ਰਖਣਾ। ਪਰਉਪਕਾਰੀ ਬਣ ਕੇ ਜ਼ਿੰਦਗੀ ਜਿਉਣਾ। ਜਦੋਂ ਕਿ ਬਦੀ ਪਰਉਪਕਾਰ ਦੇ ਉਲਟ ਹੈ। ਇਨ੍ਹਾਂ ਦੋਹਾਂ ਸੰਕਲਪਾਂ ਦਾ ਹੁਣ ਵੀ ਓਨਾ ਹੀ ਮਹਤਵ ਹੈ, ਜਿੰਨਾ ਕਿ ਪ੍ਰਾਚੀਨ ਸਮਿਆਂ ਵਿਚ ਸੀ। ਇਨ੍ਹਾਂ ਸੰਕਲਪਾਂ ਦਾ ਧਰਮ ਨਾਲ ਕੁਝ ਵੀ ਲੈਣਾ-ਦੇਣਾ ਨਹੀਂ, ਸਗੋਂ ਇਹ ਦਇਆ ਅਤੇ ਸੰਤੋਖ ਵਾਂਗ ਮਨੁਖ ਦੇ ਸਭਿਆਚਾਰਕ ਵਿਕਾਸ ਨਾਲ ਵਿਕਸਿਤ ਹੋਏ ਸੰਕਲਪ ਹਨ। ਸਾਮਰਾਜੀ ਖਪਤਕਾਰੀ ਦੇ ਅਜੋਕੇ ਦੌਰ ਵਿਚ ਆ ਕੇ ਨਾਸਤਿਕਤਾ ਦੇ ਪ੍ਰਭਾਵ ਅਧੀਨ ਇਨ੍ਹਾਂ ਸੰਕਲਪਾਂ ਨੂੰ ਅਣਗੌਲਿਆ ਕਰਨ ਦੀ ਬਿਰਤੀ ਪੈਦਾ ਹੋ ਗਈ। ਇਹ ਬਿਰਤੀ ਬੜੀ ਖਤਰਨਾਕ ਹੈ ਅਤੇ ਇਹੀ ਬਿਰਤੀ ਅਜੋਕੀ ਸਾਮਰਾਜੀ ਵਹਿਸ਼ਤ ਦਾ ਆਧਾਰ ਹੈ। ਇਹੀ ਸਾਮਰਾਜੀ ਵਹਿਸ਼ਤ ਅੱਜ ਸਗਲ ਮਨੁਖ ਜਾਤੀ ਨੂੰ ਕਰੋਨਾ ਵਾਇਰਸ ਤੇ ਪ੍ਰਮਾਣੂ ਜੰਗ ਦੇ ਖਤਰੇ ਦੇ ਰੂਪ ਵਿਚ ਉਸ ਦੇ ਅੰਤ ਤਕ ਲੈ ਆਈ ਹੈ।

---

**ਸ਼ਨਿਚਰਵਾਰ 13 ਮਈ 2020 ਪ੍ਰਸਿੱਧ ਸ਼ਾਇਰ ਉਸਤਾਦ ਸੌਖੀ ਸੁੰਨੜਾਂ ਵਾਲਾ ਅਚਾਨਕ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ। ਦੁਨੀਆਂ ਦੇ ਹਰ ਕੋਨੇ ਵਿੱਚ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਫ਼ਕੀਰੀ ਵਿਰਤੀ ਵਾਲੇ, ਸ਼ਬਦਾਂ ਦੇ ਜਾਦੂਗਰ ਅਤੇ ਕਲਮ ਦੇ ਧਨੀ "ਸੋਖੀ ਬਾਬਾ" ਨੂੰ ਹਮੇਸ਼ਾਂ ਯਾਦ ਕਰਦੇ ਰਹਿਣਗੇ। -ਤੇਜਪਾਲ ਗੰਗੜ- ਮੁਗੋਵਾਲੀਆ**

**ਸ਼ਰਧਾਂਜਲੀ**



## ਮਿੱਟੀ ਦਿਆ ਬੁੱਤਘਾੜਿਆ

ਮਿੱਟੀ ਦਿਆ ਬੁੱਤਘਾੜਿਆ
ਕੋਈ ਐਸਾ ਬੁੱਤ ਬਣਾਅ
ਮੇਰੈ ਦਰਦ ਨੂੰ ਹੋਵੇ ਜਾਣਦਾ
ਵੇ ਜੇਹੜਾ ਦੇਵੇ ਨੇਕ ਸਲਾਹ

ਤੈਂ ਬੁੱਤ ਰੰਗੀਲੇ ਸਾਜ਼ ਕੇ
ਵੇ ਖੱਟ ਲਈ ਵਡਿਆਈ
ਮੂੰਹੋ ਮੰਗੀ ਕਈਆਂ ਬੁੱਤਾਂ ਦੀ
ਹੋਣੀ ਕੀਮਤ ਪਾਈ
ਜੇਹੜੇ ਮੰਦਰਾਂ ਵਿੱਚ ਭਗਵਾਨ
ਬਣੇ ਅੱਜ਼ ਪੂਜਾ ਰਹੇ ਕਰਾ

ਮਿੱਟੀ ਦਿਆ...,.,.....

ਤੇਰੇ ਬੁੱਤ ਨੂੰ ਨੌ ਮਹੀਨਿਆ ਵਿੱਚ
ਜਿਸ ਨੇ ਕੀਤਾ ਤਿਆਰ
ਤੇਰੇ ਨੌਂ ਦਰਵਾਜੇ ਖੋਹਲਤੇ
ਤੇ ਦਸਵਾਂ ਗੁਪਤ ਦੁਆਰ
ਤੂੰ ਪੈਸਾ ਬੱਟਕੇ ਉਸ ਭਗਵਾਨ ਦਾ
ਗਿਆਂ ਸਾਰੇ ਦਾ ਸਾਰਾ ਈ ਖਾਹ
ਮਿੱਟੀ ਦਿਆ..........

ਤੇਰਾ ਗੂੰਗਾ ਬੁੱਤ ਨਹੀ ਬੋਲਦਾ
ਪਰ ਪੈਹਿਨਦਾ ਰੇਸ਼ਮੀ ਚੀਰ
ਉਸ ਪਰਵਦਿਗਾਰ ਦੇ ਬੁੱਤਾਂ ਨੂੰ
ਕੋਈ ਦੇਵੇ ਨਾਂ ਪਾਟੀ ਲੀਰ
ਜੇਹੜੇ ਵਿਲਖ ਵਿਲਖ ਕੇ ਨੈਣਾਂ
ਚੋਂ ਅੱਜ ਰਹੇ ਨੇ ਨੀਰ ਵਹਾਅ
ਮਿੱਟੀ ਦਿਆ .........

ਪੰਜ਼ ਤੱਤ ਦਾ ਪੁਤਲਾ ਬੇਲੀਆ
ਓ ਜੇਹਦਾ ਮਾਣਸ ਰੱਖਿਆ ਨਾਂ
ਵੇਲੇ ਆਖਰੀ ਸੁੰਨੜਾਂ ਵਾਲਿਆ
ਸਾਢੇ ਤਿੰਨ ਹੱਥ ਮਿਲਣੀ ਥਾਂ
ਮਿੱਟੀ ਤੋਂ ਬਣੀਆਂ ਮੂਰਤਾਂ ਨੇਂ
ਜਾਣਾ ਮਿੱਟੀ ਵਿੱਚ ਸਮਾਅ
ਮਿੱਟੀ ਦਿਆ ਬੁੱਤਘਾੜਿਆ
ਵੇ ਕੋਈ ਐਸਾ ਬੁੱਤ ਬਣਾਅ
ਮੇਰੈ ਦਰਦ ਨੂੰ ਹੋਵੇ ਜਾਣਦਾ
ਵੇ ਜੇਹੜਾ ਦੇਵੇ ਨੇਕ ਸਲਾਹ
ਵੇ ਜੇਹੜਾ ਦੇਵੇ ਨੇਕ ਸਲਾਹ

**ਬਾਬਾ ਸੋਖੀ ਸੁੰਨੜਾਂ ਵਾਲਾ**
**ਰਾਣੀਪੁਰ ਪੰਜ਼ਾਬ**
*8 ਮਈ 2020 ਨੂੰ ਸੋਖੀ ਬਾਬਾ ਵਲੋਂ ਪਾਈ ਗਈ ਪੋਸਟ ਤੋਂ:*

### ਬੀਰ ਸਿੰਘ ਦੇ ਦੋਸ਼ਾਂ ਦੀ ਛਾਣਬੀਣ

# ਗਾਇਕ ਤੇ ਗੀਤਕਾਰ ਬੀਰ ਸਿੰਘ - ਬਾਰ ਬਾਰ ਕਸੂਰ ਕਰਨ ਵਾਲਾ ਆਦਤਨ ਦੋਸ਼ੀ



ਡਾ ਸੁਰਜੀਤ ਸਿੰਘ ਭਦੌੜ
91-98884-88060

"ਮੇਰਾ ਕੀ ਕਸੂਰ " ਲਿਖ ਕੇ ਇੱਕ ਫਿਰਕੇ ਵੱਲੋਂ ਕਸੂਰਵਾਰ ਠਹਿਰਾਇਆ ਗਿਆ ਗੀਤਕਾਰ ਅਤੇ ਗਾਇਕ ਬੀਰ ਸਿੰਘ ਤਾਂ ਆਦਤਨ ਦੋਸ਼ੀ ਹੈ । " ਮੈਂ ਮਾੜੇ ਘਰ ਜੰਮਿਆਂ ਤਾਂ ਮੇਰਾ ਕੀ ਕਸੂਰ " ਪੁੱਛਣ ਵਾਲੇ ਬੀਰ ਸਿੰਘ ਦੇ ਮੁੱਢਲੇ ਦੋਸ਼ ਹੁਣ ਸਾਹਮਣੇ ਆਉਣ ਲੱਗੇ ਹਨ । ਕਿੱਤਾਕਾਰੀ ਲੇਖਣੀ ਅਤੇ ਗਾਇਕੀ ਚ ਪੈਰ ਧਰਦਿਆਂ ਇਸ ਗਾਇਕ ਨੇ ਤਾਂ ਗੁਨਾਹ ਕਰਨੇ ਸ਼ੁਰੂ ਕਰ ਦਿੱਤੇ ਸਨ ਪਰ ਇਸ ਗੀਤ ਦੀ ਪੜਤਾਲ ਨਾਲ ਇਸਦੇ ਸਾਰੇ ਗੁਨਾਹਾਂ ਦੀ ਛਾਣ ਬੀਣ ਸ਼ੁਰੂ ਹੋ ਗਈ ਹੈ । ਪਹਿਲੇ ਸਾਲ ਹੀ ਬੀਰ ਸਿੰਘ ਨੇ ਗਾਇਆ ਸੀ " ਮੈਂ ਸੋਚ ਰਿਹਾ ਇਹ ਫੁੱਲ ਮਹਿਬੂਬ ਨੂੰ ਦੇ ਆਵਾਂ, ਤੇਰੇ ਕਦਮਾ ਵਿਚ ਚੜਾਉਣ ਨਾਲੋਂ ਤਾਂ ਚੰਗਾ ਏ, ਇਹਨੂੰ ਸੁੰਘਿਆਂ ਓਹਦੀ ਜਿੰਦਗੀ ਦੇ ਦੋ ਪਲ ਤਾਂ ਮਹਿਕਣਗੇ, ਪੱਥਰਾਂ ਨੂੰ ਚੜਾਉਣ ਨਾਲੋਂ ਤਾਂ ਚੰਗਾ ਏ। " ਬੀਰ ਸਿੰਘ ਤਾਂ ਪੱਥਰਾਂ ਨੂੰ ਦੁੱਧ ਅਤੇ ਫੁੱਲ ਦੋਨੋਂ ਚੜਾਉਣ ਤੋਂ ਵਰਜਣ ਦਾ ਗੁਨਾਹ ਬਾਰ ਬਾਰ ਕਰਦਾ ਹੈ। ਕਈ ਲੋਕਾਂ ਦਾ ਮੰਨਣਾ ਹੈ ਕਿ ਕਲਾਕਾਰ ਸਥਾਪਤੀ ਤੋਂ ਬਾਅਦ ਵਿਵਾਦ ਤੋਂ ਮੁੱਖ ਮੋੜ ਲੈਂਦੇ ਹਨ ਜਿਸ ਵਿੱਚ ਵਿਵਾਦ ਸ਼ਬਦ ਦਾ ਅਰਥ ਸੱਚ ਮੰਨਿਆ ਜਾਂਦਾ ਹੈ ਪਰ ਬੀਰ ਸਿੰਘ ਸੱਚ ਨੂੰ ਵਿਵਾਦ ਨਹੀਂ ਮੰਨਦਾ । ਸੱਚ ਬੋਲਣ ਦੇ ਗੁਨਾਹ ਨੂੰ ਉਹ ਬਾਰ ਬਾਰ ਕਰਨ ਦਾ ਸਵਾਦ ਲੈਂਦਾ ਹੈ। ਸੌੜੀ ਧਿਰ ਚਾਹੇ ਸੱਚ ਦੇ ਪਿੱਛੇ ਫਾਂਸੀ ਦਾ ਰੱਸਾ ਲੈ ਕੇ ਘੁੰਮਦੀ ਰਹੇ ਪਰ ਉਹ ਤਾਂ ਮਸੀਤ ਵਿੱਚ ਮੋਮਬੱਤੀਆਂ ਬਾਲ ਚਰਚ ਚ ਰੋਜੇ ਖੋਲਦਿਆਂ ਮੰਦਰ ਵਿੱਚ ਅੱਲਾ ਅੱਲਾ ਅਤੇ ਗੁਰਦੁਆਰੇ ਵਿੱਚ ਰਾਮ ਦਾ ਨਾਮ ਵੀ ਲੈਣ ਦੀ ਇੱਛਾ ਰੱਖਦਾ ਹੈ। ਕਿਉਂਕਿ ਉਹ ਤਾਂ ਗੁਰੂ ਨਾਨਕ ਦਾ ਪੁੱਤ ਹੈ, ਜਿਹੜਾ ਕਿਸੇ ਇੱਕ ਧਰਮ ਦਾ ਹੈ ਹੀ ਨਹੀਂ। ਜਦੋਂ ਉਹ ਖੁਦ ਲਿਖਦਾ ਅਤੇ ਗਾਉਂਦਾ ਹੈ "ਮੈਂ ਮੰਦਰ ਦੇ ਵਿੱਚ ਅੱਲਾ ਅੱਲਾ ਆਖਾਂਗਾ, ਮੈਂ ਗੁਰਦੁਆਰੇ ਦੇ ਵਿੱਚ ਨਾਮ ਰਾਮ ਦਾ ਬੋਲਾਂਗਾ । ਮੈਂ ਘਰ ਖੁਦਾ ਦੇ ਜਾਕੇ ਬਾਲੂ ਮੋਮਬੱਤੀਆਂ, ਮੈਂ ਯੀਸੂ ਦੇ ਘਰ ਜਾਕੇ ਰੋਜਾ ਖੋਲਾਂਗਾ।" ਖਡੂਰ ਸਾਹਿਬ ਲਾਗਲੇ ਨਾਗੋਕੇ ਦਾ ਜੰਮਪਲ ਬੀਰ ਸਿੰਘ 2016 ਦੌਰਾਨ ਅਮਰਿੰਦਰ ਗਿੱਲ ਦੀ ਫਿਲਮ " ਲਵ ਪੰਜਾਬ" ਵਿਚਲੇ ਅਮਰਿੰਦਰ ਦੇ ਗਾਏ ਗੀਤ– " ਅੰਬਰਾਂ ਤੋਂ ਤਾਰੇ ਰਵਾਂ ਤੋੜਦਾ, ਤੇਰੀ ਚੁੰਨੀ ਤੇ ਸਜਾਉਣ ਲਈ " ਨਾਲ ਗੀਤਕਾਰ ਵਜੋਂ ਅਤੇ 2017 ਵਿੱਚ "ਸਰਵਨ" ਫਿਲਮ ਵਿਚ ਗਾਏ ਗੀਤ "ਦਿਸ਼ਾਹੀਣ" ਨਾਲ ਗਾਇਕ ਵਜੋਂ ਪਛਾਣਿਆ ਜਾਣ ਲੱਗਾ । ਦਿਸ਼ਾਹੀਣ ਜਾਂ ਇਸਤੋਂ ਪਹਿਲਾਂ ਲਿਖਦਿਆਂ ਅਤੇ ਗਾਉਂਦਿਆਂ ਤਾਂ ਖੁਦ ਦਿਸ਼ਾਹੀਣ ਲੱਗਦੇ ਬੀਰ ਸਿੰਘ ਨੂੰ ਵੀ ਸ਼ਾਇਦ ਪਤਾ ਨਹੀਂ ਸੀ ਕਿ ਉਹਦੇ ਗੀਤਾਂ ਨੇ ਗੀਤਕਾਰੀ ਅਤੇ ਗਾਇਕੀ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕਰਨੀ ਹੈ। ਬੀਰ ਸਿੰਘ ਇੱਕ ਅਜਿਹਾ ਗੀਤਕਾਰ ਅਤੇ ਕਲਾਕਾਰ ਹੈ ਜਿਹੜਾ ਆਪਣੀ ਦਿੱਖ ਅਤੇ ਸੁਭਾਅ ਵਾਂਗ ਹੌਲੀ ਗਤੀ ਨਾਲ ਚੱਲਣ ਵਾਲਾ ਵਿਅਕਤੀ ਹੈ । ਪੰਜ ਸਾਲ ਦੀ ਉਮਰ ਵਿੱਚ ਹੀ ਉਹ ਚਾਹੇ ਸਟੇਜ ਤੇ ਗਾਇਕੀ ਲਈ ਚੜ ਤਾਂ ਗਿਆ ਸੀ ਪਰ ਕਲਾਕਾਰੀ ਨੂੰ ਪੂਰਨ ਤੌਰ ਤੇ ਅਪਨਾਉਣ ਲਈ ਉਹ ਪੰਜ ਸਾਲ ਪਹਿਲਾਂ ਤੱਕ ਵੀ ਦਿਸ਼ਾਹੀਣ ਅਤੇ ਨਾਦਾਨ ਹੀ ਰਿਹਾ। ਪੰਜ ਸਾਲਾਂ ਦੌਰਾਨ ਵੀ ਉਸ ਦੇ ਉਂਗਲਾਂ ਤੇ ਗਿਣਨ ਜੋਗੇ ਗੀਤ ਸਾਹਮਣੇ ਆਏ, ਜੋ ਲੱਖਾਂ ਵਿਚੋਂ ਵਿਸ਼ੇਸ਼ ਪਛਾਣ ਬਣ ਗਏ ਹਨ। ਬੀਰ ਸਿੰਘ ਦੇ ਗਾਏ ਅਤੇ ਲਿਖੇ ਗੀਤਾਂ ਨੇ ਇਸ ਧਾਰਨਾ ਨੂੰ ਗਲਤ ਸਿੱਧ ਕੀਤਾ ਹੈ ਕਿ ਅਰਥ ਭਰਪੂਰ ਗੀਤਾਂ ਦੇ ਦਰਸ਼ਕ ਨਹੀਂ ਰਹੇ ਅਤੇ ਉਹਦੇ ਗਾਏ ਸਾਰੇ ਗੀਤਾਂ ਦੀ ਸੰਜੀਦਾ ਗੀਤਕਾਰੀ ਜਿਹਨ ਨੂੰ ਸਕੂਨ ਦਿੰਦੀ ਹੈ। ਬੀਰ ਸਿੰਘ ਦੇ ਗਾਇਕੀ ਚ ਆਏ ਉਭਾਰ ਤੋਂ ਇਹ ਸਪੱਸ਼ਟ ਹੋਇਆ ਹੈ ਕਿ ਦੁਨੀਆਂ ਚ ਉਹਦੇ ਵਰਗੇ ਦਿਸ਼ਾਹੀਣ ਨੌਜਵਾਨ ਬਹੁਤ ਹੋਣਗੇ ਜਿਹੜੇ ਇੰਡਸਟਰੀ ਚ ਬਰੇਕ ਜਾਂ ਮੌਕੇ ਖੁਣੋ ਛੁਪੇ ਰੁਸਤਮ ਹੋਣਗੇ। ਬੀਰ ਦੇ ਸੰਨ 2015 ਦੇ ਗੀਤ ਸੁਣਦਿਆਂ ਜਾਪਦਾ ਹੈ ਕਿ ਅਮਰਿੰਦਰ ਗਿੱਲ ਦੀ ਉਸਨੂੰ ਦਿਸ਼ਾਹੀਣ ਗਾਣੇ ਰਾਹੀਂ ਬਰੇਕ ਤੱਕ ਉਹ ਵੀ ਛੁਪਿਆ ਰਿਹਾ, ਚਾਹੇ ਉਹ ਗੀਤ ਕਿਸੇ ਵੀ ਪੱਖ ਤੋਂ ਮਿਆਰੀ ਲੇਖਣੀ ਅਤੇ ਗਾਇਕੀ ਤੋਂ ਘੱਟ ਨਹੀਂ ਸਨ । ਇੰਡਸਟਰੀ ਵਿੱਚ ਗੀਤਾਂ ਦੀ ਪਹਿਚਾਣ ਤੋਂ ਬਾਅਦ ਹੁਣ ਬੀਰ ਸਿੰਘ ਦੇ ਸਾਰੇ ਗਾਣੇ ਸੁਣੇ ਜਾਣ ਲੱਗੇ ਹਨ । ਫਿਲਮ "ਲਹੌਰੀਏ" ਦਾ ਗੀਤ "ਸਾਹ", "ਭੱਜੋ ਵੀਰੋ ਵੇ" ਦਾ "ਚੁੰਨੀ ਚੋਂ ਅਸਮਾਨ", "ਗੋਲਕ ਬੁਗਨੀ ਬੈਂਕ ਤੇ ਬਟੂਆ" ਦਾ "ਤੂੰ ਤੇ ਮੈਂ ", "ਚੱਲ ਮੇਰਾ ਪੁੱਤ" ਦਾ "ਜਿੱਥੇ ਮਾਲਕ ਰੱਖਦਾ, ਰਹਿਣਾ ਪੈਂਦਾ" ਆਦਿ ਗੀਤਾਂ ਦੀ ਪਛਾਣ ਵਾਲਾ ਬੀਰ ਸਿੰਘ ਅਜਿਹਾ ਸੰਜੀਦਾ ਗੀਤਕਾਰ ਹੈ, ਜੋ ਲਿਖਵਾਉਣ ਤੇ ਗੀਤ ਨਹੀ ਲਿਖ ਸਕਦਾ ਕਿਉਂਕਿ ਉਹ ਕਹਿੰਦਾ ਹੈ ਕਿ ਕਵਿਤਾ ਤਾਂ ਉੱਡਦੇ ਕਬੂਤਰ ਵਾਂਗ ਹੁੰਦੀ ਹੈ, ਜੋ ਤੁਹਾਡੀ ਮਰਜੀ ਨਾਲ ਹੱਥ ਨਹੀਂ ਆਉਂਦੀ। ਇਸੇ ਲਈ ਉਹ ਕਹਿੰਦਾ ਹੈ ਕਿ ਉਹਦੇ ਅੰਦਰ ਵਗਦੀ ਇਹ ਕਵਿਤਾ ਦਾ ਸ਼ਾਇਦ ਉਸਨੂੰ ਪਤਾ ਨਾਂ ਹੀ ਲੱਗਦਾ ਜੇ ਉਹ ਆਪਣੇ ਰੁੱਸੇ ਦੋਸਤ ਨੂੰ ਖਤ ਨਾਂ ਲਿਖਦਾ।

ਖਤ ਦੀ ਕਵਿਤਾ ਨੇ ਉਸਨੂੰ ਇਹ ਅਹਿਸਾਸ ਕਰਵਾਇਆ ਕਿ ਉਹਦੇ ਅੰਦਰ ਮਚਲਦੀ ਕਵਿਤਾ ਰਾਹ ਬਣਾਵੇਗੀ। ਸ਼ਾਲਾ ਇਹ ਗੁਰੂ ਨਾਨਕ ਦੇ ਪੁੱਤ ਪੰਜਾਬੀ ਜੁਬਾਨ ਦੀ ਝੋਲੀ ਇਸੇ ਤਰਾਂ ਭਰਦਾ ਰਹੇ।



# ਗੁਰਲਗਨ "ਮਹਿੰਦੀ ਰੰਗਾ" ਰਾਹੀ ਸੰਗੀਤਕ ਪਿੜ ਵਿਚ ਪੇਸ਼ ਗੀਤ ਦੀ ਗੱਲ ਕਰਦਿਆਂ

ਕੋਰੋਨਾ ਦੇ ਚੱਲਦੇ ਲਾਕ ਡਾਊਨ ਦੀ ਮਾਰ ਨੇ ਦੁਨੀਆਂ ਦੇ ਆਰਥਿਕ ਢਾਂਚੇ ਅਤੇ ਸਿਹਤ ਦੇ ਢਾਂਚੇ ਨੂੰ ਬਹੁਤ ਬੁਰੀ ਤਰ੍ਹਾਂ ਨੁਕਸਾਨਿਆਂ ਹੈ। ਇਸ ਮਹਾਂਮਾਰੀ ਤੋਂ ਬਚਾਅ ਲਈ ਆਏ ਮਾਹਰਾਂ ਦੇ ਸੁਝਾਵਾਂ ਨੇ ਮਹਾਂਮਾਰੀ ਦੌਰਾਨ ਘਰਾਂ ਵਿਚ ਰਹਿੰਦਿਆਂ ਨਵੇਂ ਜਿੰਦਗੀ ਜਿਉਣ ਦੇ ਰਸਤੇ ਵੀ ਸਿਖਾਏ ਹਨ। ਨਿੱਤ ਦਿਨ ਜਿੰਦਗੀ ਵਿਚ ਵੀ ਸਮਾਜਕ ਦੂਰੀ ਦੀ ਪਾਲਣਾ ਲਈ ਸੰਗੀਤ ਇੰਡਸਟਰੀ ਵਿੱਚ ਵੀ ਕਈ ਪਰਯੋਗ ਸਾਹਮਣੇ ਆਏ ਹਨ। ਇਸ ਸਮੇਂ ਦੌਰਾਨ ਮਨ ਅੰਦਰ ਉਡਾਰੀ ਮਾਰਨ ਲਈ ਮਚਲਦੀ ਇਕ ਸੁਰੀਲੀ ਆਵਾਜ਼ ਗੁਰਲਗਨ ਵੀ "ਮਹਿੰਦੀ ਰੰਗਾ" ਨਾਲ ਸੰਗੀਤਕ ਪਿੜ ਵਿੱਚ ਆ ਉੱਤਰੀ ਹੈ ।ਅਡਮਿੰਟਨ ਵਾਲੇ ਵੀਰ ਸੇਵਕ ਸਿੰਘ ਦੇ ਇਸ ਗੀਤ 'ਇਸ਼ਕੇ ਦਾ ਬੂਟੜਾ ਵੇ, ਖੁਆਬਾਂ ਦਾ ਝੂਟੜਾ ਵੇ, ਮਹਿੰਦੀ ਰੰਗਾ ਸੂਟੜਾ ਵੇ ਫੱਬੇ ਦਿਲਜਾਨੀਆਂ' ਦੇ ਸਾਹਿੱਤਕ ਸ਼ਬਦ ਵੀ ਕਮਾਲ ਦੇ ਹਨ।

ਮਹਾਂਮਾਰੀ 'ਚ ਨਵੇਂ ਤਜਰਬਿਆਂ ਦੀ ਗੱਲ ਵੀ ਮੈਂ ਇਸ ਲਈ ਕੀਤੀ ਹੈ ਕਿ ਗਾਇਕ ਗੀਤਕਾਰ ਦੀ ਸਮਾਜਕ ਦੂਰੀ ਏਨੀ ਹੈ ਕਿ ਸਾਹਮਣੇ ਕਦੇ ਵੇਖਿਆ ਵੀ ਨਹੀਂ । ਇਸ ਤਜਰਬੇ ਵਿਚ ਕਨੇਡਾ ਤੋਂ ਆਇਆ ਇਕ ਗੀਤ ਇਸ ਨਵੀਂ ਗਾਇਕਾ ਦੀ ਆਵਾਜ਼ ਅਤੇ ਅੰਦਾਜ਼ ਦੀ ਪਰਖ ਕਰੇਗਾ ।ਗੁਰਲਗਨ ਕਿਸਮਤ ਵਾਲੀ ਵੀ ਇਸ ਲਈ ਹੈ ਕਿ ਦੋਸਤਾਂ ਦੀ ਦੁਨੀਆਂ ਦੇ ਨਾਲ ਉਹਦੇ ਮਾਪਿਆਂ ਦੇ ਘਰ ਦਾ ਮਹੌਲ ਉਹਦੇ ਨਵੇਂ ਸੰਗੀਤਕ ਖੇਤਰ ਲਈ ਸਾਜ਼ਗਾਰ ਹੈ। ਉਹਦੇ ਘਰ ਚ ਗਾਉਣ ਵਾਲਾ ਚਾਹੇ ਕੋਈ ਨਹੀਂ ਪਰ ਉਸਦਾ ਪਿਤਾ ਲਾਲ ਸਿੰਘ ਸੁਲਹਾਣੀ ਇਕ ਲੇਖਕ ਅਤੇ ਸਮਾਜ ਸੇਵਕ ਹੈ। ਗੁਰਲਗਨ ਦੀ ਮਾਤਾ ਬਲਵੰਤ ਕੌਰ ਸੁਲਹਾਣੀ ਇਕ ਉੱਘੀ ਥੀਏਟਰ ਅਦਾਕਾਰਾ ਹੈ ਜੋ ਕਈ ਪੰਜਾਬੀ ਫਿਲਮਾਂ ਵਿੱਚ ਕੰਮ ਕਰ ਚੁੱਕੀ ਹੈ । ਉਸਦੀ ਮਾਤਾ ਦਾ ਗਾਉਣ ਦਾ ਸ਼ੌਕ ਤਾਂ ਅਧੂਰਾ ਰਿਹਾ ਪਰ ਬੇਟੀ ਨੂੰ ਇਸ ਖੇਤਰ ਵਿਚ ਹੱਥ ਅਜ਼ਮਾਈ ਲਈ ਜਰੂਰ ਉਤਸ਼ਾਹਿਤ ਕੀਤਾ । ਅੱਜ ਕਲ ਬਠਿੰਡੇ ਰਹਿੰਦੀ ਪੇਸ਼ੇ ਤੋਂ ਅਧਿਆਪਕਾ "ਗੁਰਲਗਨ "ਇਸੇ ਮਹੀਨੇ ਕੋਰੋਨਾ ਮਹਾਂਮਾਰੀ ਦੌਰਾਨ ਆਪਣੀ ਸਮਾਜਕ ਜ਼ਿਮੇਵਾਰੀ ਨਿਭਾਉਂਦਿਆਂ ਮਹਾਂ ਮਾਰੀ ਤੇ ਕੇਂਦਰਿਤ ਗ਼ਜ਼ਲ "ਨਿਕਲੀਏ ਨਾ ਬਾਹਰ" ਨਾਲ ਪੇਸ਼ ਹੋਈ ਸੀ। ਜਿਸ ਤੋਂ ਉਹਦੇ ਅੰਦਰ ਗਾਇਕੀ ਦੀਆਂ ਸੰਭਾਵਨਾਵਾਂ ਜਰੂਰ ਉਜਾਗਰ ਹੋਈਆਂ ਸਨ। ਉਸ ਗ਼ਜ਼ਲ ਨੂੰ ਸੁਰਿੰਦਰਪ੍ਰੀਤ ਘਣੀਆਂ ਨੇ ਕਲਮਬੱਧ ਕੀਤਾ ਸੀ। ਲੇਕਿਨ ਹੁਣ ਰਲੀਜ਼ ਹੋਇਆ ਇਹ ਗੀਤ "ਮਹਿੰਦੀ ਰੰਗਾ" ਗੁਰਲਗਨ ਦਾ ਸੰਗੀਤਕ ਖੇਤਰ ਲਈ ਪਲੇਠਾ ਗੀਤ ਅਤੇ ਗੁਰਲਗਨ ਦੀ ਸੁਰੀਲੀ ਆਵਾਜ਼ ਵਿਚ ਇਸ ਸਾਹਿੱਤਕ ਗੀਤ ਦੀ ਪੇਸ਼ਕਾਰੀ ਨੂੰ ਪੰਜਾਬੀ ਸੰਗੀਤਕ ਇੰਡਸਟਰੀ ਵਿੱਚ ਜੀ ਆਇਆਂ ਕਹਿਣਾ ਬਣਦਾ ਹੈ।



# ਖਾਲਸਾ ਰਾਜ ਦੇ ਸਥਾਪਨਾ ਦਿਵਸ 'ਤੇ ਵਿਸ਼ੇਸ਼

ਮਨਦੀਪ ਕੌਰ ਪੰਨੂ

ਸਿੱਖ ਕੌਮ ਦੁਨੀਆ ਦੇ ਇਤਿਹਾਸ ਵਿੱਚ ਬਹੁੱਤ ਹੀ ਬਾਲੜੀ ਉਮਰ ਦਾ ਧਰਮ ਹੈ। ਇਸ ਕੌਮ ਨੇ ਜਨਮ ਤੋ ਲੈ ਕੇ ਅਜੌਕੇ ਸਮੇਂ ਤੱਕ ਕਦੀ ਵੀ ਸੁੱਖ ਦਾ ਸਾਹ ਨਹੀ ਲਿਆ। ਨਿੱਤ ਦਿਨ ਕੋਈ ਨਾ ਕੋਈ ਦੁਸ਼ਵਾਰੀ ਨੇ ਅਚਾਨਕ ਘੇਰਾ ਪਾਇਆ,ਪਰ ਗੁਰੂ ਦੇ ਸਿੱਖ ਸਰਬੱਤ ਦੇ ਭਲੇ ਦੀ ਅਰਦਾਸ ਦੇ ਫਲਸਫੇ ਤੇ ਪਹਿਰਾ ਦਿੰਦੇ ਹੋਏ ਕਈ ਸਦੀਆਂ ਤੋ ਪਹਾੜਾਂ ਵਰਗੀਆਂ ਬਾਦਸ਼ਾਹੀਆਂ ਨਾਲ ਟਾਕਰਾ ਲੈਂਦੇ ਹੋਏ ਹਮੇਸ਼ਾ ਫਤਹਿ ਹਾਸਿਲ ਕਰਦੇ ਰਹੇ ਹਨ।

ਸਿੱਖਾਂ ਨੇ ਮਨੁੱਖੀ ਹੱਕਾਂ ਦੀ ਰਾਖੀ ਕਰਦਿਆ, ਲੋਕਾਂ ਨੂੰ ਬਰਾਬਰੀ ਦੇ ਹੱਕ ਦਿਵਾਉਣ ਦੀ ਕੋਸ਼ਿਸ਼ ਕਰਦਿਆਂ, ਭਾਰੀ ਨੁਕਸਾਨ ਵੀ ਝੱਲੇ। ਅਜਿਹੀਆਂ ਅਨੇਕਾਂ ਜਿਉਂਦੀਆਂ ਜਾਗਦੀਆਂ ਮਿਸਾਲਾਂ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਉੱਤੇ ਦਰਜ਼ ਹਨ, ਜਿਹਨਾਂ ਵਿੱਚੋ ਇੱਕ ਨਾਮ ਸਾਡੇ ਜਿਹਨ ਵਿੱਚ ਆਉਦੇ ਹੀ ਸਾਡਾ ਸਿਰ ਅਦਬ ਨਾਲ ਝੁਕਦਾ ਹੈ, ਉਹ ਨਾਮ ਹੈ ਬਾਬਾ ਬੰਦਾ ਸਿੰਘ ਬਹਾਦਰ ਜੀ।

ਕਲਗੀਧਰ ਪਾਤਸ਼ਾਹ ਆਪਣਾ ਸਾਰਾ ਸਰਬੰਸ, ਕੌਮ ਦੇ ਲੇਖੇ ਲਾਉਣ ਉਪਰੰਤ,ਔਰੰਗਜ਼ੇਬ ਦੇ ਪੁੱਤਰ ਬਹਾਦਰ ਸ਼ਾਹ ਨੂੰ ਦਿੱਲੀ ਦੇ ਰਾਜ ਤਖਤ ਦਾ ਮਾਲਕ ਬਣਾ ਕੇ, ਜਦੋ ਦੱਖਣੀ ਭਾਰਤ ਵੱਲ ਨੂੰ ਮਾਧੋ ਦਾਸ ਬੈਰਾਗੀ ਨੂੰ ਮਿਲਣ ਦੇ ਮਕਸਦ ਨਾਲ ਰਵਾਨਾ ਹੋਏ।

ਮਾਧੋ ਦਾਸ ਬੈਰਾਗੀ ਜੋ ਜਿੰਦਗੀ ਤੋ ਉਪਰਾਮ ਹੋ ਕੇ,ਮੌਤ ਤੋ ਭੈਅ-ਭੀਤ ਹੋ ਕੇ ਘਰ-ਬਾਹਰ ਛੱਡ ਕੇ ਰਾਜੌਰੀ ਤੋ ਵੱਖ-ਵੱਖ ਥਾਵਾਂ ਤੋ ਹੁੰਦਾ ਹੋਇਆ ਦੱਖਣ ਵਿੱਚ ਪਹੁੰਚਿਆ। ਜਿਸ ਵਿੱਚ ਮਾਧੋ ਦਾਸ ਨੇ ਕਈ ਗੁਰੂ ਜਾਨਕੀ ਦਾਸ, ਔਗੜਨਾਥ ਤੇ ਰਾਮ ਚੰਦਰ ਬਦਲੇ। ਆਪਣੀ ਜਿੰਦਗੀ ਵਿੱਚ ਵੇਸ, ਭੇਸ, ਗੁਰੂ, ਨਾਮ ਤੇ ਥਾਂ ਬਦਲੇ ਪਰ ਜਿੰਦਗੀ ਜੀਣ ਦਾ ਮਕਸਦ ਨਾ ਪਾਇਆ। ਦਸਮੇਸ਼ ਪਿਤਾ ਜੀ ਨੂੰ ਮਿਲ ਕੇ ਜਿੰਦਗੀ ਦਾ ਮਕਸਦ ਮਿਲਿਆ। ਗੁਰੂ ਸਾਹਿਬ ਦੇ ਚਰਨਾਂ ਤੇ ਕੇਵਲ ਮੱਥਾ ਹੀ ਨਹੀ ਟੇਕਿਆ ਸਗੋ ਆਪਣੀ ਸੋਚ ਰੱਖੀ ਤੇ ਕਿਹਾ ਮੈ ਸਾਰਿਆਂ ਦੀ ਮੁਹਥਾਜੀ ਛੱਡ ਕੇ ਤੁਹਾਡਾ ਬੰਦਾ ਹਾਂ। ਫਿਰ ਉਸ ਗੁਰੂ ਦੇ ਬੰਦੇ ਨੇ ਜੋ ਕਾਰਜ਼ ਕੀਤੇ, ਉਹ ਇਤਿਹਾਸ ਦੇ ਸੁਨਹਿਰੀ ਪੰਨਿਆ ਤੇ ਦਰਜ਼ ਹੋਏ।

ਗੁਰੂ ਸਾਹਿਬ ਦੀ ਪਾਰਖੂ ਨਜਰ ਨੇ ਹੀਰੇ ਦੀ ਪਹਿਚਾਣ ਕੀਤੀ ਤੇ ਆਪਣੇ ਆਰੰਭੇ ਹੋਏ ਮਿਸ਼ਨ ਜ਼ੁਲਮ ਦੇ ਰਾਜ ਨੂੰ ਖਤਮ ਕਰਨ ਲਈ ਬਾਬਾ ਜੀ ਨੂੰ ਕਮਾਂਡ ਦਿੱਤੀ। ਗੁਰੂ ਸਾਹਿਬ ਨੇ ਆਪਣੇ ਵਿਚਾਰਾਂ ਨਾਲ ਬੰਦਾ ਸਿੰਘ ਨੂੰ ਅਜਿਹਾ ਤਰਾਸ਼ਿਆ ਕਿ ਅਖੀਰ ਬੰਦਾ ਸਿੰਘ ਬਹਾਦਰ ਨੇ ਗੁਰੂ ਸਾਹਿਬ ਕੋਲੋ ਜੁਲਮ ਦਾ ਨਾਸ਼ ਕਰਨ ਲਈ ਆਗਿਆ ਮੰਗੀ। ਗੁਰੂ ਸਾਹਿਬ ਨੇ ਪੰਜ ਸਿੰਘਾਂ, ਜਿਹਨਾਂ ਵਿੱਚ ਭਾਈ ਬਾਜ ਸਿੰਘ, ਭਾਈ ਦਯਾ ਸਿੰਘ,ਭਾਈ ਕਾਹਨ ਸਿੰਘ,ਭਾਈ ਬਿਨੋਦ ਸਿੰਘ,ਭਾਈ ਰਣ ਸਿੰਘ ਤੋ ਇਲਾਵਾ 20 ਹੋਰ ਸਿੰਘਾਂ ਦੀ ਫੌਜ ਅਤੇ ਗੁਰਦੇਵ ਨੇ ਆਪਣੇ ਭੱਥੇ ਵਿੱਚੋ ਪੰਜ ਤੀਰ,ਨਗਾਰਾ ਤੇ ਖਾਲਸਾਈ ਪ੍ਰੰਚਮ ਦੇ ਕੇ ਪੰਜਾਬ ਵੱਲ ਰਵਾਨਾ ਕੀਤਾ। ਬਾਬਾ ਜੀ ਨੂੰ ਜਿਸ ਵੇਲੇ ਪੰਜਾਬ ਵੱਲ ਰਵਾਨਾ ਕੀਤਾ ਗਿਆ ਸੀ ਤਾਂ ਉਸ ਵੇਲੇ ਕੋਈ ਨਹੀ ਜਾਣਦਾ ਸੀ ਕਿ ਇਸ ਯੋਧੇ ਨੇ 750 ਸਾਲ ਪੁਰਾਣੀ ਸਲਤਨਤ ਦੀ ਇੱਟ ਨਾਲ ਇੱਟ ਖੜਕਾ ਦੇਵੇਗਾ। ਮੇਰੀ ਸੱਚੀ ਸਰਕਾਰ ਨੇ ਇਸ ਜਰਨੈਲ ਦੀ ਚੋਣ ਆਪ ਕੀਤੀ ਸੀ ਤੇ ਉਹਨਾਂ ਨੂੰ ਬਾਬਾ ਜੀ ਦੀ ਕਾਬਲੀਅਤ ਤੇ ਪੂਰਾ ਭਰੋਸਾ ਸੀ। ਬਾਜਾਂ ਵਾਲੇ ਸਤਿਗੁਰੂ ਜਿਹੜੇ ਆਪ ਇੰਨੇ ਵੱਡੇ ਜਰਨੈਲ ਹਨ ਕਿ ਉਹਨਾਂ ਵੱਲੋ ਮਾਰਿਆ ਤੀਰ ਗੁਰਦੁਆਰਾ ਮੋਤੀ ਬਾਗ ਸਾਹਿਬ ਤੋ ਲਾਲ ਕਿਲੇ ਵਿੱਚ ਬਹਾਦਰ ਸ਼ਾਹ ਦੇ ਤਖਤ ਦੇ ਪੀੜੇ ਵਿੱਚ ਜਾ ਵੱਜਦਾ ਹੈ,ਉਹਨਾਂ ਦੇ ਥਾਪੜੇ ਨਾਲ ਬਾਬਾ ਜੀ ਦੁਨੀਆ ਦੀ ਹਰ ਹਕੂਮਤ ਨਾਲ ਲੋਹਾ ਲੈਣ ਦੇ ਯੋਗ ਸਨ। ਇਹ ਪੰਜ ਤੀਰ, ਅਸਲ ਵਿੱਚ ਖਾਲਸਾ ਰਾਜ ਦੀ ਮੁਕਾਮੀ ਸਨ। ਨਗਾਰਾ ਸਾਡੀ ਆਜਾਦ ਸੋਚ ਦਾ ਪ੍ਰਤੀਕ ਹੈ, ਸਿੱਖ ਕਿਸੇ ਵੀ ਹਾਲਾਤ ਵਿੱਚ ਹੋਣ ਉਹ ਕਦੀ ਸੋਚ ਕਰਕੇ ਗੁਲਾਮ ਨਹੀ ਹੋ ਸਕਦੇ।



ਬਾਬਾ ਜੀ ਦੱਖਣ ਤੋ ਚੱਲ ਕੇ ਜਦੋ ਦਿੱਲੀ ਪਹੁੰਚਦੇ ਹਨ ਤਾਂ ਕੁੱਝ ਸਿੱਖਾਂ ਨੂੰ ਜਦੋ ਪਤਾ ਲੱਗਾ ਕਿ ਇਹ ਬਾਬਾ ਜੀ ਤੇ ਸਾਥੀ ਪੰਜਾਬ ਵਿੱਚ ਦੁਸ਼ਟਾਂ ਨੂੰ ਸੋਧਣ ਜਾ ਰਹਾ ਹਨ ਤਾਂ ਉਹਨਾਂ ਨੇ ਸਿੰਘਾਂ ਨੂੰ ਖੱਚਰਾਂ ਭਰ ਕੇ ਪੈਸਾ ਦਿੱਤਾ। ਬਾਬਾ ਜੀ ਤੇ ਉਹਨਾਂ ਦੇ ਸਾਥੀ ਰੋਹਤਕ ਦੇ ਨੇੜੇ ਮੁਕਾਮ ਕਰਦੇ ਹਨ। ਇਥੋ ਭਾਈ ਭਗਤੂ ਹੁਣਾ ਨੂੰ, ਫੂਲਕਿਆਂ ਨੂੰ,ਭਾਈ ਰੂਪੇ ਕਿਆ ਨੂੰ, ਦੁਆਬਾ ਤੇ ਮਾਝਾ ਖੇਤਰ ਦੇ ਮਝੈਲਾਂ ਨੂੰ ਹੁਕਮਨਾਮੇ ਭੇਜਦੇ ਹਨ। ਢਾਡੀ ਕਲਾ ਦੇ ਪਿਤਾਮਾ ਗਿਆਨੀ ਸੋਹਣ ਸਿੰਘ ਸੀਤਲ ਜੀ ਲਿਖਦੇ ਹਨ,

"ਕੋਈ ਜਾਂਦੀ ਸੁਆਣੀ ਖੇਤ ਨੂੰ,ਪਤੀ ਨੂੰ ਤਲਵਾਰ ਫੜਾ ਕੇ।
ਮੁੜੀ ਨਾ ਸਾਈਆ ਮੇਰਿਆ ਰਣ ਕੰਡ ਵਿਖਾ ਕੇ"

ਪਿਆਰਾ ਸਿੰਘ ਪਦਮ ਅਨੁਸਾਰ ਤਕਰੀਰ ਲਿੱਖ ਕੇ ਭੇਜੀ,"ਤੁਸੀ ਮੇਰਾ ਸਾਥ ਦਿਉ,ਸਾਨੂੰ ਸਰਹੰਦ ਦੀਆਂ ਨੀਹਾਂ ਤੇ ਚਮਕੌਰ ਸਾਹਿਬ ਦਾ ਖੂਨ ਆਵਾਜਾਂ ਮਾਰਦਾ ਹੈ"।

ਪਹਿਲਾਂ ਸਿੰਘਾਂ ਨੇ ਸੋਨੀਪਤ ਜਿੱਤਿਆ,ਫਿਰ ਸਮਾਣਾ ਵਿੱਚ ਜਲਾਲੂਦੀਨ, ਸ਼ਾਸ਼ਨ ਬੇਗ ਤੇ ਬਾਸ਼ਨ ਬੇਗ(ਇਹ ਉਹ ਜੱਲਾਦ ਸਨ, ਜਿਹਨਾਂ ਨੇ ਗੁਰੂ ਤੇਗ ਬਹਾਦਰ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਸੀ) ਨੂੰ ਮੌਤ ਦੇ ਘਾਟ ਉਤਾਰਿਆ। ਉਦੋ ਤੱਕ ਦੱਸ ਹਜਾਰ ਸਿੱਖ ਇਕੱਠੇ ਹੋ ਚੁੱਕੇ ਸਨ। ਭਾਈ ਬਾਜ ਸਿੰਘ ਹੁਣਾ ਨੂੰ ਸਮਾਣਾ ਦਾ ਫੌਜਦਾਰ ਥਾਪਿਆ। ਇਸ ਤੋ ਬਾਅਦ ਸੰਢੋਰੇ ਤੇ ਹਮਲਾ ਕੀਤਾ, ਜਿੱਥੇ ਪੀਰ ਬੁੱਧੂ ਸ਼ਾਹ ਜੀ ਨੂੰ ਸ਼ਹੀਦ ਕਰਨ ਵਾਲਿਆਂ ਦਾ ਸੋਧਾ ਲਾਇਆ।

ਇਸ ਤੋ ਬਾਅਦ ਚਪੱੜਚਿੜੀ ਦੇ ਮੈਦਾਨ ਤੱਕ ਪਹੁੰਚਦੇ ਹੋਏ ਦੁਆਬਾ ਤੇ ਮਾਝਾ ਖੇਤਰ ਦੇ ਸਿੱਖਾਂ ਨਾਲ ਮੇਲ ਹੋਇਆ ਤੇ ਚਾਲੀ ਹਜਾਰ ਦੇ ਕਰੀਬ ਫੌਜ ਪਹੁੰਚ ਚੁੱਕੀ ਸੀ। ਅੱਤ ਦੀ ਗਰਮੀ ਵਿੱਚ ਬਹੁੱਤ ਗਹਿ-ਗੱਚ ਜੰਗ ਹੋਈ। ਭਾਈ ਫਤਹਿ ਸਿੰਘ ਹੁਣਾ ਨੇ ਵਜੀਦੇ ਨੂੰ ਮਾਰਿਆ ਤੇ ਉਪਰੰਤ ਉਹ ਨੂੰ ਬਲਦਾਂ ਦੇ ਪਿੱਛੇ ਬੰਨ ਕੇ ਪੂਰੀ ਸਰਹਿੰਦ ਵਿੱਚ ਘੁੰਮਾਇਆ ਗਿਆ। ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਦੁਸ਼ਟਾਂ ਦਾ ਨਾਸ਼ ਕੀਤਾ ਗਿਆ। ਇਸ ਭਾਰੀ ਜੰਗ ਵਿੱਚ ਕਿਸੇ ਵੀ ਮਸਜਿਦ ਤੇ ਹਮਲਾ ਨਹੀ ਕੀਤਾ ਗਿਆ। ਇਸ ਜੁਲਮੀ ਰਾਜ ਦੇ ਕਿੰਗਰੇ ਢਾਹੇ ਗਏ ਤੇ ਸੰਜਮ ਤੇ ਜਾਬਤੇ ਦਾ ਧਿਆਨ ਰੱਖਿਆ ਗਿਆ, ਜੋ ਕਿ ਬਾ-ਕਮਾਲ ਸੀ। ਇਸ ਵਰਤਾਰੇ ਤੋ ਇਹ ਸਾਬਿਤ ਕੀਤਾ ਗਿਆ ਕਿ ਖਾਲਸਾ ਜਾਲਮਾਂ ਦੇ ਖਿਲਾਫ ਹੈ ਨਾ ਕਿ ਕਿਸੇ ਧਾਰਮਿਕ ਸਥਾਨ ਦੇ ਖਿਲਾਫ।

ਇਸ ਤੋ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਜੀ ਅੱਜ ਦੇ ਦਿਨ ਪਹਿਲੇ ਖਾਲਸਾ ਰਾਜ ਦੀ ਸਥਾਪਨਾ ਕੀਤੀ। ਗੁਰੂ ਨਾਨਕ ਦੇਵ ਜੀ ਮਹਾਰਾਜ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦੇ ਸਿੱਕੇ ਜਾਰੀ ਕੀਤੇ। ਉਹਨਾਂ ਸਿੱਕਿਆਂ ਤੇ ਫਾਰਸੀ ਨਾਲ ਲਿਖਿਆ ਹੋਇਆ ਹੀ ਦੇਗ ਤੇ ਤੇਗ ਦੀ ਫਤਹਿ, ਗੁਰੂ ਨਾਨਕ ਦੇਵ ਜੀ ਮਹਾਰਾਜ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾ ਨਾਲ ਮਿਲੀ ਹੈ। ਕਿਸੇ ਕਵੀ ਨੇ ਬਾ-ਕਮਾਲ ਲਿਖਿਆ ਹੈ;

ਜਿੰਨਾ ਕੰਢਿਆਂ ਨੇ ਨਾ ਦਿੱਤਾ ਸੌਣ ਤੈਨੂੰ, ਖੰਡਾ ਉਸ ਥਾਂ ਐਸਾ ਖੜਕਾਵਾਗਾ ਮੈ।
ਜਿੰਨਾਂ ਕੰਧਾਂ ਵਿੱਚ ਚਿਣੇ ਸੀ ਪੁੱਤ ਤੇਰੇ, ਖਾਲਸਾਈ ਪ੍ਰਚਮ ਉੱਥੇ ਝੁਲਾਵਾਗਾ ਮੈ।
ਮੇਰੇ ਦਾਤਿਆ! ਸਿਰ ਤੇ ਅਸੀਸ ਬਖਸ਼ੀ, ਸਿੱਕਾ ਤੇਰੇ ਨਾਮ ਦਾ ਉੱਥੇ ਚਲਾਵਾਗਾ ਮੈ।

ਇਸ ਰਾਜ ਵਿੱਚ ਲੋਕ ਫਰਿਆਦਾਂ ਲੈ ਕੇ ਆਉਣ ਲੱਗੇ ਤਾਂ ਲੋਕਾਂ ਨੂੰ ਇਨਸਾਫ ਮਿਲਣ ਲੱਗਾ। ਆਮ ਲੋਕਾਂ ਆਪਣੀਆਂ ਜਮੀਨਾਂ ਦੇ ਮਾਲਕ ਬਣੇ, ਜਿਹੜੀਆਂ ਵੱਡੇ ਜਿਮੀਦਾਰਾਂ ਦੇ ਕਬਜ਼ੇ ਵਿੱਚ ਸਨ। ਉਹਨਾਂ ਦੇ ਮਾਲਕੀ ਦੇ ਹੱਕ ਦੇ ਕੇ ਇੱਕ ਲੋਕਰਾਜ ਸਥਾਪਤ ਕੀਤਾ। ਹਰ ਵਰਗ ਦੇ ਲੋਕਾਂ ਨੂੰ ਖੁਸ਼ਹਾਲੀ ਵਾਲਾ ਰਾਜ ਦੇਖਣ ਲਈ ਮਿਲਿਆ। ਇਸ ਸਾਰੇ ਵਰਤਾਰੇ ਵਿੱਚ ਬਾਬਾ ਜੀ ਨੇ ਪੰਥ ਦੀ ਤਾਕਤ ਨੂੰ ਇੱਕ ਕੀਤਾ। ਪੂਰੇ ਕੌਮ ਦਾ ਏਕਾ ਹੋਇਆ ਤਾਂ ਹੀ ਉਸੇ ਧਰਤੀ ਤੇ ਹਰ ਮੈਦਾਨ ਫਤਹਿ ਹੋਇਆ ਤੇ ਖਾਲਾਸਾ_ਰਾਜ ਦੀ ਸਥਾਪਨਾ ਹੋਈ ਸੀ।

ਅੱਜ ਖਾਲਸਾ ਰਾਜ ਸਥਾਪਨਾ ਦਿਵਸ ਦੇ ਦਿਹਾੜੇ ਤੇ ਸਮੂੰਹ ਪੰਥ ਨੂੰ ਲੋੜ ਹੈ ਕਿ ਆਪਸੀ ਵਿਤਕਰੇ ਭੁਲਾ ਕੇ ਅਸੀ ਇੱਕ ਮੰਚ ਤੇ ਇੱਕਠੇ ਹੋਈਏ। ਜੇਕਰ ਕਿਸੇ ਧਿਰ ਵਿੱਚ ਕੋਈ ਕਮੀ ਹੈ ਤਾਂ ਖਾਲਸਾ ਪੰਥ ਪਰਿਵਾਰ ਦੇ ਮੈਂਬਰ ਦੇ ਤੌਰ ਤੇ ਅਸੀ ਉਸ ਧਿਰ ਨੂੰ ਸਮਝਾਈਏ ਨਾ ਕਿ ਛੱਜ ਵਿੱਚ ਪਾ ਕੇ ਛੱਟਈਏ। ਜਦੋ ਵੀ ਸਾਡੇ ਵਿੱਚ ਫੁੱਟ ਪਈ ਹੈ ਤਾਂ ਛੋਟੇ-ਛੋਟੇ ਵਿਵਾਦਾਂ ਕਰਕੇ ਪਈ ਹੈ। ਇਹ ਗੱਲ ਸਾਡੇ ਵਿਰੋਧੀ ਵੀ ਜਾਣਦੇ ਹਨ ਤੇ ਸਾਡੇ ਵਿੱਚ ਮਸਲੇ ਖੜੇ ਕਰਕੇ ਪੰਥ ਦੀ ਏਕਤਾ ਨੂੰ ਤੋੜਣ ਦਾ ਯਤਨ ਕਰ ਰਹੇ ਹਨ। ਸਾਡਾ ਸਾਰਿਆਂ ਦਾ ਫਰਜ ਹੈ ਕਿ ਅਸੀ ਆਪਣੇ ਸਿਧਾਂਤਾਂ,ਪ੍ਰੰਪਰਾਵਾਂ ਤੇ ਅਕੀਦੇ ਨੂੰ ਬਚਾਈਏ। ਜੋ ਬਾਬਾ ਜੀ ਨੇ 300 ਸਾਲ ਪਹਿਲਾਂ ਕੀਤਾ, ਅੱਜ ਸਾਨੂੰ ਵੀ ਉਹੀ ਕਰਨਾ ਪਵੇਗਾ।

# ਕਿਉਂ ਪਾਏ ਜਾ ਰਹੇ ਨੇ ਪਿੰਡ ਦੀਆਂ ਪੰਚਾਇਤਾਂ ਵੱਲੋਂ ਗੈਰਸੰਵਿਧਾਨਕ ਮਤੇ?

ਡਾਕਟਰ ਅਵਤਾਰ ਸਿੰਘ 91-83603-42500

ਇਸ ਵੇਲੇ ਸਾਰਾ ਸੰਸਾਰ ਚੱਲ ਰਹੀ ਕੋਰੋਨਾ ਮਹਾਂਮਾਰੀ ਕਾਰਨ ਆਰਥਿਕ ਮੰਦਹਾਲੀ ਦੇ ਬੇਹੱਦ ਗੰਭੀਰ ਸੰਕਟ ਵਿਚੋਂ ਗੁਜਰ ਰਿਹਾ ਹੈ। ਕੋਈ ਵੀ ਵਰਗ, ਖੇਤਰ ਜਾਂ ਅਦਾਰਾ ਇਸ ਮੰਦਹਾਲੀ ਦੀ ਛੋਹ ਤੋਂ ਬਚ ਨਹੀਂ ਸਕਿਆ। ਸਰਕਾਰੀ, ਗੈਰ ਸਰਕਾਰੀ, ਉਦਯੋਗਿਕ, ਯਾਤਾਯਾਤ, ਆਯਾਤ -ਨਿਰਯਾਤ, ਵਪਾਰਿਕ, ਮੀਡਿਆ ਅਦਾਰੇ, ਬੈਕਿੰਗ ਸੈਕਟਰ ਤੇ ਘਰੇਲੂ ਧੰਦੇ ਸਭ ਦੇ ਸਭ ਆਰਥਿਕ ਮੰਦਹਾਲੀ ਦੀ ਮਾਰ ਹੇਠ ਆ ਕੇ ਤ੍ਰਾਹ ਤ੍ਰਾਹ ਕਰ ਰਹੇ ਹਨ। ਪਰ ਕਿਰਤੀ ਤੇ ਮਜਦੂਰ ਵਰਗ ਜੋ ਰੋਜ ਕਮਾਈ ਜਾਣ ਵਾਲੀ ਦਿਹਾੜੀ ਤੇ ਗੁਜਾਰਾ ਕਰਦੇ ਹਨ ਉਹਨਾਂ ਦਾ ਦਰਦ ਸ਼ਾਇਦ ਹੀ ਕੋਈ ਸਮਝ ਸਕਿਆ ਹੋਵੇ। ਕਿਸੇ ਨੇ ਸੱਚ ਹੀ ਕਿਹਾ ਹੈ, "ਜਿਸਦੀ ਕੋਠੀ ਦਾਣੇ ਓਹਦੇ ਕਮਲੇ ਵੀ ਸਿਆਣੇ" ਤੇ "ਜਿਸਕੀ ਲਾਠੀ ਉਸਕੀ ਭੈਂਸ"। ਇਹ ਦੋਨੋਂ ਅਖਾਣਾਂ ਇਥੇ ਇਸ ਕਰਕੇ ਢੁਕਦੀਆਂ ਹਨ ਕਿਉਕਿ ਗਰੀਬ ਤੇ ਲਿਤਾੜੇ ਹੋਏ ਮਜਦੂਰ ਵਰਗ ਦੀ ਕੋਈ ਵੀ ਮੰਗ ਜੇ ਉਹ ਮੰਗਣ ਤਾਂ, ਉਸਨੂੰ ਜਾਣ ਬੁਝ ਕੇ ਤਵੱਜੋਂ ਨਹੀਂ ਦਿੱਤੀ ਜਾਂਦੀ ਕਿਉਂਕਿ ਸਭ ਇਹਨਾਂ ਵਿਚਾਰਿਆਂ ਨੂੰ ਗਰੀਬੀ ਕਾਰਨ ਕਮਲੇ ਹੀ ਸਮਝਦੇ ਹਨ ਤੇ ਸ਼ਾਇਦ ਉਹਨਾਂ ਨੂੰ ਲਗਦਾ ਹੈ ਕਿ ਗਰੀਬ ਤਾਂ ਆਪੇ ਰੁੜ੍ਹ ਖੁੜ੍ਹ ਕੇ ਪਲ ਹੀ ਜਾਂਦੇ ਹਨ। ਅਨਪੜ੍ਹਤਾ ਤੇ ਗਰੀਬੀ ਕਾਰਨ ਇਹਨਾਂ ਮਜਦੂਰਾਂ ਨੂੰ ਨਿੱਕੀ ਤੋਂ ਨਿੱਕੀ ਮੰਗ ਪੂਰੀ ਕਰਾਉਣ ਲਈ ਵੀ ਮਜਬੂਰ ਹੋ ਕੇ ਧਰਨੇ ਮੁਜਾਹਰੇ ਕਰਨੇ ਪੈਂਦੇ ਹਨ ਤੇ ਫੇਰ ਕਿਤੇ ਜਾ ਕੇ ਇਹਨਾਂ ਦੇ ਬਣਦੇ ਹੱਕ ਖੈਰਾਤ ਦੇ ਰੂਪ ਵਿਚ ਇਹਨਾਂ ਨੂੰ ਦਿੱਤੇ ਜਾਂਦੇ ਹਨ, ਉਹ ਵੀ ਅਹਿਸਾਨ ਜਿਹਾ ਜਤਾ ਕੇ ਤੇ ਉਪਰੋਂ ਦਾਤੇ ਬਣਕੇ ਫੋਕੀ ਵਾਹੋ ਵਾਹੀ ਲਈ ਦੋ ਰੋਟੀਆਂ ਦੇ ਕੇ ਫੇਸ ਬੁਕ ਅਤੇ ਸੋਸ਼ਲ ਮੀਡੀਆ ਤੇ ਪਾ ਕੇ ਇਹਨਾਂ ਮਤਲਬੀ ਤੇ ਦਿਖਾਵਟੀ ਲੋਕਾਂ ਨੂੰ ਰਤਾ ਸ਼ਰਮ ਨਹੀਂ ਆਉਂਦੀ। ਭਾਂਵੇਂ ਸਾਰੇ ਅਜਿਹੇ ਨਹੀਂ ਹੁੰਦੇ ਪਰ ਬਹੁਤਾਤ ਵਿਚ ਇਸ ਤਰਾਂ ਹੀ ਹੁੰਦਾ ਹੈ । ਪਿੰਡਾਂ ਵਿਚ ਗੁਰਬਤ ਦੀ ਜਿੰਦਗੀ ਜੀ ਰਹੇ ਮਜਦੂਰਾਂ ਦਾ ਹਾਲ ਕੁਝ ਜਿਆਦਾ ਹੀ ਮਾੜਾ ਹੈ। ਇਹਨਾਂ ਲੋਕਾਂ ਨੂੰ ਤਾਂ ਆਪਣੇ ਹੱਕਾਂ ਬਾਰੇ ਵੀ ਕੁਝ ਪਤਾ ਨਹੀਂ। ਅਜੋਕੇ ਮੀਡੀਆ ਦੀ ਗੱਲ ਕਰੀਏ ਤਾਂ ਇਹਨੂੰ ਗਰੀਬਾਂ ਤੇ ਮਜਦੂਰਾਂ ਦਾ ਦੁੱਖ, ਦੁੱਖ ਹੀ ਨਹੀਂ ਲਗਦਾ। ਜੇ ਅੱਜ ਇਹਨਾਂ ਦੀ ਥੋੜੀ ਬਹੁਤੀ ਤਰਾਸਦੀ ਸਾਹਮਣੇ ਆ ਰਹੀ ਹੈ ਤਾਂ ਉਹ ਸਿਰਫ ਸੋਸ਼ਲ ਮੀਡੀਆ ਕਰਕੇ। ਕਿਉਂਕਿ ਕੇ ਇਲੈਕਟ੍ਰੋਨਿਕ ਤੇ ਪ੍ਰਿੰਟ ਮੀਡੀਆ ਤੇ ਕਬਜਾ ਵੀ ਅਸਰ ਰਸੂਖ ਲੋਕਾਂ ਦਾ ਹੀ ਹੈ ਬਹੁਤ ਘੱਟ ਮੀਡੀਆ ਅਦਾਰੇ ਹਨ ਜੋ ਮਜਦੂਰਾਂ ਦੇ ਦਰਦ ਨੂੰ ਸਾਹਮਣੇ ਲਿਆਉਂਦੇ ਹਨ ਪਰ ਸੋਸ਼ਲ ਮੀਡੀਆ ਰਾਹੀਂ ਸਾਰਥਕ ਸੱਚ ਪੇਸ਼ ਕਰਨ ਦੇ ਬਾਵਜੂਦ ਵੀ ਸਰਕਾਰੇ ਦਰਬਾਰੇ ਇਹਨਾਂ ਗਰੀਬ ਗੁਰਬਿਆਂ ਦੀ ਪੁਕਾਰ ਸੁਣੀ ਹੀ ਨਹੀਂ ਜਾਂਦੀ। ਤਾਂ ਹੀ ਤਾਂ ਸ਼ਾਇਦ ਬੇਖੌਫ ਤੇ ਬੇਡਰ ਹੋ ਕੇ ਸਿਆਸੀ ਪਨਾਹਾਂ ਦਾ ਨਿੱਘ ਮਾਣ ਰਹੇ ਆਪੋ ਬਣੇ ਘੜੱਮ ਚੌਧਰੀ ਗੈਰ ਸੰਵਿਧਾਨਿਕ ਕਾਰਨਾਮੇ ਕਰਦੇ ਰਹਿੰਦੇ ਹਨ।

ਸੋਸ਼ਲ ਮੀਡੀਆ ਤੇ ਕੁਝ ਇਸ ਤਰਾਂ ਦੀਆਂ ਗੈਰਸੰਵਿਧਾਨਕ ਤਸਵੀਰਾਂ ਤੇ ਵੀਡੀਓ ਜਾਰੀ ਹੋਈਆਂ ਜੋ ਭਾਰਤੀ ਦੰਡਾਵਾਲੀ ਤਹਿਤ ਸ਼ਰੇਆਮ ਜੁਰਮ ਦੀ ਪਰਿਭਾਸ਼ਾ ਵਿਚ ਆਉਂਦੀਆਂ ਹਨ। ਇਹ ਜੁਰਮ ਵੀ ਪਿੰਡ ਦੀਆਂ ਸੰਵਿਧਾਨਿਕ ਤੌਰ ਤੇ ਚੁਣੀਆਂ ਹੋਈਆਂ ਸੰਸਥਾਵਾਂ ਨੇ ਕੀਤੇ ਹਨ। ਜਿਵੇਂ ਕੇ ਮਾਨਸਾ ਜਿਲ੍ਹੇ ਦੇ ਪਿੰਡ ਮੌਜੇ ਕਲਾਂ ਤੇ ਮੌਜੇ ਖੁਰਦ ਦੀ ਪੰਚਾਇਤ ਨੇ ਲੈਟਰ ਪੈਡ ਤੇ ਇੱਕ ਮਤਾ ਮਿਤੀ 3-5-2020 ਨੂੰ ਲਿਖ ਕੇ ਆਪਣੇ ਹੀ ਪੱਧਰ ਤੇ ਝੋਨਾ ਲਾਉਣ ਲਈ ਮਜਦੂਰਾਂ ਦੀ ਦਿਹਾੜੀ ਫਿਕਸ ਕੀਤੀ ਤੇ ਹੋਰ ਪਿੰਡ ਵਿਚ ਦਿਹਾੜੀ ਮਜਦੂਰੀ ਕਰਨ ਤੋਂ ਡਰਾਉਣ ਲਈ 11000/- ਜੁਰਮਾਨਾ ਤੇ ਕਾਨੂੰਨੀ ਕਾਰਵਾਈ ਦੀ ਧਮਕੀ ਵੀ ਮਤੇ ਵਿਚ ਲਿਖਤੀ ਤੌਰ ਤੇ ਦਿੱਤੀ। ਭਾਂਵੇਂ ਬਾਅਦ ਵਿਚ ਜਾਗਦੀ ਜਮੀਰ ਵਾਲੀਆਂ ਮਜਦੂਰਾਂ ਦੀਆਂ ਹਮਦਰਦ ਜਥੇਬੰਦੀਆਂ ਦੇ ਵਿਰੋਧ ਕਾਰਨ ਇਹ ਮਤਾ ਮਿਤੀ 8-5-2020 ਨੂੰ ਵਾਪਿਸ ਲੈ ਲਿਆ ਗਿਆ। ਇਸੇ ਹੀ ਤਰਾਂ ਇੱਕ ਹੋਰ ਵੀਡੀਓ ਪਿੰਡ ਮਾਹੂਆਣਾ, ਤਹਿਸੀਲ ਮਲੋਟ, ਜਿਲ੍ਹਾ, ਸ੍ਰੀ ਮੁਕਤਸਰ ਸਾਹਿਬ ਤੋਂ ਸਾਹਮਣੇ ਆਈ ਜਿਸ ਵਿਚ ਇੱਕ ਸ਼ਖਸ਼ ਹਲਾਂ ਤੇ ਚੜ੍ਹ ਕੇ ਇੱਕ ਰਜਿਸਟਰ ਵਿਚ ਪਾਇਆ ਹੋਇਆ ਮਤਾ ਪੜ੍ਹ ਰਿਹਾ ਹੈ ਮਜਦੂਰਾਂ ਦੀ ਝੋਨਾ ਲਾਉਣ ਲਈ ਫਿਕਸ ਕੀਤੀ ਮਜਦੂਰੀ ਤੇ ਮਜਦੂਰਾਂ ਤੇ ਬੰਦਸ਼ਾਂ ਦਾ ਜਿਕਰ ਕਰਦਾ ਹੈ ਤੇ ਪਿੰਡ ਦੀ ਸਰਕਾਰੀ ਜਮੀਨ ਦੀ ਬੋਲੀ ਦੇ ਫਿਕਸ ਕੀਤੇ ਰੇਟ ਬਾਰੇ ਵੀ ਦੱਸਦਾ ਹੈ। ਇਸੇ ਤਰਾਂ ਦਾ ਇੱਕ ਮਤਾ ਗ੍ਰਾਮ ਪੰਚਾਇਤ ਸ਼ਾਹਪੁਰ ਹਲਕਾ ਸੁਨਾਮ ਜਿਲ੍ਹਾ ਸੰਗਰੂਰ ਵੱਲੋਂ ਵੀ ਪਾਇਆ ਗਿਆ। ਸਵਾਲ ਪੈਦਾ ਹੁੰਦਾ ਹੈ ਘੱਟੋ ਘੱਟ ਜਾਂ ਵੱਧ ਤੋਂ ਵੱਧ ਉਜਰਤ ਜਾਂ ਦਿਹਾੜੀ ਤਹਿ ਕਰਨਾ ਲੇਬਰ ਐਕਟ ਅਧੀਨ ਭਾਰਤੀ ਕਾਨੂੰਨ ਵਿਵਸਥਾ ਅਨੁਸਾਰ ਸਰਕਾਰੀ ਆਦੇਸ਼ਾਂ ਅਨੁਸਾਰ ਪ੍ਰਸ਼ਾਸ਼ਨਿਕ ਫੁਰਮਾਨ ਦੇ ਜਰੀਏ ਤਹਿ ਹੁੰਦਾ ਹੈ ਤੇ ਫੇਰ ਇਸ ਤਰਾਂ ਦੇ ਮਤੇ ਸ਼ਰੇਆਮ ਪਿੰਡ ਦੀਆਂ ਪੰਚਾਇਤਾਂ ਵੱਲੋਂ ਕਿਉਂ ਪਾਏ ਜਾ ਰਹੇ ਹਨ ਤੇ ਸਰਕਾਰਾਂ ਇਸ ਤਰਾਂ ਦੀਆਂ ਕਾਰਵਾਈਆਂ ਤੇ ਚੁੱਪੀ ਕਿਉਂ ਧਾਰੀ ਬੈਠੀਆਂ ਹਨ। ਗੈਰ ਕਾਨੂੰਨੀ ਕਾਰਵਾਈਆਂ ਤੇ ਅਣਮਨੁੱਖੀ ਜੁਰਮਾਂ ਨੂੰ ਰੋਕਣਾ ਜਾਂ ਉਹਨਾਂ ਪ੍ਰਤੀ ਜਾਣਕਾਰੀ ਦੇਣੀ ਭਾਰਤ ਦੇ ਹਰ ਨਾਗਰਿਕ ਦਾ ਬੁਨਿਆਦੀ ਅਧਿਕਾਰ ਹੈ ਤੇ ਸਰਕਾਰਾਂ ਨੂੰ ਇਸ ਤਰਾਂ ਦੀਆਂ ਗਤੀਵਿਧੀਆਂ ਪ੍ਰਤੀ ਅਤਿ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ।



ਉਪਰੋਂ ਚੱਲ ਰਹੀ ਇਸ ਭਿਆਨਕ ਮਹਾਂਮਾਰੀ ਕਰਕੇ ਗਰੀਬ ਮਜਦੂਰਾਂ ਦਾ ਦਿਹਾੜੀ ਦੱਪਾ ਪਹਿਲਾਂ ਹੀ ਠੱਪ ਹੋਇਆ ਪਿਆ ਹੈ। ਰੋਜ ਕਮਾ ਕੇ ਰੋਜ ਖਾਣ ਵਾਲੇ ਮਜਦੂਰਾਂ ਦਾ ਦਰਦ ਕੋਈ ਕਿਉਂ ਨਹੀਂ ਸਮਝ ਰਿਹਾ? ਕਿਸਾਨ ਦੀ ਫਸਲ ਮਾੜੀ ਹੋ ਜਾਵੇ ਤਾਂ ਉਹ ਆਤਮਹੱਤਿਆ ਕਰ ਲੈਂਦਾ ਹੈ ਤੇ ਸਰਕਾਰਾਂ ਮੁਆਵਜਾ ਵੀ ਦੇ ਦਿੰਦੀਆਂ ਹਨ ਪਰ ਬੇਜਮੀਨੇ ਗਰੀਬੜੇ ਮਜਦੂਰਾਂ ਦੀ ਸਾਰ ਕੌਣ ਲਊ? ਪਤਾ ਲੱਗਾ ਹੈ ਕੇ ਥਾਣਾ ਬੋਹਾ ਦੇ ਪਿੰਡ ਮੱਲ ਸਿੰਘ ਵਾਲਾ ਵਿਚ ਮਿਹਨਤ ਮਜਦੂਰੀ ਕਰਨ ਵਾਲੇ 33 ਸਾਲਾ ਦਲਿਤ ਮਜਦੂਰ ਗੁਰਦੀਪ ਸਿੰਘ ਪੁੱਤਰ ਨਾਥ ਸਿੰਘ ਨੇ ਭੁੱਖ ਮਰੀ ਦੀ ਤਾਬ ਨਾ ਝੱਲਦਿਆਂ ਘਰ ਅੰਦਰ ਹੀ ਫਾਹਾ ਲੈ ਕੇ ਖੁਦ ਖੁਸ਼ੀ ਕਰ ਲਈ। ਇਸੇ ਤਰਾਂ ਹੀ ਰਾਏਕੋਟ ਦੇ ਪਿੰਡ ਰਾਮਗੜ੍ਹ ਸਿਵੀਆ ਦੇ 21 ਸਾਲਾ ਪਲੰਬਰ ਸੁਮਨਪ੍ਰੀਤ ਸਿੰਘ ਨੇ ਵੀ ਆਰਥਿਕ ਮੰਦਹਾਲੀ ਦੀ ਤਾਬ ਨਾ ਝੱਲਦਿਆਂ ਪੱਖੇ ਨਾਲ ਲਟਕ ਕੇ ਫਾਹਾ ਲੈ ਲਿਆ। ਕੀ ਇਹਨਾਂ ਲਈ ਕੋਈ ਮੁਆਵਜਾ ਜਾਂ ਸਹੂਲਤ ਨਹੀਂ? ਦੋਹਰੇ ਮਾਪਦੰਡ ਕਿਉਂ? ਕੀ ਮਜਦੂਰਾਂ ਦਾ ਰਾਸ਼ਟਰ ਨਿਰਮਾਣ ਵਿਚ ਕੋਈ ਯੋਗਦਾਨ ਨਹੀਂ? ਕੀ ਮਜਦੂਰ ਰਾਸ਼ਟਰੀ ਸੰਪਤੀ ਨਹੀਂ ? ਕਿਉਂ ਸਰਕਾਰਾਂ ਮਜਦੂਰਾਂ ਲਈ ਢੁਕਵੇਂ ਬੀਮੇ ਦਾ ਪ੍ਰਬੰਧ ਨਹੀਂ ਕਰਦੀਆਂ?

ਅੰਤਾਂ ਦੀ ਸੰਕਟਕਾਲੀਨ ਸਥਿਤੀ ਤੇ ਗਰੀਬੀ ਗੁਰਬਤ ਦੇ ਚਲਦਿਆਂ ਮਜਦੂਰਾਂ ਪ੍ਰਤੀ ਸੰਵੇਦਨਹੀਣਤਾ ਮਨੁੱਖੀ ਅਧਿਕਾਰਾਂ ਦਾ ਸ਼ਰੇਆਮ ਖਨਨ ਹੈ। ਨਿਤ ਰੋਜ ਹੁੰਦੇ ਅਤਿਆਚਾਰਾਂ ਪ੍ਰਤੀ ਲੇਬਰ ਕਮਿਸ਼ਨ, ਮਨੁੱਖੀ ਅਧਿਕਾਰ ਕਮਿਸ਼ਨ ਤੇ ਅਨੁਸੂਚਿਤ ਜਾਤੀ ਕਮਿਸ਼ਨ ਜੁਮੇਂਵਾਰੀ ਨਿਭਾਉਂਦਿਆਂ ਖੁਦ (ਸੁਓ ਮੋਟੋ) ਨੋਟਿਸ ਜਾਰੀ ਕਿਉਂ ਨਹੀਂ ਕਰਦੇ? ਮੀਡੀਆ ਰਾਹੀਂ ਨਸ਼ਰ ਹੋਈ ਜਾਣਕਾਰੀ ਤੋਂ ਕਈ ਵਾਰ ਇਹ ਵੀ ਸਾਹਮਣੇ ਆਇਆ ਹੈ ਕਿ ਕਿਤੇ ਕਿਤੇ ਪੰਜਾਬ ਸਰਕਾਰ ਤੇ ਪ੍ਰਸ਼ਾਸ਼ਨ ਤਾਂ ਸੁਹਿਰਦ ਭੂਮਿਕਾ ਅਦਾ ਕਰ ਰਿਹਾ ਹੈ ਪਰ ਸਿਆਸੀ ਆਗੂ ਸਰਕਾਰੀ ਸਕੀਮਾਂ ਨੂੰ ਲਾਗੂ ਕਰਨ ਵਿਚ ਪੱਖਪਾਤ ਕਰਦੇ ਹਨ ਕੁਦਰਤ ਦੇ ਕਹਿਰ ਦੌਰਾਨ ਵੀ ਹੈਵਾਨੀਅਤ ਦੀ ਮਾਨਸਿਕਤਾ ਨਾਲ ਭਰੇ ਸਿਆਸੀ ਆਗੂ ਰਾਸ਼ਨ ਵੰਡ ਪ੍ਰਣਾਲੀ ਵਿਚ ਵੀ ਸ਼ਰੇਆਮ ਸਿਆਸਤ ਕਰਦੇ ਨਜਰ ਆਉਂਦੇ ਹਨ ਤੇ ਪ੍ਰਸ਼ਾਸ਼ਨ ਵੀ ਕਈ ਵਾਰ ਲਾਚਾਰ ਨਜਰ ਆਉਂਦਾ ਹੋਇਆ ਬਣਦਾ ਹੱਕ ਨਾ ਅਦਾ ਕਰਕੇ ਮੂਕ ਦਰਸ਼ਕ ਹੀ ਬਣਿਆ ਨਜਰ ਆਇਆ। ਕੀ ਇਹ ਸਭ ਕੁਝ ਜਾਇਜ ਠਹਿਰਾਇਆ ਜਾ ਸਕਦਾ ਹੈ? ਅਜਾਦੀ ਦੇ 73 ਸਾਲ ਬੀਤ ਜਾਣ ਦੇ ਬਾਅਦ ਵੀ ਦੇਸ਼ ਦੀ ਭੁੱਖਮਰੀ ਤੇ ਗਰੀਬੀ ਖਤਮ ਕਿਉਂ ਨਹੀਂ ਹੋਈ। ਇਹ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸ ਵੇਲੇ ਤਾਂ ਲੋੜ ਹੈ ਦੇਸ਼ ਦੇ ਹਰ ਇੱਕ ਨਾਗਰਿਕ ਦੀ ਰੱਖਿਆ ਕਰਨਾ ਤਾਂ ਕੇ ਇਸ ਮਹਾਂਮਾਰੀ ਦੌਰਾਨ ਬਿਨਾ ਕਿਸੇ ਭੇਦ ਭਾਵ ਦੇ ਹਰ ਕੋਈ ਰਾਸ਼ਟਰੀ ਸੰਪੱਤੀ ਦਾ ਮਾਣ ਮਹਿਸੂਸ ਕਰ ਸਕੇ ਤੇ ਸ਼ਰੇਆਮ ਲਿਖਤੀ ਰੂਪ ਵਿਚ ਅੰਜਾਮ ਦਿੱਤੀਆਂ ਜਾ ਰਹੀਆਂ ਗੈਰ ਸੰਵਿਧਾਨਿਕ ਗਤੀਵਿਧੀਆਂ ਨੂੰ ਤੁਰੰਤ ਠੱਲ ਪਾਈ ਜਾਵੇ। ਨਾਲ ਹੀ ਸੋਸ਼ਿਤ ਅਤੇ ਅਸੰਗਠਿਤ ਸਮਾਜ ਨੂੰ ਵੀ ਸਮਝ ਲੈਣਾ ਚਾਹੀਦਾ ਹੈ ਕੇ ਉਹਨਾਂ ਦੇ ਭਲੇ ਲਈ ਭਲਾਂ ਕਿਸੇ ਨੇ ਕੀ ਫਰਜ ਨਿਭਾਉਣਾ। ਇਹ ਤਾਂ ਇਸ ਸਮਾਜ ਨੂੰ ਖੁਦ ਹੀ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਾ ਪਵੇਗਾ। ਨਹੀਂ ਤਾਂ ਜ਼ੁਲਮੋਂ ਸਿਤਮ ਦੀ ਦਾਸਤਾਨ ਰੁਕਣ ਦੀ ਬਜਾਏ ਲੰਬੀ ਹੀ ਹੁੰਦੀ ਜਾਏਗੀ। ਅਖੀਰ ਵਿਚ ਇਹ ਹੀ ਕਹਾਂਗਾ ਕਿ, "ਹਾਲੇ ਦਿਲ ਕਾ ਦਰਦ ਤੁਮ੍ਹੇਂ ਸੁਣਾ ਦੀਆ, ਅਬ ਤੁਮ ਜਾਨੋਂ ਜਾਂ ਖੁਦਾ ਜਾਨੇਂ"।

# ਭਾਰਤੀ ਮਨੁੱਖ ਅਛੂਤ ਕਿਵੇ ਬਣੇ?



ਐਸ ਐਲ ਵਿਰਦੀ ਐਡਵੋਕੇਟ
91-98145-17499

ਕੌਮਾਂਤਰੀ ਪ੍ਰਸਿਧੀ ਇਤਿਹਾਸਕਾਰ ਪੀ ਐਨ ਦੇਸ਼ਮੁੱਖ ਲਿੱਖਦਾ, ''ਸਿੰਧੂ ਸੱਭਿਅਤਾ ਜੋ ਦੁਨੀਆਂ ਵਿੱਚ ਸਭ ਤੋਂ ਉੱਤਮ ਸੱਭਿਅਤਾ ਸੀ ਆਰੀਅਨ ਲੋਕ ਇਸ ਦੀ ਤਬਾਹੀ ਦੇ ਜ਼ਿੰਮੇਵਾਰ ਸਨ। ਇਹ ਆਰੀਆ ਹੀ ਸਨ ਜਿਹਨਾਂ ਨੇ ਭਾਰਤ ਅੰਦਰ ਜਾਤੀ ਵੰਡ ਪੈਦਾ ਕੀਤੀ। ਇਹ ਉਹਨਾਂ ਨੇ ਸਥਾਨਕ ਸਿੰਧੂ ਲੋਕਾਂ (ਭਾਵ ਦਰਾਵੜਾਂ) ਦਾ ਦਮਨ ਅਤੇ ਅਪਮਾਨ ਕਰਕੇ ਕੀਤਾ ਅਤੇ ਉਹਨਾਂ ਨੂੰ ਨੀਵੀਆਂ ਜਾਤੀਆਂ ਵਿੱਚ ਵੰਡ ਕੇ ਕੀਤਾ। ਇਹੀ ਕਾਰਨ ਸੀ ਕਿ ਭਾਰਤ ਅੰਦਰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲੇ ਹੋਂਦ ਵਿੱਚ ਆਏ।'' 3. P. N. Desh Pande, P. T. I. Indian Post, May 21, 87 Nagpur

ਇਤਿਹਾਸਕਾਰ ਐਸ. ਕੇ. ਪੰਡੀਅਨ ਲਿਖਦਾ ਹੈ, ''ਦਰਾਵੜ ਸੱਭਿਅਤਾ ਮੁਢਲੀਆਂ ਸੱਭਿਅਤਾਵਾਂ 'ਚੋਂ ਇੱਕ ਹੈ। ਇਹ ਦਰਾਵੜ ਹੀ ਸਨ ਜੋ ਉੱਤਰ ਵੱਲ ਫੈਲੇ ਅਤੇ ਜਿਹਨਾਂ ਨੇ ਸਿੰਧੂ ਘਾਟੀ ਸੱਭਿਅਤਾ ਦਾ ਨਿਰਮਾਣ ਕੀਤਾ। ਜਿਸ ਦਾ ਦੱਖਣ ਦੀ ਤੁੰਗ ਭੱਦਰਾ ਸੱਭਿਅਤਾ ਨਾਲ ਨੇੜੇ ਦਾ ਸਬੰਧ ਹੈ। ਬ੍ਰਾਹਮਣਵਾਦ ਦੀ ਸੰਸਕ੍ਰਿਤੀ ਦੇ ਜੋਰ ਜਬਰੀ ਲਾਗੂ ਹੋਣ ਨਾਲ ਆਰੀਆਂ ਦੇ ਆਉਣ ਤੋਂ ਪਹਿਲਾਂ ਦੀ ਸ਼ਾਨਦਾਰ ਸੱਭਿਅਤਾ ਦਾ ਅੰਤ ਹੋ ਗਿਆ। 6. S. K. Pandian, 'The hidden heritage' DV March 87, Page 18

ਭਗਵਤ ਸ਼ਰਣ ਉਪਾਧਿਆਏ ਦਾ ਕਹਿਣਾ ਹੈ ਕਿ ਆਰੀਆਵਾਂ ਨੂੰ ਭਾਰਤ ਵਿੱਚ ਆਉਣ ਮਗਰੋਂ ਇਸ ਧਰਤੀ ਦੇ ਚੱਪੇ ਚੱਪੇ ਲਈ ਦ੍ਰਾਵਿੜਾਂ ਨਾਲ ਲੜਨਾ ਪਿਆ। ਉਹਨਾਂ ਨੂੰ ਜੰਗ ਵਿੱਚ ਹਰਾ ਕੇ, ਕੈਦ ਕਰਕੇ ਦਾਸ ਬਣਾ ਲੈਣਾ ਆਮ ਗੱਲ ਹੋ ਗਈ ਸੀ। ਆਪਣੇ ਦੁਸ਼ਮਣਾਂ ਨੂੰ ਆਰੀਆ ਰਿਸ਼ੀਆਂ ਨੇ ''ਦਾਸਾਓ'' ਆਦਿ ਕਹਿ ਕੇ ਵੀ ਵਿਅਕਤ ਕੀਤਾ। ਇਹ ''ਦਾਸ'' ਉਹੀ ਸ਼ਬਦ ਹੈ ਜਿਸ ਨੂੰ ਸੰਸਕ੍ਰਿਤ ਵਿੱਚ ਗੁਲਾਮ ਦੇ ਅਰਥਾਂ ਵਿੱਚ ਵਰਤਿਆ ਜਾਂਦਾ ਹੈ। ਨਿਸ਼ਚਯ ਹੀ ਉਦੋਂ ਭਾਰਤੀ ਦਾਸ ਜੰਗਾਂ ਵਿੱਚ ਆਰੀਆਵਾਂ ਤੋਂ ਹਾਰ ਕੇ ਉਹਨਾਂ ਦੇ ਬੰਦੀ ਬਣ ਕੇ, ਉਹਨਾਂ ਦੇ ਗੁਲਾਮ ਹੋ ਗਏ ਸਨ। 1 1. ਭਗਵਤ ਸ਼ਰਣ ਉਪਾਧਿਆਏ, ਭਾਰਤੀ ਸਮਾਜ ਦਾ ਇਤਿਹਾਸਿਕ ਤੱਤ-ਨਿਖੇੜ, ਸਫਾ 220, 221

ਅਫਰੀਕਨ ਇਤਿਹਾਸਕਾਰ ਡਾ. ਰੁਨੋਕੋ ਰਸ਼ੀਦੀ ਲਿਖਦੇ ਹਨ ਕਿ ਜਿਹਨਾਂ ਨੂੰ ਅਕਸਰ ਦਰਾਵੜ ਕਹਿਕੇ ਪੁਕਾਰਿਆ ਜਾਂਦਾ ਹੈ, ਸਿੰਧੂ ਸੱਭਿਅਤਾ ਦੇ ਸਨਮਾਨ ਯੋਗ ਕਾਲੇ ਲੋਕਾਂ ਨੂੰ, ਅਖੀਰ ਅੱਗੇ ਵਧਦੇ ਹੋਏ ਲਾਪਰਵਾਹ ਹਮਲਾਵਰ ਯੂਰਪੀਨ ਕਬੀਲਿਆਂ ਵੱਲੋਂ ਭਾਰਤ ਦੇ ਕੇਂਦਰੀ ਅਤੇ ਦੱਖਣੀ ਭਾਗਾਂ ਵੱਲ ਧੱਕ ਦਿੱਤਾ। ਲਗਭਗ ਈਸਾ ਤੋਂ 800 ਸਾਲ ਪਹਿਲਾਂ, ਇਹਨਾਂ ਘੁਮੰਤਰੂ ਆਰੀਅਨ ਕਬੀਲਿਆਂ ਨੇ ਉੱਤਰੀ ਭਾਰਤ ਦਾ ਬਹੁਤ ਹਿੱਸਾ ਜਿੱਤ ਲਿਆ ਸੀ। ਇਸ ਜਿੱਤੇ ਇਲਾਕਿਆਂ ਦਾ ਉਹਨਾਂ ਨਾਂ ਆਰੀਆ ਵਰਤ ਰੱਖ ਲਿਆ (ਭਾਵ ਆਰੀਆਂ ਦੀ ਧਰਤੀ) ਸਾਰੀ ਆਰੀਆਵਰਤ ਧਰਤੀ ਤੇ ਇੱਕ ਜਾਤੀ ਵਖਰੇਵਿਆਂ ਵਾਲਾ ਸਮਾਜਕ ਪ੍ਰਬੰਧ ਪੱਕੇ ਤੌਰ ਤੇ ਲਾਗੂ ਕਰ ਦਿੱਤਾ ਗਿਆ ਤੇ ਜਿੱਤੀ ਹੋਈ ਕਾਲੇ ਰੰਗਦੀ (ਸ਼ੂਦਰ) ਜੰਤਾ ਨੂੰ ਨੀਵੀਆਂ ਜਾਤਾਂ ਕਰਾਰ ਦਿੱਤਾ ਗਿਆ। ਸਮੇਂ ਦੇ ਨਾਲ, ਇਹ ਗੈਰ-ਮਨੁੱਖੀ ਨਿਰਦਈ ਕਠੋਰ ਜਾਤੀ ਪ੍ਰਬੰਧ ਧਰਮ ਦਾ ਅਧਾਰ ਬਣ ਗਿਆ, ਜਿਹੜਾ ਹੁਣ ਸਾਰੇ ਭਾਰਤ ਵਿੱਚ ਲਾਗੂ ਹੈ। ਹੁਣ ਇਸ ਧਰਮ ਦਾ ਨਾਂ 'ਹਿੰਦੂਵਾਦ' ਹੈ। 1. Runoko Rashidi an African Historian, "The black Presence in ancient and modern India" D. V. April 1988, Page 1

ਰਸ਼ੀਦੀ ਅੱਗੇ ਕਹਿੰਦੇ ਹਨ ਕਿ ਇੱਕ ਕੇਵਲ ਮੌਰੀਆਂ ਦਾ ਸਮਾਂ ਸੀ ਜਦੋਂ ਦਰਾਵੜਾਂ ਨੇ ਕੁਝ ਉੱਨਤੀ ਕੀਤੀ। ਇਰਾਨ, ਜੋ ਆਰੀਆਂ ਦੀ ਧਰਤੀ ਹੈ, ਉੱਥੇ ਜਾਤੀ ਸਿਸਟਮ ਸੀ। ਬੁੱਧਾ, ਪਹਿਲਾ ਮਨੁੱਖ ਸੀ ਜਿਸ ਨੇ ਆਰੀਅਨਾਂ ਅਤੇ ਉਹਨਾਂ ਦੇ ਜਾਤੀ ਪ੍ਰਬੰਧ ਵਿਰੁੱਧ ਸੰਘਰਸ਼ ਲਾਮਬੰਦ ਕੀਤਾ। 5 5. ਮਹਾਨ ਅਫਰੀਕਨ ਵਿਚਾਰਕ ਡਾਇਪ ਜਿਲਦ 1 ਵਲੋਂ ਸ਼ੇਖ ਅੰਤਾ ਸਫਾ 135-141

ਇਤਿਹਾਸਕਾਰ ਇਹ ਮੰਨਦੇ ਹਨ ਕਿ ਜਦੋਂ ਪ੍ਰਾਚੀਨ ਕਾਲ ਵਿੱਚ ਆਰੀਆ ਲੋਕ ਮੱਧ ਏਸ਼ੀਆ ਤੋਂ ਨਿੱਕਲ ਕੇ ਟੋਲਿਆਂ ਦੇ ਰੂਪ ਵਿੱਚ ਭਾਰਤ ਆਏ ਤਾਂ ਉਹਨਾਂ ਦਾ ਪਹਿਲਾ ਡੇਰਾ ਪੰਜਾਬ ਵਿੱਚ ਹੀ ਲੱਗਾ ਸੀ। ਇੱਥੋਂ ਹੀ ਉਹ ਲੋਕ ਭਾਰਤ ਦੇ ਬਾਕੀ ਭਾਗਾਂ ਵਿੱਚ ਹੌਲੀ ਹੌਲੀ ਜਾ ਵਸੇ। ਉਸ ਸਮੇਂ ਪੰਜਾਬ ਵਿੱਚ ਸਤਲੁਜ, ਬਿਆਸ, ਰਾਵੀ, ਚੇਨਾਬ ਅਤੇ ਜੇਹਲਮ, ਪੰਜ ਦਰਿਆਵਾਂ ਤੋਂ ਇਲਾਵਾ ਦੋ ਹੋਰ ਦਰਿਆ ਸਰਸਵਤੀ ਤੇ ਸਿੰਧ ਵੀ ਵਗਦੇ ਸਨ। ਇਸ ਸਾਰੀ ਧਰਤੀ ਦਾ ਨਾਂ ਪੰਜਾਬ ਨਹੀਂ ਸਗੋਂ 'ਸਪਤ ਸਿੰਧੂ' ਹੁੰਦਾ ਸੀ। ਇਸ ਗੱਲ ਦਾ ਪਤਾ ਆਰੀਆ ਦੀ ਪਹਿਲੀ ਰਚਨਾ 'ਰਿਗ ਵੇਦ' ਤੋਂ ਲਗਦਾ ਹੈ। ਰਿਗ ਵੇਦ ਵਿੱਚ ਇਹਨਾਂ ਸੱਤਾਂ ਦਰਿਆਵਾਂ ਦੇ ਨਾਮ ਵਾਰ ਵਾਰ ਆਉਂਦੇਹਨ। ਉਸ ਸਮੇਂ ਈਰਾਨ, ਅਫਗਾਨਿਸਤਾਨ ਅਤੇ ਪੰਜਾਬ (ਭਾਰਤੀ ਤੇ ਪਾਕਿਸਤਾਨੀ ਦੇ ਦੋਵੇਂ ਪੰਜਾਬਾਂ) ਦੇ ਸਾਰੇ ਇਲਾਕੇ ਆਰੀਆਂ ਦੇ ਅਧੀਨ ਹੋਣ ਉਪਰੰਤ ਇਸ ਖੇਤਰ ਦਾ ਨਾਮ 'ਆਰੀਆ ਵਰਤ' ਹੋ ਗਿਆ।

ਆਰੀਆਂ ਨੇ ਆਪਣੀ ਸਤਾ ਸਥਾਪਤੀ ਅਤੇ ਦਹਿਸ਼ਤ ਫੈਲਾਉਣ ਲਈ ਆਦਿਨਿਵਾਸੀਆਂ ਦਾ ਸਮੂਹਕ ਕਤਲੇਆਮ ਅਤੇ ਸਾੜਫੂਕ ਕੀਤੀ। ਇਹਨਾਂ ਘੱਲੂਘਾਰਿਆਂ ਦਰਮਿਆਨ ਆਦਿਨਿਵਾਸੀ ਤਿੰਨ ਭਾਗਾਂ ਵਿੱਚ ਵੰਡੇ ਗਏ। ਪਹਿਲੇ ਉਹ ਜਿਹਨਾਂ ਨੇ ਆਰੀਆਂ ਦਾ ਸਾਹਮਣਾ ਨਹੀਂ ਕੀਤਾ ਅਤੇ ਆਰੀਆਂ ਦੀ ਅਧੀਨਗੀ ਸਵੀਕਾਰ ਕਰ ਲਈ। ਦੂਜੇ ਉਹ ਜਿਹਨਾਂ ਮੁਕਾਬਲਾ ਕੀਤਾ, ਲੜੇ, ਹਾਰਨ ਉਪਰੰਤ ਗੁਲਾਮ ਬਣਾ ਲਏ ਗਏ, ਤੇ ਪਿੰਡਾ ਨਗਰਾਂ ਤੋਂ ਬਾਹਰ ਖੁੱਲੀਆਂ ਜੇਹਲਾਂ (ਅੱਜ ਦੀਆਂ ਦਲਿਤ ਬਸਤੀਆਂ, ਬਾੜੇ ਵਿਹੜਿਆਂ) 'ਚ ਧੱਕ ਦਿੱਤੇ ਗਏ। ਤੀਜੇ ਉਹ ਜਿਹਨਾਂ ਮੁਕਾਬਲਾ ਕੀਤਾ, ਹਾਰ ਗਏ ਪਰ ਉਹਨਾਂ ਗੁਲਾਮੀ ਸਵੀਕਾਰ ਨਹੀਂ ਕੀਤੀ ਅਤੇ ਉਹ ਜੰਗਲਾਂ ਵੱਲ੍ਹ ਭੱਜ ਗਏ। ਆਰੀਆਂ ਨੇ ਜਿਹਨਾਂ ਨੇ ਲੜਾਈ ਨਹੀਂ ਕੀਤੀ ਸੀ, ਉਹਨਾਂ ਨੂੰ ਕੰਮ ਕਰਾਉਣ ਲਈ ਸ਼ੂਦਰ (ਛੂਤ) ਬਣਾ ਕੇ ਸਾਥ ਰੱਖ ਲਿਆ। ਉਹ ਅੱਜ ਦੇ ਪੱਛੜੇ ਲੋਕ ਹਨ। ਜਿਹਨਾਂ ਨੇ ਲੜਾਈ ਕੀਤੀ, ਉਹਨਾਂ ਨੂੰ ਗੁਲਾਮ ਬਣਾ ਕੇ, ਅਛੂਤ ਗਰਦਾਨ ਕੇ, ਮਨੁੱਖੀ ਹੱਕਾਂ ਤੋਂ ਵੰਚਿਤ ਕਰ ਦਿੱਤਾ, ਇਹਨਾਂ ਦੀ ਛੋਹ, ਦਿੱਖ ਅਤੇ ਪ੍ਰਛਾਵੇਂ ਨੂੰ ਕਾਨੂੰਨ ਸਜਾ ਜਾਬਤਾ ਬਣਾ ਦਿੱਤਾ ਗਿਆ। ਉਹ ਅੱਜ ਦੀਆਂ ਸਡੂਲਕਾਸਟ ਜਾਤੀਆਂ ਹਨ। ਜੋ ਜੰਗਲਾਂ ਵੱਲ ਭੱਜ ਗਏ, ਉਹ ਆਦੀ ਵਾਸੀ ਹਨ।

ਆਰੀਆਂ ਨੇ ਆਪਣੀ ਤਾਨਾਸ਼ਾਹੀ ਤੇ ਦਬ ਦਬਾ ਜਾਰੀ ਰੱਖਣ ਲਈ ਬ੍ਰੱਹਮਾਂ ਨੂੰ ਇਸ ਸਰਿਸ਼ਟੀ ਦਾ ਰਚਣਹਾਰਾ ਦੱਸ ਕੇ ਭੋਲੇ ਭਾਲੇ ਲੋਕਾਂ ਦੇ ਮਨ ਵਿੱਚ ਬ੍ਰੱਹਮਾਂ ਦਾ ਡਰ ਤੇ ਖੌਫ ਪੈਦਾ ਕਰ ਦਿੱਤਾ। ਜਦ ਇਹਨਾਂ ਆਰੀਆਂ ਨੇ ਦੇਖਿਆ ਕਿ ਇਹਨਾਂ ਭੋਲੇ ਭਾਲੇ ਲੋਕਾਂ 'ਤੇ ਉਹਨਾਂ ਦੇ ਬ੍ਰੱਹਮਾਂ ਦੀ ਕਲਪਨਾ ਦਾ ਜਾਦੂ ਚਲ ਗਿਆ ਹੈ ਤੇ ਉਹਨਾਂ ਦੀ ਸਵਾਰਥ ਸਿੱਧੀ ਹੋ ਰਹੀ ਹੈ ਤਦ ਉਹਨਾਂ ਇਸ ਵਿਚਾਰਧਾਰਾ ਨੂੰ ਸਥਾਈ ਰੂਪ ਦੇਣ ਲਈ ਸਮਾਜ ਨੂੰ ਵਰਣਾਂ ਵਿੱਚ ਵੰਡ ਕੇ ਉਹਨਾਂ ਦੇ ਆਪਸੀ ਮਿਲਵਰਤਨ 'ਤੇ ਪਾਬੰਦੀ ਲਾ ਦਿੱਤੀ ਗਈ ਤਾਂ ਜੋ ਕਿ ਲੋਕ ਮੁੜ ਇਕੱਠੇ ਹੋ ਕੇ ਉਹਨਾਂ (ਬ੍ਰਾਹਮਣਵਾਦ) ਦੇ ਖਿਲਾਫ ਵਿਦਰੋਹ ਨਾ ਕਰ ਦੇਣ।

ਸਮਾਜ ਵਿਵਸਥਾ 'ਚ ਬ੍ਰਾਹਮਣ ਨੂੰ ਸਭ ਤੋਂ ਉੱਚਾ ਦਰਜਾ ਅਤੇ ਆਦਿਵਾਸੀਆ ਨੂੰ ਸਭ ਤੋਂ ਨੀਵਾਂ ਦਰਜਾ ਦੇ ਕੇ ਸਮਾਜਿਕ ਭੇਦ-ਭਾਵ ਦੀ ਬੁਨਿਆਦ ਰੱਖ ਦਿੱਤੀ ਗਈ। ਬ੍ਰਾਹਮਣ ਧਰਤੀ ਤੇ ਦੇਵਤਾ ਸਮਾਨ ਹਨ ਤੇ ਅਕਲ ਰੱਖਣ ਦਾ ਇੱਕੋ ਇੱਕ ਅਧਿਕਾਰ ਇਹਨਾਂ ਲਈ ਰਾਖਵਾਂ ਹੈ। ਸਾਰਾ ਸੰਸਾਰ ਦੇਵਤਿਆਂ ਦੇ ਅਧੀਨ ਹੈ, ਦੇਵਤੇ ਮੰਤਰਾਂ ਦੇ ਅਧੀਨ, ਮੰਤਰ ਬ੍ਰਾਹਮਣਾਂ ਦੇ ਅਧੀਨ ਹਨ। ਇਸ ਲਈ ਬ੍ਰਾਹਮਣ ਹੀ ਦੇਵਤਾ ਹਨ ਤੇ ਉਨ੍ਹਾਂ ਦਾ ਸੰਦੇਸ਼ ਮੰਨੇ ਜਾਣ। ਇਸ ਦੁਨੀਆਂ ਵਿੱਚ ਜੋ ਵੀ ਸੰਪਤੀ ਹੈ ਉਹ ਸਭ ਬ੍ਰਾਹਮਣਾਂ ਦੀ ਹੈ। ਦੂਸਰੇ ਲੋਕ ਬ੍ਰਾਹਮਣਾਂ ਦੀ ਦਇਆ 'ਤੇ ਹੀ ਸਭ ਪਦਾਰਥਾਂ ਦੀ ਵਰਤੋਂ ਕਰਦੇ ਹਨ। ਫਿਰ ਉਹਨਾਂ ਵੇਦ, ਸ਼ਾਸਤਰ, ਸਿਮਰਤੀਆਂ ਤੇ ਗਰੰਥਾਂ ਦੀ ਸਿਰਜਨਾ ਕਰਕੇ ਉਹਨਾਂ ਰਾਹੀ ਆਪਣੇ ਲਈ ਸਭ ਕੁੱਝ ਕਨੂੰਨਨ ਰਿਜ਼ਰਵ ਕਰ ਲਿਆ। ਇੰਨਾ ਹੀ ਨਹੀ ਇਸ ਵਰਣ ਵਿਵਸਥਾ ਨੂੰ ਸਥਾਈ ਬਣਾਈ ਰੱਖਣ ਲਈ ਉਹਨਾਂ ਇਸ ਵਰਣ-ਵਿਵਸਥਾ ਨੂੰ ਧਾਰਮਿਕ ਸੰਘਿਆ ਦੇ ਦਿੱਤੀ। ਜਿਵੇਂ-

ਵੇਦ, ਗ੍ਰੰਥਾਂ ਅਨੁਸਾਰ ਇਹ ਵੰਡ ਬ੍ਰੱਹਮਾਂ ਨੇ ਖੁੱਦ ਕੀਤੀ ਹੈ। ਬ੍ਰੱਹਮਾਂ ਨੇ ਬ੍ਰਾਹਮਣ ਮੂੰਹ ਵਿੱਚੋ, ਕਸ਼ੱਤਰੀ ਬਾਹਾਂ ਵਿੱਚੋ, ਵੈਸ਼ ਪੇਟ ਵਿੱਚੋਂ, ਸ਼ੂਦਰ ਪੈਰਾਂ ਵਿੱਚੋਂ ਪੈਦਾ ਕੀਤੇ ਹਨ। 1
1. ਗੌਤਮ 16/14/32

1. ਪੜ੍ਹਨਾ-ਪੜ੍ਹਾਉਂਣਾ, ਯੱਗ ਕਰਨਾ-ਕਰਾਉਣਾ, ਦਾਨ ਦੇਣਾ-ਲੈਣਾ ਇਹ 6 ਕੰਮ ਬ੍ਰਾਹਮਣਾਂ ਨੂੰ ਦਿੱਤੇ ਗਏ। ਪ੍ਰਜਾ ਦੀ ਰੱਖਿਆ, ਮਰਨਾ-ਮਾਰਨਾ, ਕੁਰਬਾਨੀ ਕਰਨਾ ਕਸ਼ੱਤਰੀ ਦਾ ਕੰਮ ਹੈ। ਪਸ਼ੂ ਪਾਲਣ, ਵਣਜ਼ ਵਿਉਪਾਰ ਤੇ ਖੇਤੀ ਕਰਨਾ ਵੈਸ਼ ਦਾ ਕੰਮ ਹੈ। ਸ਼ੂਦਰਾਂ ਦਾ ਕੰਮ ਸਿਰਫ਼ ਉਪਰਲੇ ਤਿੰਨ ਵਰਣਾਂ ਦੀ ਇਮਾਨਦਾਰੀ ਨਾਲ ਸੇਵਾ ਕਰਨਾ ਹੈ।
2. ਬ੍ਰਾਹਮਣ ਨੂੰ ਗੁਣ ਤੋਂ ਨਹੀਂ, ਜਨਮ ਤੋਂ ਸਭ ਦਾ ਗੁਰੂ ਮੰਨਿਆ ਜਾਵੈ।
3. ਰਾਜਾ ਰਾਜਸੀ ਕੰਮ ਬ੍ਰਾਹਮਣ ਦੀ ਹਦਾਇਤ ਅਨੁਸਾਰ ਚਲਾਏ ਗਾ।
4. ਰਾਜਾ ਸਭ ਦਾ ਰਾਜਾ ਹੋ ਸਕਦਾ ਹੈ ਪਰ ਬ੍ਰਾਹਮਣ ਦਾ ਨਹੀਂ। ਬ੍ਰਾਹਮਣ ਰਾਜਸੀ ਸ਼ਕਤੀ ਦੇ ਅਧੀਨ ਨਹੀਂ ਹਨ।
5. ਬ੍ਰਾਹਮਣ ਪੂਜਨੀਕ ਹੈ। ਮੌਤ ਦੀ ਸਜਾ ਬ੍ਰਾਹਮਣ ਨੂੰ ਸੁਣਾਈ ਹੀ ਨਹੀਂ ਜਾ ਸਕਦੀ ਬੇਸ਼ਕ ਉਹ ਖੂਨ ਕਰਨ ਦਾ ਦੋਸ਼ੀ ਵੀ ਕਿਉਂ ਨਾ ਹੋਵੇ।
6. ਉਹ ਜੋ ਬ੍ਰਾਹਮਣਾਂ ਨੂੰ ਘਿਰਣਾ ਕਰਦੇ ਹਨ, ਉਹ ਮਹਾਂਪਾਪੀ ਹਨ ਅਤੇ ਉਹ ਖਤਰਨਾਖ ਮੌਤ ਮਰਨਗੇ। 2 2. ਰਿਗ ਵੇਦ ਮੰਡਲ 10-36-9
7. ਉਹ ਜੋ ਬ੍ਰਾਹਮਣਾਂ ਨੂੰ ਦਿਲ ਖੋਲ ਕੇ ਦਾਨ ਦਿੰਦੇ ਹਨ ਸਵਰਗ ਵਿਚ ਉੱਚੀਆ ਪਦਵੀਆ ਪ੍ਰਾਪਤ ਕਰਦੇ ਹਨ। 3
3. ਰਿਗਵੇਦ 10-107-2

ਉਪਰਲੇ ਵਰਗ ਦਵਿਜ ਹਨ। ਭਾਵ ਉਹ ਦੋ ਵਾਰ ਜਨਮੇ ਹਨ। ਪਹਿਲਾਂ ਉਹਨਾਂ ਦਾ ਮਾਂ ਬਾਪ ਤੋ ਜਨਮ ਹੋਇਆ ਫਿਰ ਦੂਜਾ 'ਜਾਗਨੋਪਵੀਥਾ' ਰੀਤੀ ਰਾਂਹੀ ਮੁੰਡਨ ਅਤੇ ਜਨੇਓ ਪਹਿਨਣ ਤੋਂ ਬਾਅਦ ਹੋਇਆ। 4
4. ਵਿਸ਼ਸ਼ਟਾ ਕੋਡ 2-1 ਤੋਂ 4

ਵਰਣ-ਸ਼ਰਣੀ ਨਾ-ਬਰਾਬਰਤਾ ਤੇ ਬੇਇਨਸਾਫੀ ਵਾਲੀ ਇਸ ਸਮਾਜਿਕ ਵਿਵਸਥਾ ਤੇ ਇਸ ਦੀ ਫੂਹੜੀ ਬਣੇ, ਮਿਥਿਹਾਸਕ ਕਿਸਮਤ, ਕਰਮ-ਕਾਂਡ, ਨਰਕ-ਸਵਰਗ, ਆਤਮਾ-ਪ੍ਰਮਾਤਮਾਂ ਪਰ ਅਧਾਰਤ ਇਸ ਵਿਵਸਥਾ ਦੇ ਵਿਰੁੱਧ ਸਭ ਤੋਂ ਪਹਿਲਾਂ ਗੌਤਮ ਬੁੱਧ ਨੇ ਬਗਾਵਤ ਕੀਤੀ। ਬੁੱਧ ਨੇ ਇਸ ਮਨਹੂਸ ਵਿਵਸਥਾ ਨੂੰ ਰੱਦ ਕਰਕੇ ਮਾਨਵ ਮੁਕਤੀ ਲਈ ਅਜ਼ਾਦੀ, ਸਮਾਨਤਾ, ਭਾਈਚਾਰਾ ਤੇ ਨਿਆਂ ਵਾਲੀ ਸਮਤਾਮਈ ਨਵੀਂ ਸਮਾਜ ਵਿਵਸਥਾ ਦੀ ਸਿਰਜਨਾ ਕੀਤੀ ਤਾਂ ਸਮਾਜ ਤੋਂ ਬਾਹਰ ਕੱਢੇ ਗਏ ਲੋਕ ਬੁੱਧ ਦੇ ਧੰਮ ਵਿਚ ਧੜਾ-ਧੜ ਪ੍ਰਵੇਸ਼ ਕਰ ਗਏ। ਸਿੱਟੇ ਵਜੋਂ ਅਜ਼ਾਦੀ, ਸਮਾਨਤਾ, ਭਾਈਚਾਰਾ ਅਤੇ ਨਿਆਂ ਅਧਾਰਤ ਬਹੁਜਨ ਹਿਤਾਇ, ਬਹੁਜਨ ਸੁੱਖਾਇ, ਜਾਤੀ ਤੇ ਜਮਾਤੀ ਰਹਿਤ ਸਮਾਜ ਦੀ ਸਿਰਜਨਾ ਹੋਣ ਲੱਗ ਪਈ।

ਪ੍ਰੰਤੂ ਇਸ ਬਾਰਾਬਰਤਾ ਤੇ ਭਾਈਚਾਰੇ ਵਾਲੀ ਸਮਾਜ ਵਿਵਸਥਾ 'ਚ ਬ੍ਰਾਹਮਣਵਾਦੀ ਪ੍ਰੋਹਿਤਾਂ ਦਾ ਜਿਉਣਾ ਮੁਸ਼ਕਲ ਹੋ ਗਿਆ। ਉਹਨਾਂ ਨੂੰ ਝੜਾਵਾ ਬੰਦ ਹੋ ਗਿਆ। ਉਹ ਭੁੱਖੇ ਮਰਨ ਲੱਗੇ। ਸਿੱਟੇ ਵਜੋਂ ਉਹ ਇਸ ਬਾਰਾਬਰਤਾ ਤੇ ਭਾਈਚਾਰੇ ਵਾਲੀ ਸਮਾਜ ਵਿਵਸਥਾ ਦੇ ਖਾਤਮੇ ਲਈ ਸਾਜ਼ਿਸ਼ਾਂ ਘੜਨ ਲੱਗੇ।

ਅੰਤ! ਮੌਰੀਆ ਵੰਸ਼ ਦੇ ਆਖਰੀ ਸ਼ਾਸਕ ਬ੍ਰਿਹਦਰਥ ਦੀ ਉਸ ਦੇ ਹੀ ਸੈਨਾਪਤੀ ਪੁਸ਼ਯਮਿੱਤਰ ਸ਼ੁੰਗ ਨੇ 184 ਈ. ਪੂ. ਵਿੱਚ ਹੱਤਿਆ ਕਰਕੇ ਸ਼ੁੰਗ ਰਾਜਵੰਸ਼ ਦੀ ਸਥਾਪਨਾ ਕਰ ਲਈ। ਇਸ ਰਾਜਵੰਸ਼ ਨੇ 112 ਸਾਲ (184-72 ਈ. ਪੂ.) ਤੱਕ ਮਗਧ 'ਤੇ ਰਾਜ ਕੀਤਾ। ਇਸ ਘਰਾਣੇ ਵਿੱਚ 10 ਰਾਜੇ ਹੋਏ। ਇਸ ਨਾਲ ਰਾਜਨੀਤਕ ਸੱਤਾ ਮੁੜ ਬ੍ਰਾਹਮਣਵਾਦੀਆਂ ਦੇ ਹੱਥ ਆ ਗਈ। 1 1. ਮਾਡਰਨਸ ਏ. ਬੀ. ਸੀ. ਹਿਸਟਰੀ ਆਫ ਇੰਡੀਆ, ਸਫਾ 68-69

ਪੁਸ਼ਯਮਿੱਤਰ ਸ਼ੁੰਗ ਨੇ ਕਾਨੂੰਨ ਦੀ ਕਾਲੀ ਕਿਤਾਬ 'ਮਨੂੰ ਸਿਮਰਤੀ' ਦੀ ਰਚਨਾ ਕਰਕੇ ਆਦਿਵਾਸੀ ਨਾਗ ਦ੍ਰਾਵਿੜਾਂ ਨੂੰ ਬ੍ਰਾਹਮਣਵਾਦੀਆਂ ਦੇ ਮੁੜ ਗੁਲਾਮ ਬਣਾ ਲਿਆ। ਅੱਜ ਮਨੂੰ ਸਿਮਰਤੀ ਜਿਸ ਰੂਪ ਵਿੱਚ ਹੈ, ਉਸਦੀ ਰਚਨਾ ਪੁਸ਼ਯਮਿੱਤਰ ਸ਼ੁੰਗ ਦੇ ਹੁਕਮ ਤੇ ਸੁਮਤੀ ਭਾਰਗਵ ਨੇ ਕੀਤੀ ਹੈ। ਸ਼ੁੰਗ ਸ਼ਾਸਕਾਂ ਨੇ ਬੁੱਧਾਂ 'ਤੇ ਬੜੇ ਅੱਤਿਆਚਾਰ ਕੀਤੇ। ਬੁੱਧ ਦੇ ਬਹੁਜਨ ਹਿਤਾਇ, ਬਹੁਜਨ ਸੁੱਖਾਇ, ਜਾਤੀ ਤੇ ਜਮਾਤੀ ਰਹਿਤ ਸਮਾਜ ਨੂੰ ਤਹਿਸ਼ ਨਹਿਸ਼ ਕਰਕੇ ਵਰਣ-ਵਿਵਸਥਾ ਨੂੰ ਹੀ ਨਹੀ ਲਾਗੂ ਕੀਤਾ ਬਲਕਿ ਸਮਾਜ ਨੂੰ ਛੂਤ ਤੇ ਅਛੂਤ ਵਿਚ ਵੰਡ ਦਿੱਤਾ। ਬੋਧੀਆਂ ਨੂੰ ਨੀਚ ਗਰਦਾਨ ਕੇ ਉਨ੍ਹਾਂ ਨੂੰ ਨਗਰਾਂ ਤੇ ਪਿੰਡਾਂ ਵਿਚੋਂ ਬਾਹਰ ਕੱਢ ਦਿੱਤਾ ਗਿਆ। ਉਨ੍ਹਾਂ ਵਿਚ ਆਪਸੀ ਮੇਲ ਮਿਲਾਪ ਤੇ ਸਖਤ ਪਾਬੰਦੀਆਂ ਲਗਾਈਆਂ ਗਈਆਂ। ਸਿੱਖਿਆ, ਸੰਗਠਨ ਤੇ ਸੰਘਰਸ਼ ਕਰਨ ਨੂੰ ਬਗਾਵਤ ਗਰਦਾਨਿਆ ਗਿਆ। ਇੰਨਾ ਹੀ ਨਹੀ ਜੰਗਲਾਂ ਵਿਚ ਉਨ੍ਹਾਂ ਨੂੰ ਪਸ਼ੂਆਂ ਤੁੱਲ ਜ਼ਿੰਦਗੀ ਜਿਊਣ ਲਈ ਮਜ਼ਬੂਰ ਕੀਤਾ ਗਿਆ। ਭ 2। ਧਰ। ਓਮਬੲਦਕਅਰ, ੱਰਟਿਨਿਗਸ ਅਨਦ ੱਪੲਇਚਹੲਸ, ਡੋਲ। 3, ਫਅਗੲ 268

ਦਲਿਤ ਵੁਆਇਸ ਦਾ ਐਡੀਟਰ ਵੀ. ਟੀ. ਰਾਜ ਸ਼ੇਖਰ ਲਿਖਦਾ ਹੈ, ''ਅਸੀਂ (ਭਾਵ ਐਸ. ਸੀ., ਐਸ. ਟੀ., ਓ. ਬੀ. ਸੀ. ਅਤੇ ਧਾਰਮਿਕ ਘੱਟ ਗਿਣਤੀਆਂ ) ਇਸ ਧਰਤੀ ਨਾਲ ਸਬੰਧਤ ਹਾਂ। ਅਸੀਂ ਇਸ ਧਰਤੀ ਭਾਰਤ ਦੇ ਆਦਿਵਾਸੀ ਹਾਂ। ਅਸੀਂ ਮਹਾਨ ਸਿੰਧੂ ਘਾਟੀ ਸੱਭਿਅਤਾ ਦੇ ਸਿਰਜਣਹਾਰ ਹਾਂ। ਉਹ ਸੱਭਿਅਤਾ ਜੋ ਦੁਨੀਆਂ ਦੀ ਸਭ ਤੋਂ ਪੁਰਾਣੀ ਅਤੇ ਸਭ ਤੋਂ ਸ਼ਾਨਦਾਰ ਅਬਾਦੀ ਸੀ। ਸਾਡੀ ਆਪਣੀ ਧਰਤੀ ਉੱਤੇ ਸਾਨੂੰ, ਉਹਨਾਂ ਲੋਕਾਂ, ਜੋ ਬਾਹਰੋਂ ਹਮਲਾਵਰ ਬਣਕੇ ਆਏ, ਗੁਲਾਮ ਬਣਾਇਆ ਹੋਇਆ ਹੈ।2 2. V. T. Rajshekhar, D.V. Dec. 86 Page 14

ਸਿੰਧੂ ਸੱਭਿਅਤਾ ਜੋ ਦੁਨੀਆਂ ਵਿੱਚ ਸਭ ਤੋਂ ਉੱਤਮ ਸੱਭਿਅਤਾ ਸੀ ਆਰੀਅਨ ਲੋਕ ਇਸ ਦੀ ਤਬਾਹੀ ਦੇ ਜ਼ਿੰਮੇਵਾਰ ਸਨ। ਇਹ ਆਰੀਆ ਹੀ ਸਨ ਜਿਹਨਾਂ ਨੇ ਭਾਰਤ ਅੰਦਰ ਜਾਤੀ ਵੰਡ ਪੈਦਾ ਕੀਤੀ।

ਇਹ ਉਹਨਾਂ ਨੇ ਸਥਾਨਕ ਸਿੰਧੂ ਲੋਕਾਂ (ਭਾਵ ਦਰਾਵੜਾਂ) ਦਾ ਦਮਨ ਤੇ ਅਪਮਾਨ ਕੀਤਾ ਅਤੇ ਉਹਨਾਂ ਨੂੰ ਨੀਵੀਆਂ ਜਾਤੀਆਂ ਵਿੱਚ ਵੰਡ ਕੇ ਕੀਤਾ। ਇਹੀ ਕਾਰਨ ਸੀ ਕਿ ਭਾਰਤ ਅੰਦਰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲੇ ਹੋਂਦ ਵਿੱਚ ਆਏ।2 2. V. T. Rajshekhar, D.V. Dec. 86 Page 14

ਵੈਦਿਕ ਦਾਸ ਜਾਂ ਸ਼ੂਦਰਾਂ ਪ੍ਰਤੀ ਆਪਣੇ ਵਿਚਾਰ ਪ੍ਰਗਟ ਕਰਦੇ ਪ੍ਰਸਿੱਧ ਇਤਿਹਾਸਕਾਰ ਮਿ. ਕੇਨ ਕਹਿੰਦੇ ਹਨ, ਦਾਸ ਦਾ ਅਰਥ ਹੈ ਗੁਲਾਮ। ਇਸ ਦਾ ਮਤਲਵ ਹੈ ਕਿ ਰਿਗਵੇਦ ਵਿੱਚ ਜੋ ਦਾਸ ਹਨ ਜਿਹਨਾਂ ਨੂੰ ਆਰੀਆ ਨੇ ਹਰਾਇਆ ਅਤੇ ਗੁਲਾਮ ਬਣਾ ਲਿਆ ਉਹ ਸ਼ੂਦਰ ਕਹਿਲਾਏ। 4 4. ਐਸ. ਐਲ. ਸਾਗਰ, ਅਛੂਤ ਔਰ ਅਛੂਤ ਸਥਾਨ, ਸਫਾ 121

ਐਨ. ਕੇ. ਸ਼ਰਮਾ ਲਿੱਖਦੇ ਹਨ ਕਿ 1892 ਵਿੱਚ ਉੱਚ ਜਾਤੀ ਲੋਕਾਂ ਨੇ ਸਪਸ਼ਟ ਕੀਤਾ ਕਿ ਇਹ ਨੀਵੀਆਂ ਜਾਤੀਆਂ ਆਰੀਆ ਧਰਮ/ਵੈਦਿਕ ਧਰਮ ਜਾਂ ਹਿੰਦੂ ਧਰਮ ਵਿੱਚ ਕੋਈ ਸਥਾਨ ਨਹੀਂ ਰੱਖਦੀਆਂ। ਉਹਨਾਂ (ਭਾਵ ਉਚੀਆਂ ਜਾਤੀਆਂ) ਨੇ ਆਪਣੇ ਆਪ ਨੂੰ ਆਰੀਅਨ ਜਾਂ ਵੈਦਕ ਧਰਮ ਵਾਲੇ ਸਾਬਤ ਕਰਨਾ ਜਾਰੀ ਰੱਖਿਆ। ਉਸ ਵੇਲੇ ਦੇ ਦੋ ਬ੍ਰਾਹਮਣ ਨੇਤਾਵਾਂ, ਬਾਲ ਗੰਗਾਧਰ ਤਿਲਕ ਅਤੇ ਮਦਨ ਮੋਹਣ ਮਾਲਵੀਆ ਨੂੰ ਜਦੋਂ ਅੰਗਰੇਜ਼ਾਂ ਨੇ ਪੁੱਛਿਆ ਕਿ ਹਿੰਦੂ ਕੌਣ ਹਨ?

ਤਾਂ ਉਹਨਾਂ ਉੱਤਰ ਦਿੱਤਾ ਕਿ ਹਿੰਦੂ ਉਹ ਲੋਕ ਹਨ ਜਿਹੜੇ ਵੇਦਾਂ ਦੀ ਸ਼ਕਤੀ ਨੂੰ ਮੰਨਦੇ ਹਨ। ਇਸ ਤਰ੍ਹਾਂ ਉਹਨਾਂ ਆਪਣੇ ਹਿੰਦੂਵਾਦੀ ਧਰਮ ਨੂੰ ਬ੍ਰਾਹਮਣਾਂ, ਕਸ਼ੱਤਰੀਆ ਅਤੇ ਵੈਸ਼ਾਂ ਨਾਲ ਜੋੜ ਕੇ ਪੇਸ਼ ਕੀਤਾ ਅਤੇ ਸ਼ੂਦਰ-ਅਛੂਤ ਇਸ ਵਿੱਚੋਂ ਬਾਹਰ ਰੱਖੇ ਗਏ। ਅਛੂਤਾਂ ਦਾ ਅਰਥ ਹੈ ਹਿੰਦੂ ਧਰਮ ਤੋਂ ਬਾਹਰੀ ਲੋਕ। ਅਨੁਸੂਚਿਤ ਜਾਤੀਆਂ, ਅਤੇ ਅਨੁਸੂਚਿਤ ਕਬੀਲੇ ਸਭ ਹਿੰਦੂਵਾਦ ਅਨੁਸਾਰ ਅਛੂਤ ਹਨ।

ਇਹ ਸਭ ਕੁਝ ਆਰੀਅਨ ਧਰਮ ਜਾਂ ਵੈਦਿਕ ਧਰਮ ਅਨੁਸਾਰ ਹੈ। 2 2. N. K. Sharma, "Is it correct to say India is 85 Percent 'Hindu'?" D. V. June 88



## ਪੰਜਾਬੀ ਫ਼ਿਲਮਾਂ 'ਚ ਦਸਤਕ ਦੇਣ ਜਾ ਰਹੀ ਅਦਾਕਾਰਾ- ਪ੍ਰੀਤ ਕੌਰ

ਹਸੀਨ ਅਦਾਕਾਰਾ ਅਤੇ ਮਾਡਲ ਪ੍ਰੀਤ ਕੌਰਆਪਣੇ ਖੂਬ-ਸੂਰਤ ਸੁਭਾਅ ਅਤੇ ਖੂਬਸੂਰਤ ਅਦਾਵਾਂ ਕਰਕੇਹਰ ਕਿਸੇ ਦਾ ਮਨ ਮੋਹ ਲੈਂਦੀ ਹੈ , ਮਿੱਠਾ ਬੋਲਣਾ ਅਤੇ ਹਰ ਕਿਸੇ ਦਾ ਸਤਿਕਾਰ ਕਰਨਾ ਉਸ ਦੀ ਖੂਬਸੂਰਤੀ ਨੂੰ ਹੋਰ ਵੀ ਚਾਰ ਚੰਨ ਲਾਉਂਦਾ ਹੈ ! ਭਾਵੇਂ ਉਹ ਪਿਛਲੇ ਕਈ ਸਾਲਾਂ ਤੋਂ ਕੈਨੇਡਾ ਰਹਿ ਰਹੀ ਹੈ ਪਰ ਉਹ ਆਪਣੇ ਪੰਜਾਬੀ ਕਲਚਰ ਨੂੰ ਬੇਹੱਦ ਪਿਆਰ ਕਰਦੀ ਹੈ । ਇਸ ਕਰਕੇ ਹੀ ਉਹ ਅਨੇਕਾਂ ਪੰਜਾਬੀ ਗੀਤਾਂ ਵਿੱਚ ਮਾਡਲਿੰਗ ਕਰ ਚੁੱਕੀ ਹੈ। ਬਾਲੀਵੁੱਡ ਦੀ ਹਿੰਦੀ ਮੂਵੀ ਫਰੇਮ ਵਿੱਚ ਉਹ ਬਤੌਰ ਮੇਨ ਹੀਰੋਇਨ ਕੰਮ ਕਰ ਚੁੱਕੀ ਹੈ ਮਾਡਲਿੰਗ ਦੇ ਨਾਲ ਨਾਲ ਕੈਨੇਡਾ ਵਿੱਚ ਵੀ ਉਹ ਕਈ ਮਾਡਲਿੰਗ ਦੇ ਸ਼ੋਅ ਕਰ ਚੁੱਕੀ ਹੈ, ਜਲਦ ਹੀ ਇਹ ਖੂਬਸੂਰਤ ਮਾਡਲ ਕਈ ਵੱਡੇ ਅਤੇ ਛੋਟੇ ਪਰਦੇ ਦੀਆਂ ਫ਼ਿਲਮਾਂ ਵਿੱਚ ਨਜ਼ਰ ਆਵੇਗੀ ਅਤੇ ਅਨੇਕਾਂ ਹੀ ਪੰਜਾਬੀ ਗੀਤਾਂ ਵਿੱਚ ਵੀ ਉਹ ਆਪਣੀ ਅਦ-ਾਕਾਰੀ ਦੇ ਜਲਵੇ ਦਿਖਾਵੇਗੀ।

ਪ੍ਰੀਤ ਕੌਰ ਦਾ ਸੁਪਨਾ ਹੈ ਕਿ ਉਹ ਇਕ ਦਿਨ ਮਸ਼ਹੂਰ ਫਿਲਮ ਅਭਿਨੇਤਰੀ ਬਣੇ । ਜਿਸ ਲਈ ਉਹ ਸਖ਼ਤ ਮਿਹਨਤ ਕਰ ਰਹੀ ਹੈ ਉਮੀਦ ਕੀਤੀ ਜਾਂਦੀ ਹੈ ਕਿ ਉਸ ਨੂੰ ਜਲਦ ਹੀ ਵੱਡੇ ਬਜਟ ਦੀਆਂ ਪੰਜਾਬੀ ਫ਼ਿਲਮਾਂ ਵਿੱਚ ਬ੍ਰੇਕ ਮਿਲੇਗੀ ਫਿਲ-ਹਾਲ ਉਹ ਆਪਣੇ ਫੈਸ਼ਨ ਸ਼ੋਅ ਅਤੇ ਪੰਜਾਬੀ ਗੀਤਾਂ ਦੀ ਐਲਬਮ ਵਿੱਚ ਕੰਮ ਕਰ ਰਹੀ ਹੈ। ਪ੍ਰੀਤ ਕੌਰ ਨੂੰ ਕਿਤਾਬਾਂ ਪੜ੍ਹਨ ਦੇ ਨਾਲ ਨਾਲ ਗਾਇਕੀ ਦਾ ਵੀ ਸ਼ੌਕ ਹੈ ਆਪਣੇ ਇਸ ਸ਼ੌਕ ਨੂੰ ਪੂਰਾ ਕਰਨ ਲਈ ਉਹ ਹਰ ਰੋਜ਼ ਗਾਇਕੀ ਦਾ ਰਿਆਜ਼ ਕਰਦੀ ਹੈ। ਉਸ ਦੀ ਮਿਹਨਤ ਅਤੇ ਲਗਨ ਨੂੰ ਦੇਖ ਕੇ ਲੱਗਦਾ ਹੈ ਕਿ ਉਸ ਦਾ ਸੁਪਨਾ ਇਕ ਦਿਨ ਜ਼ਰੂਰ ਪੂਰਾ ਹੋਵੇਗਾ , ਅਸੀਂ ਦੁਆ ਕਰਦੇ ਹਾਂ ਕਿ ਪ੍ਰਮਾਤਮਾ ਉਸ ਦਾ ਇਹ ਸੁਪਨਾ ਪੂਰਾ ਕਰੇ।



ਸਨਮ ਸਹੋਤਾ

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸਮਰਾਟ ਅਸ਼ੋਕ ਦੀ ਇੱਕ ਗਲਤੀ, ਜਿਸਨੇ ਸਾਨੂੰ ਸਦੀਆਂ ਰੁਲਾਇਆ



ਐਚ ਐਲ ਵਿਰਦੀ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਮਰਾਟ ਅਸ਼ੋਕ ਨੇ ਬੁੱਧ ਦੇ ਮਾਰਗ ਤੇ ਚੱਲਕੇ ਇਨਸਾਨਾਂ ਦੇ ਸੁੱਖ ਲਈ ਹੀ ਨਹੀਂ ਸਗੋਂ ਪਸ਼ੂ ਪੰਛੀਆਂ ਲਈ ਵੀ ਹਸਪਤਾਲ ਬਣਾਏ। ਬੁੱਧ ਧੰਮ ਨੂੰ ਜੰਬੂਦੀਪ (ਭਾਰਤ) ਵਿੱਚ ਹੀ ਨਹੀਂ ਸਗੋਂ ਸਾਰੇ ਮੱਧ ਏਸ਼ੀਆ ਵਿੱਚ ਵੀ ਧੰਮ ਦੂਤ ਭੇਜਕੇ ਬੁੱਧ ਧੰਮ ਨੂੰ ਪਹੁੰਚਾਇਆ।ਅੱਜ ਦੁਨੀਆਂ ਦੇ ਬਹੁਮੱਤ 26 ਦੇਸ਼ ਜੋ ਬੁੱਧ ਧੰਮ ਨੂੰ ਮੰਨਦੇ ਹਨ ਉਹ ਕਦੀ ਵੀ ਇੰਡੀਆ ਦੀ ਤਰ੍ਹਾਂ ਠੂਠਾ ਲੈ ਕੇ ਭੀਖ ਨਹੀਂ ਮੰਗਦੇ।ਇੱਕਾ-ਦੁੱਕਾ ਦੇਸ਼ ਨੂੰ ਛੱਡਕੇ ਸਾਰੇ ਦੇਸ਼ ਖੁਸ਼ਹਾਲ ਹਨ।

ਬੁੱਧ ਦੀ ਧਰਤੀ ਜੰਬੂਦੀਪ ਤੋਂ ਯੂਰੇਸ਼ੀਅਨ ਬ੍ਰਾਮਣਾਂ ਨੇ ਬੁੱਧ ਧੰਮ ਨੂੰ ਹਰ ਕਮੀਨਗੀ ਨਾਲ ਬਰਬਾਦ ਕੀਤਾ। ਬੋਧੀਆਂ ਦੇ ਬੁੱਧ ਵਿਹਾਰਾਂ ਨੂੰ ਢਹਿ-ਢੇਰੀ ਕਰ ਦਿੱਤਾ ਅਤੇ ਕੁਛ ਇੱਕ ਨੂੰ ਹਿੰਦੂ ਮੰਦਰਾਂ ਵਿੱਚ ਤਬਦੀਲ ਕਰ ਦਿੱਤਾ। ਅੱਜ ਦੇ ਭਾਰਤ ਵਿੱਚ ਬੇਸ਼ੁਮਾਰ ਹਿੰਦੂਆਂ ਦੇ ਮੰਦਰ ਹਨ ਜਿਨ੍ਹਾਂ ਦੀ ਬਣਤਰ ਇਸਦਾ ਸਬੂਤ ਹਨ ਕਿ ਇਹ ਬੁੱਧ ਵਿਹਾਰ ਹੀ ਸਨ, ਜਿਸ ਵੀ ਸਟੈਚੂ ਨੂੰ ਕੱਪੜੇ ਪਹਿਨਾਏ ਹੋਏ ਹਨ ਉਤਾਰੋ, ਫਿਰ ਪਤਾ ਲੱਗ ਜਾਵੇਗਾ ਕਿ ਇਹ ਤਾਂ ਬੁੱਧ ਦਾ ਹੀ ਸਟੈਚੂ ਹੈ। ਅਸੀਂ ਸਮਰਾਟ ਅਸ਼ੋਕ ਨੂੰ ਦੇਵ ਅਸ਼ੋਕ ਕਹਿੰਦੇ ਹਾਂ ਪਰ ਇਹ ਯੂਰੇਸ਼ੀਅਨ ਬ੍ਰਾਮਣ ਉਸਨੂੰ ਚੰਡਾਲ ਅਸ਼ੋਕ ਕਹਿੰਦੇ ਹਨ, ਪੁੱਛਣ ਤੇ ਇਹ ਯੂਰੇਸ਼ੀਅਨ ਕਹਿੰਦੇ ਹਨ ਕਿ ਉਸਨੇ ਰਾਜ-ਭਾਗ ਲਈ ਆਪਣੇ ਭਰਾਵਾਂ ਨੂੰ ਮਾਰਿਆ ਸੀ। ਵਾਹ- ਵਾਹ ਬ੍ਰਾਮਣੋਂ ਜਿਸ ਯੁਧਿਸ਼ਟਰ ਨੇ ਜੂਏ ਵਿੱਚ ਆਪਣਾ ਸਾਰਾ ਰਾਜ ਹੀ ਨਹੀਂ ਸਗੋਂ ਆਪਣੀ ਪਤਨੀ ਨੂੰ ਵੀ ਹਾਰ ਦਿੱਤਾ ਤਾਂ ਇਨ੍ਹਾਂ ਕਲਮ ਦੇ ਕਸਾਈਆਂ ਨੇ ਉਸਨੂੰ ਇਕੱਲੇ ਨੂੰ ਹੀ ਨਹੀਂ ਸਗੋਂ ਉਸਦੇ ਕੁੱਤੇ ਨਾਲ ਸਵਰਗ ਵਿੱਚ ਗਿਆ, ਐਸਾ ਲਿਖਿਆ। ਪਰ ਅਸ਼ੋਕ ਨੂੰ ਰਾਜ ਹਾਸਲ ਕਰਨ ਲਈ ਚੰਡਾਲ ਕਿਹਾ! ਹੈ ਨਾ ਹਾਸੋ ਹੀਣੀ ਦੀ ਗੱਲ? ਅਸ਼ੋਕ ਨੇ ਇਹ ਐਲਾਨ ਕੀਤਾ ਹੋਇਆ ਸੀ ਕਿ ਉਮੈਂ ਖਾਣਾ ਖਾਂਦਾ ਹੋਵਾਂ, ਆਰਾਮ ਕਰ ਰਹਾ ਹੋਵਾਂ ਜਾਂ ਸੁੱਤਾ ਪਿਆ ਹੋਵਾਂ, ਮੈਂ ਆਪਣੀ ਪਰਜਾ ਲਈ ਹਰ ਵਕਤ ਹਾਜ਼ਰ ਹਾਂ"।

ਕਿਹਾ ਜਾਂਦਾ ਹੈ ਕਿ ਯੂਰੇਸ਼ੀਅਨ ਬ੍ਰਾਮਣ ਕੇਵਲ ਅਧੂਰਾ ਹੀ ਰਿਗਵੇਦ ਯੂਰੇਸ਼ੀਆ ਤੋਂ ਨਾਲ ਲੈ ਕੇ ਆਏ ਸਨ ਜਿਸਨੂੰ ਇਨ੍ਹਾਂ ਬ੍ਰਾਮਣਾਂ ਨੇ ਸਾਡੇ ਜੰਬੂਦੀਪ ਵਿੱਚ ਆਕੇ ਹੀ ਪੂਰਾ ਕੀਤਾ। ਇਸ ਲਈ ਹੀ ਤਾਂ ਰਿਗਵੇਦ ਵਿੱਚ ਜੰਬੂਦੀਪ ਦੇ ਦਸੂਆ, ਅਸੁਰ ਰਾਜਿਆਂ ਦੇ ਕਤਲ ਕਰਨ ਦੇ ਚਿੱਠੇ ਭਰੇ ਪਏ ਹਨ। ਸਾਕੀਆ ਮੁਨੀ ਗੌਤਮ ਬੁੱਧ ਦੇ ਸਮੇਂ ਕੇਵਲ ਤਿੰਨ ਵੇਦ ਹੀ ਸਨ। ਅਥਰਵ ਵੇਦ ਬੁੱਧ ਤੋਂ ਬਾਦ ਲਿਖਿਆ ਗਿਆ ਜੋ ਕਿ ਜਾਦੂ-ਟੂਣੇ, ਕਰਮ ਕਾਂਢ ਆਦਿ ਨਾਲ ਭਰਿਆ ਹੋਇਆ ਹੈ।ਗੀਤਾ, ਰਮਾਇਣ, ਮਹਾਭਾਰਤ, ਮੰਨੂਸਿਮ੍ਰਤੀ ਆਦਿ ਵੀ ਬੁੱਧ ਧੰਮ ਨੂੰ ਅਲੋਪ ਕਰਨ ਤੋਂ ਬਾਦ ਹੀ ਲਿਖੇ ਗਏ ਸਨ ਸਾਰੇ ਦੇ ਸਾਰੇ ਵਰਣ ਵਿਵਸਥਾ, ਜਾਤ-ਪਾਤ, ਛੂਆਛਾਤ, ਅੰਧਵਿਸ਼ਵਾਸ, ਨਫਰਤ ਆਦਿ ਨਾਲ ਭਰੇ ਪਏ ਹਨ।ਸਵਾਲ ਇਹ ਪੈਦਾ ਹੁੰਦਾ ਹੈ ਕਿ ਸਮਰਾਟ ਅਸ਼ੋਕ ਨੇ ਬ੍ਰਾਮਣਾਂ ਦੇ ਜਿਨ੍ਹਾਂ ਗਰੰਥਾਂ ਵਿੱਚ ਇਨਸਾਨ



ਨੂੰ ਇਨਸਾਨ ਨਾਲ ਨਾ-ਬ੍ਰਾਬਰਤਾ, ਨਫਰਤ, ਅੰਧ-ਵਿਸ਼ਵਾਸ, ਵਰਣ ਵਿਵਸਥਾ, ਜਾਤ-ਪਾਤ ਛੂਆਛਾਤ ਸਿਖਾਉਂਦੇ ਹਨ ਉਨ੍ਹਾਂ ਨੂੰ ਬੈਨ ਕਿਉਂ ਨਹੀਂ ਕਰਾਇਆ? ਅਸ਼ੋਕ ਨੇ ਹਰ ਇੱਕ ਨੂੰ ਆਪਣੀ ਗੱਲ ਕਹਿਣ ਲਈ ਆਜ਼ਾਦੀ ਦਿੱਤੀ ਹੋਈ ਸੀ ਪਰ ਇਨਸਾਨ ਨੂੰ ਇਨਸਾਨ ਦੇ ਖਿਲਾਫ ਨਫਰਤ ਫੈਲਾਉਣ ਦਾ ਹੱਕ ਤਾਂ ਨਹੀ ਹੋਣਾ ਚਾਹੀਦਾ ਸੀ? ਅਗਰ ਸਮਰਾਟ ਅਸ਼ੋਕ ਵਿਦ-ਵਾਨਾਂ ਨੂੰ ਬਿਠਾਕੇ ਕਹਿੰਦਾ ਕਿ ਜਿਨ੍ਹਾਂ ਜਿਨ੍ਹਾਂ ਗਰੰਥਾਂ ਵਿੱਚ ਇਨਸਾਨ ਦੇ ਖਿਲਾਫ ਨਫਰਤ ਹੈ, ਇੱਕ ਨੂੰ ਉੱਚਾ ਅਤੇ ਦੂਸਰੇ ਨੂੰ ਨੀਵਾਂ ਕਹਿੰਦਾ ਹੈ ਮੈਂ ਉਨ੍ਹਾਂ ਨੂੰ ਮੈਂ ਬੈਨ ਕਰਾਂਗਾ। ਅਫਸੋਸ ਕਿ ਅਸ਼ੋਕ ਨੇ ਇਹ ਨਹੀ ਕੀਤਾ। ਅਸ਼ੋਕ ਤੋਂ ਲੈ ਕੇ ਸਾਰੇ ਮੋਰੀਆ ਵੰਸ਼ ਦੇ ਰਾਜਿਆਂ ਨੇ ਬ੍ਰਾਮਣਾਂ ਨੂੰ ਆਪਣਾ ਪ੍ਰਚਾਰ ਕਰਨ ਦੀ ਖੁੱਲ ਦਿੱਤੀ ਹੋਈ ਸੀ।ਮੋਰੀਆ ਵੰਸ਼ ਦੇ ਦਸਵੇਂ ਮਹਾਰਾਜਾ ਬ੍ਰਹਿਦਰਥ ਨਾਲ ਤਾਂ ਬ੍ਰਾਮਣਾਂ ਨੇ ਕਮਾਲ ਹੀ ਕਰ ਦਿੱਤੀ। ਪੁਸ਼ਯਾ ਮਿੱਤਰ ਨੇ ਆਪਣੀ ਸੁੰਦਰ ਪੁੱਤਰੀ ਦਾ ਵਿਆਹ ਬ੍ਰਹਿਦਰਥ ਨਾਲ ਕਰ ਦਿੱਤਾ। ਅੱਜ ਦੇ ਰਾਮ ਦੇਵ ਦੇ ਗੁਰੂ, ਪਤੰਜਲੀ ਨੇ ਛੜਯੰਤਰ ਨਾਲ ਪੁਸ਼ਯ ਮਿੱਤਰ ਨੂੰ ਬ੍ਰਹਿਦਰਥ ਦੀ ਸੈਨਾ ਦਾ ਸੈਨਾ-ਪਤੀ ਬਣਾ ਦਿੱਤਾ।ਬ੍ਰਹਿਦਰਥ ਨੇ ਪੁਸ਼ਯ ਮਿੱਤਰ ਦੇ ਪਿਤਾ ਪੁਸ਼ਯਧਰਮ ਨੂੰ ਆਪਣੇ ਰਾਜ ਦਾ ਰਾਜਪ੍ਰੋਹਿਤ ਬਣਾਕੇ ਉਸ ਬ੍ਰਾਮਣ ਨੂੰ ਖਾਸ ਸਨਮਾਨ ਦਿੱਤਾ।ਅੱਗੇ ਜਾਕੇ ਪੁਸ਼ਯ ਮਿੱਤਰ ਨੇ ਜਦੋਂ ਬ੍ਰਹਿਥ ਸੈਨਾ ਤੋਂ ਸਲਾਮੀ ਲੈ ਰਿਹਾ ਸੀ ਤਾਂ ਉਸ ਦੀ ਪਿੱਠ ਵਿੱਚ ਛੁਰਾ ਮਾਰਕੇ ਮਾਰ ਦਿੱਤਾ ਅਤੇ ਖੁਦ ਰਾਜ ਗੱਦੀ ਤੇ ਬੈਠ ਗਿਆ।ਪੁਸ਼ਯ ਮਿੱਤਰ ਨੇ ਸ਼ੁੰਘ ਵੰਸ਼ ਦੇ ਰਾਜ ਦੀ ਨੀਂਅ ਰੱਖੀ।ਪਰੋਹਿਤ ਪੁਸ਼ਯਧਰਮ ਉਸਦੇ ਦੇ ਬੇਟੇ ਪੁਸ਼ਯਾ ਮਿੱਤਰ, ਪਤੰਜਲੀ ਆਦਿ ਸਭਨੇ ਮਿਲਕੇ ਬੋਧੀ ਭਿ-ਖੂਆਂ, ਭਿੱਖੁਣੀਆਂ, ਉਪਾਸਕ, ਉਪਾਸਕਾਂ ਦਾ ਮੂਲੀਆਂ ਅਤੇ ਗਾਜਰਾਂ ਦੀ ਤਰ੍ਹਾਂ ਕਤਲੇ-ਆਮ ਕੀਤਾ।ਬੋਧੀ ਭਿੱਖੂਆਂ ਦੇ ਸਿਰ ਵੱਢਕੇ ਲਿਆਉਣ ਵਾਲੇ ਨੂੰ ਪੁਸ਼ਯ ਮਿੱਤਰ ਸੋਨੇ ਦੀਆਂ ਮੋਹਰਾਂ ਇਨਾਮ ਦਿੰਦਾ।ਇਹ ਜੰਬੂਦੀਪ ਦੇ ਇਤਿਹਾਸ ਵਿੱਚ ਇੱਕ ਦਰਦਨਾਕ ਗੰਭੀਰ ਘਟਨਾ ਸੀ ਜਿਸਨੂੰ ਯੂਰੇਸ਼ੀਅਨ ਬ੍ਰਾਮਣਾਂ ਨੇ ਉਜਾਗਰ ਨਹੀਂ ਕੀਤਾ। ਜੋ ਜ਼ੁਲਮ ਇਤਿਹਾਸ ਵਿੱਚ ਕਦੀ ਵੀ ਨਹੀਂ ਹੋਇਆ ਸੀ ਬ੍ਰਾਮਣਾਂ ਨੇ ਹਰ ਸੰਭਵ ਤਰੀਕੇ ਨਾਲ ਕੀਤਾ।ਬੋਧੀਆਂ ਦਾ ਇਸ ਤਰ੍ਹਾਂ ਵਿਨਾਸ਼ ਕੀਤਾ ਕਿ ਪੜ੍ਹਕੇ ਜਾਂ ਸੁਣਕੇ ਰੌਂਗਟੇ ਖੜੇ ਹੁੰਦੇ ਹਨ।ਵੀਹਵੀਂ ਸਦੀ ਵਿੱਚ ਜੋ ਕੰਮ ਬਾਬਾ ਸਾਹਿਬ ਨੇ 22 ਪ੍ਰਤਿਗਿਆਂ ਦੇ ਨਾਲ ਕੀਤਾ ਸਮਰਾਟ ਅਸ਼ੋਕ ਨੇ ਕਿਉਂ ਨਹੀਂ ਕੀਤਾ ? ਉਹ ਸਮਰਾਟ ਸੀ ਕਰ ਸਕਦਾ ਸੀ। ਜਿਵੇਂ ਮਰੇ ਹੋਏ ਸੱਪ ਨੂੰ ਟੋਆ ਪੁੱਟਕੇ ਨਾ ਦਬਾਇਆ ਜਾਵੇ ਤਾਂ ਉਸ ਮਰੇ ਸੱਪ ਨੂੰ ਖਾਕੇ ਕੁੱਤਾ ਹਲੁਕ ਜਾਂਦਾ ਹੈ ਫਿਰ ਉਹ ਹਲੁਕਿਆ ਕੁੱਤਾ ਜਿਸਨੂੰ ਵੀ ਵੱਢੇਗਾ ਉਹ ਵੀ ਹਲੁਕੇ (Rabies, ਰੈਬੀਸ) ਮਰ ਜਾਵੇਗਾ। ਬ੍ਰਾਮਣਵਾਦ ਨਾਲ ਵੀ ਇਹ ਹੀ ਹੋਇਆ। ਅਸ਼ੋਕ ਨੇ ਟੋਆ ਪੁੱਟਕੇ ਦਬਾਇਆ ਨਹੀਂ।

ਜਿਉਂ ਹੀ ਬ੍ਰਾਮਣਵਾਦ ਨੂੰ ਮੌਕਾ ਮਿਲਿਆ ਉਸਨੇ ਹਰ ਕਮੀਨੀ ਚਾਲ ਖੇਡਕੇ ਬੁੱਧ ਧੰਮ ਨੂੰ ਉਸ ਦੀ ਜਨਮ ਭੂਮੀ ਤੋਂ ਆਪਣੇ ਵਲੋਂ ਖਤਮ ਕਰ ਦਿੱਤਾ।

ਵਿਸ਼ਵ ਰਤਨ ਬਾਬਾ ਸਾਹਿਬ ਨੇ 50 ਸਾਲ ਸਟੱਡੀ ਕਰਨ ਤੋਂ ਬਾਦ ਸਾਡੇ ਬਜ਼ੁਰਗਾਂ ਦੇ ਬੁੱਧ ਧੰਮ ਨੂੰ ਉਸਦੀ ਜਨਮ ਭੂਮੀ ਜੰਬੂਦੀਪ ਵਿੱਚ ਫਿਰ ਤੋਂ ਸੁਰਜੀਤ ਕੀਤਾ। ਬਹੁਤ ਹੀ ਦੂਰ ਅੰਦੇਸ਼ੀ ਨਾਲ 22 ਪ੍ਰਤਿਗਿਆਵਾਂ ਵੀ ਬਣਾਈਆਂ ਤਾਂ ਕਿ 85% ਪੁਰਾਤਨ ਬੋਧੀ ਫਿਰ ਤੋਂ ਬ੍ਰਾਮਣਵਾਦ ਦੇ ਜਾਲ ਵਿੱਚ ਨਾ ਫਸ ਜਾਣ। ਜਿਨ੍ਹਾਂ ਮੂਲਨਿਵਾਸੀਆਂ ਨੂੰ ਬ੍ਰਾਮਣਾਂ ਨੇ 6743 ਜਾਤਾਂ ਵਿੱਚ ਵੰਡਿਆ ਹੋਇਆ ਸੀ, ਉਹ ਆਪਣੇ ਸਹੀ ਇਤਿਹਾਸ ਨੂੰ ਪੜ੍ਹਕੇ ਘਰ ਵਾਪਸੀ ਕਰ ਰਹੇ ਹਨ। ਆਰ ਐਸ ਐਸ, ਹਿੰਦੂ ਮਹਾ ਸਭਾ, ਬਜਰੰਗ ਦਲ ਆਦਿ ਪੂਰਾ ਜ਼ੋਰ ਲਗਾ ਲੈਣ ਪਰ ਉਹ ਦਿਨ ਦੂਰ ਨਹੀਂ ਜਿਸ ਦਿਨ ਸਾਰਾ ਜੰਬੂਦੀਪ ਫਿਰ ਤੋਂ ਬੋਧਮਈ ਦੇਸ਼ ਹੋਵੇਗਾ।

# ਪਿੰਡ ਦੇ ਪਿੰਡੇ 'ਤੇ ਫਿਰ ਕਿਉਂ ਮਾਸ ਦੀ ਬੋਟੀ ਨਹੀਂ!



ਡਾ. ਨਿਸ਼ਾਨ ਸਿੰਘ ਰਾਠੌਰ
91-75892-33437

ਪ੍ਰੋ. ਰਵਿੰਦਰ ਸਿੰਘ ਮਸਰੂਰ ਹੁਰਾਂ ਦਾ ਇਕ ਸ਼ੇਅਰ ਹੈ;

'ਕੁਰਸੀਆਂ ਵਾਲੇ ਘਰਾਂ ਦੀ ਨੀਤ ਜੇ ਖੋਟੀ ਨਹੀਂ
ਪਿੰਡ ਦੇ ਪਿੰਡੇ 'ਤੇ ਫਿਰ ਕਿਉਂ ਮਾਸ ਦੀ ਬੋਟੀ ਨਹੀਂ!'
(ਤੁਰਨਾ ਮੁਹਾਲ ਹੈ)

ਅੱਜਕਲ੍ਹ ਦੇ ਵਰਤਾਰੇ ਉੱਪਰ ਇਹ ਸ਼ੇਅਰ ਸਾਰਥਕ ਰੂਪ ਵਿਚ ਢੁੱਕਦਾ ਹੈ। ਕੁਰਸੀਆਂ ਵਾਲੇ ਘਰਾਂ (ਹਾਕਮਾਂ) ਦੀ ਨਿਯਤ ਸੱਚਮੁਚ ਖੋਟੀ ਹੈ। ਇਸੇ ਕਰਕੇ ਕਿਰਤੀਆਂ (ਮਜ਼ਦੂਰਾਂ) ਦੇ ਪਿੰਡੇ 'ਤੇ ਮਾਸ ਦੀ ਬੋਟੀ ਨਹੀਂ ਹੈ ਭਾਵ ਮਜ਼ਦੂਰ ਮਰ ਰਹੇ ਹਨ ਅਤੇ ਆਪਣੇ ਘਰ/ ਪਿੰਡ ਪਹੁੰਚਣ ਵਾਸਤੇ ਸੈਂਕੜੇ ਕਿਲੋਮੀਟਰ ਦੀ ਦੂਰੀ ਪੈਦਲ ਤੁਰੇ ਜਾ ਰਹੇ ਹਨ। ਹੈਰਾਨੀ ਹੁੰਦੀ ਹੈ ਕਿ ਔਰਤਾਂ, ਬੱਚੇ, ਬੁੱਢੇ ਸਭ ਪੈਦਲ ਹੀ ਤੁਰਨ ਲਈ ਮਜ਼ਬੂਰ ਹਨ। ਕੁਝ ਕੋਲ ਸਾਇਕਲ ਹਨ ਅਤੇ ਉਹ ਹਜ਼ਾਰ-ਹਜ਼ਾਰ ਕਿਲੋਮੀਟਰ ਸਾਇਕਲ ਉੱਪਰ ਜਾਣ ਲਈ ਮਜ਼ਬੂਰ ਹਨ। ਇਹਨਾਂ ਕਿਰਤੀਆਂ ਦੀ ਇਸ ਮਜ਼ਬੂਰੀ ਦਾ ਜ਼ਿੰਮੇਵਾਰ ਕੌਣ ਹੈ?, ਇਹ ਸਵਾਲ ਬਹੁਤ ਅਹਿਮ ਅਤੇ ਮਹੱਤਵਪੂਰਨ ਹੈ। ਪਰ ਇਹ ਸਵਾਲ ਹੁਣ ਰਾਜਨੀਤੀ ਦੀ ਹਨੇਰੀ ਵਿਚ ਉੱਡ ਗਿਆ ਹੈ/ ਗੁਆਚ ਗਿਆ ਹੈ/ ਅਲੋਪ ਹੋ ਗਿਆ ਹੈ।

ਕੁਦਰਤੀ ਆਫਤਾਂ ਤੋਂ ਲੈ ਕੇ ਰਾਜਨੀਤਕ ਘਪਲਿਆਂ ਤੱਕ ਦੀ ਸਭ ਤੋਂ ਵੱਧ ਮਾਰ ਆਮ ਲੋਕਾਂ ਨੂੰ ਹੀ ਪੈਂਦੀ ਹੈ/ ਕਿਰਤੀਆਂ ਨੂੰ ਹੀ ਪੈਂਦੀ ਹੈ। ਇਸ ਗੱਲ ਵਿਚ ਰਤਾ ਭਰ ਵਿਚ ਸ਼ੱਕ ਦੀ ਸੰਭਾਵਨਾ ਨਹੀਂ ਹੈ ਕਿ ਕਿਰਤੀ ਵਰਗ ਨੂੰ ਆਪਣੇ ਪੈਰਾਂ ਹੇਠ ਕੁਚਲ ਕੇ ਰਾਜਨੀਤਕ ਲੋਕ ਸਦਾ ਹੀ ਆਪਣੇ ਘਰ ਭਰਦੇ ਰਹੇ ਹਨ। ਕਹਿਣ ਨੂੰ ਤਾਂ ਹਰ ਜਮਾਤ, ਪਾਰਟੀ ਅਤੇ ਸਰਕਾਰ; ਕਿਰਤੀਆਂ ਨੂੰ ਵੱਧ ਹੱਕ ਦੇ ਲਈ ਨਾਅਰੇ ਲਗਾਉਂਦੇ ਵੇਖੇ ਜਾ ਸਕਦੇ ਹਨ ਪਰ ਹਾਕਮਾਂ ਦੀ ਬਦਨੀਤੀ ਦਾ ਪ੍ਰਤੱਖ ਪ੍ਰਮਾਣ ਅੱਜਕਲ੍ਹ ਸੜਕਾਂ ਤੇ ਤੁਰੇ ਜਾਂਦੇ ਕਿਰਤੀਆਂ ਦੇ ਚਿਹਰਿਆਂ ਤੋਂ ਸਾਫ ਵੇਖਿਆ ਜਾ ਸਕਦਾ ਹੈ/ ਪੜ੍ਹਿਆ ਜਾ ਸਕਦਾ ਹੈ/ ਸਮਝਿਆ ਜਾ ਸਕਦਾ ਹੈ।

ਇਹ ਵਰਤਾਰਾ ਕੇਵਲ ਅਜੋਕੇ ਸੰਦਰਭ ਵਿਚ ਹੀ ਵਿਚਾਰ-ਚਰਚਾ ਦਾ ਵਿਸ਼ਾ ਨਹੀਂ ਹੈ ਬਲਕਿ ਇਹ ਵਿਸ਼ਾ ਤਾਂ ਸਦੀਆਂ ਤੋਂ ਵਿਚਾਰ-ਚਰਚਾ ਦੀ ਮੰਗ ਕਰਦਾ ਰਿਹਾ ਹੈ। ਪਰ ਇਸ ਵਿਸ਼ੇ ਨੂੰ ਜਾਣ-ਬੁਝ ਕੇ ਅੱਖੋਂ-ਪਰੋਖੇ ਕੀਤਾ ਜਾਂਦਾ ਰਿਹਾ ਹੈ। ਉਂਞ ਇਹ ਵਿਸ਼ਾ ਅੱਜ ਵੀ ਵਿਚਾਰਾਂ ਤੋਂ ਕੋਹਾਂ ਦੂਰ ਹੋ ਕੇ ਵੋਟਾਂ ਦੀ ਰਾਜਨੀਤੀ ਦੀ ਭੇਟ ਚੜ ਗਿਆ ਜਾਪਦਾ ਹੈ। ਹਾਕਮਾਂ ਨੂੰ ਸੜਕਾਂ 'ਤੇ ਪੈਦਲ ਤੁਰੇ ਜਾਂਦੇ ਕਿਰਤੀ ਹੁਣ ਵੋਟਾਂ ਦਿੱਸਣ ਲੱਗੇ ਹਨ। ਖ਼ਬਰੇ ਤਾਹੀਂਓ ਸਰਕਾਰਾਂ/ ਹਾਕਮਾਂ ਦੀਆਂ ਅੱਖਾਂ ਖੁੱਲਣ ਦਾ ਸਿਲਸਿਲਾ ਆਰੰਭ ਹੋ ਗਿਆ ਹੈ।

ਕੋਰੋਨਾ ਵਾਇਰਸ ਕਰਕੇ ਸਮੁੱਚੇ ਸੰਸਾਰ ਦੇ ਕਿਰਤੀ ਆਪਣੇ ਕੰਮਾਂ ਤੋਂ ਵਿਹਲੇ ਹੋ ਗਏ ਹਨ ਕਰ ਦਿੱਤੇ ਗਏ ਹਨ। ਹੁਣ ਇਹਨਾਂ ਕੋਲ ਨਾ ਤਾਂ ਖਾਣ ਨੂੰ ਰੋਟੀ ਹੈ/ ਨਾ ਪਾਉਣ ਨੂੰ ਕਪੜਾ। ਇਹ ਲੋਕ ਬੇਸਹਾਰਾ ਹੋ ਕੇ ਆਪਣੇ ਪਿੰਡਾਂ ਨੂੰ ਮੁੜ ਪਏ ਹਨ। ਪਰ ਕਹਿਰ ਖੁਦਾ ਦਾ! ਨਿੱਕੇ-ਨਿੱਕੇ ਬੱਚੇ ਸੈਂਕੜੇ ਕਿਲੋਮੀਟਰ ਦਾ ਸਫ਼ਰ ਪੈਦਲ ਚੱਲ ਰਹੇ ਹਨ। ਹਾਕਮ ਜਮਾਤ ਨੂੰ ਇਹਨਾਂ ਕਿਰਤੀਆਂ ਵਿਚੋਂ ਆਪਣੇ ਵੋਟ ਖੁੱਸ ਜਾਣ ਦਾ ਡਰ ਸਤਾ ਰਿਹਾ ਹੈ। ਭਾਰਤ ਅੰਦਰ ਇਹ ਵਰਤਾਰਾ ਆਪਣੇ ਸ਼ਿਖਰ ਉੱਪਰ ਹੈ। ਸੜਕਾਂ ਉੱਪਰ ਮਾਨਵਤਾ ਮਰ ਰਹੀ ਹੈ। ਸੜਕਾਂ ਖ਼ੂਨ ਨਾਲ ਲਾਲ ਹੋ ਰਹੀਆਂ ਹਨ। ਪਰ ਹਾਕਮਾਂ ਨੂੰ ਗੱਦੀ ਦਾ ਮੋਹ ਸਤਾ ਰਿਹਾ ਹੈ/ ਗੱਦੀ ਨੂੰ ਚੰਬੜੇ ਰਹਿਣ ਦੀਆਂ ਸਕੀਮਾਂ ਘੜੀਆਂ ਜਾ ਰਹੀਆਂ ਹਨ।

ਕੋਰੋਨਾ ਵਾਇਰਸ ਤੋਂ ਬਚਾਉ ਲਾਜ਼ਮੀ ਹੈ। ਇਸ ਕਰਕੇ ਵੱਡੇ-ਵੱਡੇ ਤਕਨੀਕੀ ਅਦਾਰੇ ਲਗਭਗ ਬੰਦ ਹਨ। ਪਰ ਇਹਨਾਂ ਕਿਰਤੀਆਂ ਦਾ ਇਸ ਵਿਚ ਕੀ ਦੋਸ਼ ਹੈ? ਕੀ ਸਰਕਾਰਾਂ; ਲੋਕਾਂ ਦੀ ਹਿਫਾਜ਼ਤ ਲਈ ਨਹੀਂ ਹੁੰਦੀਆਂ? ਕੀ ਸਰਕਾਰਾਂ ਦੀ ਇਹਨਾਂ ਪ੍ਰਤੀ ਕੋਈ ਜ਼ਿੰਮੇਵਾਰੀ ਨਹੀਂ ? ਖ਼ਬਰੇ ਇਹ ਮੁੱਦਾ ਚੰਦ ਦਿਨਾਂ ਦਾ ਮਹਿਮਾਨ ਬਣ ਕੇ ਸਾਡੇ ਜ਼ਿਹਨ ਵਿਚ ਰਹੇਗਾ ਅਤੇ ਮੁੜ ਅਤੀਤ ਦੀ ਬੁੱਕਲ ਵਿਚ ਗੁਆਚ ਜਾਵੇਗਾ। ਇਹ ਭਾਰਤੀ ਮਾਨਸਿਕਤਾ ਹੈ ਕਿ ਅਸੀਂ ਕੋਈ ਇੱਕ ਮੁੱਦਾ ਜਨੂੰਨੀ ਹੱਦ ਤੱਕ ਪ੍ਰਚਾਰਿਤ ਕਰਦੇ ਹਾਂ/ ਭੰਡਦੇ ਹਾਂ ਅਤੇ ਚੰਦ ਦਿਨਾਂ ਮਗਰੋਂ ਭੁੱਲ-ਭੁਲਾ ਜਾਂਦੇ ਹਨ।

ਕੋਰੋਨਾ ਵਾਇਰਸ ਮੁੱਕ ਜਾਵੇਗਾ। ਅਸੀਂ ਇਹ ਮੁੱਦੇ ਭੁੱਲ ਜਾਵਾਂਗੇ ਪਰ ਜਿਹਨਾਂ ਮਾਂਵਾਂ ਦੇ ਪੁੱਤ ਸੜਕਾਂ ਉੱਪਰ ਸਦਾ ਦੀ ਨੀਂਦਰ ਸੌਂ ਗਏ; ਕੀ ਉਹ ਕਦੇ ਮੁੜ ਘਰਾਂ ਨੂੰ ਮੁੜਨਗੇ? ਸਰਕਾਰਾਂ ਆਉਂਦੀਆਂ ਹਨ, ਜਾਂਦੀਆਂ ਰਹਿੰਦੀਆਂ ਹਨ ਪਰ ਇਤਿਹਾਸ ਦੇ ਕਾਲੇ ਪੰਨੇ ਕਦੇ ਚਿੱਟੇ ਨਹੀਂ ਕੀਤੇ ਜਾ ਸਕਦੇ/ ਬਦਲੇ ਨਹੀਂ ਜਾ ਸਕਦੇ। ਅੱਜ ਮਨੁੱਖਤਾ ਦਾ ਘਾਣ ਹੋ ਰਿਹਾ ਹੈ ਅਤੇ ਬਦਕਿਸਮਤੀ ਮਨੁੱਖ ਹੀ ਇਸਦਾ ਸਭ ਤੋਂ ਵੱਧ ਜ਼ਿੰਮੇਵਾਰ ਹੈ। ਸਰਕਾਰ, ਪਾਰਟੀ, ਜਮਾਤ, ਕੌਮ, ਨਸਲ, ਧਰਮ, ਰੰਗ, ਖੇਤਰ ਕੋਈ ਵੀ ਹੋਵੇ ਸਭ ਤੋਂ ਪਹਿਲਾਂ ਮਨੁੱਖ, ਮਨੁੱਖ ਹੈ ਅਤੇ ਮਨੁੱਖ ਨੂੰ ਮਨੁੱਖਤਾ ਦਾ ਸਬੂਤ ਦੇਣਾ ਚਾਹੀਦਾ ਹੈ। ਦੇਸ਼ ਉਦੋਂ ਹੀ ਜਿਉਂਦਾ ਮੰਨਿਆਂ ਜਾਂਦਾ ਹੈ ਜਦੋਂ ਇਸ ਵਿਚ ਰਹਿਣ ਵਾਲੇ ਲੋਕ ਜਾਗਦੇ ਹੋਣ/ ਜਿਉਂਦੇ ਹੋਣ। ਪਰ ਬਦਕਿਸਮਤੀ ਅੱਜ 99% ਲੋਕ ਸੁੱਤੇ ਪਏ ਹਨ।

ਜ਼ਮੀਰਾਂ ਮਰ ਚੁਕੀਆਂ ਹਨ। ਆਪਣੇ ਹੱਕਾਂ ਦੀ ਅਗਿਆਨਤਾ ਨੇ ਮਨੁੱਖ ਨੂੰ ਲੰਗੜਾ ਬਣਾ ਕੇ ਰੱਖ ਦਿੱਤਾ ਹੈ। ਸਵਾਲ ਚੁੱਕਦੇ ਮਨੁੱਖ; ਖਤਮ ਹੋ ਗਏ ਹਨ/ ਅਲੋਪ ਹੋ ਗਏ ਹਨ। ਹੁਣ ਬਚੇ ਹਨ ਕਿਰਤੀਆਂ ਦੀ ਮੌਤ 'ਤੇ ਜਸ਼ਨ ਮਨਾਉਣ ਵਾਲੇ/ ਹੱਸਣ ਵਾਲੇ/ਆਪਣੇ ਘਰ ਭਰਨ ਵਾਲੇ/ ਸੜਕਾਂ ਤੇ ਤੁਰੇ ਜਾਂਦੇ ਕਿਰਤੀਆਂ ਨੂੰ ਕੀੜੇ-ਮਕੌੜੇ ਸਮਝਣ ਵਾਲੇ ਅਤੇ ਵੋਟਾਂ ਪੱਕੀਆਂ ਕਰਨ ਦੀਆਂ ਵਿਉਂਤਾ ਘੜਨ ਵਾਲੇ ਹਾਕਮ।

ਸਰਕਾਰਾਂ/ ਹਾਕਮਾਂ ਤੋਂ ਨਾ-ਉਮੀਦੀ ਮਗਰੋਂ ਆਮ ਲੋਕਾਂ ਨੂੰ ਹੀ ਅੱਗੇ ਆਉਣਾ ਪਵੇਗਾ। ਕਿਰਤੀਆਂ ਨੂੰ ਤੁਰੇ ਜਾਂਦਿਆਂ ਨੂੰ ਆ-ਪਣੀਆਂ ਗੱਡੀਆਂ ਵਿਚ ਬਿਠਾ ਕੇ ਸਹੀ ਥਾਂ 'ਤੇ ਉਤਾਰ ਦੇਣਾ ਮਨੁੱਖਤਾ ਭਰਪੂਰ ਕਾਰਜ ਹੈ।

ਹਰ ਪਿੰਡ/ ਸ਼ਹਿਰ ਵਿਚ ਲੋਕ ਆਪਣੇ ਘਰਾਂ ਦੇ ਬਾਹਰ ਪਾਣੀ ਅਤੇ ਰੋਟੀ ਰੱਖਣ ਤਾਂ ਕਿ ਭੁੱਖੇ ਢਿੱਡ ਤੁਰੇ ਜਾਂਦੇ ਮਜ਼ਦੂਰ ਰੋਟੀ ਲੈ ਸਕਣ/ ਪਾਣੀ ਲੈ ਸਕਣ। ਹਾਕਮਾਂ/ ਪਾਰਟੀਆਂ ਵੱਲੋਂ ਮਦਦ ਦਾ ਵਿਖਾਵੇ ਮੀਡੀਆ ਵੱਲੋਂ ਵਿਖਾਇਆ ਜਾ ਰਿਹਾ ਹੈ ਪਰ ਆਮ ਲੋਕਾਂ ਨੂੰ ਵੀ ਅੱਗੇ ਆ ਕੇ ਗਰੀਬ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ ਤਾਂ ਕਿ ਮਨੁੱਖਤਾ ਬਚੀ ਰਹੇ। ਮਨੁੱਖ ਰਹੇਗਾ ਤਾਂ ਹੀ ਦੇਸ਼ ਰਹੇਗਾ।

## ਜਲੰਧਰ 'ਚ ਕੋਰੋਨਾ ਨਾਲ 7ਵੀ ਮੌਤ, ਦੋ ਨਵੇਂ ਪਾਜ਼ੇਟਿਵ ਕੇਸ ਆਏ ਸਾਹਮਣੇ

ਜਲੰਧਰ : ਕੋਰੋਨਾ ਵਾਇਰਸ ਮਹਾਮਾਰੀ ਨੇ ਅੱਜ ਇਕ ਹੋਰ ਵਿਅਕਤੀ ਦੀ ਜਾਨ ਲੈ ਲਈ ਹੈ। ਇਸ ਦੇ ਨਾਲ ਹੀ ਜ਼ਿਲ੍ਹੇ 'ਚ ਕੋਰੋਨਾ ਨਾਲ ਮਰਨ ਵਾਲਿਆਂ ਦੀ ਗਿਣਤੀ 7 ਹੋ ਗਈ ਹੈ। ਮਰੀਜ਼ ਦੀ ਪਛਾਣ 69 ਸਾਲਾ ਸੰਤੋਸ਼ ਕੁਮਾਰੀ ਵਾਸੀ ਈਸ਼ਵਰ ਕਾਲੋਨੀ ਬਸਤੀ ਸ਼ੇਖ ਵਜੋਂ ਹੋਈ ਹੈ।




ਸਿਵਲ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਹਰਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਕਤ ਮਰੀਜ਼ ਦੀ ਰਿਪੋਰਟ 13 ਮਈ ਨੂੰ ਪਾਜ਼ੇਟਿਵ ਆਉਣ ਤੋਂ ਬਾਅਦ ਸਿਵਲ ਹਸਪਤਾਲ ਲਿਆਂਦਾ ਗਿਆ ਸੀ। ਸੰਤੋਸ਼ ਕੁਮਾਰੀ ਕਿਡਨੀ ਦੀ ਬਿਮਾਰੀ ਕਾਰਨ ਸ਼ਹਿਰ ਦੇ ਕਿਡਨੀ ਹਸਪਤਾਲ 'ਚ ਦਾਖਲ ਸੀ। ਇਲਾਜ ਦੌਰਾਨ ਉਸ ਨੂੰ ਸਾਹ ਦੀ ਤਕਲੀਫ ਹੋਣ ਤੋਂ ਬਾਅਦ ਕੋਰੋਨਾ ਦਾ ਟੈਸਟ ਕਰਵਾਇਆ ਗਿਆ ਸੀ ਤੇ ਉਹ ਪਾਜ਼ੇਟਿਵ ਆਈ ਸੀ। ਉਸ ਦਾ ਇਲਾਜ ਕਰ ਰਹੇ ਡਾਕਟਰਾਂ ਨੇ ਦੱਸਿਆ ਕਿ ਬੀਤੀ ਰਾਤ ਸੰਤੋਸ਼ ਕੁਮਾਰੀ ਦਾ ਡਾਇਲਸਿਸ ਕੀਤਾ ਜਾ ਰਿਹਾ ਸੀ ਤਾਂ ਉਸ ਦੀ ਹਾਲਤ ਗੰਭੀਰ ਹੋ ਗਈ ਸੀ। ਅੱਜ ਸਵੇਰੇ ਤੜਕੇ ਉਸ ਦੀ ਮੌਤ ਹੋ ਗਈ। ਇਸ ਦੇ ਨਾਲ ਹੀ ਪੰਜਾਬ 'ਚ ਕੋਰੋਨਾ ਨਾਲ ਮੌਤਾਂ ਦੀ ਗਿਣਤੀ 40 ਹੋ ਗਈ ਹੈ।

**ਜ਼ਿਲ੍ਹੇ ਦੇ ਦੋ ਮਰੀਜ਼ ਆਏ ਕੋਰੋਨਾ ਪਾਜ਼ੇਟਿਵ, ਕੁੱਲ ਗਿਣਤੀ 216 ਹੋਈ**

ਮੰਗਲਵਾਰ ਦਾ ਦਿਨ ਖਾਲੀ ਜਾਣ ਤੋਂ ਬਾਅਦ ਬੁੱਧਵਾਰ ਨੂੰ ਸ਼ਹਿਰ ਦੇ ਦੋ ਮਰੀਜ਼ ਕੋਰੋਨਾ ਪਾਜ਼ੇਟਿਵ ਆਏ ਹਨ। ਇਨ੍ਹਾਂ ਵਿਚ ਇਕ ਮਰੀਜ਼ ਕਰੋਲ ਬਾਗ ਲੱਧੇਵਾਲੀ ਦਾ ਰਹਿਣ ਵਾਲਾ ਹੈ ਜੋ ਕਿ ਲੁਧਿਆਣਾ ਦੇ ਹਸਪਤਾਲ ਵਿਚ ਦਾਖਲ ਹੈ। ਦੂਜਾ ਮਰੀਜ਼ ਕਸਬਾ ਆਦਮਪੁਰ ਦਾ ਹੈ ਜੋ ਕਿ ਸਿਵਲ ਹਸਪਤਾਲ ਜਲੰਧਰ ਵਿਚ ਦਾਖਲ ਹੈ। ਇਹ ਮਰੀਜ਼ ਬੀਤੇ ਦਿਨੀਂ ਹੀ ਦੁਬਈ ਤੋਂ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨੋਡਲ ਅਫਸਰ ਡਾ ਟੀਪੀ ਸਿੰਘ ਨੇ ਦੱਸਿਆ ਕਿ ਅੱਜ ਜ਼ਿਲ੍ਹੇ ਦੇ ਦੋ ਮਰੀਜ਼ ਪਾਜ਼ੇਟਿਵ ਆਏ ਹਨ।ਇਸ ਦੇ ਨਾਲ ਹੀ ਜ਼ਿਲ੍ਹੇ ਵਿਚ ਕੋਰੋਨਾ ਪਾਜ਼ੇਟਿਵ ਮਰੀਜ਼ਾਂ ਦੀ ਕੁੱਲ ਗਿਣਤੀ 216 ਤੱਕ ਪੁੱਜ ਗਈ ਹੈ ਉਧਰ ਅੱਜ ਸਿਵਲ ਹਸਪਤਾਲ ਪ੍ਰਸ਼ਾਸਨ ਨੇ ਚਾਰ ਮਰੀਜ਼ਾਂ ਨੂੰ ਛੁੱਟੀ ਦੇ ਕੇ ਘਰ ਭੇਜ ਦਿੱਤਾ ਹੈ।

# ਸ਼ੇਕਸਪੀਅਰ ਦੇ ਪਿੰਡ ਦਾ ਸਫਰ

ਜਸਵਿੰਦਰ ਸੰਧੂ



ਘੁੰਮਣ ਘੁਮਾਉਣ ਅਤੇ ਨਵੀਆਂ ਥਾਵਾਂ ਵੇਖਣ ਦਾ ਜਨੂੰਨ ਇਸ ਵਾਰ ਇੰਗਲੈਂਡ ਲੈ ਗਿਆ। ਸਾਹਿਤ ਪੜ੍ਹਨ ਦੀ ਮੱਸ ਹੋਣ ਕਰਕੇ ਲੰਡਨ ਪਹੁੰਚਦਿਆਂ ਹੀ 16ਵੀਂ ਸਦੀ ਦੇ ਮਹਾਨ ਲੇਖਕ ਵਿਲੀਅਮ ਸ਼ੇਕਸਪੀਅਰ ਦੇ ਪਿੰਡ ਜਾਣ ਦੀ ਇੱਛਾ ਜਾਗ ਪਈ। ਸਟਰੈਟਫੋਰਡ-ਅਪੌਨ-ਅਵੌਨ ਸ਼ੇਕਸਪੀਅਰ ਦੀ ਜਨਮ ਭੂਮੀ ਹੈ। ਅਪੌਨ ਅਵੌਨ ਦਰਿਆ ਦੇ ਕੰਢੇ ਵਸਿਆ ਇਹ ਪਿੰਡ ਹੁਣ ਕਸਬਾ ਬਣ ਚੁੱਕਾ ਹੈ। ਇਹ ਲੰਡਨ ਤੋਂ ਬਰਮਿੰਘਮ ਜਾਣ ਵਾਲੇ ਕੌਮੀ ਸ਼ਾਹ ਰਾਹ ਤੋਂ ਥੋੜ੍ਹਾ ਪਾਸੇ ਨੂੰ ਹਟ ਕੇ ਵਸਿਆ ਹੈ। ਲੰਡਨ ਤੋਂ ਲਗਭਗ 100 ਮੀਲ ਦੂਰ ਅਤੇ ਬਰਮਿੰਘਮ ਤੋਂ 28 ਮੀਲ ਦੀ ਦੂਰੀ 'ਤੇ ਵਸਿਆ ਹੈ ਸ਼ੇਕਸਪੀਅਰ ਦਾ ਪਿੰਡ।

ਉਸ ਮਹਾਨ ਨਾਟਕਕਾਰ ਦਾ ਘਰ ਵੇਖਣ ਦਾ ਚਾਅ ਮੇਰੇ ਮਨ ਵਿਚ ਬਹੁਤ ਸੀ। ਸੋ ਅਸੀਂ ਸ਼ੇਕਸਪੀਅਰ ਦੇ ਪਿੰਡ ਵੱਲ ਚਾਲੇ ਪਾ ਦਿੱਤੇ। ਲੰਡਨ ਤੋਂ ਨਿਕਲ ਕੇ ਅਸੀਂ ਕੌਮੀ ਸ਼ਾਹ ਰਾਹ 'ਤੇ ਚੜ੍ਹ ਗਏ ਜਿਸ ਨੂੰ ਇੱਥੇ ਮੋਟਰ ਵੇਅ ਕਿਹਾ ਜਾਂਦਾ ਹੈ। ਗੱਡੀ 100 ਮੀਲ ਦੀ ਗਤੀ 'ਤੇ ਭੱਜੀ ਜਾ ਰਹੀ ਸੀ, ਪਰ ਮੇਰੇ ਮਨ ਵਿਚ ਜਲਦ ਪਹੁੰਚਣ ਦੀ ਤਾਂਘ ਸੀ। ਏਨੀ ਤੇਜ਼ ਰਫ਼ਤਾਰ ਹੋਣ ਦੇ ਬਾਵਜੂਦ ਆਵਾਜਾਈ ਬਹੁਤ ਵਧੀਆ ਢੰਗ ਨਾਲ ਚੱਲ ਰਹੀ ਸੀ ਕਿਉਂਕਿ ਲੋਕ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਕਰਨੀ ਆਪਣਾ ਫ਼ਰਜ਼ ਸਮਝਦੇ ਹਨ। ਲਗਭਗ 1 ਘੰਟਾ 10 ਮਿੰਟ ਸਫ਼ਰ ਕਰਨ ਤੋਂ ਬਾਅਦ ਅਸੀਂ ਸ਼ੇਕਸਪੀਅਰ ਦੇ ਪਿੰਡ ਪਹੁੰਚੇ। ਵਿਲੀਅਮ ਸ਼ੇਕਸਪੀਅਰ ਦਾ ਜਨਮ ਇਸ ਜਗ੍ਹਾ 1564 ਈਸਵੀ ਵਿਚ ਹੋਇਆ। ਉਸ ਦਾ ਪਿਤਾ ਧਨਾਢ ਵਿਅਕਤੀ ਸੀ। ਸ਼ੇਕਸਪੀਅਰ ਆਪਣੇ ਮਾਂ ਬਾਪ ਦੀ ਤੀਜੀ ਔਲਾਦ ਸੀ। ਉਹ ਸਿਰਫ਼ ਸਕੂਲ ਤੱਕ ਹੀ ਪੜ੍ਹ ਸਕਿਆ। ਉਸ ਦੇ ਪਿਤਾ ਨੂੰ ਵਪਾਰ ਵਿਚ ਘਾਟਾ ਪੈ ਗਿਆ ਜਿਸ ਕਰਕੇ ਉਸ ਨੂੰ ਆਪਣੀ ਪੜ੍ਹਾਈ ਛੱਡਣੀ ਪਈ ਅਤੇ ਉਹ ਯੂਨੀਵਰਸਿਟੀ ਤੱਕ ਨਹੀਂ ਪੜ੍ਹ ਸਕਿਆ ਤੇ ਕੰਮ ਵਿਚ ਆਪਣੇ ਪਿਤਾ ਦੀ ਮੱਦਦ ਕਰਨ ਲੱਗਾ।

ਸਟਰੈਟਫਰਡ ਵਿਚ ਲੱਕੜੀ ਉਹ ਘਰ ਅੱਜ ਵੀ ਮੌਜੂਦ ਹੈ ਜਿਸ ਵਿਚ ਸ਼ੇਕਸਪੀਅਰ ਦਾ ਜਨਮ ਹੋਇਆ ਸੀ। ਬਰਤਾਨਵੀ ਸ਼ੈਲੀ ਦਾ ਇਹ ਘਰ ਅੱਜ ਵੀ ਉਸ ਤਰ੍ਹਾਂ ਸੰਭਾਲ ਕੇ ਰੱਖਿਆ ਹੋਇਆ ਹੈ। ਹੁਣ ਇਸ ਨੂੰ ਅਜਾਇਬਘਰ ਦਾ ਰੂਪ ਦੇ ਦਿੱਤਾ ਗਿਆ ਹੈ। ਇੱਥੇ ਹੀ ਉਸ ਦੇ ਬਚਪਨ ਦੇ ਦਿਨ ਬੀਤੇ, ਉਸ ਵੱਲੋਂ ਵਰਤੀਆਂ ਜਾਂਦੀਆਂ ਵਸਤਾਂ ਅੱਜ ਵੀ ਓਵੇਂ ਜਿਵੇਂ ਪਈਆਂ ਹਨ। ਦੁਨੀਆਂ ਦੇ ਹਰ ਕੋਨੇ ਤੋਂ ਸੈਲਾਨੀ ਇਸ ਨੂੰ ਵੇਖਣ ਆਉਂਦੇ ਹਨ। ਇਸ ਘਰ ਵਿਚ ਹੀ ਉਹ ਆਪਣੇ ਬੁਰੇ ਦਿਨਾਂ ਵਿਚ ਆਪਣੇ ਪਿਤਾ ਨਾਲ ਚਮੜੇ ਦੇ ਦਸਤਾਨੇ ਬਣਾਉਣ ਦਾ ਕੰਮ ਕਰਦਾ ਰਿਹਾ। ਦੁਨੀਆ ਭਰ ਦੇ ਲੇਖਕ ਇਸ ਥਾਂ ਨੂੰ ਸਾਹਿਤ ਦਾ ਮੱਕਾ ਮੰਨ ਕੇ ਸਿਜਦਾ ਕਰਦੇ ਹਨ। ਉਸ ਦੇ ਘਰ ਤੋਂ ਥੋੜ੍ਹੀ ਦੂਰ ਹੀ ਮੋੜ ਮੁੜਦਿਆਂ ਕਿੰਗ ਐਡਵਰਡ ਸਕੂਲ ਹੈ ਜਿੱਥੇ ਸ਼ੇਕਸਪੀਅਰ ਨੇ ਆਪਣੀ ਮੁੱਢਲੀ ਪੜ੍ਹਾਈ ਕੀਤੀ। ਇੱਥੇ ਉਸ ਨੇ ਗਰੀਕ ਤੇ ਲਾਤੀਨੀ ਭਾਸ਼ਾਵਾਂ ਦਾ ਗਿਆਨ ਵੀ ਹਾਸਲ ਕੀਤਾ ਸੀ।

ਉਸ ਦਾ ਪਿੰਡ ਹੁਣ ਸ਼ਹਿਰ ਬਣ ਚੁੱਕਾ ਹੈ। ਸਾਫ਼ ਸੁਥਰੀਆਂ ਸੜਕਾਂ। ਸਲੀਕੇ ਨਾਲ ਚਲਦੇ ਲੋਕ ਅਤੇ ਗਲੀਆਂ ਦੇ ਨਾਲ ਬਣੇ ਕੌਫ਼ੀ ਹਾਊਸ। ਇਨ੍ਹਾਂ ਕੌਫ਼ੀ ਹਾਊਸਾਂ 'ਚ ਬੈਠ ਕੇ ਸਾਹਿਤ ਦੇ ਰਸੀਏ ਸ਼ੇਕਸਪੀਅਰ ਦੇ ਨਾਟਕਾਂ 'ਤੇ ਚਰਚਾ ਕਰਦਿਆਂ ਇਸ ਜਗ੍ਹਾ ਦਾ ਆਨੰਦ ਮਾਣਦੇ ਹਨ। ਇੱਥੋਂ ਦੇ ਲੋਕਾਂ ਅੰਦਰ ਪੱਛਮ ਦੀ ਜ਼ਿੰਦਗੀ ਦੇ ਉਲਟ ਇਕ ਠਰ੍ਹੰਮਾ ਹੈ। ਲੋਕ ਸਹਿਜ ਅਵਸਥਾ ਵਿਚ ਵਿਚਰਦੇ ਹਨ। ਸੜਕਾਂ ਕਿਨਾਰੇ ਬਣੇ ਰੇਸਤਰਾਂ ਖਾਣ ਪੀਣ ਦੇ ਸ਼ੌਕੀਨਾਂ ਨੂੰ ਆਪਣੇ ਵੱਲ ਖਿੱਚਦੇ ਹਨ। ਸ਼ੇਕਸਪੀਅਰ ਦੀ ਰੌਇਲ ਸ਼ੇਕਸਪੀਅਰ ਕੰਪਨੀ ਵੱਲੋਂ ਚਲਾਇਆ ਜਾਂਦਾ ਰੌਇਲ ਸ਼ੇਕਸਪੀਅਰ ਥੀਏਟਰ ਵੀ ਵੇਖਣਯੋਗ ਥਾਂ ਹੈ ਜਿਸ ਵਿਚ ਅਲੱਗ ਅਲੱਗ ਨਾਟਕਾਂ ਦਾ ਮੰਚਨ ਕੀਤਾ ਜਾਂਦਾ ਹੈ। ਇਕ ਹਜ਼ਾਰ ਤੋਂ ਵੱਧ ਦਰਸ਼ਕਾਂ ਦੀ ਸਮਰੱਥਾ ਵਾਲਾ ਇਹ ਥੀਏਟਰ ਆਪਣੇ ਡਿਜ਼ਾਈਨ ਅਤੇ ਖ਼ੂਬਸੂਰਤੀ ਕਰਕੇ ਦਰਸ਼ਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਅਲੱਗ ਤਰ੍ਹਾਂ ਦੀ ਸਟੇਜ ਅਤੇ ਉੱਚ ਕੋਟੀ ਦੇ ਨਾਟਕਾਂ ਦਾ ਮੰਚਨ ਨਾਟਕ ਪ੍ਰੇਮੀਆਂ ਲਈ ਵਰਦਾਨ ਹੈ।

ਸ਼ੇਕਸਪੀਅਰ ਦੀ ਪਤਨੀ ਐਨੀ ਹੈਥਵੇ ਆਪਣੇ ਬਚਪਨ ਵਿਚ ਜਿਸ ਘਰ ਵਿਚ ਰਹਿੰਦੀ ਸੀ ਉਸ ਨੂੰ ਐਨੀ ਹੈਥਵੇ ਕਾਟੇਜ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਉਸ ਦੇ ਪਿੰਡ ਤੋਂ 1 ਮੀਲ ਦੂਰ ਬਣਿਆ ਫਾਰਮ ਹਾਊਸ ਹੈ। ਇਹ ਇਕ ਖੁੱਲ੍ਹਾ-ਡੁੱਲਾ ਘਰ ਹੈ ਜਿਸ ਨਾਲ ਉਸ ਦੇ ਪਰਿਵਾਰ ਦੀਆਂ ਯਾਦਾਂ ਜੁੜੀਆਂ ਹੋਈਆਂ ਹਨ। ਸੈਲਾਨੀ ਇੱਥੇ ਵੀ ਬਹੁਤ ਸ਼ੌਕ ਨਾਲ ਆਉਂਦੇ ਹਨ।

'ਹਾਲਸ ਕਰਾਫਟ' ਵਿਲੀਅਮ ਸ਼ੇਕਸਪੀਅਰ ਦੀ ਧੀ ਸੁਸਾਨਾ ਹਾਲ ਅਤੇ ਉਸ ਦੇ ਪਤੀ ਡਾ. ਜੌਹਨ ਹਾਲ ਦੀ ਪ੍ਰਾ-ਪਰਟੀ ਹੈ ਜਿਸ ਵਿਚ 16ਵੀਂ ਅਤੇ 17ਵੀਂ ਸਦੀ ਦੀ ਚਿੱਤਰਕਾਰੀ ਪ੍ਰਦਰਸ਼ਿਤ ਕੀਤੀ ਹੋਈ ਹੈ। ਇਹ ਕਮਾਲ ਦੀਆਂ ਕਲਾਕ੍ਰਿਤਾਂ ਵੇਖਣ ਵਾਲਿਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀਆਂ ਹਨ। ਇਸ ਤੋਂ ਇਲਾਵਾ ਅਪੌਨ ਅਵੌਨ ਦਰਿਆ ਵਿਚ ਕਿਸ਼ਤੀ ਦੇ ਝੂਟੇ ਲੈਂਦਿਆਂ ਬਹੁਤ ਸਾਰੇ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਾਣਿਆ ਅਤੇ ਬਹੁਤ ਸਾਰੇ ਪੰਛੀਆਂ ਨੂੰ ਨੇੜਿਓਂ ਤੱਕਿਆ ਜਾ ਸਕਦਾ ਹੈ। ਬੱਚਿਆਂ ਦੇ ਮਨੋਰੰਜਨ ਲਈ ਬਹੁਤ ਕਿਸਮ ਦੀਆਂ ਖੇਡਾਂ ਅਤੇ ਝੂਲੇ ਲੱਗੇ ਹੋਏ ਹਨ।

16ਵੀਂ ਸਦੀ ਦੇ ਇਸ ਮਹਾਨ ਲੇਖਕ ਦੀ ਕਲਾ ਦੇ ਨਾਲ ਨਾਲ ਉਸ ਦੇ ਜਨਮ ਸਥਾਨ ਨੂੰ ਸਾਂਭਣ ਵਾਲੇ ਦਿਮਾਗ਼ ਅਤੇ ਹੱਥਾਂ ਨੂੰ ਸਲਾਮ ਕਰਨਾ ਬਣਦਾ ਹੈ।

# ਕਰੋਨਾ ਸੰਕਟ ਦੇ ਦੌਰ ਵਿਚ ਮਨੁੱਖ ਦੀ ਘਾੜਤ

ਜਗਵਿੰਦਰ ਜੋਧਾ

ਪੂਰੇ ਸੰਸਾਰ ਵਿਚ ਕਰੋਨਾਵਾਇਰਸ ਦੇ ਫੈਲਾਅ ਦੀਆਂ ਖ਼ਬਰਾਂ ਇਸ ਸਾਲ ਦੇ ਆਰੰਭ ਨਾਲ ਹੀ ਭਾਰਤੀ ਬਰੂਹਾਂ 'ਤੇ ਪਹੁੰਚ ਗਈਆਂ ਸਨ। ਹਮੇਸ਼ਾ ਭੈਅਭੀਤ ਰਹਿਣ ਵਾਲੀ ਤੇ ਖ਼ਬਰਾਂ ਰਾਹੀਂ ਘੜੀ ਜਾਂਦੀ ਸਾਡੀ ਮੱਧਲੀ ਜਮਾਤ ਇਸ ਬਿਪਤਾ ਦੇ ਸਿੱਟੇ ਤੇ ਹਾਲਾਤ ਵਿਚਾਰਨ ਲੱਗੀ ਸੀ। ਕ੍ਰਿਕਟ ਮੈਚ ਦੇ ਸਕੋਰ ਵਾਂਗ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿਚ ਪੀੜਤਾਂ ਦੇ ਅੰਕੜੇ ਦਫ਼ਤਰਾਂ ਵਿਚ ਵਿਚਾਰੇ ਜਾਣ ਲੱਗੇ। ਮਾਰਚ ਆਉਂਦੇ ਆਉਂਦੇ ਹਾਲਾਤ ਇਹ ਹੋ ਗਏ ਕਿ ਪੜ੍ਹੀ-ਲਿਖੀ ਜਮਾਤ ਗੂਗਲ ਤੋਂ ਬਿਮਾਰੀ ਦੇ ਮਾਰੂ ਪ੍ਰਭਾਵਾਂ ਦੇ ਨਾਲ ਨਾਲ ਲੱਛਣਾਂ ਬਾਰੇ ਖੋਜਣ ਲੱਗੀ। ਫਿਰ ਦੁਨੀਆ ਦੀਆਂ ਮਸ਼ਹੂਰ ਹਸਤੀਆਂ ਦੇ ਪੀੜਤ ਹੋਣ ਦੀਆਂ ਅੱਧੀਆਂ ਕੱਚੀਆਂ-ਪੱਕੀਆਂ ਖ਼ਬਰਾਂ ਫ਼ਿਜ਼ਾ ਵਿਚ ਤੈਰਨ ਲੱਗੀਆਂ। ਜਸਟਿਨ ਟਰੂਡੋ ਦੀ ਬੀਵੀ, ਟੌਮ ਹਾਂਕਸ, ਰੌਬਰਟ ਹਾਈਨਸ, ਫੈਬਰਿਕ ਮਾਰਗੋਜ਼ਾ ਆਦਿ ਸਿਆਸਤ, ਫ਼ਿਲਮਾਂ, ਖੇਡ ਤੇ ਸੰਗੀਤ ਜਗਤ ਦੀਆਂ ਹਸਤੀਆਂ ਦੇ ਪੀੜਤ ਹੋਣ ਦੀਆਂ ਅਫ਼ਵਾਹਾਂ ਟੀ.ਵੀ. ਚੈਨਲਾਂ ਤੋਂ ਗੂੰਜੀਆਂ। ਭਾਰਤ ਦੀ ਪੜ੍ਹੀ ਲਿਖੀ ਜਮਾਤ ਚਿੰਤਾਤੁਰ ਹੋਈ ਤੇ ਅਗਾਂਹ ਬਾਰੇ ਸੋਚਣ ਲੱਗੀ। ਹੱਥ ਮਿਲਾਉਣ, ਨਾ-ਮਿਲਾਉਣ ਬਾਰੇ ਲਤੀਫ਼ੇ ਚੱਲ ਪਏ। ਟਾਵੇਂ-ਟਾਵੇਂ ਚਿਹਰਿਆਂ ਉੱਪਰ ਮਾਸਕ ਵੀ ਦਿਸਣ ਲੱਗੇ। ਸੋਸ਼ਲ ਮੀਡੀਆ ਉੱਪਰ ਖੰਘ, ਛਿੱਕ ਨਾਲ ਜੁੜੇ ਮੈਸਜ ਕਰੋਨਾ ਨਾਲੋਂ ਵੀ ਤੇਜ਼ ਰਫ਼ਤਾਰ ਨਾਲ ਪ੍ਰਸਾਰਿਤ ਹੋਏ। ਇਹ ਸਭ ਮਾਰਚ ਦੇ ਤੀਜੇ ਹਫ਼ਤੇ ਤਕ ਭਾਰਤੀ ਲੋਕਾਂ ਦਾ ਪਸੰਦੀਦਾ ਸ਼ੁਗਲ ਸੀ। ਇਸ ਦੇ ਨਾਲ ਹੀ ਮਜ਼ਦੂਰ ਜਮਾਤ ਇਸ ਸਭ ਦੇ ਬਾਵਜੂਦ ਆਪਣੀ ਰੋਟੀ ਕਮਾਉਣ ਵਿਚ ਮਸ਼ਰੂਫ਼ ਸੀ। ਟੀ.ਵੀ. ਚੈਨਲ ਆਪਣੇ ਪਸੰਦੀਦਾ ਮਜ਼ਮੂਨ 'ਹਿੰਦੂ-ਮੁਸਲਮਾਨ' ਜਾਂ 'ਭਾਰਤ-ਪਾਕਿਸਤਾਨ' ਨੂੰ ਛੱਡ ਕੇ ਕਰੋਨਾ ਦੀ ਭਿਆਨਕਤਾ ਵੱਲ ਹੋ ਤੁਰੇ। ਇਸ ਸਭ ਦੇ ਦਰਮਿਆਨ ਰਾਸ਼ਟਰਵਾਦ ਦਾ ਮਕਬੂਲ ਸੌਦਾ ਵੇਚਣ ਲਈ ਚੈਨਲਾਂ ਨੇ ਇਸ ਬਿਮਾਰੀ ਦਾ ਮੂਲ ਚੀਨ ਨਾਲ ਜੋੜਿਆ ਤੇ ਉੱਥੋਂ ਦੀ ਵਿਵਸਥਾ ਨੂੰ ਰੱਜ ਕੇ ਕੋਸਿਆ। ਭਾਰਤੀ ਮੱਧਲੀ ਜਮਾਤ ਨੇ ਖੱਬੀ ਰਾਜਨੀਤੀ ਪ੍ਰਤੀ ਆਪਣੇ ਸੌਖੇ ਹੀ ਬਣੇ ਵਿਚਾਰਾਂ ਦੇ ਨਿਭਾਅ ਲਈ ਇਸ ਬਿਮਾਰੀ ਨੂੰ ਚੀਨ ਵੱਲੋਂ ਜਾਣ-ਬੁੱਝ ਕੇ ਚਲਾਏ ਹੋਣ ਦੀ ਸਿੱਧੜ ਧਾਰਨਾ ਨੂੰ ਵੀ ਸਵੀਕਾਰ ਕਰ ਲਿਆ। ਇਸੇ ਦੌਰਾਨ ਸਾਡੇ ਪ੍ਰਧਾਨ ਮੰਤਰੀ ਟੀ.ਵੀ. ਸਕਰੀਨ ਉੱਪਰ ਨਮੂਦਾਰ ਹੋਏ। ਉਨ੍ਹਾਂ ਨੇ ਇਸ ਸੰਕਟ ਦੇ ਹੱਲ ਲਈ ਅਣਮਿੱਥੇ ਸਮੇਂ ਤਕ 'ਲੌਕਡਾਊਨ' ਦਾ ਐਲਾਨ ਕੀਤਾ। ਨੋਟਬੰਦੀ ਵਾਂਗ ਅਸੀਂ ਸ਼ਾਇਦ ਪਹਿਲਾਂ ਹੀ ਐਸੀ ਕਿਸੇ ਸਨਸਨੀ ਲਈ ਤਿਆਰ ਸਾਂ। ਲੌਕਡਾਊਨ ਦੇ ਅਨੁਵਾਦ ਲਈ ਦੇਸੀ ਮੀਡੀਆ ਨੇ ਤਾਲਾਬੰਦੀ ਸ਼ਬਦ ਘੜ ਲਿਆ। ਸਾਡੀਆਂ ਕਈ ਪੀੜ੍ਹੀਆਂ ਨੇ ਇਹ ਸ਼ਬਦ ਰਾਜਸੀ ਵਿਰੋਧੀਆਂ ਦੀ ਨਜ਼ਰਬੰਦੀ ਵਜੋਂ ਸੁਣਿਆ ਸੀ। ਇਹ ਨਵਾਂ ਤਜਰਬਾ ਦੁਨੀਆ ਦੇ ਬਹੁਤੇ ਮੁਲਕਾਂ ਵਿਚ ਮਾੜੇ-ਮੋਟੇ ਫ਼ਰਕ ਨਾਲ ਲਾਗੂ ਕੀਤਾ ਗਿਆ। ਸ਼ਾਇਦ ਦੁਨੀਆ ਦੇ ਇਸ 'ਸਭ ਤੋਂ ਵੱਡੇ ਲੋਕਤੰਤਰ' ਦੇ ਲੋਕਾਂ ਉੱਪਰ ਸ਼ਾਸਕ ਧਿਰਾਂ ਦੀ ਬੇਯਕੀਨੀ ਹੀ ਸੀ ਕਿ ਨਾਲ ਕਰਫਿਊ ਨੂੰ ਵੀ ਜੋੜਿਆ ਗਿਆ। ਅਗਲੇ ਕੁਝ ਦਿਨ ਲੋਕਾਂ ਲਈ ਬੇਹੱਦ ਔਖ ਭਰੇ ਸਨ। ਦੂਜੀ ਆਲਮੀ ਜੰਗ ਤੋਂ ਬਾਅਦ ਪਹਿਲੀ ਵਾਰ ਏਨੀ ਬੁਰੀ ਤਰ੍ਹਾਂ ਸਮਾਜਿਕ ਗਤੀ ਨੂੰ ਖ਼ਾਸ ਦਿਸ਼ਾ ਵੱਲ ਤੋਰਿਆ ਗਿਆ। ਪੰਜਾਬ ਸੰਕਟ ਦੌਰਾਨ ਕਰਫ਼ਿਊ ਦਾ ਅਨੁਭਵ ਮੇਰੀ ਪੀੜ੍ਹੀ ਨੂੰ ਚੱਜ ਨਾਲ ਯਾਦ ਨਹੀਂ। ਇਸ ਦੇਸ਼ ਦੀ ਅਠਾਹਟ ਫ਼ੀਸਦੀ ਜਨਤਾ ਤਾਂ ਪੈਦਾ ਹੀ ਉਸ ਦੌਰ ਤੋਂ ਬਾਅਦ ਹੋਈ ਹੈ। ਪੰਜਾਬ ਵਿਚ ਅੱਠਵੰਜਾ ਫ਼ੀਸਦੀ ਲੋਕ ਉਸ ਪੀੜ੍ਹੀ ਵਿੱਚੋਂ ਹਨ ਜੋ ਵਿਸ਼ਵੀ ਪੂੰਜੀ ਦੇ ਲੁਭਾਵਣੇ ਦੌਰ 'ਚ ਪੈਦਾ ਹੋਈ ਹੈ। ਉਨ੍ਹਾਂ ਦੀ ਤਰਬੀਅਤ ਆਸੇ-ਪਾਸੇ ਦੇ ਸ਼ੋਰੀਲੇ ਸੰਗੀਤ, ਮਹਿਫ਼ਿਲੀ ਮਾਨਸਿਕਤਾ ਤੇ ਚਮਕ-ਦਮਕ ਵਾਲੇ ਮਾਹੌਲ ਨੇ ਪ੍ਰਭਾਵਿਤ ਕੀਤੀ ਹੈ। ਘਰ ਦੀ ਚਾਰਦੀਵਾਰੀ ਦੀ ਕੈਦ ਇਸ ਖਪਤਕਾਰੀ ਸਮਾਜ ਲਈ ਕੈਦ ਨਾਲੋਂ ਕਿਵੇਂ ਵੀ ਘੱਟ ਨਹੀਂ ਸੀ। ਨਤੀਜਨ ਨੌਜਵਾਨ ਆਪਣੇ ਵਾਹਨਾਂ ਉੱਪਰ ਸੜਕਾਂ ਉੱਪਰ ਨਵੀਂ ਤਰ੍ਹਾਂ ਦੀ ਸ਼ਾਂਤੀ ਨੂੰ ਅਨੁਭਵ ਕਰਨ ਲਈ ਨਿਕਲੇ। ਪੁਲੀਸ ਨੇ ਆਪਣੇ ਜਾਣੇ-ਪਛਾਣੇ ਅੰਦਾਜ਼ ਵਿਚ ਲੋਕਾਂ ਨੂੰ 'ਸਮਝਾਇਆ'। ਇਸ ਮਾਹੌਲ ਨੂੰ ਭੈਅ ਦੇ ਰੂਪ 'ਚ ਪ੍ਰਸਾਰਿਤ ਕਰਨ ਲਈ ਇਸ ਬਰਬਰ ਕੁੱਟ-ਮਾਰ ਨੂੰ ਖ਼ੁਦ ਪ੍ਰਸ਼ਾਸਨ ਨੇ ਹੀ ਫਿਲਮਾਇਆ ਤੇ ਸੋਸ਼ਲ ਮੀਡੀਆ ਉੱਪਰ ਚਲਾਇਆ। ਘਰਾਂ ਵਿਚ ਬੰਦ ਲੋਕਾਂ ਨੂੰ ਜਿਵੇਂ ਮਨੋਰੰਜਨ ਦਾ ਨਵਾਂ ਆਹਰ ਮਿਲ ਗਿਆ। ਕੁੱਟ-ਮਾਰ ਦੀਆਂ ਇਨ੍ਹਾਂ ਵੀਡੀਓਜ਼ ਨੂੰ ਮਜ਼ਾਹੀਆ ਅੰਦਾਜ਼ 'ਚ ਫੈਲਾਉਂਦੇ ਲੋਕ ਭੁੱਲ ਹੀ ਗਏ ਕਿ ਇਹ ਸਾਡੇ ਹੀ ਮੁਲਕ ਵਿਚ ਸਾਡੇ ਹੀ ਲੋਕਾਂ ਨਾਲ ਵਾਪਰ ਰਿਹਾ ਹੈ। ਅਚਾਨਕ ਹੀ ਬਾਹਰ ਨਿਕਲਣ ਵਾਲੇ ਲੋਕ ਸਮਾਜ ਦੇ ਸਭ ਤੋਂ ਵੱਡੇ ਗੁਨਾਹਗਾਰ ਜਾਪਣ ਲੱਗੇ ਤੇ ਉਨ੍ਹਾਂ ਦੇ ਪੈਂਦੀਆਂ ਡਾਂਗਾਂ ਨੇ ਅਜੀਬ ਜਿਹੇ ਸਕੂਨ ਨਾਲ ਲੋਕਾਂ ਦੇ ਮਨ ਭਰ ਦਿੱਤੇ।



ਇਸ ਦੌਰ ਨੇ ਬਚਾਅ ਦੇ ਨਵੇਂ ਮਾਧਿਅਮ ਤੇ ਤਰੀਕੇ ਮਨੁੱਖ ਨੂੰ ਦਿੱਤੇ। ਇਨ੍ਹਾਂ ਵਿਚੋਂ ਸਭ ਤੋਂ ਅਹਿਮ ਸੋਸ਼ਲ ਡਿਸਟੈਂਸਿੰਗ ਜਾਂ 'ਸਮਾਜਿਕ ਵਿੱਥ' ਸੀ। ਇਹ ਗੱਲ ਭਾਵੇਂ ਸੁਣਨ ਵਿਚ ਨਵੀਂ ਹੋਵੇ, ਪਰ ਭਾਰਤੀਆਂ ਲਈ ਅਜੀਬ ਜਾਂ ਅਣਜਾਣੀ ਹਰਗਿਜ਼ ਨਹੀਂ ਸੀ। ਜਿਸ ਸਮਾਜ ਦੀ ਉਸਾਰੀ ਹੀ ਵਿੱਥਾਂ ਉੱਪਰ ਹੋਈ ਹੋਵੇ ਤੇ ਜਿਸ ਸਮਾਜ ਦੇ ਮਨੁੱਖ ਨੂੰ ਜਨਮ ਤੋਂ ਹੀ ਵਿੱਥਾਂ ਵਿਚ ਵੰਡ ਕੇ ਵੇਖਿਆ, ਸਮਝਿਆ ਤੇ ਵਿਆਖਿਆਇਆ ਜਾਂਦਾ ਹੋਵੇ ਉਸ ਸਮਾਜ ਲਈ ਵਿੱਥ ਅਲੋਕਾਰੀ ਗੱਲ ਤਾਂ ਹੋ ਹੀ ਨਹੀਂ ਸਕਦੀ। ਨਾਲੇ ਇਹ ਸਮਾਜਿਕ ਵਿੱਥ ਤਾਂ ਭੌਤਿਕ ਦੂਰੀ ਦਾ ਸਿਧਾਂਤ ਹੀ ਹੈ ਜਦੋਂਕਿ ਭਾਰਤੀ ਸਮਾਜ ਤਾਂ ਆਪਣੀ ਮੂਲ ਸੰਰਚਨਾ ਵਿਚ ਹੀ ਜਾਤਾਂ, ਗੋਤਾਂ, ਧਰਮਾਂ, ਕਬੀਲਿਆਂ ਤੇ ਲਿੰਗ ਆਧਾਰਿਤ ਵਿੱਥਾਂ ਵਿਚ ਵੰਡਿਆ ਹੋਇਆ ਹੈ। ਗਿਆਨ ਵਿਗਿਆਨ ਦੇ ਪਸਾਰ ਅਤੇ ਸਮੇਂ ਸਥਾਨ ਨਾਲ ਵੀ ਇਨ੍ਹਾਂ ਵਿੱਥਾਂ ਦੀ ਖਾਈ ਗਹਿਰਾਈ ਹੀ ਹੈ। ਸੋ ਇਸ ਸਮਾਜ ਨੂੰ ਦੂਜੇ ਵੱਲੋਂ ਬਿਮਾਰੀ ਦਾ ਸੰਕੇਤ ਮੰਨਣ ਤੇ ਉਸ ਨਾਲੋਂ ਵਿੱਥ ਬਣਾ ਕੇ ਤੁਰਨ ਦੀ ਜਾਚ ਸਿਖਾਉਣਾ ਕਿਵੇਂ ਵੀ ਅਜੀਬ ਨਹੀਂ ਲੱਗਦਾ। ਜਿਸ ਦੇਸ਼ ਵਿਚ ਬਸ ਦੀ ਨਾਲ ਵਾਲੀ ਸੀਟ 'ਤੇ ਬੈਠੀ ਸਵਾਰੀ ਦੀ ਧਾਰਮਿਕ ਦਿੱਖ ਇਹ ਨਿਰਧਾਰਤ ਕਰਦੀ ਹੈ ਕਿ ਸਫ਼ਰ ਦੌਰਾਨ ਉਸ ਬਾਰੇ ਕੀ ਵਿਚਾਰ ਰੱਖਣੇ ਹਨ, ਜਿਸ ਸਮਾਜ ਵਿਚ ਅੱਜ ਵੀ ਕਿਸੇ ਖ਼ਾਸ ਜਾਤੀ ਵਿਚ ਪੈਦਾ ਹੋਏ ਲੋਕ ਆਪਣੇ ਬੱਚਿਆਂ ਦੇ ਹੋਰ ਜਾਤੀ ਦੇ ਲੋਕਾਂ ਨਾਲ ਪੜ੍ਹਨ, ਖੇਡਣ ਅਤੇ ਖਾਣ ਨੂੰ ਹਿਕਾਰਤ ਨਾਲ ਦੇਖਦੇ ਹੋਣ, ਜਿਸ ਸਮਾਜ ਵਿਚ ਔਰਤ ਨੂੰ ਨੀਵੇਂ ਦਰਜੇ ਦਾ ਜੀਵ ਮੰਨਣ ਨੂੰ ਧਾਰਮਿਕ ਮਾਨਤਾ ਮਿਲੀ ਹੋਵੇ; ਏਨਾ ਹੀ ਨਹੀਂ ਉਸ ਸਮਾਜ ਦੀਆਂ ਆਰਥਿਕ ਵਿੱਥਾਂ ਅਕਲ ਤੇ ਲਿਆਕਤ ਨੂੰ ਨਿਰਧਾਰਤ ਕਰਦੀਆਂ ਹੋਣ; ਉੱਥੇ ਇਹ ਭੌਤਿਕ ਸਮਾਜਿਕ ਵਿੱਥ ਪੁਰਾਣੀਆਂ ਆਦਤਾਂ 'ਤੇ ਉੱਸਰਿਆ ਨਵਾਂ ਪ੍ਰਯੋਗ ਹੀ ਸੀ। ਇਸ ਵਿੱਥ ਨੂੰ ਹਵਾ ਉਦੋਂ ਮਿਲੀ ਜਦੋਂ ਦਿੱਲੀ ਵਿਚ ਇੱਕਤਰ ਹੋਏ ਤਬਲੀਗੀ ਜਮਾਤੀਆਂ ਨੂੰ ਕਰੋਨਾ ਦੇ ਫੈਲਾਅ ਦਾ ਕਾਰਨ ਸਮਝ ਕੇ ਹਰ ਮੁਸਲਮਾਨ ਨੂੰ ਹਿਕਾਰਤ ਨਾਲ ਦੇਖਣ ਦਾ ਰੁਝਾਨ ਸਾਹਮਣੇ ਆਇਆ। ਰਾਜਪੁਰੇ 'ਚ ਕਿਸੇ ਹੁੱਕਾ ਪਾਰਟੀ ਵਿਚ ਸ਼ਾਮਿਲ ਲੋਕਾਂ ਨੂੰ ਕਰੋਨਾ ਦਾ ਕਾਰਨ ਕਹਿ ਕੇ ਰੱਜ ਕੇ ਲਾਹਣਤ-ਮਲਾਮਤ ਹੋਈ। ਇਹੀ ਨਹੀਂ, ਪਰਵਾਸੀ ਪੰਜਾਬੀਆਂ ਨਾਲ ਇਸ ਸਾਰੇ ਪ੍ਰਕਰਣ ਦੌਰਾਨ ਜਿਸ ਤਰ੍ਹਾਂ ਵਿਹਾਰ ਕੀਤਾ ਗਿਆ, ਉਹ ਸ਼ਰਮਨਾਕ ਸੀ। ਪੰਜਾਬ ਦੇ ਵੱਡੇ ਹਿੱਸੇ ਦੇ ਆਰਥਿਕ ਵਿਕਾਸ ਵਿਚ ਪਰਵਾਸੀ ਪੰਜਾਬੀਆਂ ਦੇ ਇਤਿਹਾਸਕ ਯੋਗਦਾਨ ਨੂੰ ਦਰਕਿਨਾਰ ਕਰਕੇ ਉਨ੍ਹਾਂ ਨੂੰ ਕਰੋਨਾ ਫੈਲਾਉਣ ਵਾਲੇ ਮੰਨ ਲਿਆ ਗਿਆ ਤੇ ਸਮਾਜ ਦੇ ਕਿਸੇ ਵੀ ਤਬਕੇ ਨੇ ਇਸ ਵਿਰੁੱਧ ਆਵਾਜ਼ ਨਹੀਂ ਉਠਾਈ। ਚੜ੍ਹਦੇ ਪੰਜਾਬ ਦੇ ਵੰਡ ਮਗਰੋਂ ਦੇ ਸਮਾਜ ਵਿਚ ਮੁਸਲਿਮ ਘੱਟਗਿਣਤੀਆਂ ਦੀ ਪ੍ਰਤੀਨਿਧਤਾ ਗੁੱਜਰ ਭਾਈਚਾਰੇ ਨੇ ਕੀਤੀ ਹੈ। ਪਹਾੜੀ ਖੇਤਰਾਂ ਤੋਂ ਆਏ ਪਸ਼ੂ-ਪਾਲਕ ਮੁਸਲਿਮ ਗੁੱਜਰ ਸਮਾਜ ਦਾ ਪੰਜਾਬ ਵਿਚ ਹਿੱਸਾ ਛੇ ਦਹਾਕਿਆਂ ਤੋਂ ਲੰਮੇ ਸਮੇਂ ਵਿਚ ਫੈਲਿਆ ਹੈ। ਬਹੁਤੇ ਪਿੰਡਾਂ ਵਿਚ ਗੁੱਜਰਾਂ ਨੇ ਪੱਕੇ ਟਿਕਾਣੇ ਬਣਾ ਕੇ ਆਪਣੇ ਖਾਨਾਬਦੋਸ਼ੀ ਵਾਲੇ ਜੀਵਨ ਵਿਹਾਰ ਨੂੰ ਤਿਆਗਿਆ ਹੈ ਤੇ ਆਪਣੇ ਧੰਦੇ ਨੂੰ ਬਾਕਾਇਦਾ ਢੰਗ ਨਾਲ ਕੀਤਾ ਹੈ। ਤਬਲੀਗੀ ਜਮਾਤ ਨੂੰ ਕਰੋਨਾ ਨਾਲ ਜੋੜ ਕੇ ਦੇਖਣ ਦੇ ਰੁਝਾਨ ਤੋਂ ਬਾਅਦ ਪੰਜਾਬ ਦੇ ਕਈ ਪਿੰਡਾਂ ਵਿਚ ਗੁੱਜਰਾਂ ਦੇ ਸਮਾਜਿਕ ਬਾਈਕਾਟ ਦੀਆਂ ਖ਼ਬਰਾਂ ਆਈਆਂ। ਕੱਚੇ ਟਿਕਾਣੇ ਵਾਲੇ ਗੁੱਜਰਾਂ ਨੂੰ ਉਠਾਇਆ ਵੀ ਗਿਆ ਤੇ ਅੱਗੋਂ ਜ਼ਿਮੀਂਦਾਰ ਸਮਾਜ ਨੂੰ ਗੁੱਜਰਾਂ ਨੂੰ ਰਿਹਾਇਸ਼ ਲਈ ਜ਼ਮੀਨ ਨਾ ਦੇਣ ਲਈ ਸਮਾਜਿਕ ਫ਼ੁਰਮਾਨ ਜਾਰੀ ਕਰਨਾ ਇਕ ਸਮਾਜ ਲਈ ਤੰਦਰੁਸਤ ਰੁਝਾਨ ਕਿਵੇਂ ਕਿਹਾ ਜਾ ਸਕਦਾ ਹੈ?

ਇਸ ਸੰਕਟ ਦੌਰਾਨ ਮਨੁੱਖ ਦੀ ਸੂਚਨਾ ਦੇ ਸਰੋਤ ਬਦਲੇ ਹਨ। ਅਖ਼ਬਾਰਾਂ ਆਧੁਨਿਕ ਯੁੱਗ ਦੇ ਨਾਲ ਹੀ ਸੂਚਨਾ ਦੇ ਪ੍ਰਸਾਰਣ ਦਾ ਸਰੋਤ ਬਣੀਆਂ ਸਨ। ਭਾਵੇਂ ਉਸ ਦੌਰ ਨੂੰ ਗੁਜ਼ਰਿਆਂ ਹੁਣ ਜ਼ਮਾਨਾ ਬੀਤ ਗਿਆ ਹੈ। ਬਿਜਲਈ ਮੀਡੀਆ ਦਾ ਜੋ ਸੱਤਾ ਪੱਖੀ ਰੂਪ ਲੋਕ ਰਾਇ ਨੂੰ ਘੜਨ ਲਈ ਭਾਰਤ ਵਿਚ ਸਾਹਮਣੇ ਆਇਆ ਉਹ ਦੁਰਲੱਭ ਸੀ। ਇਸੇ ਲੜੀ ਦੇ ਅਗਲੇ ਹਿੱਸੇ ਵਜੋਂ ਸੋਸ਼ਲ ਮੀਡੀਆ ਅਜੋਕੇ ਮਨੁੱਖ ਨੂੰ ਘੜ ਰਿਹਾ ਹੈ। ਜੇ ਇਸ ਧਾਰਨਾ ਨੂੰ ਰਤਾ ਕੁ ਬਦਲਾਅ ਨਾਲ ਸਵੀਕਾਰ ਕਰ ਲਿਆ ਜਾਵੇ ਕਿ ਮਨੁੱਖ ਭੌਤਿਕ ਹੋਂਦ ਨਾਲੋਂ ਵਿਚਾਰਕ ਹੋਂਦ ਵਾਲਾ ਜੀਵ ਵੱਧ ਹੈ ਤਾਂ ਉਸ ਦੇ ਵਿਚਾਰਾਂ ਨੂੰ ਘੜਨ ਲਈ ਸੂਚਨਾਵਾਂ ਬਹੁਤ ਅਹਿਮ ਹਨ। ਜੇ ਸੂਚਨਾਵਾਂ ਪਹਿਲਾਂ ਤੋਂ ਹੀ ਸਿਮਰਤੀਆਂ ਵਿਚ ਵਸਦੇ ਵਿਚਾਰਾਂ ਨੂੰ ਰੱਦ ਕਰਨ ਵਾਲੀਆਂ ਹੋਣ ਤਾਂ ਉਨ੍ਹਾਂ ਦੇ ਧਾਰਨੀ ਹੋਣ ਦੀ ਪ੍ਰਕਿਰਿਆ ਲੰਮੇਰੀ ਹੋਵੇਗੀ। ਪਰ ਜੇ ਅਵਚੇਤਨ ਤੋਂ ਮਿਲੇ ਜਾਤ, ਗੋਤ, ਨਸਲ, ਧਰਮ, ਫ਼ਿਰਕੇ, ਕਬੀਲੇ ਦੀ ਉੱਚਤਾ ਵਿਚ ਵੰਡ ਕੇ ਉਨ੍ਹਾਂ ਨੂੰ ਦ੍ਰਿੜ੍ਹ ਕਰਨ ਵਾਲੀ ਸੂਚਨਾ ਹੋਵੇ ਤਾਂ ਫੌਰਨ ਮਾਨਸਿਕ ਸਪੇਸ ਬਣਾ ਲਏਗੀ। ਇਹੀ ਕਾਰਜ ਸੋਸ਼ਲ ਮੀਡੀਆ ਦਾ ਇਕ ਭਾਗ ਕਰ ਰਿਹਾ ਹੈ। ਸੂਚ-ਨਾਵਾਂ ਨੂੰ ਬਿਨਾਂ ਵਿਚਾਰੇ ਅੱਗੇ ਤੋਰਨ ਦੀ ਕਾਹਲ ਵਿਸ਼ਲੇਸ਼ਣੀ ਬਿਰਤੀ ਨੂੰ ਸੁੰਨ ਕਰੀ ਰੱਖਦੀ ਹੈ। ਤਾਲਾਬੰਦੀ ਦੇ ਤੀਜੇ ਹਫ਼ਤੇ ਇਸ ਤਰ੍ਹਾਂ ਦੇ ਲਤੀਫ਼ੇ ਬਹੁਤ ਆਏ ਕਿ ਔਰਤਾਂ ਆਪਣੀ ਸਜਾਵਟ ਬਿਨਾਂ ਕਿਵੇਂ ਦੀਆਂ ਦਿਸਣ ਲੱਗਣਗੀਆਂ। ਉਨ੍ਹਾਂ ਦੇ ਭਰਵੱਟੇ ਵਧ ਜਾਣਗੇ, ਮੁੱਛਾਂ ਉੱਗ ਆਉਣਗੀਆਂ, ਉਹ ਲੌਕਡਾਊਨ ਖੁੱਲ੍ਹਣ ਤੋਂ ਬਾਅਦ ਢੇਰਾਂ ਖਰੀਦਦਾਰੀ ਕਰਨਗੀਆਂ ਆਦਿ। ਇਹ ਸਭ ਔਰਤ ਦੇ ਬਿੰਬ ਨੂੰ ਖਰਚੀਲੀ, ਵਸਤੂਵਾਦੀ ਤੇ ਮਸਨੂਈ ਸਾਬਿਤ ਕਰਨ ਦੀ ਮਰਦਾਵੀਂ ਸਥਾਪਤੀ ਦੀ ਕੋਸ਼ਿਸ਼ ਹੈ। ਲੌਕਡਾਊਨ ਦੌਰਾਨ ਜੇ ਕਿਸੇ ਧਿਰ ਦਾ ਕੰਮ ਬਿਲਕੁਲ ਬੰਦ ਨਹੀਂ ਹੋਇਆ ਤਾਂ ਉਹ ਔਰਤ ਹੀ ਹੈ। ਅਸੀਂ ਬਾਜ਼ਾਰੀ ਵਸਤਾਂ ਦੇ ਖਾਣ-ਪੀਣ ਬੰਦ ਹੋਣ 'ਤੇ ਸਿਹਤ ਉੱਪਰ ਪਏ ਹਾਂ-ਪੱਖੀ ਪ੍ਰਭਾਵਾਂ ਦੀ ਗੱਲ ਕਰਦਿਆਂ ਸ਼ਾਇਦ ਹੀ ਯਾਦ ਕੀਤਾ ਹੋਵੇ ਕਿ ਉਸ ਦੀ ਜਗ੍ਹਾ ਘਰੇਲੂ ਸੁਆਣੀਆਂ ਦੇ ਬਣਾਏ ਖਾਣੇ ਨੇ ਲਈ ਹੈ। ਇਸ ਦੇ ਨਾਲ ਹੀ ਅਜੀਬ ਅੰਕੜੇ ਸਾਹਮਣੇ ਆਏ। ਪੰਜਾਬ ਵਿਚ ਹੀ ਇਸ ਅਰਸੇ ਵਿਚ ਘਰੇਲੂ ਹਿੰਸਾ ਵਿਚ ਬੇਤਹਾਸ਼ਾ ਵਾਧਾ ਦਰਜ ਕੀਤਾ ਗਿਆ। ਇਸ ਦਾ ਅਰਥ ਹੈ ਕਿ ਬਾਹਰ ਨਾ ਜਾ ਸਕਣ ਦਾ ਸਾਰਾ ਰੋਸ ਵੀ ਔਰਤ ਉੱਪਰ ਹੀ ਨਿਕਲਿਆ।

ਇਸ ਸੰਕਟ ਦੌਰਾਨ ਕਈ ਐਸੇ ਵਰਤਾਰੇ ਸਾਹਮਣੇ ਆਏ ਜਿਨ੍ਹਾਂ ਦੇ ਅਸਰ ਬਹੁਤ ਦੂਰਗਾਮੀ ਨਜ਼ਰ ਆਉਂਦੇ ਹਨ। ਸਾਡੀਆਂ ਰਾਜਸੀ ਪਾਰਟੀਆਂ ਨੇ ਸੱਤਾ ਤਕ ਪਹੁੰਚਣ ਲਈ 'ਵੈਲਫੇਅਰ ਸਟੇਟ' ਨੂੰ ਆਟਾ-ਦਾਲ ਅਤੇ ਮੋਬਾਈਲ ਵੰਡਣ ਤਕ ਘਟਾ ਲਿਆ ਸੀ। ਉਸੇ ਵੰਡਾਰੇ ਦਾ ਵਿਹਾਰਕ ਚਿਹਰਾ ਕਰੋਨਾ ਸੰਕਟ ਦੌਰਾਨ ਦੀਆਂ ਮੰਗਾਂ ਵਿਚੋਂ ਝਲਕਦਾ ਸੀ। ਜਿੱਥੇ ਇਕ ਔਰਤ ਖਾਣ-ਪੀਣ ਦੀ ਰਸਦ ਦੇ ਨਾਲ ਹੀ ਮੋਬਾਈਲ ਫੋਨ ਦੀ ਮੰਗ ਕਰ ਰਹੀ ਸੀ। ਕਈ ਲੋਕ ਪਾਸਤਾ, ਨੂਡਲਜ਼ ਤੇ ਜਨਮ ਦਿਨ ਦੇ ਕੇਕ ਦੀ ਮੰਗ ਕਰਦੇ ਨਜ਼ਰ ਆਏ। ਇਕ ਅਜੀਬ ਤਰ੍ਹਾਂ ਦੀ ਮੁਫ਼ਤ-ਪਸੰਦੀ ਦਾ ਮਾਹੌਲ ਸਮਾਜ ਦੇ ਹੇਠਲੇ ਤਬਕੇ ਵਿਚ ਤਾਰੀ ਸੀ ਜੋ ਆਉਣ ਵਾਲੀਆਂ ਕਈ ਚੋਣਾਂ ਵਿਚ ਅਸਰਅੰਦਾਜ਼ ਰਹਿਣ ਦੇ ਪੱਕੇ ਆਸਾਰ ਹਨ।

ਸੰਕਟ ਹਰ ਮਨੁੱਖੀ ਸਮਾਜ ਦੀ ਹੋਣੀ ਹਨ ਤੇ ਮਾਨਵੀ ਇਤਿਹਾਸ ਅਸਲ ਵਿਚ ਸੰਕਟਾਂ ਦਾ ਇਤਿਹਾਸ ਹੀ ਹੈ। ਪਰ ਇਕ ਗੱਲ ਪੱਕੀ ਹੈ ਕਿ ਸੰਕਟਾਂ ਵਿੱਚੋਂ ਗੁਜ਼ਰਨ ਤੋਂ ਬਾਅਦ ਸਮਾਜ ਦੀ ਬਣਤਰ ਪਹਿਲਾਂ ਵਰਗੀ ਹਰਗਿਜ਼ ਨਹੀਂ ਰਹਿ ਜਾਂਦੀ। ਸੰਕਟ ਬਾਹਰੀ ਤਬਦੀਲੀ ਹੀ ਨਹੀਂ ਲਿਆਉਂਦੇ ਮਨੁੱਖੀ ਜ਼ਹਿਨੀਅਤ ਉੱਪਰ ਡੂੰਘੀਆਂ ਪੈੜਾਂ ਵੀ ਵਾਹ ਜਾਂਦੇ ਹਨ। ਕਈ ਸਮਾਜ ਸੰਕਟਾਂ ਵਿੱਚੋਂ ਲੰਘ ਕੇ ਇਕਮੁੱਠ ਵੀ ਹੋਏ, ਤਾਰੀਖ਼ ਇਸ ਦੀ ਸ਼ਾਹਦੀ ਭਰਦੀ ਹੈ। ਪਰ ਜਿਸ ਸੰਕਟ ਨਾਲ ਲੜਨ ਦੀ ਬੁਨਿਆਦ ਪਹਿਲਾਂ ਵਾਲੀਆਂ ਵਿੱਥਾਂ ਨੂੰ ਹੋਰ ਗਹਿਰਾਈ ਦੇਣ ਵਾਲੀ ਹੋਵੇ ਉਸ ਵਿਚੋਂ ਇਕਮੁੱਠਤਾ ਦੀ ਸੰਭਾਵਨਾ ਘੱਟ ਹੀ ਹੈ। ਪਿਛਲੇ ਸੱਤਰ ਸਾਲਾਂ ਦੇ ਇਤਿਹਾਸ ਨੇ ਪੰਜਾਬੀਆਂ ਨੂੰ ਸਿਖਾਇਆ ਹੈ ਕਿ ਸੰਕਟਾਂ ਵਿਚੋਂ ਲੰਘ ਕੇ ਸਮਾਜਿਕ ਵਿਹਾਰ ਬਦਲਿਆ ਹੈ। ਵੰਡ ਵੇਲੇ ਜੋ ਕੁਝ ਵਾਪਰਿਆ ਉਸ ਨੇ ਮੁਸਲਮਾਨਾਂ ਨਾਲ ਵਿਤਕਰੇ ਚੌੜੇ ਕੀਤੇ। ਪੰਜਾਬ ਸੰਕਟ ਨੇ ਹਿੰਦੂ-ਸਿੱਖ ਦੀ ਵੰਡ ਨੂੰ ਹੋਰ ਡੂੰਘੀ ਹੀ ਨਹੀਂ ਕੀਤਾ, ਉਸ ਨੂੰ ਇਤਿਹਾਸਕ ਤੌਰ 'ਤੇ ਲਾਜ਼ਮੀ ਵੀ ਬਣਾ ਦਿੱਤਾ। ਵਰਤਮਾਨ ਸੰਕਟ ਵਿਚੋਂ ਘੜਿਆ ਗਿਆ ਮਨੁੱਖ ਵੀ ਲਾਜ਼ਮੀ ਤੌਰ 'ਤੇ ਪਹਿਲਾਂ ਨਾਲੋਂ ਵੱਖਰਾ ਹੋਏਗਾ। ਉਸ ਦੇ ਅਨੁਭਵ ਅਜਿਹੇ ਵਿਚਾਰ ਉਸ ਨੂੰ ਦੇਣਗੇ ਜੋ ਹੋਰ ਮਨੁੱਖਾਂ ਪ੍ਰਤੀ ਸ਼ੰਕਾਮਈ ਤੇ ਨਫ਼ਰਤ ਨਾਲ ਭਰੇ ਵੀ ਹੋ ਸਕਦੇ ਹਨ। ਕਰੋਨਾ ਨਾਲ ਜੱਦੋਜਹਿਦ ਨੂੰ ਦੁਨੀਆ ਭਰ ਦੇ ਰਾਜਸੀ ਨੇਤਾਵਾਂ ਨੇ ਜੰਗ ਦੇ ਅਰਥਾਂ ਵਿਚ ਪੇਸ਼ ਕੀਤਾ। ਇਹ ਜੰਗ ਸਾਡੇ ਵਕਤ ਦੇ ਲੋਕਾਂ ਨੂੰ ਆਪਣੇ ਆਪ ਨਾਲ ਵੀ ਲੜਨੀ ਪਵੇਗੀ। ਨਹੀਂ ਤਾਂ ਕਰੋਨਾ ਗੁਜ਼ਰ ਜਾਏਗਾ, ਪਰ ਇਸ ਦੀ ਸਜ਼ਾ ਆਉਂਦੀਆਂ ਪੀੜ੍ਹੀਆਂ ਨੂੰ ਭੁਗਤਣੀ ਪਵੇਗੀ।

# ਜੀ. ਡੀ. ਗੱਡੂ ਨੂੰ ਨੀਲੇ ਝੰਡੇ ਨਾਲ ਆਖਰੀ ਸਲਾਮ

ਭਾਰਤ ਵਿੱਚ ਸਦੀਆਂ ਤੋਂ ਜਾਤ-ਪਾਤ ਦੇ ਨਾਮ ਤੇ ਭੇਦਭਾਵ ਕਾਇਮ ਰਿਹਾ ਹੈ। ਦੇਸ਼ ਵਿੱਚ ਰਹਿਣ ਵਾਲੇ ਇੱਕ ਵਿਸ਼ੇਸ਼ ਵਰਣ ਦੇ ਲੋਕ ਅਪਣੇ ਹੀ ਦੇਸ਼ ਦੇ ਲੋਕਾਂ ਦੇ ਗੁਲਾਮ ਰਹੇ ਹਨ। ਇਸ ਵਰਣ ਵਿਵਸਥਾ ਅਤੇ ਜਾਤ ਅਧਾਰਤ ਵਿਤਕਰੇ ਖਿਲਾਫ ਸਮੇਂ ਸਮੇਂ ਤੇ ਸਮਾਜ ਅਤੇ ਧਰਮ ਦੇ ਰਹਿਵਰਾਂ ਨੇ ਅਵਾਜ਼ ਉਠਾਈ ਹੈ ਅਤੇ ਇਸ ਸਮਾਜਿਕ ਢਾਂਚੇ ਨੂੰ ਬਦਲਣ ਦਾ ਕੰਮ ਕੀਤਾ ਹੈ। ਇਨ੍ਹਾਂ ਰਹਿਬਰਾਂ ਵਿੱਚ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਜਿਨ੍ਹਾਂ ਨੂੰ ਸਾਹਿਬ ਅਤੇ ਮਾਨਿਆਵਾਰ ਕਾਂਸ਼ੀ ਰਾਮ ਵੀ ਕਿਹਾ ਜਾਂਦਾ ਦਾ ਨਾਮ ਵੀ ਸ਼ਾਮਲ ਹੈ। ਬਾਬੂ ਕਾਂਸ਼ੀ ਰਾਮ ਨੇ ਲੱਖਾਂ ਅਛੂਤਾਂ ਵਾਂਗ ਅਛੂਤਾਂ ਨਾਂਲ ਹੋ ਰਹੇ ਗੈਰ ਮਨੁਖੀ ਵਿਤਕਰੇ ਨੂੰ ਅਪਣੇ ਅੱਖੀਂ ਵੇਖਿਆਂ ਅਤੇ ਕਈ ਵਾਰ ਆਪ ਹੰਢਾਇਆ। ਬਾਬੂ ਜੀ ਨੇ ਮਹਾਂਰਸ਼ਟਰ ਰਾਜ ਵਿੱਚ ਅਪਣੀ ਨੋਕਰੀ ਦੌਰਾਨ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੀਆਂ ਲਿਖਤਾਂ ਪੜ੍ਹੀਆਂ ਅਤੇ ਉਨ੍ਹਾਂ ਤੋਂ ਕਾਫੀ ਜਿਆਦਾ ਪ੍ਰਭਾਵਿਤ ਹੋਏ। ਇਨ੍ਹਾਂ ਨੂੰ ਲਾਗੂ ਕਰਵਾਣ ਲਈ ਦਲਿਤ ਆਗੂ ਬਾਬੂ ਕਾਂਸ਼ੀ ਰਾਮ ਨੇ ਸਾਰੀ ਉਮਰ ਸੰਘਰਸ਼ ਕੀਤਾ ਹੈ । ਇਸੇ ਸੰਘਰਸ਼ ਵਿੱਚ ਬਹੁਤ ਸਾਰੇ ਯੋਧੇ ਵਰਕਰ ਦੇ ਤੌਰ ਤੇ ਸਾਹਿਬ ਕਾਂਸ਼ੀ ਰਾਮ ਜੀ ਨਾਲ ਜੁੜਦੇ ਗਏ। ਜਿੰਨ੍ਹਾਂ ਵਿੱਚੋਂ ਸ੍ਰੀ ਜੀ.ਡੀ. ਗੱਡੂ (ਗੁਰਚਰਨ ਦਾਸ ਗੱਡੂ) ਵੀ ਇੱਕ ਸਨ। ਜਦੋਂ ਸਾਹਿਬ ਦੀ ਮੂਵਮੈਂਟ ਪੂਰੇ ਜ਼ੋਰਾਂ ਤੇ ਸੀ ਤਾਂ ਉਸ ਸਮੇਂ ਸ੍ਰੀ ਜੀ.ਡੀ. ਗੱਡੂ ਨੇ ਦਿਨ ਰਾਤ ਉਨ੍ਹਾਂ ਨਾਲ ਕੰਮ ਕੀਤਾ। ਸ੍ਰੀ ਜੀ.ਡੀ. ਗੱਡੂ ਦਾ ਜਨਮ 20 ਦਸੰਬਰ 1956 ਨੂੰ ਪਿਤਾ ਸ੍ਰੀ ਦਲੀਪਾ ਰਾਮ ਤੇ ਮਾਤਾ ਨਸੀਬ ਕੌਰ ਦੀ ਕੁੱਖੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਰੁੜਕੀ ਮੁਗਲਾਂ 'ਚ ਹੋਇਆ।






ਉਹਨ੍ਹਾਂ ਨੇ ਮੁੱਢਲੀ ਸਿੱਖਿਆ ਪਿੰਡ ਦੇ ਹੀ ਸਕੂਲ ਤੋਂ ਪ੍ਰਾਪਤ ਕੀਤੀ ਤੇ ਫਿਰ ਉਚੇਰੀ ਸਿੱਖਿਆ ਪ੍ਰਾਪਤ ਕਰਕੇ ਪੀ.ਡਬਲਯੂ.ਡੀ. ਮਹਿਕਮੇ ਵਿੱਚ ਬਤੌਰ ਇੰਜੀਨੀਅਰ ਨੌਕਰੀ ਕਰਨ ਲਗ ਗਏ। ਪ੍ਰੰਤੂ ਉਨ੍ਹਾਂ ਦੇ ਦਿਲ ਅੰਦਰ ਸਮਾਜ ਪ੍ਰਤੀ ਅਥਾਹ ਦਰਦ ਸੀ, ਉਨ੍ਹਾਂ ਨੇ ਨੌਕਰੀ ਦੀ ਪ੍ਰਵਾਹ ਨਾ ਕਰਦਿਆਂ ਸਾਹਿਬ ਕਾਂਸ਼ੀ ਰਾਮ ਦੀ ਹਰ ਮੂਵਮੈਂਟ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਉਹ 1998 'ਚ ਆਪਣੇ ਪਰਿਵਾਰ ਸਮੇਤ ਕੈਨੇਡਾ ਦੀ ਧਰਤੀ ਤੇ ਜਾ ਵਸੇ। ਉਨ੍ਹਾਂ ਵਿਦੇਸ਼ ਦੀ ਧਰਤੀ ਕਨੇਡਾ ਵਿੱਚ ਸਮਾਜ ਦੀਆਂ ਮਿਸ਼ਨਰੀ ਗਤੀਵਿਧੀਆਂ ਨਾਲ ਜੁੜ ਕੇ ਅਤੇ ਅਗਲੀ ਕਤਾਰ ਵਿੱਚ ਖੜ੍ਹੇ ਹੋਕੇ ਪੂਰੀ ਮਿਹਨਤ. ਲਗਨ, ਇਮਾਨਦਾਰੀ ਨਾਲ ਧਨੋ, ਮਨੋ ਅਤੇ ਤਨੋ ਬਹੁਜਨ ਸਮਾਜ ਦੇ ਲੋਕਾਂ ਨੂੰ ਉਨ੍ਹਾਂ ਦੇ ਬਣਦੇ ਹੱਕ-ਹਕੂਕ ਲੈਕੇ ਦੇਣ ਲਈ ਜੋ ਪ੍ਰਗਤੀਸ਼ੀਲ ਕਾਰਜ ਕੀਤੇ ਹਨ ਇਨ੍ਹਾਂ ਕਾਰਜਾਂ ਦੀ ਸ਼ਲਾਘਾ ਕਰਨੀ ਵੀ ਬਣਦੀ ਹੈ। ਇੰਜ. ਜੀ.ਡੀ. ਗੱਡੂ ਜੀ ਦੀ ਧਰਮਪਤਨੀ ਸ਼੍ਰੀਮਤੀ ਅਨੀਤਾ ਗੱਡੂ ਜੀ ਦਾ ਵੀ ਪੂਰਾ ਸਹਿਯੋਗ ਰਿਹਾ ਹੈ, ਜਦੋਂ ਵੀ ਇੰਜ. ਜੀ.ਡੀ. ਗੱਡੂ ਬਹੁਜਨ ਸਮਾਜ ਦੇ ਮਹਾਂਪੁਰਸ਼ਾਂ ਅਤੇ ਬਹੁਜਨ ਸਮਾਜ ਦੇ ਲੋਕਾਂ ਅਤੇ ਸਾਹਿਬ ਕਾਂਸ਼ੀਰਾਮ ਜੀ ਵਲੋਂ ਆਪਣੇ ਵਰਕਰਾਂ ਨੂੰ ਕੋਈ ਵੀ ਮੀਟਿੰਗ ਕਰਨ ਦਾ ਆਦੇਸ਼ ਦਿੰਦੇ ਤਾਂ ਉਸ ਸਮੇਂ ਹੀ ਇੰਜ. ਜੀ.ਡੀ. ਗੱਡੂ ਵਲੋਂ ਆਪਣੀ ਬਹੁਜਨ ਸਮਾਜ ਪਾਰਟੀ ਦੇ ਸਾਥੀਆਂ ਨਾਲ ਰਾਬਤਾ ਸ਼ੁਰੂ ਕਰ ਲੈਂਦੇ ਅਤੇ ਬਸਪਾ ਦੀਆਂ ਮੀਟਿੰਗਾਂ ਨੂੰ ਕਾਮਯਾਬ ਕਰਨ ਵਿੱਚ ਆਪਣੇ ਵਲੋਂ ਅਹਿਮ ਭੂਮਿਕਾ ਨਿਭਾਉਂਦੇ। ਬੀਤੀ 30 ਅਪ੍ਰੈਲ 2020 ਨੂੰ ਉਹ ਸਾਨੂੰ ਸਭ ਨੂੰ ਸਦੀਵੀਂ ਵਿਛੋੜਾ ਦੇ ਗਏ।ਜ਼ਿਨ੍ਹਾਂ ਦਾ ਅੰਤਿਮ ਸੰਸਕਾਰ ਵੈਨਕੂਵਰ - ਡੈਲਟਾ ਦੇ ਰਿਵਰਸਾਈਡ ਫਿਊਨਲ ਹੋਮ ਵਿੱਚ ਕੀਤਾ ਗਿਆ। ਉਪਰੰਤ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਵਿਚ ਅੰਤਿਮ ਅਰਦਾਸ ਕੀਤੀ ਗਈ ਅਤੇ ਵੱਖ ਵੱਖ ਬੁਲਾਰਿਆਂ ਨੇ ਉਨ੍ਹਾਂ ਨੂੰ ਭਾਵ ਭਿੰਨੀਆਂ ਸ਼ਖਸ਼ੀਅਤਾਂ ਅਰਪਿਤ ਕੀਤੀਆਂ। ਇਸ ਮੋਕੇ ਉਨ੍ਹਾਂ ਦੇ ਕਰੀਬੀ ਪਰਮਜੀਤ ਲਾਖਾ ਨੇ ਕਿਹਾ ਕਿ ਜਿੰਨ੍ਹਾਂ ਘਾਟਾ ਸਮਾਜ ਨੂੰ ਸ੍ਰੀ ਗੱਡੂ ਜੀ ਦੇ ਜਾਣ ਦਾ ਪਿਆ ਉਸਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੀ ਘਾਟ ਹਮੇਸ਼ਾ ਰੜਕਦੀ ਰਹੇਗੀ। ਉਨ੍ਹਾਂ ਦੀ ਦਿਲੀ ਇਛੱਾ ਸੀ ਕਿ ਮੈਨੂੰ ਆਖਰੀ ਸਮੇਂ ਨੀਲੇ ਝੰਡੇ ਹੇਠ ਅਲਵਿਦਾ ਕੀਤਾ ਜਾਵੇ ਜਿਸਨੂੰ ਪਰਿਵਾਰਕ ਮੈਂਬਰਾਂ ਪਰਮਜੀਤ ਲਾਖਾ, ਬਲਵੀਰ ਘੀਰਾ, ਤੇਜਪਾਲ ਗੰਗੜ, ਸਤਪਾਲ ਸਿੰਘ ਗੱਡੂ, ਅਨੀਤਾ ਗੱਡੂ,ਹਰੀਦਾਸ ਗੱਡੂ, ਭੈਣ ਕਸ਼ਮੀਰ ਕੌਰ ਨੇ ਨਮ ਅੱਖਾਂ ਨਾਲ ਹੂਬਹੂ ਪੂਰਾ ਕਰਕੇ ਸੱਚੀ ਸ਼ਰਧਾਂਜਲੀ ਦਿੱਤੀ। ਇਸ ਮੌਕੇ ਹੋਰਨਾਂ ਬੁਲਾਰਿਆਂ ਵਿੱਚ ਬੀਬੀ ਕਮਲੇਸ਼ ਹੀਰ, ਇੰਜ. ਸੁਰਿੰਦਰ ਸੰਧੂ, ਹਰਮੇਸ਼ ਓਆਨ, ਰੂਪ ਲਾਲ ਗੱਡੂ ਆਦਿ ਨੇ ਸ੍ਰੀ ਗੱਡੂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

**- ਹਰਨੇਕ ਸਿੰਘ ਵਿਰਦੀ ਵੈਨਕੂਵਰ**

# ਸਾਹਿਤਕ ਤੇ ਰੂਹਾਨੀ ਗੀਤਾਂ ਦਾ ਰਚੇਤਾ- ਗੁਰਨਾਮ ਗਾਮਾਂ !



**ਅਮਰਜੀਤ ਸਿੰਘ ਦੌਧਰ**
**(559) 824-6887**

ਮੋਗੇ ਜ਼ਿਲ੍ਹੇ ਦੇ ਪਿੰਡ ਧੂੜਕੋਟ ਰਣਸੀਂਹ ਵਿੱਚ ਪੈਦਾ ਹੋਇਆ ਗੁਰਨਾਮ ਸਿੰਘ ਗਾਮਾਂ, ਪਿਛਲੇ ਮਹੀਨੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ। ਚੜ੍ਹਦੀ ਜਵਾਨੀ ਵਿੱਚ ਕਬੱਡੀ ਅਤੇ ਗੀਤਕਾਰੀ ਦੋਹਾਂ ਹੀ ਖੇਤਰਾਂ ਵਿੱਚ ਉਸਨੇ ਬੁਲੰਦੀਆਂ ਨੂੰ ਛੋਹਿਆ। ਉਸਦੀ ਕਪਤਾਨੀ ਥੱਲੇ ਜਲੰਧਰ ਸਪੋਰਟਸ ਸਕੂਲ ਨੇ ਸੰਨ 1994 ਵਿੱਚ ਆਲ ਇੰਡੀਆ ਇੰਟਰ ਵਰਸਟੀ ਵਿੱਚੋਂ ਗੋਲ਼ਡ ਮੈਡਲ ਜਿੱਤਿਆ। ਪੰਜਾਬੀ ਦੇ ਮਸ਼ਹੂਰ ਗਾਇਕ ਗੁਰਦਾਸ ਮਾਨ ਨੇ "ਬਾਕੀ ਦੀਆਂ ਗੱਲਾਂ ਬਾਅਦ 'ਚ ਪਹਿਲਾਂ ਸਿਹਤ ਜ਼ਰੂਰੀ ਹੈ" ਆਪਣੇ ਇਸ ਗੀਤ ਵਿੱਚ ਗਾਮੇਂ ਦਾ ਮਿਹਨਤ ਕਰਦੇ ਦਾ ਕਲਿੱਪ ਵਿਖਾਇਆ। ਕਬੱਡੀ ਨੈਸ਼ਨਲ ਸਟਾਈਲ ਅਤੇ ਪੰਜਾਬ ਸਟਾਈਲ ਦੋਹਾਂ ਵਿੱਚ ਹੀ ਉਹ ਸੁਪਰ ਸਟਾਰ ਸੀ। ਕਬੱਡੀ ਜਗਤ ਵਿੱਚ ਇਹਨਾਂ ਪ੍ਰਾਪਤੀਆਂ ਕਰਕੇ ਗਾਮੇਂ ਬਾਰੇ ਹੋਰ ਲਿਖਣ ਲਈ ਕੁਝ ਰਹਿ ਨਹੀਂ ਜਾਂਦਾ।

ਲਿਖਣ ਦਾ ਰੱਬੀ ਤੋਹਫ਼ਾ ਉਸਨੂੰ ਪਰਿਵਾਰ ਵਿੱਚੋਂ ਹੀ ਮਿਲਿਆ ਸੀ। ਉਸਦਾ ਕਵੀ ਹਿਰਦਾ ਇੱਕ ਰੱਬੀ ਦਾਤ ਸੀ। ਮੈਂ ਕਈ ਵਾਰ ਉਸਨੂੰ ਉਸ ਵੱਲੋਂ ਲਿਖੇ ਹੋਏ ਗੀਤ ਅਤੇ ਉਸ ਦੁਆਰਾ ਟੀਵੀ ਚੈਨਲਾਂ ਤੇ ਕੀਤੀਆਂ ਗੱਲਾਂ ਬਾਤਾਂ ਨੂੰ ਧਿਆਨ ਨਾਲ ਸੁਣਿਆ, ਉਸ ਤੋ ਬਾਅਦ ਮੇਰੇ ਮਨ ਵਿੱਚ ਗਾਮੇਂ ਪ੍ਰਤੀ ਲਿਖਣ ਲਈ ਤੜਪ ਪੈਦਾ ਹੋਈ । ਜਦੋਂ ਵੀ ਉਸਨੇ ਗੀਤ ਲਿਖੇ ਹੋਣਗੇ, ਉਸਦੇ ਅਹਿਸਾਸ ਦੇ ਪੱਧਰ ਦੇ ਨੇੜੇ ਜਾਣਾ ਮੇਰੇ ਵੱਸ ਦੀ ਗੱਲ ਨਹੀਂ, ਉਦਾਸ ਮਨ ਨਾਲ ਉਸ ਵੱਲੋਂ ਲਿਖੇ ਹੋਏ ਗੀਤਾਂ ਦੀ ਕਲਪਨਾਂ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।

ਬਲਕਾਰ ਸਿੱਧੂ ਵੱਲੋਂ ਗਾਇਆ ਗਿਆ ਗੀਤ "ਐਨਾਂ ਤੈਨੂੰ ਪਿਆਰ ਕਰਾਂ" ਰੱਬੀ ਸੁੰਦਰਤਾ ਨੂੰ ਪਹਿਚਾਨਣ ਵਾਲੀ ਕਲਮ ਹੀ ਇਸ ਤਰਾਂ ਦਾ ਪਿਆਰ ਭਰਿਆ ਗੀਤ ਲਿਖ ਸਕਦੀ ਹੈ। ਉਸਦੇ ਗੀਤ ਦਾ ਮੁਹੱਬਤ ਭਰਿਆ ਪੈਗ਼ਾਮ ਕੁਦਰਤੀ ਰੰਗ ਵਿੱਚ ਰੰਗਿਆ ਸੀ। ਜਿਵੇਂ ਚੰਨ-ਚਕੋਰ, ਮਛਲੀ-ਮਾਨਸਰੋਵਰ, ਕੰਢੇ-ਲਹਿਰਾਂ, ਢਲਦੀਆਂ-ਦੁਪਿਹਰਾਂ, ਦੀਵਾ-ਲੋਅ, ਰਾਂਝਾ-ਮਜਨੂੰ ਤੇ ਸਾਗਰ ਦਾ ਪਾਣੀ ਆਦਿ ਇਹ ਰੱਬੀ ਸੁਗਾਤਾਂ ਉਸਦੇ ਮਨ ਵਿੱਚ ਸਮੋਈਆਂ ਹੋਈਆਂ ਸਨ। ਉਸ ਦੀਆਂ ਅੱਖਾਂ ਵਿੱਚ ਪੂਰਨ ਪਿਆਰ ਨੂੰ ਵੇਖਣ ਦੀ ਇੱਕ ਲਿਸ਼ਕ ਸੀ। ਉਸਦਾ ਪਿਆਰ ਅਤੇ ਉਸਦਾ ਇਸ਼ਕ ਕੁਦਰਤੀ ਸੋਮਿਆਂ ਵਿੱਚ ਸੀ। ਇਸ ਮੁਹੱਬਤ ਭਰੇ ਗੀਤ ਨੂੰ ਲਿਖਣ ਵੇਲੇ ਉਸਦੇ ਮਨ ਦਾ ਸਫ਼ਰ ਤਾਂ ਓਹੀ ਦੱਸ ਸਕਦਾ ਸੀ। ਇਹਨਾਂ ਦਿਨਾਂ ਵਿੱਚ ਅਚਾਨਕ ਹੀ ਗਾਮੇਂ ਦੇ ਸਰੀਰ ਤੇ ਗਹਿਰੀ ਸੱਟ ਲੱਗ ਗਈ, ਉਸਨੂੰ ਹੋਸ਼ ਆਉਣ ਤੋਂ ਬਾਅਦ 'ਚ ਹੀ ਇਸ ਗੀਤ ਦੇ ਹਿੱਟ ਹੋਣ ਦਾ ਪਤਾ ਲੱਗਿਆ। ਇਸ ਗੀਤ ਨੇ ਗਾਮੇਂ ਦੇ ਟੁੱਟੇ ਹੋਏ ਜਿਸਮ ਨੂੰ ਤਾਕਤ ਦਿੱਤੀ। ਉਸ ਵਕਤ ਦੀ ਮਸ਼ਹੂਰ ਕੰਪਨੀ "ਫਾਈਨਟੱਚ" ਦੇ ਮਾਲਕ



ਰੁਪਿੰਦਰ ਸਿੰਘ 'ਰੂਬੀ' ਇਸ ਹੀਰੇ ਨੂੰ ਪਹਿਚਾਣਕੇ ਅਮ੍ਰਿਤਸਰ ਲੈ ਗਈ। ਫੇਰ ਉਸ ਦੀ ਕਲਮ ਨੇ ਸ਼ਬਦਾਂ ਨਾਲ ਖੇਡਣਾ ਸ਼ੁਰੂ ਕਰ ਦਿੱਤਾ।

ਪੰਜਾਬ ਦੇ ਕਲਾਕਾਰਾਂ ਦਾ ਇੱਕ ਤਰਾਂ ਨਾਲ ਸੁਨਹਿਰੀ ਯੁਗ ਚੱਲਿਆ ਤੇ ਧੜਾਧੜ ਕੈਸਟਾਂ ਹਿੱਟ ਹੋਈਆਂ। ਪੰਜਾਬ ਦੇ ਅਨੇਕਾਂ ਕਲਾਕਾਰਾਂ ਨੂੰ ਸਟਾਰ ਬਣਾਉਣ ਲਈ ਗਾਮੇਂ ਦੀ ਕਲਮ ਦਾ ਅਹਿਮ ਯੋਗਦਾਨ ਰਿਹਾ। ਉਹ ਖੁਸ਼ੀਆਂ ਭਰਿਆ ਸਮਾਂ ਚਾਰ ਚੁਫੇਰੇ ਡੁੱਲ-ਡੁੱਲ ਪੈਂਦਾ ਸੀ, ਅਚਾਨਕ ਹੀ ਵਕਤ ਵਿੱਚ ਬਦਲਾਅ ਆਇਆ, ਸੀਡੀਆਂ ਅਤੇ ਕੈਸਟਾਂ ਦਾ ਜ਼ਮਾਨਾਂ ਖਤਮ ਹੋਣ ਲੱਗਾ, ਕਮਾਈ ਦੇ ਸਾਧਨ ਬਦਲ ਗਏ,ਅਤੇ ਹੌਲੀ ਹੌਲੀ ਆਮਦਨ ਵਿੱਚ ਖੜੋਤ ਆਉਣੀ ਸ਼ੁਰੂ ਹੋ ਗਈ, ਅਤੇ ਖੁਸ਼ੀਆਂ 'ਤੇ ਧੂੜ੍ਹ ਪੈਣ ਲੱਗ ਪਈ।

ਗਾਮੇਂ ਨੂੰ ਸੋਨੇ ਦੀਆਂ ਡੱਬੀਆਂ ਅਤੇ ਸੁਪਨਿਆਂ 'ਚ ਜਹਾਜ਼ਾਂ ਦੇ ਝੂਟੇ ਦਵਾਉਣ ਵਾਲੇ ਕਲਾਕਾਰ ਉਸਤੋਂ ਕਿਨਾਰਾ ਕਰ ਗਏ। ਉਸਦਾ ਭਰੋਸਾ ਸੜਕੇ ਸਵਾਹ ਹੋ ਗਿਆ, ਉਸਦੇ ਸਜੇ ਸੁਪਨਿਆਂ ਦੀ ਮੌਤ ਹੋ ਗਈ। ਬਹੁਤ ਹੀ ਬਰੀਕ ਬੁੱਧੀ ਵਾਲਾ ਮਨੁੱਖ ਆਪਣੇ ਹੱਥੋਂ ਹੀ ਸੱਟ ਖਾ ਗਿਆ। ਕਈ ਵਾਰ ਆਰਥਿਕ ਥਕਾਵਟ ਕਵੀ ਦੀ ਕਲਪਨਾਂ ਦੀ ਸੰਘੀ ਘੁੱਟ ਦਿੰਦੀ ਹੈ, ਪਰ ਉਸਨੇ ਆਪਣੀ ਕਲਮ ਦਾ ਸਫ਼ਰ ਨਿਰੰਤਰ ਜਾਰੀ ਰੱਖਿਆ। ਉਸਨੇ ਬੇਲੋੜਾ ਸੋਚਣਾ ਬੰਦ ਕਰ ਦਿੱਤਾ, ਉਹ ਆਪਣੇ ਵਿਸਮਾਦ ਵਿੱਚ ਰਹਿਣ ਲੱਗ ਪਿਆ। ਉਦਾਸੀ ਨੇ ਉਸਨੂੰ ਹੋਰ ਵੀ ਗੰਭੀਰ ਬਣਾ ਦਿੱਤਾ, ਉਹ ਸਾਰਾ ਸਾਰਾ ਦਿਨ ਵਾਜੇ ਤੇ ਬੈਠਾ ਗਾਉਂਦਾ ਰਹਿੰਦਾ ਸੀ। ਇੱਕ ਕਲਮ, ਇੱਕ ਕਾਪੀ, ਕੁਝ ਕੁ ਕਿਤਾਬਾਂ ਅਤੇ ਭਗਤਾਂ ਦੀ ਬਾਣੀ ਉਸਦੀ ਦੀ ਮਨ ਖ਼ੁਰਾਕ ਸੀ। ਉਸਦੀ ਰੂਹ ਮਸਤ ਹਵਾਵਾਂ ਵਿੱਚ ਝੂਲਦੀ ਸੀ। ਉਸਨੇ ਸੱਚ ਦੀ ਪਾਉੜੀ ਦੇ ਟੰਬੇ ਤੇ ਖੜਕੇ ਸੰਸਾਰ ਦੀਆਂ ਉਲਝਣਾਂ ਨੂੰ ਬਹੁਤ ਹੀ ਬਾਰੀਕੀ ਨਾਲ ਵੇਖਿਆ। ਉਸਨੂੰ ਦੂਰੋਂ ਚਮਕਦੀਆਂ ਚੀਜ਼ਾਂ ਵਿੱਚ ਖੋਟ ਵਿਖਾਈ ਦਿੱਤੀ। ਇਹਨਾਂ ਹਾਲਾਤਾਂ ਵਿੱਚ ਉਸ ਫ਼ੱਕਰ ਸੁਭਾ ਦੇ ਕਵੀ ਦੀ ਕਲਮ 'ਚੋਂ ਨਿਕਲੇ ਗੀਤ ਡ੍ਰਾਮਾਂ 'ਤੇ ਕਲਯੁਗ, ਇਹ ਗੀਤ ਨਹੀਂ ਨਸੀਹਤ ਹਨ। ਮੇਰੀ ਸੋਚ ਮੁਤਾਬਿਕ ਗਾਮੇਂ ਨੇ ਗੀਤ ਲਿਖੇ 'ਤੇ ਗੁਲਾਮ ਜੁਗਨੀ ਨੇ ਗਾਏ ਇਹ ਵੀ ਇੱਕ ਰੱਬੀ ਸਬੱਬ ਸੀ। ਇਹਨਾਂ ਗੀਤਾਂ ਦੀ ਖ਼ਾਸੀਅਤ ਵੀ ਇਹੀ ਸੀ ਕਿ ਜਿਸ ਤਰਾਂ ਦੇ ਲਫ਼ਜ਼ ਆਏ ਓਸੇ ਤਰਾਂ ਦੀ ਤਰਜ਼ ਆਈ। ਉਸਨੂੰ ਆਪਣੇ ਯਾਰਾਂ ਦੇ ਸਿਦਕ ਕੱਚੇ ਲੱਗੇ, ਯਾਰ ਪਿਆਰ, ਸਤਿਕਾਰ ਅਤੇ ਇਤਬਾਰ ਜਿਹੇ ਸ਼ਬਦ ਬੜੇ ਹੀ ਬੇਕਾਰ ਲੱਗੇ। ਕਿਰਦਾਰ ਸ਼ਬਦ ਬੰਦੇ ਦੀ ਸ਼ਖ਼ਸੀਅਤ ਦਾ ਇੱਕ ਨਗ ਹੈ। ਉਸਨੇ ਬੰਦੇ ਦੇ ਸੰਸਾਰ ਦੀ ਅਮੀਰੀ ਦਾ ਸਿਹਰਾ ਉਸਦੇ ਕਿਰਦਾਰ ਨੂੰ ਦਿੱਤਾ। "ਕਾਲੀਆਂ ਕਾਲੀਆਂ ਰੂਹਾਂ, ਚਿੱਟੇ ਸ਼ਬਦਾਂ ਵਾਲਾ ਜਾਮਾਂ" ਉਸਨੂੰ ਬੰਦੇ ਦੇ ਅੰਦਰਲੀ ਕਾਲੀ ਤਸਵੀਰ ਸੋਨੇ ਦੀਆਂ ਤਾਰਾਂ ਵਿੱਚ ਲਿਪਟੀ ਦਿਸੀ। ਇਨਸਾਨ ਦੀ ਕਿਰਤ ਹੋਰ ਹੈ, ਨੀਤ ਹੋਰ ਹੈ, ਅਤੇ ਦਿਖਾਵਾ ਹੋਰ ਹੈ। ਉਸਨੂੰ 'ਕਲਯੁਗ' ਗੀਤ ਵਿੱਚ ਵੀ ਮਨੁੱਖ, 'ਮਨੁੱਖ ਨਾਲ਼ੋਂ ਟੁੱਟਾਂ ਲੱਗਾ। ਅੱਜ ਉਹ ਸਰਵਣ ਪੁੱਤਰ ਨਹੀਂ ਰਹੇ, ਜਿਸ ਦੇ ਮੋਢੇ ਉੱਪਰ ਹੱਥ ਰੱਖਕੇ ਬਾਪੂ ਦੀਆਂ ਅੱਖਾਂ ਵਿੱਚ ਨੂਰ ਆ ਜਾਂਦਾ ਸੀ। ਨਾਂ ਹੀ ਓਹੋ ਧੀਆਂ ਰਹੀਆਂ ਜਿੰਨਾ ਦਾ ਬਾਪ ਇੱਕ ਰੁਪਏ ਨਾਲ ਰਿਸ਼ਤਾ ਕਰ ਆਉਂਦਾ ਸੀ। ਉਹ ਪੁਰਾਣੇ ਸਮੇਂ ਦੇ ਸੁਨਹਿਰੀ ਸੱਚ ਤੇ ਮਾਣ ਕਰਦਾ ਸੀ। ਮੌਜੂਦਾ ਸਮੇਂ ਦੀ ਹਨੇਰ ਗਰਦੀ ਨੂੰ ਵੇਖਕੇ ਉਸਦੇ ਮਨ ਵਿੱਚ ਚੀਸ ਪੈਂਦੀ ਸੀ। ਉਸਦੇ ਪੱਲੇ ਸੱਚ ਦਾ ਸਰਮਾਇਆ ਸੀ, ਕਲਮ ਦੀ ਤਾਕਤ ਸੀ। ਉਸਦੇ ਗੀਤਾਂ ਨੇ ਸਮਾਜ ਦੀ ਭੁੱਖ ਨੂੰ ਨੰਗਿਆਂ ਕੀਤਾ। ਉਸਦੀ ਕਲਮ ਵਿੱਚ ਅਹਿਸਾਸ ਅਤੇ ਜਜ਼ਬਾਤ ਡੁੱਲ੍ਹ ਡੁੱਲ੍ਹ ਪੈਂਦਾ ਸੀ। ਉਸਨੇ ਜ਼ਿੰਦਗੀ ਦੇ ਨਿਚੋੜ ਲਿਖਕੇ ਲੋਕਾਂ ਦੀ ਤਲੀ ਤੇ ਰੱਖ ਦਿੱਤੇ। ਉਹ ਆਪਣੇ ਪੁੱਤਾਂ ਵਰਗੇ ਸ਼ਾਗਿਰਦ ਗੁੱਗੂ ਨੂੰ ਰਮਜ਼ਾਂ ਰਾਹੀਂ ਅਨੇਕਾਂ ਹੀ ਰਹੱਸ ਸਮਝਾ ਗਿਆ। ਇਹ ਉਸਦੀ ਕਲਮ ਦਾ ਕਿੰਨਾ ਕੁ ਹਮਸਫ਼ਰ ਬਣੇਗਾ ਇਹ ਤਾਂ ਆਉਣ ਵਾਲਾ ਵਕਤ ਹੀ ਦੱਸੇਗਾ..? ਉਹ ਇਮਾਨ ਦੇ ਨੂਰ ਨਾਲ ਖੁਦਾ ਨੂੰ ਢੂੰਡਦਾ ਹੋਇਆ ਇਸ ਧਰਤੀ ਤੋ ਚਲਾ ਗਿਆ। ਉਹ ਮਾਇਆ ਦੇ ਢੇਰ ਛੱਡਣ ਦੀ ਬਜਾਏ ਆਪਣੇ ਪਿੱਛੇ ਬਹੁਤ ਹੀ ਕੀਮਤੀ ਸਰਮਾਇਆ ਛੱਡ ਗਿਆ। ਪੰਜਾਬ ਦੇ ਕਲਾਕਾਰਾਂ ਵਿੱਚੋਂ ਸਿਰਫ ਉਸਦੀ ਹਕੀਕਤ ਦਾ ਗਿਆਤਾ "ਇੰਦਰਜੀਤ ਸਿੰਘ ਨਿੱਕੂ" ਹੀ ਉਸਦੀ ਅੰਤਿਮ ਰਸਮ ਤੇ ਪਹੁੰਚਿਆ, ਪੰਜਾਬ ਦੇ ਬਹੁਤ ਸਾਰੇ ਲੋਕਾਂ ਨੇ ਗਾਮੇਂ ਨੂੰ ਵੇਖਿਆ ਹੋਣਾ, ਪਰ ਸਮਝਿਆ ਕਿਸੇ ਵਿਰਲੇ ਨੇ ਹੀ ਹੋਣਾ। ਉਹਨਾਂ ਵਿੱਚੋਂ ਮੈਨੂੰ ਸ਼ਾਇਦ "ਇੰਦਰਜੀਤ ਨਿੱਕੂ" ਲਗਦਾ, ਜਿਸ ਨੇ ਭਰੀਆਂ ਅੱਖਾਂ ਨਾਲ ਉਸ ਮਹਾਨ ਗੀਤਕਾਰ ਨੂੰ ਅੰਤਿਮ ਵਿਦਾਇਗੀ ਦਿੱਤੀ। ਆਓ ਆਪਾ ਸਾਰੇ ਰਲਕੇ ਉਸ ਗੀਤਕਾਰ ਦੀ ਆਤਮਾਂ ਦੀ ਸ਼ਾਂਤੀ ਲਈ ਅਰਦਾਸ ਕਰੀਏ, ਅਤੇ ਉਸ ਵੱਲੋਂ ਖਿਲਾਰੇ ਸ਼ਾਇਰੀ ਰੂਪੀ ਫੁੱਲਾਂ ਦੀ ਸੁਗੰਧੀ ਮਾਣੀਏ।

# ਨਿਊਜ਼ੀਲੈਂਡ ਦੀਆਂ ਜੇਲ੍ਹਾਂ ਨੂੰ ਕਰੋਨਾ ਮੁਕਤ ਰੱਖਣ ਲਈ ਕੀਵੀ ਕੁਰੈਕਸ਼ਨ ਅਫਸਰਾਂ ਦੀ ਕਾਰਗੁਜ਼ਾਰੀ ਤਸੱਲੀਬਖਸ਼

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਵੱਖ-ਵੱਖ ਦੇਸ਼ਾਂ ਦੇ ਮੁਕਾਬਲੇ ਨਿਊਜ਼ੀਲੈਂਡ ਦੀਆਂ ਜ਼ੇਲ੍ਹਾਂ ਕਰੋਨਾ ਮੁਕਤ ਰਹੀਆਂ ਹਨ। ਸਿਰਫ ਬੀਤੇ ਦਿਨੀਂ ਇਕ ਮਹਿਲਾ ਕ ਰੋਨਾ ਪਾਜੇਟਿਵ ਪਾਈ ਗਈ ਜੋ ਕਿ ਅਮਰੀਕਾ ਤੋਂ ਵਾਪਸਿ ਪਰਤੀ ਸੀ ਅਤੇ ਆਪਣਾ ਕਰੋਨਾ ਟੈਸਟ ਨਹੀਂ ਕਰਵਾਉਣਾ ਚਾਹੁੰਦੀ ਸੀ, ਜਿਸ ਕਰਕੇ ਉਸਨੂੰ ਕਸਟਡੀ ਵਿਚ ਲੈਣਾ ਪਿਆ ਸੀ। ਬਾਅਦ ਵਿਚ ਉਸਦੀ ਸਹਿਮਤੀ ਬਾਅਦ ਟੈਸਟ ਕੀਤਾ ਗਿਆ ਅਤੇ ਉਸਨੂੰ ਉਸਦੇ ਘਰ ਵਿਚ ਹੀ ਵਿਸ਼ੇਸ਼ ਤੌਰ 'ਤੇ ਅਲੱਗ ਰੱਖਿਆ ਗਿਆ। ਨਿਊਜ਼ੀਲੈਂਡ ਜ਼ੇਲ੍ਹਾਂ ਦੇ ਕੈਦੀਆਂ ਦੇ ਰੱਖ-ਰਖਾਵ ਲਈ ਲੱਗੇ ਕੁਰੈਕਸ਼ਨ ਅਫਸਰਾਂ ਦੀ ਕਾਰਗੁਜ਼ਾਰੀ ਤਸੱਲੀਬਖਸ਼ ਰਹੀ ਹੈ। ਬੀਤੇ 14 ਸਾਲਾਂ ਤੋਂ ਵੱਧ ਸਮੇਂ ਤੋਂ ਕੁਰੈਕਸ਼ਨ ਅਫਸਰ ਦੀ ਨੌਕਰੀ ਕਰ ਰਹੇ ਜਸਜੀਤ (ਸੈਮੀ) ਸਿੰਘ ਦੀ ਵਰਦੀਧਾਰੀ ਤਸਵੀਰ ਕੱਲ੍ਹ ਇਥੇ ਦੇ ਰਾਸ਼ਟਰੀ ਮੀਡੀਆ ਵਿਚ ਛਾਈ ਰਹੀ। ਉਹ ਹੈਲਥ ਅਤੇ ਸੇਫਟੀ ਦੇ ਨਾਲ-ਨਾਲ ਯੂਨੀਅਨ ਦੇ ਪ੍ਰਤੀਨਿਧ ਵੀ ਹਨ। ਮੈਨੇਜਮੈਂਟ ਵੱਲੋਂ ਜਸਜੀਤ ਸਿੰਘ ਦੇ ਕੰਮ ਦੀ ਰਸਮੀ ਤਰੀਫ ਵੀ ਹੋ ਚੁੱਕੀ ਹੈ। ਕੋਰਟ ਤੋਂ ਬਾਅਦ ਜਿੱਥੇ ਪਹਿਲਾਂ ਕੋਈ ਕੈਦੀ ਜਾਂ ਅਪਰਾਧੀ ਪਹੁੰਚਦਾ ਹੈ ਤਾਂ ਸ. ਜਸਜੀਤ ਸਿੰਘ ਦੀ ਜੌਬ ਉਥੋਂ ਸ਼ੁਰੂ ਹੋ ਜਾਂਦੀ ਹੈ ਅਤੇ ਅਗਲੀ ਕਾਰਵਾਈ ਕੀਤੀ ਜਾਂਦੀ ਹੈ। ਕਰੋਨਾ ਮਹਾਂਮਾਰੀ ਦੇ ਚਲਦਿਆਂ ਇਨ੍ਹਾਂ ਨੇ ਆਪਣੀ ਡਿਊਟੀ ਬਾਖੂਬੀ ਨਿਭਾਈ ਅਤੇ ਜੇਲ੍ਹਾਂ ਨੂੰ ਕਰੋਨਾ ਮੁਕਤ ਰੱਖਣ ਦੇ ਵਿਚ ਆਪਣਾ ਯੋਗਦਾਨ ਪਾਇਆ।



ਕਰੋਨਾ ਤਾਲਾਬੰਦੀ 4 ਅਤੇ ਤਾਲਾਬੰਦੀ 3 ਦੌਰਾਨ ਕੁਰੈਕਸ਼ਨ ਅਫਸਰਾਂ ਦਾ ਰੋਲ ਬਹੁਤ ਅਹਿਮ ਰਿਹਾ ਹੈ ਕਿਉਂਕਿ ਇਸ ਦੌਰਾਨ ਬਿਮਾਰੀ ਫੈਲਣ ਦਾ ਬਹੁਤ ਖਤਰਾ ਸੀ। ਤਾਲਾਬੰਦੀ -2 ਦੌਰਾਨ ਇਨ੍ਹਾਂ ਸਾਰੇ ਕੁਰੈਕਸ਼ਨ ਅਫਸਰਾਂ ਨੂੰ ਥੋੜ੍ਹਾ ਸੁੱਖ ਦਾ ਸਾਹ ਆਇਆ ਹੈ। ਅਮਰੀਕਾ ਦੀ ਰਿਕਰਜ਼ ਆਈਲੈਂਡ ਜੇਲ੍ਹ ਨਿਊਯਾਰਕ ਦੇ ਵਿਚ 700 ਲੋਕ ਕਰੋਨਾ ਦੀ ਚਪੇਟ ਵਿਚ ਆ ਗਏ ਸਨ ਪਰ ਨਿਊਜ਼ੀਲੈਂਡ ਬਿਲਕੁਲ ਸਾਫ ਰਿਹਾ ਹੈ। ਨਿਊਜ਼ੀਲੈਂਡ ਦੇ ਕੁਝ ਕੁਰੈਕਸ਼ਨ ਅਫਸਰ ਇਸ ਮਹਾਂਮਾਰੀ ਕਾਰਨ ਆਪਣੇ ਘਰ ਜਾ ਬੱਚਿਆਂ ਨਾਲ ਘੁਲ-ਮਿਲ ਨਾ ਸਕੇ ਸਗੋਂ ਉਹ ਆਪਣੀ ਕਾਰ ਗੈਰਾਜ ਦੇ ਵਿਚ ਹੀ ਸੌਂ ਕੇ ਮੁੜ ਕੰਮ 'ਤੇ ਆਉਂਦੇ ਰਹੇ। ਕੁਝ ਅਫਸਰ 2 ਮਹੀਨੇ ਤੱਕ ਘਰ ਜਾਣ ਦੀ ਬਜਾਏ ਅਲੱਗ ਕਿਤੇ ਰਹਿੰਦੇ ਰਹੇ ਤਾਂ ਕਿ ਉਹ ਕੰਮ 'ਤੇ ਕਰੋਨਾ ਮੁਕਤ ਜਾਣ ਅਤੇ ਦੂਜਿਆਂ ਦਾ ਵੀ ਬਚਾਅ ਕਰ ਸਕਣ। ਕੁਰੈਕਸ਼ਨਜ਼ ਨਿਊਜ਼ੀਲੈਂਡ ਨੇ ਆਪਣੇ ਫੇਸਬੁੱਕ ਪੇਜ਼ ਉਤੇ ਵੀ ਸ. ਜਸਜੀਤ ਸਿੰਘ ਅਤੇ ਹੋਰ ਸਟਾਫ ਮੈਂਬਰਾਂ ਦੇ ਨਾਂਅ ਹੇਠ ਕੁਝ ਤਾਰੀਫੀ ਲਾਈਨਾਂ ਲਿਖ ਕੇ ਇਸ ਰਾਸ਼ਟਰੀ ਖਬਰ ਨੂੰ ਸ਼ੇਅਰ ਕੀਤਾ ਹੈ। ਸੋ ਨਿਊਜ਼ੀਲੈਂਡ ਦੀਆਂ ਜ਼ੇਲ੍ਹਾਂ ਜਿੱਥੇ ਅਪਰਾਧੀਆਂ ਨੂੰ ਅੰਦਰ ਡੱਕੀ ਰੱਖਣ ਵਿਚ ਕਾਮਯਾਬ ਰਹੀਆਂ ਹਨ ਉਥੇ ਕਰੋਨਾ ਵਰਗੀ ਮਹਾਂਮਾਰੀ ਨੂੰ ਜ਼ੇਲ੍ਹਾਂ ਅੰਦਰ ਵੜ੍ਹਨ ਨਹੀਂ ਦਿੱਤਾ ਗਿਆ। ਜੇਲ੍ਹਾਂ ਅੰਦਰ ਪੱਗ ਦੀ ਸ਼ਾਨ ਬਰਕਰਾਰ ਰੱਖਣ ਦੇ ਲਈ ਸ. ਜਸਜੀਤ ਸਿੰਘ (ਸੈਮੀ) ਨੂੰ ਬਹੁਤ-ਬਹੁਤ ਵਧਾਈ।

# ਮਾਂ

ਮਾਂ ਦਿੰਦੀ ਹਰ ਬੱਚੇ ਨੂੰ ਆਪਣੀ ਪਿਆਰ ਭਰੀ ਇਕ ਲੋਰੀ,
ਅੱਖ ਖੁੱਲਿਆਂ ਬੱਚੇ ਨੂੰ ਦਿਸਦੀ ਇਹ ਦੁਨੀਆਂ ਚੰਨ ਚਕੋਰੀ ।
ਛੋਟੇ ਹੁੰਦੇ ਜਦ ਵੀ ਰੋਇਆ ਮਾਂ ਨੇ ਘੁੱਟ ਸੀਨੇ ਨੂੰ ਲਾਇਆ,
ਨਿੱਤ ਦਿਲ ਦੇ ਟੁਕੜੇ ਦਾ ਫਿਕਰ ਮਾਂ ਨੂੰ ਆਣ ਸਤਾਇਆ ।
ਭੁੱਖ ਉਹ ਆਪ ਕੱਟ ਦਿੰਦੀ ਬੱਚੇ ਨੂੰ ਭਰ ਕੇ ਦੁੱਧ ਕਟੋਰੀ,
ਮਾਂ ਦਿੰਦੀ ਹਰ ਬੱਚੇ ਨੂੰ ਆਪਣੀ ਪਿਆਰ ਭਰੀ ਇਕ ਲੋਰੀ ।

